


Mann Insurance Brokers, Inc.
Auto Home Business Worker Comp
COVERED CALIFORNIA
Free Enrollment
Easy Appointment
Deadline: Feb 15, 2015
Gurdawar Singh Mann
Phone: 510-487-1000 Email: mann@ggiausa.com
-Travelers
-Progressive
-Fidelity Access
-Safeco-Victoria
-Fidelity Access
-Mapfre -GMAC
-Kemper Preferred
License # 0D74334
Certified Agent



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ
15 ਨਵੰਬਰ ਤੋਂ 15 ਫਰਵਰੀ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com



License# OC70672
Certified Agent



Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 08, February 21, 2015 20451 N Plum Grove Rd., Palatine, IL 60074 Ph:847-359-0746, Fax:847-705-9388


# ਆਖਰ ਮੋਦੀ 'ਤੇ ਚੱਲਿਆ ਓਬਾਮਾ ਦਾ ਜਾਦੂ

## ਕੱਟੜਪੰਥੀਆਂ ਦੀ ਧਾਰਮਿਕ ਹਿੰਸਾ ਬਾਰੇ ਤੋੜੀ ਖਾਮੋਸ਼ੀ

**ਨਵੀਂ ਦਿੱਲੀ (ਗੁਰਵਿੰਦਰ ਸਿੰਘ ਵਿਰਕ):** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਖਰਕਾਰ ਘੱਟ-ਗਿਣਤੀਆਂ 'ਤੇ ਲਗਾਤਾਰ ਹੋ ਰਹੇ ਹਮਲਿਆਂ ਬਾਰੇ ਆਪਣੀ ਚੁੱਪ ਤੋੜਦਿਆਂ ਆਖਿਆ ਹੈ ਕਿ ਸਰਕਾਰ ਕਿਸੇ ਵੀ ਧਾਰਮਿਕ ਸਮੂਹ ਨੂੰ ਨਫ਼ਰਤ ਫੈਲਾਉਣ ਦੀ ਆਗਿਆ ਨਹੀਂ ਦੇਵੇਗੀ ਤੇ ਕਿਸੇ ਵੀ ਤਰ੍ਹਾਂ ਦੀ ਧਾਰਮਿਕ ਹਿੰਸਾ ਖਿਲਾਫ਼ ਸਖਤ ਕਾਰਵਾਈ ਕਰੇਗੀ। ਮੋਦੀ ਦੀ ਇਹ ਟਿੱਪਣੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਉਸ ਬਿਆਨ ਤੋਂ ਬਾਅਦ ਆਈ ਹੈ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਭਾਰਤ ਵਿਚ ਪਿਛਲੇ ਕੁਝ ਸਾਲਾਂ ਤੋਂ ਜਿਸ ਤਰ੍ਹਾਂ ਦੀ ਧਾਰਮਿਕ ਅਸਹਿਣਸ਼ੀਲਤਾ ਵੇਖਣ ਨੂੰ ਮਿਲ ਰਹੀ ਹੈ, ਉਸ ਨੂੰ ਵੇਖ ਕੇ ਮਹਾਤਮਾ ਗਾਂਧੀ ਝੰਜੋੜੇ ਜਾਂਦੇ।

ਸ੍ਰੀ ਓਬਾਮਾ ਦੇ ਇਸ ਬਿਆਨ ਪਿੱਛੋਂ ਅਮਰੀਕੀ ਮੀਡੀਆ ਨੇ ਮੋਦੀ ਦੀ ਘੱਟ-ਗਿਣਤੀਆਂ ਨਾਲ ਧੱਕੇਸ਼ਾਹੀ ਬਾਰੇ ਧਾਰੀ ਚੁੱਪ ਨੂੰ ਖਤਰਨਾਕ ਕਰਾਰ ਦਿੱਤਾ ਸੀ। ਇਹ ਪਹਿਲਾ ਮੌਕਾ ਹੈ ਕਿ ਪ੍ਰਧਾਨ ਮੰਤਰੀ ਨੇ ਧਾਰਮਿਕ ਹਿੰਸਾ ਖ਼ਿਲਾਫ਼ ਕੋਈ ਬਿਆਨ ਦਿੱਤਾ ਹੈ। ਦੱਸਣਯੋਗ ਹੈ ਕਿ ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਘੱਟ-ਗਿਣਤੀ ਭਾਈਚਾਰਿਆਂ ਖ਼ਿਲਾਫ਼ ਹਿੰਸਾ ਦੀਆਂ ਵਾਰਦਾਤਾਂ ਵਿਚ ਕਾਫੀ ਵਾਧਾ ਹੋਇਆ ਹੈ। ਸਿਰਫ

(ਬਾਕੀ ਸਫਾ 6 'ਤੇ)



## ਲਾਜਵਾਬ ਹੋਈ ਆਰ.ਐਸ.ਐਸ.

**ਕਾਨਪੁਰ:** ਸੁੰਨੀ ਉਲੇਮਾ ਕੌਂਸਲ ਦੇ ਵਫਦ ਨੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਨਾਲ ਮੁਲਾਕਾਤ ਕਰ ਕੇ ਸੰਘ ਨੂੰ ਛੇ ਸਵਾਲ ਕੀਤੇ ਹਨ। ਇਹ ਸਵਾਲ ਵੀ ਪੁੱਛਿਆ ਗਿਆ ਹੈ ਕਿ ਕੀ ਸੰਘ ਨੇ ਭਾਰਤ ਨੂੰ ਹਿੰਦੂ ਦੇਸ਼ ਬਣਾਉਣ ਲਈ ਕੋਈ ਖਾਕਾ ਤਿਆਰ ਕੀਤਾ ਹੈ? ਵਫ਼ਦ ਮੁਤਾਬਕ ਸੰਘ ਦੇ ਕੌਮੀ ਅਹੁਦੇਦਾਰ ਇੰਦਰੇਸ਼ ਨੇ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਜ਼ੋਰ ਦਿੱਤਾ ਕਿ ਮੁਸਲਿਮ ਸੰਗਠਨਾਂ ਦਾ ਸੰਮੇਲਨ ਸੱਦਿਆ ਜਾਵੇ, ਉਹ ਉਥੇ ਇਨ੍ਹਾਂ ਸਵਾਲਾਂ ਦੇ ਜਵਾਬ ਦੇਣਗੇ। ਕੌਂਸਲ ਦੇ ਜਨਰਲ ਸਕੱਤਰ ਹਾਜੀ ਮੁਹੰਮਦ

(ਬਾਕੀ ਸਫਾ 6 'ਤੇ)

# ਕੌਂਸਲ ਚੋਣਾਂ ਬਣੀਆਂ ਜੰਗ ਦਾ ਮੈਦਾਨ

**ਚੰਡੀਗੜ੍ਹ:** ਪੰਜਾਬ ਦੀਆਂ 123 ਨਗਰ ਕੌਂਸਲਾਂ ਤੇ ਛੇ ਨਗਰ ਨਿਗਮਾਂ ਲਈ ਚੋਣਾਂ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗੱਠਜੋੜ ਲਈ ਜੰਗ ਦਾ ਮੈਦਾਨ ਬਣ ਗਈਆਂ ਹਨ। ਸੂਬੇ ਦੇ ਤਕਰੀਬਨ ਅੱਧੀ ਦਰਜਨ ਸ਼ਹਿਰਾਂ ਵਿਚ ਅਕਾਲੀ-ਭਾਜਪਾ ਗੱਠਜੋੜ ਟੁੱਟ ਗਿਆ ਹੈ। ਇਨ੍ਹਾਂ ਚੋਣਾਂ ਨੂੰ ਅਕਾਲੀ-ਭਾਜਪਾ ਦੀ ਜੋਟੀਦਾਰੀ ਦੀ ਪਰਖ ਮੰਨਿਆ ਜਾ ਰਿਹਾ ਸੀ ਪਰ ਸੂਬੇ ਵਿਚ ਸੀਟਾਂ ਨੂੰ ਲੈ ਕੇ ਦੋਵੇਂ ਧਿਰਾਂ ਆਹਮੋ-ਸਾਹਮਣੇ ਆ ਗਈਆਂ।

ਤਰਨਤਾਰਨ, ਬਟਾਲਾ, ਨਡਾਲਾ, ਪਠਾਨਕੋਟ, ਮੁਹਾਲੀ ਤੇ ਨਕੋਦਰ ਸਮੇਤ ਕਈ ਸ਼ਹਿਰਾਂ ਵਿਚ ਹਾਕਮ ਗੱਠਜੋੜ ਦੇ ਉਮੀਦਵਾਰ ਆਹਮੋ-ਸਾਹਮਣੇ ਹਨ। ਚੋਣਾਂ ਲਈ ਨਾਮਜ਼ਦਗੀ ਪੱਤਰਾਂ ਦੇ ਦਾਖ਼ਲੇ, ਪੜਤਾਲ ਤੇ ਵਾਪਸੀ ਤੱਕ ਦੇ ਮੁਢਲੇ ਪੜਾਅ ਵਿਚ ਕਈ ਸ਼ਹਿਰਾਂ ਵਿਚ ਲੜਾਈ-ਝਗੜਿਆਂ ਤੋਂ ਇਲਾਵਾ ਗੋਲੀ ਚੱਲਣ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਸੂਬੇ ਵਿਚ ਅਕਾਲੀ ਦਲ-ਭਾਜਪਾ ਦੇ ਤਕਰੀਬਨ ਦੋ ਦਹਾਕੇ ਪੁਰਾਣੇ ਗਠਜੋੜ ਦਰਮਿਆਨ ਪਹਿਲੀ ਵਾਰ ਸ਼ਹਿਰੀ ਖੇਤਰ ਦੀਆਂ ਚੋਣਾਂ ਦੌਰਾਨ ਲਕੀਰਾਂ ਖਿੱਚੀਆਂ ਗਈਆਂ ਹਨ। ਇਹ ਤੱਥ ਵੀ ਸਾਹਮਣੇ ਆਏ ਹਨ ਕਿ ਮਾਲਵੇ ਦੇ ਕਈ ਸ਼ਹਿਰਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਵਾਰਡਾਂ ਵਿਚ ਹਿੱਸਾ ਵੀ ਪਹਿਲਾਂ ਨਾਲੋਂ ਵਧਾ ਲਿਆ ਹੈ।

ਦੋਹਾਂ ਪਾਰਟੀਆਂ ਦਰਮਿਆਨ ਚੱਲ ਰਹੀ ਖਿੱਚੋਤਾਣ ਦੇ ਚੱਲਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਭਾਈਵਾਲਾਂ ਨੂੰ ਜ਼ਿਆਦਾ ਹਿੱਸਾ ਦੇਣ ਵਿਚ ਭਲਾ ਸਮਝਿਆ। ਸਿਰਫ਼ ਉਨ੍ਹਾਂ ਸ਼ਹਿਰਾਂ ਵਿਚ ਹੀ ਆਪਣੇ ਬਲਬੂਤੇ 'ਤੇ ਚੋਣ ਲੜੀ ਜਾ ਰਹੀ ਹੈ ਜਿਥੇ ਸਥਿਤੀ ਜ਼ਿਆਦਾ ਤਣਾਅ ਵਾਲੀ ਬਣ ਗਈ ਹੈ।

ਤਰਨਤਾਰਨ ਵਿਚ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਮੰਤਰੀ ਅਨਿਲ ਜੋਸ਼ੀ ਦੇ ਭਰਾ 'ਤੇ ਹਮਲਾ ਸਿਆਸੀ ਮੁੱਦਾ ਬਣਨ ਕਾਰਨ ਦੋਵੇਂ ਪਾਰਟੀਆਂ ਗੱਠਜੋੜ ਤਹਿਤ ਚੋਣਾਂ ਲੜਨ ਲਈ ਤਿਆਰ ਨਹੀਂ। ਅਕਾਲੀ ਦਲ ਦੇ ਆਗੂਆਂ ਦਾ ਮੰਨਣਾ ਹੈ ਕਿ ਨਡਾਲਾ ਤੇ ਬਟਾਲਾ ਵਿਚ ਵੀ ਸਥਿਤੀ ਹੱਥੋਂ ਬਾਹਰ ਜਾਣ ਕਾਰਨ ਦੋਹਾਂ ਪਾਰਟੀਆਂ ਨੇ ਆਪੋ ਆਪਣੇ ਪੱਧਰ 'ਤੇ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਹੈ। ਉਂਜ ਵੀ ਸੀਟਾਂ ਦੀ ਵੰਡ ਤਹਿਤ ਅਕਾਲੀ ਦਲ ਨੇ ਭਾਜਪਾ ਦੇ

(ਬਾਕੀ ਸਫਾ 6 'ਤੇ)

## ਬਾਜਵਾ ਲਈ ਵਾਟਰਲੂ ਸਾਬਤ ਹੋਣਗੀਆਂ ਚੋਣਾਂ


ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਹਾਲਤ ਬਹੁਤੀ ਚੰਗੀ ਨਾ ਹੋਣ ਦੇ ਬਾਵਜੂਦ ਸ਼ਹਿਰੀ ਸੰਸਥਾਵਾਂ ਦੀਆਂ ਇਨ੍ਹਾਂ ਚੋਣਾਂ ਵਿਚ ਕਾਂਗਰਸ ਦਾ ਹਾਲ ਵੀ ਚੰਗਾ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਧੜੇ ਇਕ-ਦੂਜੇ ਦੇ ਆਹਮੋ-ਸਾਹਮਣੇ ਹਨ। ਪਿਛਲੇ ਕੁਝ ਸਮੇਂ ਤੋਂ ਦੋਹਾਂ ਧੜਿਆਂ ਵਿਚਕਾਰ ਦੂਰੀਆਂ ਵਧੀਆਂ ਹਨ। ਹੁਣ ਕਿਆਸ-ਆਰਾਈਆਂ ਹਨ ਕਿ ਚੋਣਾਂ ਤੋਂ ਬਾਅਦ ਸ. ਬਾਜਵਾ ਦੀ ਛੁੱਟੀ ਤਕਰੀਬਨ ਤੈਅ ਹੈ।


Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill
510-207-9067
CA DRE Lic.#01180969



Jassi Gill
CA DRE# 00966763

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕੈਲੀਫਰਨੀਆ



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ

ਨਾ ਅਸੀਂ ਹਿੰਦੂ ਨਾ ਅਸੀਂ ਮੁਸਲਮਾਨ, ਸਾਡੀ ਮੰਜਿਲ ਖਾਲਿਸਤਾਨ

## ਜਨਮ ਦਿਹਾੜਾ



ਸ. ਸਿਮਰਨਜੀਤ ਸਿੰਘ ਮਾਨ

# ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

**22 ਫਰਵਰੀ 2015 (ਐਤਵਾਰ)** *ਗੁਰਦੁਆਰਾ ਦਸ਼ਮੇਸ਼ ਦਰਬਾਰ, ਟੁਲੈਰੀ (ਕੈਲੀਫੋਰਨੀਆ)*

ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ 20ਵੀਂ ਸਦੀ ਦੇ ਮਹਾਨ ਸਿੱਖ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ ਆਉਂਦੀ 22 ਫਰਵਰੀ (ਐਤਵਾਰ) ਨੂੰ ਗੁਰਦੁਆਰਾ ਦਸ਼ਮੇਸ਼ ਦਰਬਾਰ, ਟੁਲੈਰੀ (ਕੈਲੀਫੋਰਨੀਆ) ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਪੰਥ ਦੇ ਮਹਾਨ ਰਾਗੀ-ਢਾਡੀ, ਕਵੀਸ਼ਰ ਅਤੇ ਬੁਲਾਰੇ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਜੀਵਨ ਉਤੇ ਚਾਨਣਾ ਪਾਉਣਗੇ ਅਤੇ ਉਨ੍ਹਾਂ 'ਸੁੱਤੀ ਕੌਮ ਨੂੰ ਆਪਣੀ ਕੁਰਬਾਨੀ ਦੇ ਕੇ ਕਿਵੇਂ ਜਗਾਇਆ' ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ ਜਾਵੇਗਾ। ਆਪ ਸਭ ਨੂੰ ਇਸ ਸਮਾਗਮ ਵਿਚ ਪਹੁੰਚਣ ਦੀ ਬੇਨਤੀ ਹੈ ਜੀ।

**ਭਾਈ ਸੁਖਮੰਦਰ ਸਿੰਘ ਹੰਸਰਾ (ਟੋਰਾਂਟੋ, ਕੈਨੇਡਾ) ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ**

### ਸਹਿਯੋਗੀ ਸੱਜਣ

ਸੁਖਜਿੰਦਰ ਸਿੰਘ ਪੋਟਰਵਿਲ, ਰਣਵੀਰ ਸਿੰਘ ਡੇਲੈਨੋ, ਬਲਜੀਤ ਸਿੰਘ, ਹਰਜਿੰਦਰ ਸਿੰਘ, ਗੁਰਵੀਰ ਸਿੰਘ, ਪਰਮਿੰਦਰ ਸਿੰਘ, ਨਛੱਤਰ ਸਿੰਘ; ਟੁਲੈਰੀ ਤੋਂ ਜਸਪਿੰਦਰ ਸਿੰਘ, ਲਖਵਿੰਦਰ ਸਿੰਘ ਮੁਲਤਾਨੀ; ਫਰਿਜ਼ਨੋ ਤੋਂ ਰਣਜੀਤ ਸਿੰਘ, ਗੁਲਜ਼ਾਰ ਸਿੰਘ, ਹਰਵਿੰਦਰ ਸਿੰਘ; ਫਰੀਮਾਂਟ ਤੋਂ ਅਨੋਖ ਸਿੰਘ, ਬਲਜੀਤ ਸਿੰਘ, ਹਰਮਿੰਦਰ ਸਿੰਘ, ਪਰਮਿੰਦਰ ਸਿੰਘ, ਦਵਿੰਦਰ ਸਿੰਘ ਤੇ ਗੁਰਜੀਤ ਸਿੰਘ ਝਾਮਪੁਰ; ਸੈਨ ਹੋਜ਼ੇ ਤੋਂ ਸੁਖਵਿੰਦਰ ਸਿੰਘ ਗੋਗੀ, ਭੁਪਿੰਦਰ ਸਿੰਘ ਮਲੇਰਕੋਟਲਾ; ਟਰੇਸੀ ਤੋਂ ਦਲਜੀਤ ਸਿੰਘ ਖਹਿਰਾ, ਈਸ਼ਰ ਸਿੰਘ; ਸਿਆਟਲ ਤੋਂ ਇੰਦਰਜੀਤ ਸਿੰਘ, ਹਰਭਜਨ ਸਿੰਘ ਭਜਾ, ਇੰਦਰਪਾਲ ਸਿੰਘ, ਬਲਦੇਵ ਸਿੰਘ; ਸਰਬਣ ਸਿੰਘ ਮਨਟੀਕਾ, ਗੁਰਚਰਨ ਸਿੰਘ ਸੇਧਪੁਰ, ਕਿੰਦਰਵੀਰ ਸਿੰਘ; ਟਰਲਕ ਤੋਂ ਜੀਤਾ ਸਿੰਘ; ਸੈਲਮਾ ਤੋਂ ਗੁਰਦੁਆਰਾ ਕਲਗੀਧਰ ਸੈਲਮਾ ਦੇ ਸੇਵਾਦਾਰ ਮਹਿੰਗਾ ਸਿੰਘ, ਭੁਪਿੰਦਰ ਸਿੰਘ, ਪਰਮਿੰਦਰ ਸਿੰਘ, ਹਰਜਿੰਦਰ ਸਿੰਘ ਤੇ ਗੁਰਦੀਪ ਸਿੰਘ।

**ਜਾਰੀ ਕਰਤਾ: ਜਥੇਦਾਰ ਤਰਸੇਮ ਸਿੰਘ, ਰਮਿੰਦਰਜੀਤ ਸਿੰਘ ਮਿੱਟੂ, ਪ੍ਰੀਤਮ ਸਿੰਘ ਜੋਗਾ ਨੰਗਲ**

**ਫੋਨ: 559-331-1326 ਜਾਂ 510-224-0421**

**ਡੈਨਵਰ, ਕਾਲੋਰਾਡੋ ਯੂਨਿਟ: ਸੁਖਦੇਵ ਸਿੰਘ ਰੋਡੇ, ਨਾਹਰ ਸਿੰਘ, ਬਲਜੀਤ ਸਿੰਘ ਤੇ ਮਨਪ੍ਰੀਤ ਸਿੰਘ**

ਰੇਡੀਓ ਚੜ੍ਹਦੀ ਕਲਾ ਤੋਂ ਇਸ ਪ੍ਰੋਗਰਾਮ ਦਾ ਪ੍ਰਸਾਰਣ ਨਾਲੋ ਨਾਲ ਕੀਤਾ ਜਾਵੇਗਾ www.radiock.com

# ਓਬਾਮਾ ਦੇ ਆਵਾਸ ਕਾਨੂੰਨ ਨੂੰ ਝਟਕਾ

**ਹਿਊਸਟਨ:** ਟੈਕਸਸ ਵਿਚਲੇ ਇਕ ਫੈਡਰਲ ਜੱਜ ਨੇ ਰਾਸ਼ਟਰਪਤੀ ਬਰਾਕ ਓਬਾਮਾ ਵਲੋਂ ਆਵਾਸ ਬਾਰੇ ਕਾਨੂੰਨ ਨੂੰ ਅਮਲੀ ਰੂਪ ਦੇਣ ਤੋਂ ਅਸਥਾਈ ਤੌਰ 'ਤੇ ਰੋਕ ਦਿੱਤਾ ਹੈ। ਇਸ ਨਾਲ ਦੇਸ਼ ਦੇ 26 ਰਾਜਾਂ ਨੂੰ ਰਾਸ਼ਟਰਪਤੀ ਦੇ ਆਵਾਸ ਬਾਰੇ ਹੁਕਮ ਨੂੰ ਰੋਕਣ ਲਈ ਸਾਂਝੇ ਤੌਰ 'ਤੇ ਕਾਨੂੰਨੀ ਕਾਰਵਾਈ ਕਰਨ ਦਾ ਮੌਕਾ ਮਿਲ ਗਿਆ ਹੈ।

ਅਮਰੀਕਾ ਦੇ ਜ਼ਿਲ੍ਹਾ ਜੱਜ ਐਂਡਰਿਊ ਹੈਨੇਸ ਨੇ ਇਹ ਹੁਕਮ ਬਰਾਊਨਸਵਿਲਾ (ਟੈਕਸਸ) ਵਿਚ ਜਨਵਰੀ ਦੌਰਾਨ ਹੋਈ ਇਕ ਸੁਣਵਾਈ ਮਗਰੋਂ ਦਿੱਤਾ। ਸ੍ਰੀ ਓਬਾਮਾ ਨੇ ਆਪਣੇ ਹੁਕਮ ਰਾਹੀਂ ਨਵੇਂ ਆਵਾਸ ਕਾਨੂੰਨ ਤਹਿਤ ਦੇਸ਼ ਵਿਚ ਰਹਿ ਰਹੇ 50 ਲੱਖ ਗੈਰ-ਕਾਨੂੰਨੀ ਲੋਕਾਂ ਨੂੰ ਦੇਸ਼ ਵਿਚ ਹੀ ਕੁਝ ਸ਼ਰਤਾਂ ਨਾਲ ਰਹਿਣ ਦੀ ਇਜਾਜ਼ਤ ਦੇ ਦਿੱਤੀ ਸੀ। ਇਨ੍ਹਾਂ ਨੂੰ ਲਾਗੂ ਕਰਨ ਦੇ ਹੁਕਮਾਂ ਖ਼ਿਲਾਫ਼ ਅਦਾਲਤ ਦਾ ਦਰਵਾਜ਼ਾ ਖੜਕਾਇਆ ਗਿਆ। ਟੈਕਸਸ ਦੇ ਫੈਡਰਲ ਜੱਜ ਨੇ ਇਨ੍ਹਾਂ ਹੁਕਮਾਂ 'ਤੇ ਫਿਲਹਾਲ ਅੰਤ੍ਰਿਮ ਰੋਕ ਲਗਾ ਦਿੱਤੀ। ਇਹ ਓਬਾਮਾ ਪ੍ਰਸ਼ਾਸਨ ਲਈ ਵੱਡਾ ਝਟਕਾ ਹੈ ਕਿਉਂਕਿ ਦੇਸ਼ ਵਿਚ ਰਾਸ਼ਟਰਪਤੀ ਚੋਣਾਂ ਦੇ ਮੱਦੇਨਜ਼ਰ ਪਰਵਾਸੀਆਂ ਦੀਆਂ ਵੱਡੇ ਪੱਧਰ 'ਤੇ ਵੋਟਾਂ ਹਾਸਲ ਕਰਨਾ ਡੈਮੋਕਰੈਟਿਕ ਪਾਰਟੀ ਦਾ ਮੁੱਖ ਉਦੇਸ਼ ਸੀ।

# ਬਸੰਤ ਕੀਰਤਨ ਦਰਬਾਰ ਪਹਿਲੀ ਮਾਰਚ ਨੂੰ


**ਸੈਕਰਾਮੈਂਟੋ (ਬਿਊਰੋ):** ਗੁਰੂ ਤੇਗ ਬਹਾਦਰ ਮਿਸ਼ਨ ਸਹਾਰਾ-ਵਿਸਮਾਦ ਅਕਾਦਮੀ ਵਲੋਂ ਬਸੰਤ ਰੁੱਤ ਦੀ ਆਮਦ 'ਤੇ 'ਬਸੰਤ ਕੀਰਤਨ ਦਰਬਾਰ' ਆਉਂਦੀ ਪਹਿਲੀ ਮਾਰਚ ਨੂੰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਗੁਰਦੁਆਰਾ ਗੁਰੂ ਨਾਨਕ ਸਤਿ ਸੰਗਤ (8132 ਐਲਸੀ ਐਵਨਿਊ, ਸੈਕਰਾਮੈਂਟੋ) ਵਿਖੇ ਕਰਵਾਇਆ ਜਾ ਰਿਹਾ ਹੈ।

ਕੀਰਤਨ ਦਰਬਾਰ ਵਿਚ ਭਾਈ ਤਾਜਵਿੰਦਰ ਸਿੰਘ (ਸ੍ਰੀ ਦਰਬਾਰ ਸਾਹਿਬ), ਭਾਈ ਹਰਲਵ ਸਿੰਘ (ਵਿਸਮਾਦ ਅਕਾਦਮੀ), ਭਾਈ ਹਰਬਲਜੀਤ ਸਿੰਘ ਪਿੱਪਲੀ ਵਾਲੇ, ਭਾਈ ਆਤਮਜੀਤ ਸਿੰਘ ਯੂਬਾ ਸਿਟੀ, ਭਾਈ ਮਨਜੀਵ ਸਿੰਘ ਤੇ ਬੀਬੀ ਪੂਜਾ ਕੌਰ ਫਰੀਮਾਂਟ, ਭਾਈ ਵਿਕਰਮ ਸਿੰਘ ਸੈਨ ਹੋਜ਼ੇ, ਬੀਬੀ ਪ੍ਰੀਤਵੀਰ ਕੌਰ (ਵਿਸਮਾਦ ਅਕਾਦਮੀ), ਭਾਈ ਫਤਿਹ ਸਿੰਘ ਸੈਕਰਾਮੈਂਟੋ ਅਤੇ ਹੋਰ ਪੰਥ ਪ੍ਰਸਿੱਧ ਰਾਗੀ ਜਥੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਹੋਰ ਜਾਣਕਾਰੀ ਲਈ ਫੋਨ 916-997-3366, 916-496-3359 ਜਾਂ 617-653-0887 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545



M.K. Nijjar DDS
Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*





# 'ਆਪ' ਦੀ ਸਿਆਸਤ ਦੀਆਂ ਦੇਸ਼-ਵਿਦੇਸ਼ ਵਿਚ ਧੁੰਮਾਂ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਵੱਲੋਂ 70 ਵਿਚੋਂ 67 ਸੀਟਾਂ ਤੇ 54.2 ਫ਼ੀਸਦੀ ਵੋਟਾਂ ਨਾਲ ਹਾਸਲ ਕੀਤੀ ਇਤਿਹਾਸਕ ਜਿੱਤ ਰਿਵਾਇਤੀ ਪਾਰਟੀਆਂ ਦੀ ਸਮਝ ਤੋਂ ਪਰੇ ਦੀ ਗੱਲ ਹੈ। ਦੇਸ਼ ਦੀ ਸਭ ਤੋਂ ਪੁਰਾਣੀ ਤੇ ਪੰਦਰ੍ਹਾਂ ਸਾਲਾਂ ਤੱਕ ਦਿੱਲੀ ਉੱਤੇ ਲਗਾਤਾਰ ਹਕੂਮਤ ਕਰਨ ਵਾਲੀ ਕਾਂਗਰਸ ਪਾਰਟੀ ਤਾਂ ਸਿਰਫ 9.7 ਫ਼ੀਸਦੀ ਵੋਟ ਹਿੱਸੇ ਤੱਕ ਸੀਮਤ ਰਹਿ ਗਈ। ਇਸ ਦੇ 63 ਉਮੀਦਵਾਰ ਜ਼ਮਾਨਤਾਂ ਤੱਕ ਨਹੀਂ ਬਚਾ ਸਕੇ। ਦਿੱਲੀ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਬੇਸ਼ੱਕ ਭਾਜਪਾ ਦਾ ਵੋਟ ਹਿੱਸਾ ਡੇਢ ਫ਼ੀਸਦੀ ਘਟਿਆ ਹੈ, ਪਰ ਲੋਕ ਸਭਾ ਚੋਣਾਂ ਨਾਲੋਂ ਇਸ ਵਿਚ 14 ਫ਼ੀਸਦੀ ਤੱਕ ਦੀ ਗਿਰਾਵਟ ਪਾਰਟੀ ਦੀ ਘਟ ਰਹੀ ਲੋਕਪ੍ਰਿਅਤਾ ਦਾ ਪ੍ਰਤੀਕ ਹੈ। ਕਾਂਗਰਸ 15 ਫ਼ੀਸਦੀ ਹਿੱਸਾ ਗੁਆ ਕੇ ਹਾਸ਼ੀਏ ਉੱਤੇ ਜਾ ਚੁੱਕੀ ਹੈ।

### ਵੋਟ ਫੀਸਦ ਦੇ ਅੰਕੜਿਆਂ ਤੋਂ ਭਾਜਪਾ ਪ੍ਰੇਸ਼ਾਨ



ਦਿੱਲੀ ਵਿਧਾਨ ਸਭਾ ਵਿਚ ਚੋਣਾਂ ਵਿਚ ਨਮੋਸ਼ੀ ਭਰੀ ਹਾਰ ਪਿੱਛੋਂ ਭਾਜਪਾ ਨੇ ਆਤਮ ਮੰਥਨ ਸ਼ੁਰੂ ਕਰ ਦਿੱਤਾ ਹੈ। ਚੋਣਾਂ ਵਿਚ ਭਾਜਪਾ ਨੂੰ ਭੁਗਤੀ ਵੋਟ ਦੇ ਅੰਕੜੇ ਪਾਰਟੀ ਹਾਈਕਮਾਨ ਦੇ ਗਲੇ ਨਹੀਂ ਉਤਰ ਰਹੇ। ਅੰਕੜਿਆਂ ਮੁਤਾਬਕ ਦਿੱਲੀ ਵਿਧਾਨ ਸਭਾ ਚੋਣਾਂ ਵਿਚ 54 ਫ਼ੀਸਦੀ ਤੋਂ ਵੱਧ ਵੋਟਾਂ ਆਮ ਆਦਮੀ ਪਾਰਟੀ ਨੂੰ ਮਿਲੀਆਂ, ਬੀ.ਜੇ.ਪੀ. ਨੂੰ 32 ਫ਼ੀਸਦੀ ਤੋਂ ਵੱਧ ਵੋਟਾਂ ਹਾਸਲ ਹੋਈਆਂ ਤੇ 14 ਫ਼ੀਸਦੀ ਬਾਕੀ ਪਾਰਟੀਆਂ ਦੇ ਪੱਲੇ ਪਈਆਂ। ਦਿੱਲੀ ਵਿਚ 15 ਫ਼ੀਸਦੀ ਮੁਸਲਮਾਨ ਤੇ ਇਸ ਦਾ ਅੱਧਾ ਯਾਨੀ ਸੱਤ-ਸੱਤ ਫ਼ੀਸਦੀ ਸਿੱਖ ਤੇ ਈਸਾਈ ਹਨ। ਇਕ ਅੰਦਾਜ਼ੇ ਮੁਤਾਬਕ ਮੁਸਲਮਾਨਾਂ ਤੇ ਈਸਾਈਆਂ ਦਾ 80 ਫ਼ੀਸਦੀ ਵੋਟਰ ਇਕੱਲਾ 'ਆਪ' ਪਾਰਟੀ ਨੂੰ ਭੁਗਤਿਆ ਤੇ ਸਿੱਖ ਵੋਟਾਂ ਵਿਚੋਂ ਵੀ ਅੱਧੀਆਂ 'ਆਪ' ਦੇ ਹੱਕ ਵਿਚ ਗਈਆਂ ਤਾਂ ਵੀ ਕੁੱਲ ਪਈਆਂ ਵੋਟਾਂ ਦਾ 20 ਫ਼ੀਸਦੀ ਬਣਦਾ ਹੈ। ਇਸ ਦਾ ਮਤਲਬ ਹੈ ਕਿ 54 ਫ਼ੀਸਦੀ ਵਿਚੋਂ ਬਾਕੀ 34 ਫ਼ੀਸਦੀ ਹਿੰਦੂ ਵੋਟਰ ਵੀ ਕੇਜਰੀਵਾਲ ਕੋਲ ਚਲਾ ਗਿਆ। ਇਹ ਤਾਂ ਭਾਜਪਾ ਦੀਆਂ 32 ਫ਼ੀਸਦੀ ਵੋਟਾਂ ਤੋਂ ਵੀ ਵੱਧ ਹਨ। ਦੂਜੇ ਪਾਸੇ ਕੁਝ ਹਿੰਦੂ ਵੋਟ ਕਾਂਗਰਸ ਵੀ ਲੈ ਕੇ ਗਈ। ਹਾਰ ਪਿੱਛੋਂ ਆਤਮ ਮੰਥਨ ਵਿਚ ਜੁਟੀ ਸੀਨੀਅਰ ਭਾਜਪਾ ਲੀਡਰਸ਼ਿਪ ਇਨ੍ਹਾਂ ਅੰਕੜਿਆਂ ਨੂੰ ਲੈ ਕੇ ਕਾਫੀ ਪਰੇਸ਼ਾਨ ਹੈ।

ਫਿਰਕੂ ਸੋਚ ਦੇ ਦਮ 'ਤੇ ਭਾਜਪਾ ਹਿੰਦੂ ਵੋਟ ਬੈਂਕ 'ਤੇ ਪੂਰਾ ਭਰੋਸਾ ਕਰ ਰਹੀ ਸੀ ਪਰ ਦਿੱਲੀ ਚੋਣਾਂ ਦੇ ਅੰਕੜੇ ਕੁਝ ਹੋਰ ਹੀ ਸੁਨੇਹਾਂ ਦੇ ਗਏ। ਆਰ.ਐਸ.ਐਸ. ਤੇ ਇਸ ਨਾਲ ਸਬੰਧਤ ਜਥੇਬੰਦੀਆਂ ਵੱਲੋਂ ਲਵ ਜਹਾਦ, ਘਰ ਵਾਪਸੀ ਵਰਗੇ ਪ੍ਰੋਗਰਾਮਾਂ ਤੇ 'ਰਾਮਜ਼ਾਦੇ ਬਨਾਮ ਹਰਾਮਜ਼ਾਦੇ' ਵਰਗੇ ਜੁਮਲਿਆਂ ਦੇ ਇਸਤੇਮਾਲ ਨੇ ਪਹਿਲਾਂ ਹੀ ਘੱਟ ਗਿਣਤੀਆਂ ਦੇ ਮਨਾਂ ਵਿਚ ਪਾਈ ਜਾਂਦੀ ਅਸੁਰੱਖਿਆ ਦੀ ਭਾਵਨਾ ਨੂੰ ਹੋਰ ਵਧਾਉਣ ਵਿਚ ਭੂਮਿਕਾ ਨਿਭਾਈ। ਮੋਦੀ ਦੀ ਇਨ੍ਹਾਂ ਮਾਮਲਿਆਂ ਉਤੇ ਖਾਮੋਸ਼ੀ ਅਸਿੱਧੀ ਸਹਿਮਤੀ ਹੀ ਮੰਨੀ ਜਾ ਰਹੀ ਹੈ। ਭਾਜਪਾ ਵੱਲੋਂ ਲੋਕ ਸਭਾ ਚੋਣਾਂ ਜਿੱਤਣ ਤੋਂ ਬਾਅਦ ਸਹਿਯੋਗੀਆਂ ਨਾਲ ਹੈਂਕੜ ਵਾਲੇ ਵਿਵਹਾਰ ਨੇ ਗੱਠਜੋੜਾਂ ਵਿਚ ਵੀ ਖਟਾਸ ਪੈਦਾ ਕਰ ਦਿੱਤੀ ਸੀ। ਮਹਾਰਾਸ਼ਟਰ ਵਿਚ ਸਾਲਾਂ ਪੁਰਾਣਾ ਸ਼ਿਵ ਸੈਨਾ ਨਾਲੋਂ ਗੱਠਜੋੜ ਤੋੜ ਕੇ ਇਕੱਲੇ ਲੜਨ ਤੇ ਜ਼ਰੂਰਤ ਪੈਣ ਉੱਤੇ ਵਿਧਾਇਕਾਂ ਦੀ ਗਿਣਤੀ ਪੂਰੀ ਕਰਨ ਲਈ ਮੁੜ ਦੋਸਤੀ ਪਾਉਣ, ਹਰਿਆਣਾ ਅੰਦਰ ਹਰਿਆਣਾ ਵਿਕਾਸ ਪਾਰਟੀ ਨੂੰ ਅਗੂੰਠਾ ਦਿਖਾਉਣ ਤੇ ਪੰਜਾਬ ਅੰਦਰ ਅਕਾਲੀ ਦਲ ਨਾਲ ਨੂੰ ਵੀ ਕਈ ਮਾਮਲਿਆਂ ਉੱਤੇ ਜਿੱਚ ਕਰਨ ਦੀਆਂ ਉਦਾਹਰਣਾਂ ਨੇ ਭਾਜਪਾ ਦੀ ਇਕੱਲੇ ਵੱਡਾ ਬਣਨ ਦੀ ਪ੍ਰਬਲ ਖਾਹਿਸ਼ ਨੂੰ ਪ੍ਰਦਰਸ਼ਿਤ ਕੀਤਾ। ਲੋਕ ਸਭਾ ਚੋਣਾਂ ਤੋਂ ਬਾਅਦ ਭਾਜਪਾ ਨੇ ਹਰਿਆਣਾ ਚੋਣਾਂ ਜਿੱਤੀਆਂ ਪਰ ਲੋਕ ਸਭਾ ਨਾਲੋਂ ਵੋਟ ਹਿੱਸਾ ਇਥੇ ਵੀ ਘਟਿਆ। ਝਾਰਖੰਡ ਵਿਚ ਪਾਰਟੀ ਮੁਸ਼ਕਲ ਨਾਲ ਬਹੁਮੱਤ ਦੇ ਨੇੜੇ ਪਹੁੰਚੀ। ਜੰਮੂ-ਕਸ਼ਮੀਰ ਵਿਚ ਮਿਸ਼ਨ 44 ਸਿਰਫ 25 ਸੀਟਾਂ ਤੱਕ ਸਿਮਟ ਗਿਆ। ਇਸ ਸੰਕੇਤ ਤੋਂ ਵੀ ਭਾਜਪਾ ਨੇ ਸਬਕ ਨਹੀਂ ਲਿਆ ਕਿ ਲੋਕ ਸਭਾ ਚੋਣਾਂ ਨਾਲੋਂ ਪ੍ਰਸਿੱਧੀ ਦਾ ਗ੍ਰਾਫ ਹੇਠਾਂ ਜਾਣਾ ਸ਼ੁਰੂ ਹੋ ਗਿਆ ਹੈ। ਪ੍ਰਧਾਨ ਮੰਤਰੀ ਵੱਲੋਂ ਵਿਦੇਸ਼ਾਂ ਵਿਚ ਕੀਤੀਆਂ ਵੱਡੀਆਂ ਰੈਲੀਆਂ, ਮੇਕ ਇਨ ਇੰਡੀਆ, ਸਵੱਛ ਭਾਰਤ ਮੁਹਿੰਮ ਜਾਂ ਰੇਡੀਓ ਉੱਤੇ 'ਮਨ ਕੀ ਬਾਤ' ਰਾਹੀਂ ਲੋਕਾਂ ਨੂੰ ਰਿਝਾਉਣ ਦੀ ਕੋਸ਼ਿਸ਼ ਉੱਤੇ ਜਮਹੂਰੀਅਤ ਨੂੰ ਦਰਕਿਨਾਰ ਕਰਕੇ ਜਾਰੀ ਕੀਤੇ ਅਧਿਆਦੇਸ਼, ਕਿਸਾਨ ਵਿਰੋਧੀ ਭੂਮੀ ਅਧਿਗ੍ਰਹਿਣ, ਲੇਬਰ ਸੁਧਾਰਾਂ ਤੇ ਵਿਦੇਸ਼ੀ ਪੂੰਜੀ ਆਦਿ ਬਾਰੇ ਨੀਤੀਆਂ ਭਾਰੀ ਪੈ ਗਈਆਂ।

ਭਾਜਪਾ ਨੇ ਆਪਣੀ ਟੀਮ ਨੂੰ ਇਕਸੁਰ ਕਰ ਪਾਉਣ ਦੀ ਅਸਫ਼ਲਤਾ ਤੋਂ ਬਾਅਦ ਕਿਰਨ ਬੇਦੀ ਦਾ ਦਾਅ ਖੇਡਿਆ ਜੋ ਰਾਸ ਨਹੀਂ ਆਇਆ। ਪਾਰਟੀ ਦੇ ਸਥਾਨਕ ਆਗੂਆਂ ਲਈ ਇਹ ਫ਼ੈਸਲਾ ਹਜ਼ਮ ਕਰਨ ਯੋਗ ਨਹੀਂ ਹੋ ਸਕਦਾ ਸੀ।

### ਸ਼ਿਵ ਸੈਨਾ ਵਲੋਂ ਭਾਜਪਾ ਨੂੰ ਚੋਭਾਂ

**ਮੁੰਬਈ:** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਹਾਰ ਦੇ ਜ਼ਖਮਾਂ 'ਤੇ ਮਹਾਰਾਸ਼ਟਰ ਵਿਚ ਉਸ ਦੀ ਭਾਈਵਾਲ ਸ਼ਿਵ ਸੈਨਾ ਨੇ ਲੂਣ ਛਿੜਕਦਿਆਂ ਕਿਹਾ ਹੈ ਕਿ 'ਆਪ' ਦੇ ਝਾੜੂ ਨੇ ਭਾਜਪਾ ਨੂੰ ਧੂੜ ਚਟਾ ਦਿੱਤੀ ਹੈ। ਇਸੇ ਨਾਲ ਸ਼ਿਵ ਸੈਨਾ ਨੇ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਹਾਰ ਦੀ ਜ਼ਿੰਮੇਵਾਰੀ ਲੈਣ। ਸੈਨਾ ਨੇ ਆਪਣੇ ਅਖਬਾਰ 'ਸਾਮਨਾ' ਦੇ ਸੰਪਾਦਕੀ ਵਿਚ ਲਿਖਿਆ ਹੈ, 'ਲੋਕ ਸਭਾ ਚੋਣਾਂ ਵਿਚ ਜਿੱਤ ਹਾਸਲ ਕਰਨ ਵਾਲੀ ਭਾਜਪਾ ਨੂੰ 'ਆਪ' ਦੇ ਝਾੜੂ ਨੇ ਧੂੜ ਚਟਾ ਦਿੱਤੀ ਹੈ। ਭਾਜਪਾ ਦੇ ਜਿੱਤਣ ਵਾਲੇ ਆਗੂਆਂ ਦੇ ਨਾਂ ਉਂਗਲੀਆਂ 'ਤੇ ਗਿਣਨ ਲਈ ਲੋੜ ਨਹੀਂ।' ਸ਼ਿਵ ਸੈਨਾ ਨੇ ਕਿਹਾ ਹੈ ਕਿ ਇਸ ਹਾਰ ਲਈ ਕਿਰਨ ਬੇਦੀ ਨੂੰ ਜ਼ਿੰਮੇਵਾਰ ਠਹਿਰਾਉਣਾ ਕਿਸੇ ਪਾਸੇ ਤੋਂ ਜਾਇਜ਼ ਨਹੀਂ। ਸਾਰੀ ਚੋਣ ਮੁਹਿੰਮ ਸ੍ਰੀ ਮੋਦੀ ਦੇ ਨਾਮ 'ਤੇ ਚਲਾਈ ਗਈ। ਅੰਨਾ ਹਜ਼ਾਰੇ ਨੇ ਇਸ ਨੂੰ ਸ੍ਰੀ ਮੋਦੀ ਦੀ ਹਾਰ ਕਰਾਰ ਦਿੱਤਾ ਹੈ। ਸਾਨੂੰ ਵੀ ਅਜਿਹਾ ਹੀ ਲੱਗਦਾ ਹੈ।

## ਪਰਵਾਸੀ ਪੰਜਾਬੀਆਂ ਲਈ ਖਿੱਚ ਦਾ ਕੇਂਦਰ ਬਣੀ 'ਆਪ' ਦੀ ਜਿੱਤ

**ਜਲੰਧਰ:** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਇਤਿਹਾਸਕ ਜਿੱਤ ਤੇ ਭਾਰਤੀ ਜਨਤਾ ਪਾਰਟੀ ਦੀ ਕਰਾਰੀ ਹਾਰ ਵੱਖ-ਵੱਖ ਮੁਲਕਾਂ ਵਿਚ ਵਸੇ ਪਰਵਾਸੀ ਪੰਜਾਬੀਆਂ ਲਈ ਬੇਹੱਦ ਆਕਰਸ਼ਣ ਦਾ ਕਾਰਨ ਬਣੀ ਹੈ।

ਸ਼ਾਇਦ ਇਹ ਪਹਿਲੀ ਵਾਰ ਹੈ ਕਿ ਭਾਰਤ ਵਿਚ ਹੋਈਆਂ ਕਿਸੇ ਚੋਣਾਂ ਦੀ ਜਿੱਤ ਉੱਪਰ ਪਰਵਾਸੀਆਂ ਪੰਜਾਬੀਆਂ ਵੱਲੋਂ ਢੋਲ ਵਜਾ ਕੇ ਖੁਸ਼ੀਆਂ ਮਨਾਈਆਂ ਗਈਆਂ। ਗੁਰਦੁਆਰਿਆਂ ਵਿਚ ਅਰਦਾਸ ਕਰਵਾ ਕੇ ਭੋਗ ਪਾਏ ਗਏ ਤੇ ਜੈਕਾਰੇ ਛੱਡੇ ਗਏ। ਉਂਜ ਤਾਂ ਲੋਕ ਸਭਾ ਦੀ ਚੋਣ ਸਮੇਂ ਹੀ ਇਹ ਗੱਲ ਸਾਹਮਣੇ ਆਈ ਸੀ ਕਿ ਪਰਵਾਸੀ ਪੰਜਾਬੀਆਂ ਦਾ ਵੱਡਾ ਹਿੱਸਾ ਆਮ ਆਦਮੀ ਪਾਰਟੀ ਦੀ ਹਮਾਇਤ ਵਿਚ ਉਲਾਰ ਹੋਇਆ ਪਿਆ ਹੈ ਪਰ ਦਿੱਲੀ ਵਿਧਾਨ ਸਭਾ ਚੋਣਾਂ ਸਮੁੱਚੇ ਪੰਜਾਬੀ ਪਰਵਾਸੀਆਂ ਲਈ ਕਿਵੇਂ ਖਿੱਚ ਦਾ ਕਾਰਨ ਰਹੀਆਂ, ਇਸ ਦਾ ਸੰਕੇਤ ਇਸ ਗੱਲ ਤੋਂ ਮਿਲਦਾ ਹੈ ਕਿ ਪਿਛਲਾ ਤਕਰੀਬਨ ਡੇਢ ਦਹਾਕਾ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਕਈ ਹੋਰ ਮੁਲਕਾਂ ਵਿਚ ਚਲਦੇ ਪੰਜਾਬੀ ਰੇਡੀਓ ਤੇ ਟੈਲੀਵੀਜ਼ਨ ਸਵੇਰ-ਸ਼ਾਮ ਦੋ-ਦੋ ਵਾਰ ਇਨ੍ਹਾਂ ਚੋਣਾਂ ਬਾਰੇ ਟਾਕ ਸ਼ੋਅ ਜਾਂ ਬਹਿਸ ਮੁਬਾਹਿਸੇ ਕਰਵਾਉਂਦੇ ਰਹੇ। ਵੈਨਕੂਵਰ ਦੇ ਨਾਲ ਪੈਂਦੇ ਪੰਜਾਬੀਆਂ ਦੀ ਵਸੋਂ ਵਾਲੇ ਵੱਡੇ ਸ਼ਹਿਰ ਸਰੀ ਦੇ ਗੁਰਦੁਆਰਾ ਦਸਮੇਸ਼ ਦਰਬਾਰ ਵਿਚ ਵਿਸ਼ੇਸ਼ ਸਮਾਗਮ ਹੋਇਆ।

ਇਸੇ ਤਰ੍ਹਾਂ ਕੈਲੀਫੋਰਨੀਆ ਤੇ ਨਿਊ ਯਾਰਕ ਵਿਚ ਵੀ ਪਰਵਾਸੀ ਪੰਜਾਬੀਆਂ ਨੇ ਇਕ ਦੂਜੇ ਨੂੰ ਵਧਾਈਆਂ ਦੇ ਕੇ ਜਾਂ ਪਾਰਟੀਆਂ ਕਰਕੇ 'ਆਪ' ਦੀ ਜਿੱਤ ਦੇ ਜਸ਼ਨ ਨਾਲ ਸਾਂਝ ਪਾਈ। ਨਿਊ ਯਾਰਕ ਤੋਂ ਚੱਲਦੇ ਇਕ ਚੈਨਲ ਦੇ ਪ੍ਰਤੀਨਿਧ ਦਾ ਕਹਿਣਾ ਹੈ ਕਿ ਲੋਕਾਂ ਵੱਲੋਂ ਜਿੰਨੇ ਤਿੱਖੇ ਤੇ ਉਤਸ਼ਾਹਪੂਰਨ ਪ੍ਰਤੀਕਰਮ ਇਨ੍ਹਾਂ ਚੋਣਾਂ ਬਾਰੇ ਆਏ ਹਨ, ਇੰਨੇ ਉਨ੍ਹਾਂ ਪਹਿਲਾਂ ਕਦੇ ਨਹੀਂ ਵੇਖੇ।

## ਕੇਜਰੀਵਾਲ ਨੇ ਭ੍ਰਿਸ਼ਟਾਚਾਰ-ਮੁਕਤ ਦਿੱਲੀ ਦਾ ਲਿਆ ਹਲਫ

**ਨਵੀਂ ਦਿੱਲੀ:** ਅਰਵਿੰਦ ਕੇਜਰੀਵਾਲ ਨੇ ਦਿੱਲੀ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਤੇ ਦਿੱਲੀ ਨੂੰ ਦੇਸ਼ ਦਾ ਪਹਿਲਾ ਭ੍ਰਿਸ਼ਟਾਚਾਰ ਮੁਕਤ ਰਾਜ ਬਣਾਉਣ ਤੇ ਫਿਰਕੂ ਅਨਸਰਾਂ ਵਿਰੁੱਧ ਡਟਣ ਦੇ ਵਾਅਦੇ ਕੀਤੇ। ਉਨ੍ਹਾਂ ਨੇ ਹਾਲੇ ਆਪਣੇ ਕੋਲ ਕੋਈ ਮੰਤਰਾਲਾ ਨਹੀਂ ਰੱਖਿਆ। ਉਹ ਸਾਰੇ ਮੰਤਰੀਆਂ ਦਾ ਕੰਮਕਾਰ ਦੇਖਿਆ ਕਰਨਗੇ ਤੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨਗੇ।

ਉਪ ਰਾਜਪਾਲ ਨਜੀਬ ਜੰਗ ਨੇ ਉਪ ਮੁੱਖ ਮੰਤਰੀ ਬਣਾਏ ਗਏ ਮਨੀਸ਼ ਸਿਸੋਦੀਆ ਤੇ ਪੰਜ ਹੋਰ ਮੰਤਰੀਆਂ ਨੂੰ ਇਤਿਹਾਸਕ ਰਾਮਲੀਲਾ ਮੈਦਾਨ ਵਿਚ ਅਹੁਦੇ ਦੀ ਸਹੁੰ ਚੁਕਾਈ। ਸਹੀ ਇਕ ਸਾਲ ਪਹਿਲਾਂ ਕੇਜਰੀਵਾਲ 49 ਦਿਨ ਦੇ ਸ਼ਾਸਨ ਮਗਰੋਂ ਅਹੁਦਾ ਛੱਡ ਗਏ ਸਨ। ਸਹੁੰ ਚੁੱਕਣ ਤੋਂ ਫੌਰੀ ਮਗਰੋਂ 46 ਸਾਲਾ ਇਸ ਆਗੂ ਨੇ ਲੱਖ ਦੇ ਕਰੀਬ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕੀਤਾ ਤੇ ਆਪਣੀ ਸਰਕਾਰ ਦੀਆਂ ਤਰਜੀਹਾਂ ਬਿਆਨ ਕੀਤੀਆਂ ਜਿਨ੍ਹਾਂ



ਵਿਚ ਭ੍ਰਿਸ਼ਟਾਚਾਰ, ਫਿਰਕੂ ਅਨਸਰਾਂ ਤੇ ਵੀਆਈਪੀ ਸਭਿਆਚਾਰ ਨੂੰ ਠੱਲ੍ਹ ਪਾਉਣ ਤੇ ਦਿੱਲੀ ਵਾਸੀਆਂ ਨੂੰ ਰਾਜਧਾਨੀ ਨੂੰ ਪੂਰੇ ਰਾਜ ਦਾ ਦਰਜਾ ਦਿਵਾਉਣ ਲਈ ਲੜਾਈ ਲੜਨ ਦਾ ਭਰੋਸਾ ਦਿੱਤਾ।

## ਦਿੱਲੀ ਵਾਲੇ ਹਸ਼ਰ ਤੋਂ ਸਬਕ ਲੈਣ ਪੰਥਕ ਪਾਰਟੀਆਂ: ਜਥੇਦਾਰ

**ਅੰਮ੍ਰਿਤਸਰ:** ਦਿੱਲੀ ਚੋਣ ਵਿਚ ਆਪਣੇ ਚਾਰੇ ਉਮੀਦਵਾਰ ਹਾਰਨ ਉਪਰੰਤ ਮੰਥਨ ਵਿਚ ਰੁੱਝੇ ਸ਼੍ਰੋਮਣੀ ਅਕਾਲੀ ਦਲ ਨੂੰ ਨਸੀਹਤ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਪੰਥਕ ਪਾਰਟੀਆਂ ਜੇ ਸਿੱਖ ਸਿਧਾਂਤਾਂ ਤੋਂ ਪਰ੍ਹੇ ਹੋ ਕੇ ਆਪਣੇ ਸਿਆਸੀ ਮੁਫਾਦ ਸੋਚਣਗੀਆਂ, ਤਾਂ ਉਨ੍ਹਾਂ ਨੂੰ ਸਫ਼ਲਤਾ ਮਿਲਣ ਦੀ ਸੰਭਾਵਨਾ ਨਹੀਂ ਰਹਿ ਜਾਂਦੀ।

ਜਥੇਦਾਰ ਨੇ ਦਿੱਲੀ ਚੋਣਾਂ ਵਿਚ ਪ੍ਰਚਾਰ ਮੌਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੇਸਰੀ ਟੋਪੀਆਂ 'ਤੇ ਤੱਕੜੀ ਚੋਣ ਨਿਸ਼ਾਨ ਬਣਵਾ ਕੇ ਆਪਣੇ ਸਮਰਥਕਾਂ ਨੂੰ ਪਵਾਉਣ ਨੂੰ ਗੁਰੂ ਤੋਂ ਪਰ੍ਹੇ ਜਾਣ ਵਾਲੀ ਕਾਰਵਾਈ ਦੱਸਦਿਆਂ ਕਿਹਾ ਕਿ ਪੰਥ ਨੂੰ ਹਮੇਸ਼ਾਂ ਸਿਧਾਂਤਾਂ ਵਿਚ ਰਹਿ ਕੇ ਹੀ ਸਿਆਸੀ ਲੜਾਈ ਲੜਨੀ ਚਾਹੀਦੀ ਹੈ, ਨਹੀਂ ਤਾਂ ਹਸ਼ਰ ਦਿੱਲੀ ਵਾਲਾ ਹੀ ਹੋਵੇਗਾ। ਜਥੇਦਾਰ ਦੀ ਨਿਯੁਕਤੀ ਲਈ ਨਿਸ਼ਚਤ ਕਮੇਟੀ ਦੀਆਂ ਗਤੀਵਿਧੀਆਂ 'ਤੇ ਕਿਸੇ ਤਰ੍ਹਾਂ ਦੀ ਟਿੱਪਣੀ ਤੋਂ ਇਨਕਾਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸ਼੍ਰੋਮਣੀ ਕਮੇਟੀ ਦਾ ਕਾਰਜ ਹੈ ਤੇ ਉਹ ਬਿਨ ਮੰਗਿਆਂ ਕੋਈ ਸਲਾਹ ਦੇਣਾ ਵਾਜਬ ਨਹੀਂ ਸਮਝਦੇ।

## 'ਆਪ' ਦਾ ਅਗਲਾ ਪੜਾਅ ਪੰਜਾਬ ਸਮੇਤ ਪੰਜ ਸੂਬੇ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਹੂੰਝਾ ਫੇਰ ਜਿੱਤ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਆਪਣੀ ਸਿਆਸਤ ਨੂੰ ਕੌਮੀ ਪੱਧਰ 'ਤੇ ਚਮਕਾਉਣ ਦਾ ਮਨ ਬਣਾ ਲਿਆ ਹੈ। 'ਆਪ' ਦਾ ਸਭ ਤੋਂ ਪਹਿਲਾਂ ਨਿਸ਼ਾਨਾਂ ਪੰਜਾਬ ਸਮੇਤ ਹਰਿਆਣਾ, ਉੱਤਰ ਪ੍ਰਦੇਸ਼ ਤੇ ਰਾਜਸਥਾਨ ਮੰਨਿਆ ਜਾ ਰਿਹਾ ਹੈ। ਪਾਰਟੀ ਹੁਣ ਆਉਂਦੇ ਪੰਜ ਸਾਲਾਂ ਵਿਚ ਪੰਜਾਬ ਸਮੇਤ ਚਾਰ ਹੋਰ ਰਾਜਾਂ ਵਿਚ ਆਪਣੇ ਪਸਾਰ ਦੀ ਯੋਜਨਾ ਬਣਾ ਰਹੀ ਹੈ।

ਪਾਰਟੀ ਦੇ ਸੀਨੀਅਰ ਰਣਨੀਤੀਕਾਰ ਤੇ ਸਿਧਾਂਤਕਾਰ ਯੋਗੇਂਦਰ ਯਾਦਵ ਨੇ ਕਿਹਾ ਹੈ ਕਿ ਲੰਮੇ ਸਮੇਂ ਦੀ ਯੋਜਨਾ ਅਧੀਨ 'ਆਪ' ਕੌਮੀ ਸਿਆਸਤ ਵਿਚ ਇਕ ਸਿਧਾਂਤਕ ਸ਼ਕਤੀ ਵਜੋਂ ਉੱਭਰਨਾ ਚਾਹੁੰਦੀ ਹੈ ਤੇ ਪਾਰਟੀ ਇਸ ਬਾਰੇ ਆਪਣੇ ਘੱਟ ਸਮੇਂ ਦੇ ਤੇ ਲੰਮੇ ਸਮੇਂ ਦੇ ਟੀਚੇ ਤੈਅ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਪ ਕੋਈ ਖੇਤਰੀ ਪਾਰਟੀ ਨਹੀਂ ਹੈ। ਲੰਮੇ ਸਮੇਂ ਦੇ ਟੀਚੇ ਤਹਿਤ ਪਾਰਟੀ, ਕੌਮੀ ਬਦਲ ਬਣਨਾ ਚਾਹੁੰਦੀ ਹੈ। ਅਗਲੇ 3-5 ਸਾਲਾਂ ਵਿਚ ਪਾਰਟੀ ਦਿੱਲੀ ਤੇ ਪੰਜਾਬ ਤੋਂ ਇਲਾਵਾ ਹੋਰ ਸੂਬਿਆਂ ਵਿਚ ਵੀ ਆਪਣਾ ਆਧਾਰ ਬਣਾਏਗੀ। ਉਨ੍ਹਾਂ ਕਿਹਾ ਕਿ ਪਾਰਟੀ ਪੰਜਾਬ 'ਤੇ ਕਾਫੀ ਧਿਆਨ ਦੇਵੇਗੀ ਤੇ 2017 ਦੀਆਂ ਵਿਧਾਨ ਸਭਾ ਚੋਣਾਂ ਲੜਨ ਬਾਰੇ ਵਿਚਾਰ ਕਰੇਗੀ।

ਦੱਸਣਯੋਗ ਹੈ ਕਿ ਦਿੱਲੀ ਤੋਂ ਬਾਅਦ ਪੰਜਾਬ ਹੀ ਇਕ ਅਜਿਹਾ ਸੂਬਾ ਹੈ ਜਿਥੇ 'ਆਪ' ਆਪਣੇ



ਪੈਰ ਜਮਾ ਸਕੀ ਹੈ ਤੇ ਭਵਿੱਖ ਵਿਚ ਕੌਮੀ ਪਾਰਟੀ ਵਜੋਂ ਮਾਨਤਾ ਲੈਣ ਲਈ ਪਾਰਟੀ ਨੂੰ ਪੰਜਾਬ ਤੋਂ ਵੱਡੀਆਂ ਉਮੀਦਾਂ ਹਨ। 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਦੇਸ਼ ਭਰ ਵਿਚ ਪੰਜਾਬ ਹੀ ਇਕ ਅਜਿਹਾ ਸੂਬਾ ਸੀ ਜਿਥੇ ਆਮ ਆਦਮੀ ਪਾਰਟੀ ਨੂੰ 13 ਲੋਕ ਸਭਾ ਹਲਕਿਆਂ ਵਿਚੋਂ ਚਾਰ ਸੀਟਾਂ 'ਤੇ ਜਿੱਤ ਦਰਜ ਕਰਕੇ ਵੱਡੀ ਤਬਦੀਲੀ ਦਾ ਸੰਕੇਤ ਦਿੱਤਾ ਸੀ। ਜੇਕਰ ਇਨ੍ਹਾਂ 13 ਲੋਕ ਸਭਾ ਹਲਕਿਆਂ ਅਧੀਨ ਆਉਂਦੇ 117 ਵਿਧਾਨ ਸਭਾ ਹਲਕਿਆਂ ਵਿਚ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਨੂੰ ਪਈਆਂ ਵੋਟਾਂ ਦੀ ਘੋਖ ਕੀਤੀ ਜਾਵੇ ਤਾਂ ਆਮ ਆਦਮੀ ਪਾਰਟੀ ਨੇ ਅਕਾਲੀ ਦਲ, ਭਾਜਪਾ ਤੇ ਕਾਂਗਰਸ ਦੇ ਵੱਡੇ ਵੋਟ ਬੈਂਕ ਨੂੰ ਖੋਰਾ ਲਗਾ ਕੇ 33 ਵਿਧਾਨ ਸਭਾ ਹਲਕਿਆਂ ਵਿਚ ਜਿੱਤ ਹਾਸਲ ਕੀਤੀ ਸੀ ਜਦੋਂ ਕਿ ਅੱਠ ਵਿਧਾਨ ਸਭਾ ਹਲਕਿਆਂ ਵਿਚ ਇਸ ਨੇ ਦੂਜਾ ਸਥਾਨ ਹਾਸਲ ਕੀਤਾ ਸੀ। ਇੰਨੀ ਵੱਡੀ ਜਿੱਤ ਦੇ ਬਾਵਜੂਦ ਵੀ 'ਆਪ' ਵਿਰੋਧੀਆਂ ਵੱਲੋਂ ਇਹ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਬੂਥ ਪੱਧਰ 'ਤੇ ਜਥੇਬੰਦਕ ਢਾਂਚੇ ਦੀ ਅਣਹੋਂਦ ਦੇ ਚੱਲਦਿਆਂ ਆਮ ਆਦਮੀ ਪਾਰਟੀ ਕਦੇ ਵੀ ਆਜ਼ਾਦਾਨਾ ਤੌਰ 'ਤੇ ਮਜ਼ਬੂਤ ਸਰਕਾਰ ਨਹੀਂ ਬਣਾ ਸਕਦੀ ਪਰ ਹੁਣ ਦਿੱਲੀ ਵਿਚ ਅਜਿਹੇ ਢਾਂਚੇ ਤੋਂ ਬਿਨਾਂ ਹੀ ਹੋਈ ਜਿੱਤ ਨੇ ਅਜਿਹੇ ਸਾਰੇ ਦਾਅਵਿਆਂ ਦੀ ਹਵਾ ਕੱਢ ਦਿੱਤੀ ਹੈ।

2007 ਦੀਆਂ ਵਿਧਾਨ ਸਭਾ ਚੋਣਾਂ ਦੇ ਬਾਅਦ ਲਗਾਤਾਰ ਢਹਿੰਦੀ ਕਲਾ ਵੱਲ ਜਾ ਰਹੀ ਕਾਂਗਰਸ ਦਾ ਜੇਕਰ ਸਮੁੱਚੇ ਪੰਜਾਬ ਨਾਲ ਸਬੰਧਤ 117 ਵਿਧਾਨ ਸਭਾ ਹਲਕਿਆਂ ਦਾ ਲੇਖਾ ਜੋਖਾ ਕਰੀਏ ਤਾਂ ਕਾਂਗਰਸ ਨੂੰ 80 ਵਿਧਾਨ ਸਭਾ ਹਲਕਿਆਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਸੀ। ਪਤਲੀ ਹਾਲਤ ਨਾਲ ਜੂਝ ਰਹੀ ਕਾਂਗਰਸ ਵਿਚ ਪ੍ਰਤਾਪ ਸਿੰਘ ਬਾਜਵਾ ਤੇ ਕੈਪਟਨ ਅਮਰਿੰਦਰ ਸਿੰਘ ਦੀ ਸਿਖਰਾਂ 'ਤੇ ਪੁੱਜੀ ਲੜਾਈ ਨੇ ਪਾਰਟੀ ਦੀ ਰਹਿੰਦੀ ਖੂੰਹਦੀ ਹੋਂਦ ਨੂੰ ਵੀ ਦਾਅ 'ਤੇ ਲਗਾਇਆ ਹੋਇਆ ਹੈ। ਲੋਕ ਸਭਾ ਚੋਣਾਂ ਦੌਰਾਨ ਅਕਾਲੀ-ਭਾਜਪਾ ਗੱਠਜੋੜ ਨੂੰ ਪੰਜਾਬ ਅੰਦਰ 6 ਸੀਟਾਂ ਮਿਲੀਆਂ ਸਨ ਪਰ ਇਸ ਗੱਠਜੋੜ ਨੂੰ 72 ਵਿਧਾਨ ਸਭਾ ਹਲਕਿਆਂ ਵਿਚ ਕਰਾਰੀ ਹਾਰ ਮਿਲੀ ਸੀ। ਜਿਸ ਵਿਚੋਂ 57 ਹਲਕੇ ਅਕਾਲੀ ਦਲ ਨਾਲ ਸਬੰਧਤ ਸਨ, ਜਦੋਂ ਕਿ 15 ਵਿਧਾਨ ਸਭਾ ਹਲਕੇ ਭਾਜਪਾ ਦੇ ਉਮੀਦਵਾਰਾਂ ਨਾਲ ਸਬੰਧਤ ਸਨ ਪਰ ਦੂਜੇ ਪਾਸੇ ਦੇਸ਼ ਭਰ ਅੰਦਰ ਭਾਜਪਾ ਨੂੰ ਮਿਲੇ ਵੱਡੇ ਸਮਰਥਨ ਕਾਰਨ ਭਾਜਪਾ ਨੇ ਜਿਥੇ ਹੋਰ ਪਾਰਟੀਆਂ ਨੂੰ ਤਿੱਖੇ ਤੇਵਰ ਦਿਖਾਉਣੇ ਸ਼ੁਰੂ ਕਰ ਦਿੱਤੇ, ਉਥੇ ਭਾਜਪਾਈਆਂ ਨੇ ਆਪਣੇ ਭਾਈਵਾਲ ਅਕਾਲੀਆਂ ਨੂੰ ਵੀ ਨਹੀਂ ਬਖਸ਼ਿਆ।

ਹੁਣ ਦਿੱਲੀ ਵਿਚ ਲੋਕਾਂ ਦੇ ਮਿਲੇ ਭਰਪੂਰ ਸਮਰਥਨ ਨੇ ਆਮ ਆਦਮੀ ਪਾਰਟੀ ਤੇ ਇਸ ਦੇ ਵਰਕਰਾਂ ਵਿਚ ਨਵੀਂ ਰੂਹ ਫੂਕ ਦਿੱਤੀ ਹੈ। ਜਿੱਤ ਦੇ ਕਾਰਨ ਕਈ ਦਲ ਬਦਲੂਆਂ ਨੇ ਇਕਦਮ ਪਾਸਾ ਪਲਟਦਿਆਂ ਤੇ ਪੰਜਾਬ ਦੇ ਕਨਵੀਨਰ ਜਥੇ. ਸੁੱਚਾ ਸਿੰਘ ਛੋਟੇਪੁਰ ਸਮੇਤ ਕਈ ਹੋਰ ਆਗੂਆਂ ਨੂੰ ਜਿਥੇ ਵਧਾਈਆਂ ਦਿੱਤੀਆਂ, ਉਥੇ ਉਨ੍ਹਾਂ ਨਾਲ ਨੇੜਤਾ ਬਣਾਉਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਨਾਲ ਡੰਗ ਟਪਾ ਰਹੇ ਕਈ ਅਕਾਲੀ ਆਗੂ ਵੀ ਭਾਜਪਾ ਦੀ ਹਾਰ ਨੂੰ ਲੈ ਕੇ ਬਾਗੋ-ਬਾਗ ਹੋਏ ਪਏ ਹਨ ਜਿਨ੍ਹਾਂ ਅਨੁਸਾਰ ਹੁਣ ਪੰਜਾਬ ਵਿਚ ਭਾਜਪਾਈਆਂ ਦੇ ਰਵੱਈਏ ਵਿਚ ਤਬਦੀਲੀ ਆਉਣ ਦੀ ਸੰਭਾਵਨਾ ਹੈ। ਸਿਆਸੀ ਮਾਹਿਰਾਂ ਅਨੁਸਾਰ ਆਉਣ ਵਾਲੇ ਦਿਨਾਂ ਵਿਚ ਪੰਜਾਬ ਅੰਦਰ 'ਆਪ' ਮੁੜ ਪ੍ਰਭਾਵਸ਼ਾਲੀ ਰੂਪ ਵਿਚ ਉਭਰੇਗੀ।

# ਪਾਣੀਆਂ ਦੇ ਰੇੜਕੇ ਬਾਰੇ ਕੇਂਦਰ ਦੇ ਹੱਥ ਖੜ੍ਹੇ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਇਹ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨੂੰ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਦੇ ਬਿਜਲੀ ਪ੍ਰੋਜੈਕਟਾਂ ਵਿਚ ਹੱਕਾਂ ਅਤੇ ਦੇਣਦਾਰੀਆਂ ਬਾਰੇ ਵਿਵਾਦ ਦਾ ਆਪਸੀ ਤੌਰ 'ਤੇ ਹੱਲ ਲੱਭਣ ਲਈ ਰਾਜ਼ੀ ਕਰਨ ਵਿਚ ਨਾਕਾਮ ਰਿਹਾ ਹੈ। ਇਸ 'ਤੇ ਜਸਟਿਸ ਐਸ.ਜੇ. ਮੁਖੋਪਾਧਿਆਏ ਅਤੇ ਐਨ.ਵੀ. ਰਮੰਨਾ 'ਤੇ ਆਧਾਰਤ ਬੈਂਚ ਨੇ ਰਾਜਾਂ ਅਤੇ ਕੇਂਦਰ ਦੀਆਂ ਦਲੀਲਾਂ ਤਫਸੀਲ ਵਿਚ ਸੁਣਨ ਲਈ 25 ਮਾਰਚ ਦੀ ਤਾਰੀਕ ਮੁਕੱਰਰ ਕੀਤੀ ਹੈ।

ਪੰਜਾਬ ਦੀ ਤਰਫ਼ੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਰਾਜੀਵ ਧਵਨ ਨੇ ਕਿਹਾ ਕਿ ਉਨ੍ਹਾਂ ਦੀ ਧਿਰ ਹਿਮਾਚਲ ਪ੍ਰਦੇਸ਼ ਨਾਲ ਨਕਦੀ ਅਤੇ ਬਿਜਲੀ ਸਪਲਾਈ 50:50 ਦੇ ਅਨੁਪਾਤ ਵਿਚ ਵੰਡਣ ਲਈ ਤਿਆਰ ਹੈ ਜਿਵੇਂ ਬੈਂਚ ਨੇ ਸੁਝਾਅ ਦਿੱਤਾ ਸੀ। ਉਂਜ, ਇਹ ਸਭ ਕੁਝ ਉਸਾਰੀ ਲਾਗਤ, ਕਰਜ਼ 'ਤੇ ਵਿਆਜ ਅਤੇ ਪਣ-ਬਿਜਲੀ ਪ੍ਰੋਜੈਕਟ ਚਲਾਉਣ ਤੇ ਇਸ ਦੀ ਮੁਰੰਮਤ ਦੇ ਸਾਰੇ ਖਰਚਿਆਂ ਦਾ ਹਿਸਾਬ ਲਾਉਣ ਤੋਂ ਬਾਅਦ ਤੈਅ ਕੀਤਾ ਜਾਣਾ ਚਾਹੀਦਾ ਹੈ। ਹਰਿਆਣਾ ਨੇ ਵੀ ਪੰਜਾਬ ਦੀ ਇਸ ਦਲੀਲ ਦਾ ਸਾਥ ਦਿੱਤਾ। ਸ੍ਰੀ ਧਵਨ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਬੈਂਚ ਨੇ 27 ਸਤੰਬਰ 2011 ਨੂੰ ਨਾ ਕੇਵਲ ਬਿਜਲੀ ਵਿਚ ਹਿਮਾਚਲ ਪ੍ਰਦੇਸ਼ ਦਾ ਹਿੱਸਾ ਤੈਅ ਕੀਤਾ ਸੀ, ਸਗੋਂ ਇਸ ਸਬੰਧੀ ਰਾਜ ਦੀਆਂ ਦੇਣਦਾਰੀਆਂ ਨੂੰ ਵੀ ਸਵੀਕਾਰ ਕੀਤਾ ਸੀ ਜੋ ਹੁਣ ਤੱਕ ਪੰਜਾਬ ਅਤੇ ਹਰਿਆਣਾ ਵਲੋਂ ਪੂਰੀਆਂ ਕੀਤੀਆਂ ਜਾ ਰਹੀਆਂ ਸਨ।

ਹਿਮਾਚਲ ਪ੍ਰਦੇਸ਼ ਦੀ ਤਰਫ਼ੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਜੇ.ਐਸ. ਅੱਤਰੀ ਨੇ ਪੰਜਾਬ ਅਤੇ ਹਰਿਆਣਾ ਦੇ ਦਾਅਵਿਆਂ 'ਤੇ ਕਿੰਤੂ ਕੀਤਾ। ਅਟਾਰਨੀ ਜਨਰਲ ਮੁਕੁਲ ਰੋਹਤਗੀ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਵਲੋਂ ਹਿਮਾਚਲ ਪ੍ਰਦੇਸ਼ ਨੂੰ ਮੁਆਵਜ਼ਾ ਦੇਣਾ ਬਣਦਾ ਹੈ ਅਤੇ ਬਾਕੀ ਦੀ ਰਕਮ ਮਿਲ ਕੇ ਤੈਅ ਕੀਤੀ ਜਾਣੀ ਚਾਹੀਦੀ ਹੈ।

# 'ਆਪ' ਦਾ 'ਮਿਸ਼ਨ ਪੰਜਾਬ 2017' ਸ਼ੁਰੂ: ਭਗਵੰਤ ਮਾਨ

**ਅੰਮ੍ਰਿਤਸਰ:** ਲੋਕ ਸਭਾ ਚੋਣਾਂ ਵੇਲੇ ਪੰਜਾਬੀਆਂ ਵਲੋਂ ਆਮ ਆਦਮੀ ਪਾਰਟੀ ਨੂੰ ਚਾਰ ਸੀਟਾਂ ਦੇ ਰੂਪ 'ਚ ਦਿੱਤੀ ਜਿੱਤ ਨੂੰ ਦਿੱਲੀ ਚੋਣਾਂ 'ਚ ਹੂੰਝਾ-ਫੇਰੂ ਫਤਹਿ ਦਾ ਆਧਾਰ ਦੱਸਦਿਆਂ ਪਾਰਟੀ ਦੇ ਸੀਨੀਅਰ ਆਗੂ ਭਗਵੰਤ ਮਾਨ ਨੇ ਆਪਣੇ ਪੰਜਾਬ ਮਿਸ਼ਨ ਦੀ ਗੈਰ-ਰਸਮੀ ਸ਼ੁਰੂਆਤ ਕਰ ਦਿੱਤੀ। ਦਿੱਲੀ ਦੀ ਜਿੱਤ ਲਈ ਸ਼ੁਕਰਾਨੇ ਵਜੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਭਗਵੰਤ ਮਾਨ ਨੇ ਅਕਾਲੀ ਦਲ 'ਤੇ ਜਿਥੇ ਮੁਫਾਦਾਂ ਖਾਤਰ ਗਠਜੋੜ ਬਦਲਣ ਦੇ ਦੋਸ਼ ਲਾਏ, ਉਥੇ ਧੂਰੀ ਦੀ ਜ਼ਿਮਨੀ ਚੋਣ ਨੂੰ ਲੋਕਾਂ 'ਤੇ ਭਾਰ ਦੱਸਦਿਆਂ ਕਿਹਾ ਕਿ ਅਕਾਲੀ ਆਪਣਾ ਬਹੁਮਤ ਬਣਾਉਣ ਲਈ ਅਜਿਹੇ ਹੱਥਕੰਡੇ ਅਪਣਾ ਰਹੇ ਹਨ।



ਪੰਜਾਬ 'ਚ ਨਗਰ ਕਾਸਲ ਚੋਣਾਂ ਨਾ ਲੜਨ ਬਾਰੇ ਉਨ੍ਹਾਂ ਕਿਹਾ ਕਿ ਪਾਰਟੀ ਦਿੱਲੀ ਚੋਣਾਂ ਮਗਰੋਂ ਪੰਜਾਬ 'ਚ ਆਪਣੇ ਮੁਢਲੇ ਢਾਂਚੇ ਦਾ ਵਿਸਥਾਰ ਕਰ ਰਹੀ ਹੈ ਜਿਸ ਕਾਰਨ ਸਥਾਨਕ ਚੋਣਾਂ 'ਚ ਭਾਗ ਨਹੀਂ ਲਿਆ ਜਾਵੇਗਾ। ਪਾਰਟੀ ਢਾਂਚੇ ਬਾਰੇ ਉਨ੍ਹਾਂ ਦੱਸਿਆ ਕਿ ਦਿੱਲੀ ਦੀ ਤਰਜ਼ 'ਤੇ ਹਲਕਾ ਤੇ ਬੂਥ ਇੰਚਾਰਜ ਨਿਯੁਕਤ ਕਰ ਕੇ ਉਨ੍ਹਾਂ ਦਾ ਸਿੱਧਾ ਤਾਲਮੇਲ ਕਨਵੀਨਰ ਨਾਲ ਬਣਾਇਆ ਜਾਵੇਗਾ। ਪੰਜਾਬ 'ਚ 2017 ਵਾਲੀਆਂ ਵਿਧਾਨ ਸਭਾ ਚੋਣਾਂ ਲਈ ਅਗਵਾਈ ਬਾਰੇ ਉਨ੍ਹਾਂ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿਤਾ ਅਤੇ ਕਿਹਾ ਕਿ ਪਾਰਟੀ ਦੀ ਆਲ੍ਹਾ ਕਮਾਂਡ ਇਸ ਸਬੰਧੀ ਸਾਂਝਾ ਫ਼ੈਸਲਾ ਸਮਾਂ ਆਉਣ 'ਤੇ ਕਰੇਗੀ। ਇਸ ਮੌਕੇ ਉਨ੍ਹਾਂ ਨਵੰਬਰ-84 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਅਤੇ ਪੀੜਤਾਂ ਨੂੰ ਜਲਦ ਨਿਆਂ ਮਿਲਣ ਦਾ ਭਰੋਸਾ ਪ੍ਰਗਟਾਇਆ। ਉਨ੍ਹਾਂ ਸਿੱਖ ਕਤਲੇਆਮ ਦੀ ਗਵਾਹ ਬੀਬੀ ਜਗਦੀਸ਼ ਕੌਰ ਨਾਲ ਮੁਲਾਕਾਤ ਵੀ ਕੀਤੀ।

# ਤਖ਼ਤੂਪੁਰਾ ਕਤਲ ਕੇਸ 'ਚ ਅਕਾਲੀ ਆਗੂਆਂ ਦੇ ਗ਼ੈਰ-ਜ਼ਮਾਨਤੀ ਵਾਰੰਟ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਅਜਨਾਲਾ ਸਿਵਲ ਕੋਰਟ ਵਲੋਂ ਕਿਸਾਨ ਆਗੂ ਸਾਧੂ ਸਿੰਘ ਤਖ਼ਤੂਪੁਰਾ ਦੇ ਕਤਲ ਕੇਸ ਵਿਚ ਸੱਤਾਧਾਰੀ ਅਕਾਲੀ ਦਲ ਦੇ ਆਗੂ ਵੀਰ ਸਿੰਘ ਲੋਪੋਕੇ, ਉਸ ਦੇ ਲੜਕੇ ਰਣਧੀਰ ਸਿੰਘ ਰਾਣਾ ਤੇ ਬਾਬਾ ਰਛਪਾਲ ਸਿੰਘ ਥਾਣੇਦਾਰ ਦੇ ਗੈਰ-ਜ਼ਮਾਨਤੀ ਵਰੰਟ ਜਾਰੀ ਕੀਤੇ ਜਾਣ ਨੂੰ ਕਿਸਾਨਾਂ ਦੇ ਕਾਨੂੰਨੀ ਸੰਘਰਸ਼ ਦੀ ਜਿੱਤ ਕਰਾਰ ਦਿੱਤਾ ਹੈ।

ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀਕਲਾਂ ਨੇ ਆਖਿਆ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਦੇ ਸਰਹੱਦੀ ਇਲਾਕੇ 'ਚ ਸਰਕਾਰੀ ਗੈਰ-ਅਬਾਦ ਜ਼ਮੀਨਾਂ 'ਤੇ ਵਸਾਏ ਗਏ ਹਜ਼ਾਰਾਂ ਬੇਜ਼ਮੀਨੇ ਤੇ ਥੁੜ-ਜ਼ਮੀਨੇ ਆਬਾਦਕਾਰ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣ ਲਈ ਜਥੇਬੰਦੀ ਵਲੋਂ ਲੜੇ ਜਾ ਰਹੇ ਸੰਘਰਸ਼ ਦੇ ਮੋਹਰੀ ਸਾਧੂ ਸਿੰਘ ਤਖ਼ਤੂਪੁਰਾ ਨੂੰ 10 ਫਰਵਰੀ 2010 ਨੂੰ ਪਿੰਡ ਭਿੰਡੀ ਔਲਖ ਲਾਗੇ ਕਤਲ ਕਰ ਦਿੱਤਾ ਸੀ। ਇਸ ਕੇਸ 'ਚ ਇਨ੍ਹਾਂ ਤਿੰਨਾਂ ਸਮੇਤ ਛੇ ਦੋਸ਼ੀ ਨਾਮਜ਼ਦ ਕੀਤੇ ਗਏ ਸਨ ਪਰ ਅਕਾਲੀ ਆਗੂ ਲੋਪੋਕੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਕਰੀਬੀ ਸਬੰਧ ਹੋਣ ਕਾਰਨ ਤਿੰਨਾਂ ਜਣਿਆਂ ਅਤੇ ਸਰਬਜੀਤ ਸਿੰਘ ਲੋਧੀ ਗੁੱਜਰ ਨੂੰ ਪੁਲਿਸ ਦੀ ਵਿਸ਼ੇਸ ਜਾਂਚ ਟੀਮ ਨੇ ਕਲੀਨ ਚਿਟ ਦੇ ਦਿੱਤੀ ਸੀ। ਕਾਨੂੰਨੀ ਲੜਾਈ ਦੌਰਾਨ ਅਦਾਲਤ ਵਲੋਂ ਇਨ੍ਹਾਂ ਚਾਰ ਜਣਿਆਂ ਨੂੰ ਮੁੜ ਨਾਮਜ਼ਦ ਕਰਦਿਆਂ ਕੁੱਲ ਛੇ ਜਣਿਆਂ ਦੇ ਜ਼ਮਾਨਤੀ ਵਰੰਟ ਜਾਰੀ ਕੀਤੇ ਸਨ।

## Matrimonial

### ਕੰਨਿਆ ਦੀ ਲੋੜ

ਜੱਟ ਸਿੱਖ, ਉਮਰ 25 ਸਾਲ, ਕੱਦ 6 ਫੁੱਟ, ਉਚ ਸਿਖਿਆ ਪ੍ਰਾਪਤ, ਉਚੀ ਬੈਂਕ ਜਾਬ, ਅਮਰੀਕੀ ਸਿਟੀਜ਼ਨ ਲੜਕੇ ਲਈ ਹਾਣ-ਪਰਵਾਣ ਅਤੇ ਨੌਕਰੀ ਕਰਦੀ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-262-7200

5-8

# ਮੋਦੀ ਨੂੰ ਮਿਲੇ ਤੋਹਫਿਆਂ ਦੀ ਹੋਵੇਗੀ ਨਿਲਾਮੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਹੁਣ ਤੱਕ ਵੱਖ-ਵੱਖ ਸਮਾਗਮਾਂ ਦੌਰਾਨ ਮਿਲੇ ਤੋਹਫਿਆਂ ਦੀ ਨਿਲਾਮੀ ਕੀਤੀ ਜਾਵੇਗੀ। ਇਸ ਲਈ ਸੂਰਤ ਵਿਚ ਤਿੰਨ ਦਿਨਾ ਪ੍ਰਦਰਸ਼ਨੀ ਲਗਾਈ ਜਾ ਰਹੀ ਹੈ।

ਪ੍ਰਦਰਸ਼ਨੀ ਦੌਰਾਨ ਮੋਦੀ ਦਾ ਉਹ ਵਿਸ਼ੇਸ਼ ਮਹਿੰਗਾ ਸੂਟ ਵੀ ਨਿਲਾਮ ਕੀਤਾ ਜਾਵੇਗਾ ਜਿਸ 'ਤੇ 'ਨਰੇਂਦਰ ਮੋਦੀ ਨਰੇਂਦਰ ਮੋਦੀ' ਲਿਖਿਆ ਹੋਇਆ ਹੈ। ਪ੍ਰਦਰਸ਼ਨੀ 'ਚ 455 ਤੋਹਫੇ ਨਿਲਾਮੀ ਲਈ ਰੱਖੇ ਜਾਣਗੇ।

# ਸੁੱਖਾ ਕਾਹਲਵਾਂ ਗੈਂਗ ਦੇ ਮੈਂਬਰ ਕਾਬੂ

**ਜਲੰਧਰ:** ਸੁੱਖਾ ਕਾਹਲਵਾਂ ਦੀ ਮੌਤ ਦਾ ਬਦਲਾ ਲੈਣ ਲਈ ਸਰਗਰਮ ਤਿੰਨ ਗੈਂਗਸਟਰਾਂ ਨੂੰ ਪੁਲਿਸ ਨੇ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਇਨ੍ਹਾਂ ਕੋਲੋਂ ਦੋ ਪਿਸਤੌਲ 315 ਬੋਰ, ਦੋ ਪਿਸਤੌਲ 765 ਬੋਰ, ਇੱਕ ਪਿਸਤੌਲ 9 ਐਮ.ਐਮ. ਤੇ 10 ਕਾਰਤੂਸ ਅਤੇ ਸਫਾਰੀ ਤੇ ਵੈਗਨਆਰ ਕਾਰ ਤੇ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਜਗਸ਼ੇਰ ਸਿੰਘ ਉਰਫ ਸ਼ੈਰੀ ਵਾਸੀ ਉੱਚਾ ਪਿੰਡ, ਪੰਚਮਨੂਰ ਸਿੰਘ ਉਰਫ ਪੰਚਮ ਵਾਸੀ ਫਗਵਾੜਾ ਗੇਟ ਜਲੰਧਰ ਅਤੇ ਸਾਹਿਲ ਪ੍ਰੀਤ ਸਿੰਘ ਉਰਫ ਮੱਲੀ ਵਾਸੀ ਪਿੰਡ ਹੰਸਾਵਾਲਾ ਜ਼ਿਲ੍ਹਾ ਤਰਨਤਾਰਨ ਵਜੋਂ ਹੋਈ ਹੈ।

ਇਨ੍ਹਾਂ ਵਿਚੋਂ ਜਗਸ਼ੇਰ ਨਾਬਾਲਗ਼ ਹੈ ਅਤੇ ਉਸ ਦੀ ਉਮਰ 17 ਸਾਲ ਹੈ, ਜਦੋਂਕਿ ਬਾਕੀ ਦੋਵਾਂ ਦੀ ਉਮਰ 18 ਤੋਂ 20 ਸਾਲ ਦੇ ਵਿਚਕਾਰ ਹੈ। ਪੁਲਿਸ ਮੁਤਾਬਕ ਜਿਸ ਦਿਨ ਸੁੱਖਾ ਕਾਹਲਵਾਂ ਦਾ ਕਤਲ ਹੋਇਆ, ਉਸ ਦਿਨ ਇਹ ਤਿੰਨੇ ਜਣੇ ਆਪਣੇ ਗੈਂਗ ਦੇ ਹੋਰ ਮੈਂਬਰਾਂ ਨਾਲ ਸੁੱਖੇ ਨੂੰ ਪੁਲਿਸ ਹਿਰਾਸਤ ਵਿਚੋਂ ਭਜਾਉਣ ਲਈ ਉਸ ਗੱਡੀ ਦਾ ਪਿੱਛਾ ਕਰ ਰਹੇ ਸਨ ਜਿਸ ਗੱਡੀ ਵਿਚ ਸੁੱਖੇ ਨੂੰ ਪੇਸ਼ੀ ਤੋਂ ਬਾਅਦ ਵਾਪਸ ਨਾਭਾ ਜੇਲ੍ਹ ਲਿਜਾਇਆ ਜਾ ਰਿਹਾ ਸੀ।

ਪੁਲਿਸ ਕਪਤਾਨ (ਦਿਹਾਤੀ) ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਹੁਣ ਤੱਕ ਸੁੱਖਾ ਕਾਹਲਵਾਂ ਗੈਂਗ ਦੇ 8 ਮੈਂਬਰਾਂ ਦੀ ਪਛਾਣ ਹੋ ਚੁੱਕੀ ਹੈ। ਇਨ੍ਹਾਂ ਵਿਚੋਂ 5 ਨੂੰ ਪੁਲਿਸ ਨੇ ਕਾਬੂ ਕਰ ਲਿਆ ਹੈ। ਇਸ ਗੈਂਗ ਦੇ 2 ਮੈਂਬਰ ਰਜਿੰਦਰ ਸਿੰਘ ਅਤੇ ਰਜਵਿੰਦਰ ਸਿੰਘ ਨੂੰ 7 ਫਰਵਰੀ ਨੂੰ ਕਾਬੂ ਕਰ ਲਿਆ ਸੀ। 3 ਮੈਂਬਰ ਅਜੇ ਪੁਲਿਸ ਗ੍ਰਿਫ਼ਤ ਤੋਂ ਬਾਹਰ ਹਨ ਜੋ ਬਾਹਰਲੇ ਸੂਬਿਆਂ ਨਾਲ ਸਬੰਧ ਰੱਖਦੇ ਸਨ। ਮੁਢਲੀ ਪੁੱਛਗਿੱਛ ਤੋਂ ਪਤਾ ਲੱਗਿਆ ਹੈ ਕਿ ਸੁੱਖਾ ਕਾਹਲਵਾਂ ਦੇ ਸਾਥੀ ਉਸ ਦੀਆਂ ਅਦਾਲਤ ਵਿਚ ਪੇਸ਼ੀਆਂ ਦੌਰਾਨ ਲਗਾਤਾਰ ਰੇਕੀ ਕਰ ਰਹੇ ਸਨ ਤੇ ਸੁੱਖੇ ਦੇ ਕਤਲ ਵਾਲੇ ਦਿਨ ਵੀ ਇਹ ਪੁਲਿਸ ਦੀ ਉਸ ਗੱਡੀ ਦਾ ਪਿੱਛਾ ਕਰ ਰਹੇ ਸਨ, ਪਰ ਕਿਸੇ ਕਾਰਨ ਉਹ ਪਛੜ ਗਏ। ਇਸੇ ਦੌਰਾਨ ਦੂਜੇ ਗੈਂਗ ਨੇ ਸੁੱਖੇ ਦਾ ਕਤਲ ਕਰ ਦਿੱਤਾ। ਬਾਅਦ ਵਿਚ ਇਹ ਗੈਂਗਸਟਰ ਸੁੱਖੇ ਦੀ ਮੌਤ ਦਾ ਬਦਲਾ ਲੈਣ ਲਈ ਸਰਗਰਮ ਹੋ ਗਏ। ਇਨ੍ਹਾਂ ਨੇ ਬਾਹਰਲੇ ਸੂਬੇ ਤੋਂ ਜੋ ਹਥਿਆਰ ਸੁੱਖੇ ਨੂੰ ਛੁਡਾਉਣ ਲਈ ਮੰਗਵਾਏ ਸਨ, ਉਹੀ ਹੁਣ ਉਹ ਸੁੱਖੇ ਦੇ ਕਾਤਲਾਂ ਨੂੰ ਸਬਕ ਸਿਖਾਉਣ ਲਈ ਵਰਤਣ ਦੀ ਤਿਆਰੀ ਕਰ ਰਹੇ ਸਨ। ਦੱਸਿਆ ਗਿਆ ਹੈ ਕਿ ਇਨ੍ਹਾਂ ਨੂੰ ਥਾਣਾ ਮਕਸੂਦਾਂ ਇਲਾਕੇ ਵਿਚ ਨਾਕੇ ਦੌਰਾਨ ਕਾਬੂ ਕੀਤਾ ਗਿਆ ਹੈ।

# ਵਿਦੇਸ਼ ਸਕੱਤਰ ਦਾ ਪਾਕਿਸਤਾਨ ਦੌਰਾ ਅਗਲੇ ਮਹੀਨੇ

**ਇਸਲਾਮਾਬਾਦ:** ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਸਵਰਾਜ ਅਜ਼ੀਜ਼ ਨੇ ਆਖਿਆ ਕਿ ਭਾਰਤ ਦੇ ਵਿਦੇਸ਼ ਸਕੱਤਰ ਐਸ. ਜੈਸ਼ੰਕਰ ਅਗਲੇ ਮਹੀਨੇ ਮਾਰਚ ਵਿਚ ਇਸਲਾਮਾਬਾਦ ਆ ਸਕਦੇ ਹਨ ਜਿਸ ਦੌਰਾਨ ਕਸ਼ਮੀਰ ਸਮੇਤ ਸਾਰੇ ਮੁੱਦਿਆਂ 'ਤੇ ਗੱਲਬਾਤ ਹੋਵੇਗੀ। ਯਾਦ ਰਹੇ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਿਛਲੇ ਹਫਤੇ ਆਪਣੇ ਪਾਕਿਸਤਾਨੀ ਹਮਰੁਤਬਾ ਨਵਾਜ਼ ਸ਼ਰੀਫ ਨੂੰ ਟੈਲੀਫੋਨ ਕੀਤਾ ਸੀ ਅਤੇ ਉਸ ਤੋਂ ਮਗਰੋਂ ਇਹ ਐਲਾਨ ਕੀਤਾ ਗਿਆ ਸੀ ਕਿ ਵਿਦੇਸ਼ ਸਕੱਤਰ ਐਸ. ਜੈਸ਼ੰਕਰ ਦੁਵੱਲੇ ਏਜੰਡੇ ਨੂੰ ਅਗਾਂਹ ਵਧਾਉਣ ਲਈ ਇਸਲਾਮਾਬਾਦ ਦੌਰੇ 'ਤੇ ਜਾਣਗੇ।


ਕੱਰੀ ਕੁਕ ਤੇ ਹੈਲਪਰ ਦੀ ਲੋੜ ਹੈ

ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁਕ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
ਸੰਪਰਕ ਕਰੋ:
316-518-5382 ਜਾਂ 316-708-9896
8=4



COVERED CALIFORNIA TM

ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ
ਬੇਅ ਏਰੀਆ ਅਤੇ ਸੈਂਟਰ ਵੈਲੀ ਦੇ ਸ਼ਹਿਰਾਂ ਵਿਚ
ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਰੀਨਿਊਲ ਅਤੇ ਨਵੀਆਂ ਅਰਜੀਆਂ ਮੁਫਤ ਭਰਦੇ ਹਾਂ
ਓਪਨ ਇਨਰੋਲਮੈਂਟ 15 ਨਵੰਬਰ 2014 ਤੋਂ 15 ਫਰਵਰੀ 2015 ਤੱਕ ਹੈ
ਆਪਣੇ ਸਰਟੀਫਾਈਡ ਇੰਸ਼ੁਰੈਂਸ ਏਜੈਂਟ ਨਾਲ ਸੰਪਰਕ ਕਰੋ
Jarnail Singh Lallria (License # 0C19939)
Phone: (408) 728-0795
Fax: (209) 216-5502
E-mail: Jarnail_lallria@yahoo.com



Upgrade your Security Cameras to High Definition at very reasonable prices




For more Details, Contact:
Balbir S Sidhu
209-495-3905 (Cell)
www.dvrunlimited.com
Toll Free (888) 233-4566
DVRunlimited Inc. Fax: 209-665-7067



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ...

## ਗੁਣੀਤ ਕੌਰ ਦਾ ਕੈਲੀਫੋਰਨੀਆ ਤੋਂ ਛੱਤੀਸਗੜ੍ਹ ਦੇ ਜੰਗਲਾਂ ਤੱਕ ਦਾ ਸਫਰ

### ਪੰਜ ਮਾਰਚ ਨੂੰ ਹੋਵੇਗਾ ਸਨਮਾਨ



ਗੁਣੀਤ ਕੌਰ (ਐਨ ਖੱਬੇ), ਪਰੀਜਤਾ ਭਾਰਦਵਾਜ ਤੇ ਈਸ਼ਾ ਖੰਡੇਲਵਾਲ।

**ਲੁਧਿਆਣਾ:** ਕੈਲੀਫੋਰਨੀਆ ਯੂਨੀਵਰਸਿਟੀ ਤੋਂ ਲਾਅ ਦੀ ਮਾਸਟਰਜ਼ ਕਰਨ ਵਾਲੀ ਲੁਧਿਆਣੇ ਦੀ ਗੁਣੀਤ ਕੌਰ ਅੱਜ ਕੱਲ੍ਹ ਛਤੀਸਗੜ੍ਹ ਦੇ ਜੰਗਲਾਂ ਵਿਚ ਆਦਿਵਾਸੀਆਂ ਲਈ ਕੰਮ ਕਰ ਰਹੀ ਹੈ। ਉਹ ਆਪਣੀਆਂ ਸਾਥਣਾਂ ਨਾਲ ਰਲ ਕੇ ਸਰਕਾਰ ਵੱਲੋਂ ਮਾਓਵਾਦੀ ਕਹਿ ਕੇ ਫਸਾਏ ਆਦਿਵਾਸੀ ਨੂੰ ਛੁਡਾਉਣ ਲਈ ਕਾਨੂੰਨੀ ਲੜਾਈ ਵਿੱਢੀ ਹੋਈ ਹੈ। ਆਪਣੇ ਇਸ ਸ਼ੁਭ ਕਰਮਨ ਲਈ ਇਨ੍ਹਾਂ ਕੁੜੀਆਂ ਨੇ 'ਜਗਦਲਪੁਰ ਲੀਗਲ ਏਡ ਟਰੱਸਟ' ਬਣਾਇਆ ਹੋਇਆ ਹੈ ਅਤੇ ਪਿਛਲੇ ਅੱਠ ਮਹੀਨਿਆਂ ਤੋਂ ਉਹ ਗਰੀਬ ਆਦਿਵਾਸੀਆਂ ਨੂੰ ਸਰਕਾਰ ਵੱਲੋਂ ਵਿਛਾਏ ਜਾਲ ਵਿਚੋਂ ਕੱਢਣ ਲਈ ਦਿਨ-ਰਾਤ ਇਕ ਕਰ ਰਹੀਆਂ ਹਨ।

ਚਵੀ ਸਾਲਾ ਦੀ ਗੁਣੀਤ ਕੌਰ ਅਤੇ ਉਹਦੀਆ ਸਾਥਣਾਂ ਬਾਰੇ ਇਹ ਖਬਰਾਂ ਉਦੋਂ ਸਭ ਦੇ ਧਿਆਨ ਵਿਚ ਆਈਆਂ ਜਦੋਂ ਉਨ੍ਹਾਂ ਨੂੰ 'ਫੋਰਬਜ਼ ਇੰਡੀਆ' ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ। ਇਸ ਸੂਚੀ ਵਿਚ ਉਨ੍ਹਾਂ 30 ਭਾਰਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਨ੍ਹਾਂ ਨੇ ਆਪੋ-ਆਪਣੇ ਖੇਤਰ ਵਿਚ ਨਿਵੇਕਲਾ ਅਤੇ ਨਿਆਰਾ ਕਾਰਜ ਕੀਤਾ ਹੈ।

ਗੁਣੀਤ ਕੌਰ ਹੁੱਬ ਕੇ ਦੱਸਦੀ ਹੈ, "ਕਿਸੇ ਵੱਡੇ ਪੇ-ਪੈਕੇਜ ਵਾਲੀ ਨੌਕਰੀ ਮੇਰਾ ਮਕਸਦ ਨਹੀਂ ਸੀ। ਮੈਂ ਤਾਂ ਜ਼ਮੀਨ ਨਾਲ ਜੁੜ ਕੇ ਕੋਈ ਕੰਮ ਕਰਨਾ ਲੋਚਦੀ ਸਾਂ। ਜਗਦਲਪੁਰ (ਛਤੀਸਗੜ੍ਹ) ਵਿਚ ਮੇਰੀਆਂ ਦੋ ਸਹੇਲੀਆਂ ਪਹਿਲਾਂ ਹੀ ਆਪਣੇ ਕਾਰਜ ਵਿਚ ਜੁਟੀਆਂ ਹੋਈਆਂ ਸਨ, ਮੈਂ ਵੀ ਇਸ ਪਾਸੇ ਜੁਟ ਗਈ।" ਅਸਲ ਵਿਚ ਗੁਣੀਤ ਕੌਰ ਦੀ ਆਪਣੀ ਪੜ੍ਹਾਈ ਦਾ ਖੇਤਰ ਵੀ ਬਗਾਵਤ ਵਾਲੇ ਇਲਾਕਿਆਂ ਵਿਚ ਮਨੁੱਖੀ ਹੱਕਾਂ ਬਾਰੇ ਹੀ ਸੀ, ਸੋ ਉਸ ਨੂੰ ਫੈਸਲਾ ਕਰਨ ਵਿਚ ਬਹੁਤਾ ਵਕਤ ਨਹੀਂ ਲੱਗਿਆ ਅਤੇ ਉਹਨੇ ਅਮਰੀਕਾ ਤੋਂ ਭਾਰਤ ਪੁੱਜਦੇ ਸਾਰ ਜਗਦਲਪੁਰ ਚਾਲੇ ਪਾ ਦਿੱਤੇ। ਉਹ ਹੁਣ ਉਨ੍ਹਾਂ ਆਦਿਵਾਸੀਆਂ ਦੇ ਕੇਸਾਂ ਉਤੇ ਡਟ ਕੇ ਕੰਮ ਕਰ ਰਹੀ ਹੈ ਜਿਨ੍ਹਾਂ ਨੂੰ ਸਰਕਾਰ ਨੇ 2010 ਦੌਰਾਨ ਮਾਰ ਮੁਕਾਇਆ ਸੀ। ਸੀ.ਆਰ.ਪੀ.ਐਫ. ਦਾ ਦਾਅਵਾ ਹੈ ਕਿ ਇਹ ਆਦਿਵਾਸੀ ਮਾਓਵਾਦੀ ਸਨ, ਪਰ ਜਾਂਚ ਦੱਸਦੀ ਹੈ ਕਿ ਇਨ੍ਹਾਂ ਨੂੰ ਖਾਨਾਪੂਰਤੀ ਖਾਤਰ ਮਾਰ ਦਿੱਤਾ ਗਿਆ। ਆਪਣੇ ਕੰਮ ਲਈ ਗੁਣੀਤ ਕੌਰ ਜੇਲ੍ਹਾਂ ਵਿਚ ਕੈਦੀਆਂ ਨੂੰ ਮਿਲਦੀ ਹੈ, ਆਰ.ਟੀ.ਆਈ. ਰਾਹੀਂ ਜਾਣਕਾਰੀ ਜੁਟਾਉਂਦੀ ਹੈ ਅਤੇ ਫਿਰ ਕੇਸਾਂ ਵਿਚ ਰਹਿ ਗਏ ਖੱਪੇ ਪੂਰਨ ਲਈ ਘਟਨਾਵਾਂ ਦੀਆਂ ਕੜੀਆਂ ਜੋੜਦੀ ਹੈ।

ਗੁਣੀਤ ਕੌਰ ਦੱਸਦੀ ਹੈ ਕਿ ਜਗਦਲਪੁਰ ਲੀਗਲ ਏਡ ਟਰੱਸਟ, ਈਸ਼ਾ ਖੰਡੇਲਵਾਲ (25 ਸਾਲ) ਅਤੇ ਪਰੀਜਤਾ ਭਾਰਦਵਾਜ (26) ਨੇ ਬਣਾਇਆ ਸੀ। ਅਮਰੀਕਾ ਜਾਣ ਤੋਂ ਪਹਿਲਾਂ ਉਹਨੇ ਛਤੀਸਗੜ੍ਹ ਦੀ ਨੈਸ਼ਨਲ ਲਾਅ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਕੀਤੀ ਸੀ। ਜਗਦਲਪੁਰ ਵਿਚ ਲੋਕਾਂ ਦਾ ਹਾਲ ਦੇਖ ਕੇ ਉਹ ਦੰਗ ਹੀ ਰਹਿ ਗਈ ਸੀ। ਦੋ ਮਹੀਨੇ ਤਾਂ ਉਹਦਾ ਉਥੇ ਦਿਲ ਵੀ ਨਹੀਂ ਸੀ ਲੱਗਿਆ, ਪਰ ਫਿਰ ਉਹ ਪੜ੍ਹਾਈ ਵਿਚ ਰੁਝ ਗਈ ਅਤੇ ਹੁਣ ਉਹ ਆਪਣੇ ਕੰਮ ਵਿਚ ਇੰਨਾ ਰੁੱਝ ਗਈ ਹੈ ਕਿ ਉਹਨੂੰ ਲਗਦਾ ਹੈ ਕਿ ਕਰਨ ਵਾਲਾ ਕੰਮ ਬਹੁਤ ਜ਼ਿਆਦਾ ਹੈ ਤੇ ਸਮਾਂ ਬਹੁਤ ਸੀਮਤ ਹੈ। ਉਂਜ, ਉਥੇ ਲੋਕਾਂ ਵਿਚ ਵਿਚਰਦਿਆਂ ਕੁਝ ਲੋਕ ਹੈਰਾਨ ਹੋਏ ਬਿਨਾਂ ਨਹੀਂ ਰਹਿੰਦੇ ਕਿ ਪੰਜਾਬ ਵਰਗੇ ਸੂਬੇ ਤੋਂ ਆ ਕੇ ਕੋਈ ਕੁੜੀ ਲੋੜਵੰਦਾਂ ਲਈ ਇਹ ਕੰਮ ਕਰ ਰਹੀ ਹੈ। ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਇਹ ਕੁੜੀ ਤਾਂ ਅਮਰੀਕਾ ਛੱਡ ਕੇ ਆਈ ਹੈ ਤਾਂ ਉਹ ਧੰਨ-ਧੰਨ ਕਰ ਉਠਦੇ ਹਨ।

## ਲਾਜਵਾਬ ਹੋਈ ਆਰ.ਐਸ.ਐਸ.

*(ਸਫਾ ਇਕ ਦੀ ਬਾਕੀ)*

ਸਲੀਸ ਨੇ ਕਿਹਾ ਕਿ ਸੰਘ ਦੇ ਪ੍ਰਚਾਰਕ ਤੇ ਸੰਗਠਨ ਦੇ ਘੱਟ-ਗਿਣਤੀ ਮਾਮਲਿਆਂ ਦੇ ਇੰਚਾਰਜ ਇੰਦਰੇਸ਼ ਇਨ੍ਹਾਂ ਸਵਾਲਾਂ ਤੋਂ ਚਿੜ ਗਏ। ਉਨ੍ਹਾਂ ਦਾ ਪਹਿਲਾ ਸਵਾਲ ਸੀ ਕਿ ਸੰਘ ਭਾਰਤ ਨੂੰ ਹਿੰਦੂ ਦੇਸ਼ ਮੰਨਦਾ ਹੈ? ਦੂਜਾ ਸਵਾਲ ਸੀ ਕਿ ਸੰਘ ਨੇ ਭਾਰਤ ਨੂੰ ਹਿੰਦੂ ਦੇਸ਼ ਵਿਚ ਬਦਲਣ ਲਈ ਕੋਈ ਖਾਕਾ ਤਿਆਰ ਕੀਤਾ ਹੈ? ਤੀਜਾ ਸਵਾਲ ਸੀ ਕਿ ਹਿੰਦੂ ਦੇਸ਼ ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਅਨੁਸਾਰ ਹੋਵੇਗਾ ਜਾਂ ਸੰਘ ਨੇ ਕੋਈ ਨਵਾਂ ਫਲਸਫ਼ਾ ਤਿਆਰ ਕੀਤਾ ਹੈ? ਚੌਥਾ ਸਵਾਲ ਸੀ ਕਿ ਧਰਮ ਤਬਦੀਲੀ 'ਤੇ ਉਹ ਕੀ ਚਾਹੁੰਦੇ ਹਨ? ਪੰਜਵਾਂ ਸਵਾਲ ਸੀ ਕਿ ਸੰਘ ਮੁਸਲਮਾਨਾਂ ਤੋਂ ਕਿਸ ਤਰ੍ਹਾਂ ਦਾ ਦੇਸ਼ ਪ੍ਰੇਮ ਚਾਹੁੰਦਾ ਹੈ? ਛੇਵਾਂ ਸਵਾਲ ਇਹ ਕਿ ਸੰਘ ਇਸਲਾਮ ਨੂੰ ਕਿਸ ਤਰ੍ਹਾਂ ਵੇਖਦਾ ਹੈ?

## ਭਾਰਤ ਤੇ ਸ੍ਰੀਲੰਕਾ ਵਿਚ ਪਰਮਾਣੂ ਸਮਝੌਤਾ

**ਨਵੀਂ ਦਿੱਲੀ:** ਭਾਰਤ ਤੇ ਸ੍ਰੀਲੰਕਾ ਨੇ ਸਬੰਧਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦਿਆਂ ਸਿਵਲ ਪਰਮਾਣੂ ਸਮਝੌਤੇ ਵਿਚ ਸਹਿਯੋਗ 'ਤੇ ਹਸਤਾਖਰ ਕਰ ਦਿੱਤੇ। ਦੋਵੇਂ ਮੁਲਕਾਂ ਨੇ ਰੱਖਿਆ ਤੇ ਸੁਰੱਖਿਆ ਸਹਿਯੋਗ ਵਿਚ ਵਿਸਥਾਰ ਦਾ ਵੀ ਫੈਸਲਾ ਲਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਸ੍ਰੀਲੰਕਾ ਦੇ ਰਾਸ਼ਟਰਪਤੀ ਮੈਤਰੀਪਾਲਾ ਸਿਰੀਸੈਨਾ ਵਿਚਕਾਰ ਹੋਈ ਗੱਲਬਾਤ ਤੋਂ ਬਾਅਦ ਸਮਝੌਤਿਆਂ ਬਾਰੇ ਜਾਣਕਾਰੀ ਦਿੱਤੀ ਗਈ। ਪਰਮਾਣੂ ਸਮਝੌਤੇ ਨਾਲ ਦੋਵੇਂ ਮੁਲਕ ਗਿਆਨ ਤੇ ਤਜਰਬੇ ਨੂੰ ਸਾਂਝਾ ਕਰਨ ਦੇ ਨਾਲ ਨਾਲ ਵਸੀਲਿਆਂ ਦੀ ਵੰਡ, ਪਰਮਾਣੂ ਊਰਜਾ ਦੀ ਸ਼ਾਂਤੀ ਦੇ ਕੰਮਾਂ ਵਿਚ ਵਰਤੋਂ ਲਈ ਵਿਅਕਤੀਆਂ ਦੀ ਸਿਖਲਾਈ, ਪਰਮਾਣੂ ਸੁਰੱਖਿਆ, ਰੇਡੀਏਸ਼ਨ ਸੁਰੱਖਿਆ ਤੇ ਰੇਡੀਓ ਆਈਸੋਟੋਪਸ ਦੀ ਵਰਤੋਂ ਆਦਿ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

# ਕੌਂਸਲ ਚੋਣਾਂ ਬਣੀਆਂ ਜੰਗ ਦਾ ਮੈਦਾਨ

*(ਸਫਾ ਇਕ ਦੀ ਬਾਕੀ)*

ਆਧਾਰ ਵਾਲੇ ਜ਼ਿਲ੍ਹਿਆਂ ਨਾਲ ਸਬੰਧਤ ਸ਼ਹਿਰਾਂ ਵਿਚ ਭਾਈਵਾਲ ਪਾਰਟੀ ਨੂੰ ਜ਼ਿਆਦਾ ਸੀਟਾਂ ਛੱਡੀਆਂ ਹਨ। ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਭਾਜਪਾ ਦੀ ਸੂਬਾਈ ਲੀਡਰਸ਼ਿਪ ਦੇ ਤੇਵਰ ਕੁਝ ਬਦਲੇ ਹੋਏ ਹਨ ਪਰ ਹੇਠਲੇ ਪੱਧਰ 'ਤੇ ਜ਼ਿਆਦਾ ਤਬਦੀਲੀ ਨਹੀਂ ਆਈ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਤਾਲਮੇਲ ਕਮੇਟੀ ਦੇ ਫ਼ੈਸਲੇ ਮੁਤਾਬਕ 120 ਸ਼ਹਿਰਾਂ ਦੀਆਂ ਮਿਉਂਸਿਪਲ ਕਮੇਟੀਆਂ ਵਿਚ ਕੁੱਲ 2059 ਵਾਰਡਾਂ ਵਿਚੋਂ ਅਧਿਕਾਰਤ ਤੌਰ 'ਤੇ ਭਾਜਪਾ ਨੂੰ 796 ਵਾਰਡ ਛੱਡੇ ਗਏ ਹਨ। ਸੂਬੇ ਦੇ 123 ਸ਼ਹਿਰਾਂ ਦੀਆਂ ਕਮੇਟੀਆਂ ਦੀਆਂ ਚੋਣਾਂ ਹੋ ਰਹੀਆਂ ਹਨ ਤੇ ਤਿੰਨ ਸ਼ਹਿਰਾਂ ਵਿਚ ਦੋਹਾਂ ਪਾਰਟੀਆਂ ਨੇ ਵੱਖੋ ਵੱਖਰੇ ਤੌਰ 'ਤੇ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ।

ਦੱਸਣਯੋਗ ਹੈ ਕਿ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਇਤਿਹਾਸਕ ਜਿੱਤ ਪਿਛੋਂ ਪੰਜਾਬ ਵਿਚ ਭਾਜਪਾਈ ਲਗਾਤਾਰ ਅਕਾਲੀਆਂ ਨੂੰ ਅੱਖਾਂ ਵਿਖਾ ਰਹੇ ਹਨ। ਕੇਂਦਰ ਵਿਚ ਸਰਕਾਰ ਬਣਨ ਪਿਛੋਂ ਸਹਿਯੋਗੀਆਂ ਨਾਲ ਹੈਂਕੜ ਵਾਲੇ ਵਿਹਾਰ ਨੇ ਗੱਠਜੋੜਾਂ ਵਿਚ ਵੀ ਖਟਾਸ ਪੈਦਾ ਕਰ ਦਿੱਤੀ ਸੀ। ਮਹਾਰਾਸ਼ਟਰ ਵਿਚ ਸਾਲਾਂ ਪੁਰਾਣਾ ਸ਼ਿਵ ਸੈਨਾ ਨਾਲੋਂ ਗੱਠਜੋੜ ਤੋੜ ਕੇ ਇਕੱਲੇ ਲੜਨ, ਹਰਿਆਣਾ ਅੰਦਰ ਹਰਿਆਣਾ ਵਿਕਾਸ ਪਾਰਟੀ ਨੂੰ ਅੰਗੂਠਾ ਦਿਖਾਉਣ ਤੇ ਪੰਜਾਬ ਅੰਦਰ ਅਕਾਲੀ ਦਲ ਨੂੰ ਵੀ ਕਈ ਮਾਮਲਿਆਂ ਉੱਤੇ ਜਿੱਚ ਕਰਨਾ ਸ਼ੁਰੂ ਕਰ ਦਿੱਤਾ ਸੀ। ਤਰਨਤਾਰਨ ਵਿਚ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਮੰਤਰੀ ਅਨਿਲ ਜੋਸ਼ੀ ਕਈ ਵਾਰ ਆਪਹੁਦਰੀਆਂ ਕਰ ਕੇ ਗੱਠਜੋੜ ਨੂੰ ਵੰਗਾਰ ਚੁੱਕੇ ਹਨ ਪਰ ਭਾਜਪਾ ਦਾ ਜੰਮੂ-ਕਸ਼ਮੀਰ ਵਿਚ ਮਿਸ਼ਨ 44 ਸਿਰਫ 25 ਸੀਟਾਂ ਤੱਕ ਸਿਮਟ ਜਾਣਾ ਤੇ ਹੁਣ ਦਿੱਲੀ ਵਿਧਾਨ ਸਭਾ ਚੋਣਾਂ ਵਿਚ 70 ਵਿਚੋਂ ਸਿਰਫ ਤਿੰਨ ਸੀਟਾਂ ਮਿਲਣ ਕਾਰਨ ਅਕਾਲੀ ਦਲ ਦੇ ਹੌਸਲੇ ਵੀ ਬੁਲੰਦ ਹੋਏ ਹਨ। ਪਿਛਲੇ ਦਿਨੀਂ ਅਕਾਲੀ ਆਗੂਆਂ ਵੱਲੋਂ ਜੋਸ਼ੀ ਦੇ ਭਰਾ 'ਤੇ ਸ਼ਰੇਆਮ ਗੋਲੀਆਂ ਚਲਾ ਕੇ ਭਾਜਪਾ ਵਰਕਰਾਂ ਨੂੰ ਔਕਾਤ ਵਿਚ ਰਹਿਣ ਦਾ ਸੁਨੇਹਾ ਦਿੱਤਾ ਹੈ।

**ਅੰਦਰੂਨੀ ਬਗਾਵਤ ਅੱਗੇ ਦੋਵੇਂ ਧਿਰਾਂ ਬੇਵੱਸ:** ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗੱਠਜੋੜ ਧਰਮ ਨਿਭਾਉਣ ਵਿਚ ਸਭ ਤੋਂ ਵੱਡਾ ਅੜਿੱਕਾ ਦੋਵਾਂ ਧਿਰਾਂ ਦੇ ਵਰਕਰ ਤੇ ਅਹੁਦੇਦਾਰ ਬਣ ਗਏ ਹਨ। ਦੋਵਾਂ ਧਿਰਾਂ ਨੂੰ ਪਾਰਟੀ ਅੰਦਰ ਬਗਾਵਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ਼੍ਰੋਮਣੀ ਦਲ ਤੇ ਭਾਜਪਾ ਪਾਰਟੀ ਦੀ ਤਾਲਮੇਲ ਕਮੇਟੀ ਵੱਲੋਂ ਵਰਕਰਾਂ ਨੂੰ ਰਲ ਕੇ ਚੱਲਣ ਦੀਆਂ ਹਦਾਇਤਾਂ ਦੇ ਬਾਵਜੂਦ ਟਿਕਟ ਦੇ ਦਾਅਵੇਦਾਰ ਬਗਾਵਤ ਦੇ ਰਾਹ ਪੈ ਆਜ਼ਾਦ ਉਮੀਦਵਾਰ ਵਜੋਂ ਖੜ੍ਹੇ ਹੋ ਗਏ ਹਨ। ਗੱਲ ਵੱਸੋਂ ਬਾਹਰ ਹੁੰਦੀ ਵੇਖ ਅਕਾਲੀ ਦਲ ਨੇ ਸਮੂਹ ਬਾਗੀ ਉਮੀਦਵਾਰਾਂ ਨੂੰ ਪਾਰਟੀ ਵਿਚੋਂ ਕੱਢਣ ਦਾ ਐਲਾਨ ਕਰ ਦਿੱਤਾ ਹੈ। ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ ਵੱਲੋਂ ਆਪਣੀ ਹੀ ਪਾਰਟੀ ਦੇ ਵਿਧਾਇਕਾਂ 'ਤੇ ਦੋਸ਼ ਲਾਏ ਗਏ ਹਨ। ਬਹੁ-ਗਿਣਤੀ ਸ਼ਹਿਰਾਂ ਵਿਚ ਦੋਹਾਂ ਪਾਰਟੀਆਂ ਦੇ ਬਾਗ਼ੀਆਂ ਵੱਲੋਂ ਅਧਿਕਾਰਤ ਉਮੀਦਵਾਰਾਂ ਨੂੰ ਟੱਕਰ ਦਿੱਤੀ ਜਾ ਰਹੀ ਹੈ। ਅਕਾਲੀ-ਭਾਜਪਾ ਗਠਜੋੜ ਦਰਮਿਆਨ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਵਿਚ ਖਿੱਚੀ ਜਾ ਰਹੀ ਲਕੀਰ ਤੇ ਬਾਗ਼ੀਆਂ ਦੀਆਂ ਸਰਗਰਮੀਆਂ ਅਕਾਲੀ ਦਲ ਲਈ ਨੁਕਸਾਨਦੇਹ ਸਾਬਤ ਹੋ ਸਕਦੀਆਂ ਹਨ।

## ਆਖਰ ਮੋਦੀ 'ਤੇ ਚੱਲਿਆ ਓਬਾਮਾ ਦਾ ਜਾਦੂ

*(ਸਫਾ ਇਕ ਦੀ ਬਾਕੀ)*

ਦਿੱਲੀ ਵਿਚ ਹੀ ਪਿਛਲੇ 9 ਮਹੀਨਿਆਂ ਦੌਰਾਨ ਇਸਾਈ ਭਾਈਚਾਰੇ ਦੇ ਧਾਰਮਿਕ ਸਥਾਨਾਂ 'ਤੇ ਛੇ ਵਾਰ ਹਮਲਾ ਹੋ ਚੁੱਕਾ ਹੈ ਜਿਸ 'ਤੇ ਮੋਦੀ ਸਰਕਾਰ ਨੂੰ ਕਾਫੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤੋਂ ਇਲਾਵਾ ਮੋਦੀ ਦੇ ਵਜ਼ੀਰਾਂ ਨੇ ਪੂਰਨ ਹਿੰਦੂ ਰਾਸ਼ਟਰ ਦੀ ਮੰਗ ਕਰ ਕੇ ਘੱਟ-ਗਿਣਤੀਆਂ ਨੂੰ ਫਿਕਰਾਂ ਵਿਚ ਪਾ ਦਿੱਤਾ ਸੀ। ਸੰਘ ਪਰਿਵਾਰ ਦੇ ਅੰਗ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇਤਾ ਅਸ਼ੋਕ ਸਿੰਘਲ ਨੇ ਦਾਅਵਾ ਕੀਤਾ ਸੀ ਕਿ ਦਿੱਲੀ ਵਿਚ ਪ੍ਰਿਥਵੀ ਰਾਜ ਚੌਹਾਨ ਤੋਂ 800 ਸਾਲ ਬਾਅਦ ਹਿੰਦੂ ਸਵਾਭਿਮਾਨ ਦੇ ਹੱਥ ਸਰਕਾਰ ਆਈ ਹੈ। ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਕਿਹਾ ਸੀ ਕਿ ਹਿੰਦੁਸਤਾਨ ਵਿਚ ਰਹਿਣ ਵਾਲੇ ਸਾਰੇ ਵਾਸੀ ਹਿੰਦੂ ਹਨ।

ਚੇਤੇ ਰਹੇ ਕਿ ਗਿਰਜਾ ਘਰਾਂ 'ਤੇ ਹਮਲਿਆਂ ਦੀ ਨਿਖੇਧੀ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਤੋਂ ਇਸ ਬਾਰੇ ਬਿਆਨ ਦੇਣ ਦੀ ਨਿਰੰਤਰ ਕੀਤੀ ਮੰਗ ਕਾਰਨ ਸੰਸਦ ਦੀ ਕਾਰਵਾਈ ਵਿਚ ਕਾਫੀ ਰੁਕਾਵਟਾਂ ਪਾਈਆਂ ਸਨ, ਪਰ ਉਨ੍ਹਾਂ ਇਸ ਬਾਰੇ ਕੋਈ ਬਿਆਨ ਨਹੀਂ ਸੀ ਦਿੱਤਾ। ਵਿਦੇਸ਼ੀ ਮੀਡੀਆ ਵੱਲੋਂ ਪ੍ਰਧਾਨ ਮੰਤਰੀ ਦੀ ਇਸ ਚੁੱਪ ਨੂੰ ਖਤਰਨਾਕ ਕਰਾਰ ਦੇਣ ਪਿਛੋਂ ਵੀ ਉਨ੍ਹਾਂ ਆਪਣੀ ਚੁੱਪ ਬਰਕਰਾਰ ਰੱਖੀ।

ਹੁਣ ਕੌਮਾਂਤਰੀ ਪੱਧਰ 'ਤੇ ਮੋਦੀ ਸਰਕਾਰ ਦੀ ਹੋਈ ਨਿਖੇਧੀ ਪਿਛੋਂ ਪ੍ਰਧਾਨ ਮੰਤਰੀ ਨੇ ਆਖਿਆ ਹੈ ਕਿ ਭਾਜਪਾ ਸਰਕਾਰ ਮੁਕੰਮਲ ਧਾਰਮਿਕ ਆਜ਼ਾਦੀ ਯਕੀਨੀ ਬਣਾਏਗੀ ਤੇ ਕਿਸੇ ਵੀ ਧਾਰਮਿਕ ਸਮੂਹ, ਉਹ ਭਾਵੇਂ ਬਹੁ-ਗਿਣਤੀ ਨਾਲ ਸਬੰਧਤ ਹੋਵੇ ਜਾਂ ਕਿਸੇ ਘੱਟ ਗਿਣਤੀ ਨਾਲ, ਨੂੰ ਹੋਰਨਾਂ ਖਿਲਾਫ਼ ਸਿੱਧੇ ਜਾਂ ਅਸਿੱਧੇ ਤੌਰ 'ਤੇ ਨਫ਼ਰਤ ਫੈਲਾਉਣ ਦੀ ਆਗਿਆ ਨਹੀਂ ਦੇਵੇਗੀ। ਉਨ੍ਹਾਂ ਦੀ ਸਰਕਾਰ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਦੀ ਹੈ। ਉਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਤਾੜਨਾ ਕਰਦਿਆਂ ਆਖਿਆ ਕਿ ਕਿਸੇ ਧਰਮ ਖਿਲਾਫ਼ ਕਿਸੇ ਵੀ ਪ੍ਰਸੰਗ ਵਿਚ ਹਿੰਸਾ ਨੂੰ ਪ੍ਰਵਾਨ ਨਹੀਂ ਕਰ ਸਕਦੇ ਤੇ ਉਨ੍ਹਾਂ ਦੀ ਸਰਕਾਰ ਇਸ ਮੁਤੱਲਕ ਸਖਤ ਕਾਰਵਾਈ ਕਰੇਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਰਿੰਦਰ ਸਿੰਘ ਗਿੱਲ



# ਗੁਰਦੁਆਰਾ ਨਾਨਕਸਰ ਵਿਖੇ ਸੰਤ ਈਸ਼ਰ ਸਿੰਘ ਦੀ ਯਾਦ 'ਚ ਸਮਾਗਮ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਨਾਨਕਸਰ ਚੈਰੀ ਐਵਨਿਊ ਵਿਖੇ ਸੰਤ ਬਾਬਾ ਨੰਦ ਸਿੰਘ ਨਾਨਕਸਰ ਸੰਪਰਦਾਇ ਵਾਲਿਆਂ ਵਲੋਂ ਵਰੋਸਾਏ ਹੋਏ ਸੰਤ ਬਾਬਾ ਈਸ਼ਰ ਸਿੰਘ ਦੀ ਨਿੱਘੀ ਯਾਦ ਨੂੰ ਸਮਰਪਿਤ ਮਾਘ ਮਹੀਨੇ ਤੋਂ ਚਲ ਰਹੇ ਲੜੀਵਾਰ ਅਖੰਡ ਪਾਠਾਂ ਅਤੇ ਸਮਾਗਮਾਂ ਦੀ ਸਮਾਪਤੀ ਮੌਕੇ ਵਿਸ਼ੇਸ਼ ਦੀਵਾਨ ਸਜਾਏ ਗਏ।

ਇਨ੍ਹਾਂ ਦੀਵਾਨਾਂ ਵਿਚ ਹਿੱਸਾ ਲੈਣ ਲਈ ਭਾਰਤ ਤੋਂ ਖਾਸ ਤੌਰ 'ਤੇ ਬਹੁਤ ਸਾਰੇ ਕੀਰਤਨੀ ਜਥੇ, ਕਥਾਵਾਚਕਾਂ ਅਤੇ ਮਹਾਪੁਰਸ਼ਾਂ ਨੇ ਹਾਜ਼ਰੀ ਲਵਾਈ। ਅੰਤਲੇ ਦੀਵਾਨ ਦੀ ਅਗਵਾਈ ਕਰਨ ਅਤੇ ਸੰਗਤਾਂ ਨੂੰ ਗੁਰਮਤਿ ਨਾਲ ਜੋੜਨ ਲਈ ਸੰਤ ਬਾਬਾ ਰਾਮ ਸਿੰਘ ਨਾਨਕਸਰ ਸੀਂਗੜੇ (ਕਰਨਾਲ) ਵਾਲਿਆਂ ਨੇ ਸੇਵਾਵਾਂ ਨਿਭਾਈਆਂ। ਬਾਬਾ ਰਾਮ ਸਿੰਘ ਨੇ ਨਾਨਕਸਰ ਦੀ ਪਵਿੱਤਰ ਮਰਿਆਦਾ ਅਤੇ ਸੰਤ ਬਾਬਾ ਨੰਦ ਸਿੰਘ ਤੇ ਸੰਤ ਬਾਬਾ ਈਸ਼ਰ ਸਿੰਘ ਦੀ ਜੀਵਨੀ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਸੰਗਤਾਂ ਨੂੰ ਅੰਮ੍ਰਿਤ ਛਕਣ ਅਤੇ ਸਿੰਘ ਸਜਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਦੀ ਪ੍ਰੇਰਨਾ ਸਦਕਾ ਇਲਾਕੇ ਦੇ ਕਈ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਹੋਰ ਪ੍ਰਚਾਰਕਾਂ ਵਿਚ ਭਾਈ ਕੁਲਦੀਪ ਸਿੰਘ, ਭਾਈ ਹਰਵਿੰਦਰ ਸਿੰਘ ਨਾਨਕਸਰ, ਭਾਈ ਹਰਭਜਨ ਸਿੰਘ ਤੇ ਭਾਈ ਦਾਰਾ ਸਿੰਘ ਦਾ ਕੀਰਤਨੀ ਜਥਾ, ਭਾਈ ਇਕਬਾਲ ਸਿੰਘ ਨਾਨਕਸਰ ਝੋਰੜਾਂ ਵਾਲੇ, ਸੰਤ ਸਤਨਾਮ ਸਿੰਘ ਨਾਨਕਸਰ ਵਾਲੇ ਸ਼ਾਮਲ ਸਨ।

ਇਹ ਸਮੁੱਚਾ ਪ੍ਰਬੰਧ ਇਸ ਗੁਰੂਘਰ ਦੇ ਮੁੱਖ ਸੇਵਾਦਾਰ ਬਾਬਾ ਕਰਤਾਰ ਸਿੰਘ ਦੁਆਰਾ ਬਹੁਤ ਵਧੀਆ ਢੰਗ ਨਾਲ ਚਲਾਇਆ ਜਾ ਰਿਹਾ ਹੈ। ਇਸ ਮੌਕੇ ਗੁਰਮਤਿ ਸਾਹਿਬ ਵੰਡਣ ਲਈ ਕਈ ਸਟਾਲ ਲਾਏ ਗਏ। ਪੰਜਾਬੀ ਰੇਡੀਓ ਯੂ.ਐਸ.ਏ. ਦੇ ਪ੍ਰਬੰਧਕਾਂ ਨੇ ਵੀ ਆਪਣਾ ਬੂਥ ਲਾਇਆ। ਸਮਾਗਮ ਦਾ ਸਿੱਧਾ ਪ੍ਰਸਾਰਣ 'ਗਲੋਬਲ ਪੰਜਾਬ ਟੀ. ਵੀ.' ਨੇ ਕੀਤਾ ਜਿਸ ਨੂੰ ਸਪਾਂਸਰ ਫਰਿਜ਼ਨੋ ਤੋਂ ਡੀ.ਬੀ.ਏ. ਗਿੱਲ ਬ੍ਰਦਰਜ਼ ਟਰੱਕਿੰਗ ਦੇ ਸ. ਅਵਤਾਰ ਸਿੰਘ ਗਿੱਲ ਨੇ ਕੀਤਾ ਸੀ।

*To Advertise with Punjab Times*
*Call: 847-359-0746*
*punjabtimesusa.com*

## ਜੇਲ੍ਹ ਤੋੜਨ ਦੇ ਕੇਸ ਵਿਚ ਜਗਤਾਰ ਸਿੰਘ ਤਾਰਾ ਨੂੰ ਜ਼ਮਾਨਤ ਮਿਲੀ

**ਚੰਡੀਗੜ੍ਹ:** ਥਾਈਲੈਂਡ ਤੋਂ ਗ੍ਰਿਫ਼ਤਾਰ ਕਰਕੇ ਲਿਆਂਦੇ ਖਾੜਕੂ ਜਗਤਾਰ ਸਿੰਘ ਤਾਰਾ ਨੂੰ ਬੁੜੈਲ ਜੇਲ੍ਹ ਤੋੜ ਕੇ ਭੱਜਣ ਦੇ ਕੇਸ ਵਿਚ ਅਦਾਲਤ ਨੇ ਜ਼ਮਾਨਤ ਦੇ ਦਿੱਤੀ। ਉਂਜ, ਮੌਕੇ 'ਤੇ ਜ਼ਮਾਨਤੀ ਬਾਂਡ ਨਾ ਭਰੇ ਜਾਣ ਕਾਰਨ ਉਸ ਨੂੰ ਅਦਾਲਤੀ ਹਿਰਾਸਤ ਤਹਿਤ ਬੁੜੈਲ ਜੇਲ੍ਹ ਭੇਜ ਦਿੱਤਾ ਗਿਆ। ਚੰਡੀਗੜ੍ਹ ਪੁਲਿਸ ਨੇ ਸਖ਼ਤ ਸੁਰੱਖਿਆ ਤਹਿਤ ਤਾਰਾ ਨੂੰ ਚੰਡੀਗੜ੍ਹ ਜ਼ਿਲ੍ਹਾ ਅਦਾਲਤ, ਸੈਕਟਰ 43 ਵਿਖੇ ਡਿਊਟੀ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਸੀ।

ਪੁਲਿਸ ਨੇ ਰਿਮਾਂਡ ਲੈਣ ਲਈ ਕਾਫ਼ੀ ਕਾਗ਼ਜ਼ ਪੱਤਰ ਤਿਆਰ ਕਰ ਕੇ ਲਿਆਂਦੇ ਸਨ। ਪੁਲਿਸ ਵਲੋਂ ਸਰਕਾਰੀ ਵਕੀਲ ਸ੍ਰੀ ਰੋਹਿਲਾ ਪੇਸ਼ ਹੋਏ ਅਤੇ ਦਲੀਲ ਦਿੱਤੀ ਕਿ ਜੇਲ੍ਹ ਤੋੜਨ ਦੇ ਕੇਸ ਦੇ ਕਈ ਗੰਭੀਰ ਨੁਕਤਿਆਂ ਬਾਰੇ ਪੁੱਛਗਿੱਛ ਲਈ ਤਾਰਾ ਦਾ ਰਿਮਾਂਡ ਜ਼ਰੂਰੀ ਹੈ। ਜਗਤਾਰ ਸਿੰਘ ਤਾਰਾ ਦੇ ਵਕੀਲ ਐਡਵੋਕੇਟ ਅਮਰ ਸਿੰਘ ਚਾਹਲ ਨੇ ਕਿਹਾ ਕਿ ਪੁਲਿਸ ਝੂਠੀਆਂ ਦਲੀਲਾਂ ਅਤੇ ਦਾਅਵਿਆਂ ਦੇ ਸਿਰ 'ਤੇ ਰਿਮਾਂਡ ਮੰਗ ਰਹੀ ਹੈ। ਇਸ ਕੇਸ ਵਿਚ ਜਗਤਾਰ ਸਿੰਘ ਹਵਾਰਾ, ਪਰਮਜੀਤ ਸਿੰਘ ਭਿਉਰਾ ਅਤੇ ਹੋਰ ਖਾੜਕੂਆਂ ਵਿਰੁਧ ਚਾਰਜਸ਼ੀਟ ਪੁਲਿਸ ਵਲੋਂ ਪੇਸ਼ ਕੀਤੀ ਜਾ ਚੁੱਕੀ ਹੈ। ਤਾਰਾ ਸਮੇਤ ਕੁੱਲ 21 ਵਿਅਕਤੀਆਂ ਖ਼ਿਲਾਫ਼ ਲਾਏ ਸਾਰੇ ਹੀ ਗੰਭੀਰ ਦੋਸ਼ ਅਤੇ ਧਾਰਾਵਾਂ ਅਦਾਲਤ ਵਲੋਂ ਖ਼ਾਰਜ ਕੀਤੀਆਂ ਜਾ ਚੁੱਕੀਆਂ ਜਿਨ੍ਹਾਂ ਵਿਚ ਦੇਸ਼ ਧ੍ਰੋਹ ਵਰਗੇ ਗੰਭੀਰ ਚਾਰਜ ਵੀ ਸ਼ਾਮਲ ਸਨ।


ਇਸ ਵੇਲੇ ਤਾਰਾ ਖ਼ਿਲਾਫ਼ ਸਿਰਫ਼ ਹਿਰਾਸਤ ਵਿਚੋਂ ਫ਼ਰਾਰ ਹੋਣ ਦੀ ਧਾਰਾ 224 ਹੀ ਬਾਕੀ ਹੈ ਜੋ ਜ਼ਮਾਨਤਯੋਗ ਹੈ। ਦੋਹਾਂ ਵਕੀਲਾਂ ਦਰਮਿਆਨ ਲਗਭਗ ਤਿੰਨ ਘੰਟੇ ਬਹਿਸ ਚੱਲੀ। ਅਖ਼ੀਰ ਵਿਚ ਅਦਾਲਤ ਨੇ ਐਡਵੋਕੇਟ ਚਾਹਲ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਪੁਲਿਸ ਰਿਮਾਂਡ ਦੀ ਮੰਗ ਰੱਦ ਕਰ ਦਿੱਤੀ।

ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ
ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ ਹੈ
ਮੁਫਤ ਖਾਣਾ, ਮੁਫਤ ਰਿਹਾਇਸ਼ ਅਤੇ ਚੰਗੀ ਤਨਖਾਹ
ਪਤੀ-ਪਤਨੀ ਨੂੰ ਪਹਿਲ
ਮਿਸਟਰ ਸਿੰਘ, ਫੋਨ: 515-291-1961 ੮

*To Advertise with Punjab Times Call: 847-359-0746*

Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

Pinnacle Carriers, Inc
Now Hiring Drivers
ਡਰਾਈਵਰਾਂ ਦੀ ਲੋੜ ਹੈ
Limited availability
Team or Solo
36-38 CPM
$1900 starting to Midwest
$300 quarterly driver safety bonus
$50 dot inspection bonus
$1000 sign in bonus (1 year)



*Brand New Trucks & Trailers*
Please Contact
Ph: (916) 833-5022
6-9

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਬਾਦਲ ਨੂੰ ਕੇਂਦਰ ਤੋਂ ਫਿਰ ਮਿਲੀ ਭਰੋਸਿਆਂ ਦੀ ਵੱਡੀ ਪੰਡ

**ਚੰਡੀਗੜ੍ਹ:** ਕੇਂਦਰ ਵਿਚ ਅੱਠ ਮਹੀਨੇ ਸਰਕਾਰ ਚਲਾਉਣ ਪਿੱਛੋਂ ਵੀ ਭਾਈਵਾਲ ਭਾਜਪਾ ਵਲੋਂ ਪੰਜਾਬ ਨੂੰ ਕੋਈ ਵਿੱਤੀ ਰਾਹਤ ਨਾ ਦੇਣ ਕਾਰਨ ਨਮੋਸ਼ੀ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਿੱਲੀ ਡੇਰੇ ਲਾ ਲਏ ਹਨ।

ਮੁੱਖ ਮੰਤਰੀ ਨੇ ਹਰ ਵਿਭਾਗ ਦੇ ਕੇਂਦਰੀ ਮੰਤਰੀ ਕੋਲ ਪਹੁੰਚ ਕਰਕੇ ਸੂਬੇ ਨੂੰ ਕੁਝ ਨਾ ਕੁਝ ਰਾਹਤ ਦੇਣ ਦਾ ਤਰਲਾ ਮਾਰਿਆ ਹੈ। ਸ. ਬਾਦਲ ਨੇ ਸੂਬੇ ਦੇ ਵਿਕਾਸ ਦੀਆਂ ਮੰਗਾਂ ਕੇਂਦਰੀ ਖੇਤੀ ਮੰਤਰੀ ਰਾਧਾ ਮੋਹਨ ਸਿੰਘ, ਸਿਹਤ ਮੰਤਰੀ ਜੇਪੀ ਨੱਡਾ, ਰੇਲਵੇ ਮੰਤਰੀ ਸੁਰੇਸ਼ ਪ੍ਰਭੂ, ਸ਼ਹਿਰੀ ਵਿਕਾਸ ਬਾਰੇ ਮੰਤਰੀ ਵੈਂਕੱਈਆ ਨਾਇਡੂ, ਮਨੁੱਖੀ ਵਸੀਲਿਆਂ ਬਾਰੇ ਮੰਤਰੀ ਇਰਾਨੀ, ਵਿੱਤ ਮੰਤਰੀ ਅਰੁਣ ਜੇਤਲੀ, ਦਿਹਾਤੀ ਵਿਕਾਸ ਮੰਤਰੀ ਚੌਧਰੀ ਬਿਰੇਂਦਰ ਸਿੰਘ ਤੇ ਸੱਭਿਆਚਾਰਕ ਮੰਤਰਾਲੇ ਦੇ ਮੰਤਰੀ ਡਾ. ਮਹੇਸ਼ ਸ਼ਰਮਾ ਦੇ ਸਨਮੁਖ ਰੱਖੀਆਂ। ਮੁਲਾਕਾਤ ਮਗਰੋਂ ਮੁੱਖ ਮੰਤਰੀ ਨੇ ਦਾਅਵਾ ਕੀਤਾ ਹੈ ਕਿ ਕੇਂਦਰੀ ਮੰਤਰੀਆਂ ਨੇ ਸੂਬੇ ਨੂੰ ਛੇਤੀ ਹੀ ਵੱਡੀ ਵਿੱਤੀ ਰਾਹਤ ਦੇਣ ਦਾ ਭਰੋਸਾ ਦਿੱਤਾ ਹੈ।

ਦੱਸਣਯੋਗ ਹੈ ਕਿ ਕੇਂਦਰ ਵਿਚ ਅਕਾਲੀ-ਭਾਜਪਾ ਗਠਜੋੜ ਵਾਲੀ ਸਰਕਾਰ ਬਣਨ ਦੇ ਅੱਠ ਮਹੀਨੇ ਪਿੱਛੋਂ ਵੀ ਪੰਜਾਬ ਨੂੰ ਕੋਈ ਵਿੱਤੀ ਰਾਹਤ ਨਹੀਂ ਮਿਲੀ ਹਾਲਾਂਕਿ ਮੁੱਖ ਮੰਤਰੀ ਬਾਦਲ ਵਲੋਂ ਸੂਬੇ ਦੇ ਲੋਕਾਂ ਨੂੰ ਕੇਂਦਰ ਵਿਚ ਸਰਕਾਰ ਬਣਨ ਪਿੱਛੋਂ ਗ੍ਰਾਂਟਾਂ ਦੇ ਗੱਫੇ ਲੈ ਕੇ ਆਉਣ ਦੇ ਭਰੋਸੇ ਦਿੱਤੇ ਗਏ ਸਨ। ਵਿੱਤ ਮੰਤਰੀ ਨਾਲ ਮੁਲਾਕਾਤ ਦੌਰਾਨ ਸ. ਬਾਦਲ ਨੇ 13ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸੂਬੇ ਨੂੰ 703 ਕਰੋੜ ਰੁਪਏ ਦੀਆਂ ਛੋਟੀਆਂ ਬੱਚਤਾਂ ਦੇ ਕਰਜ਼ਿਆਂ 'ਤੇ ਵਿਆਜ ਰਾਹਤ 10.5 ਫੀਸਦੀ ਤੋਂ 9 ਫੀਸਦੀ ਤੱਕ ਮੁਹੱਈਆ ਕਰਵਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਪੰਜਾਬ ਸਰਕਾਰ ਨੂੰ 362 ਕਰੋੜ ਰੁਪਏ ਦੀ ਲੰਬਿਤ ਗਰਾਂਟ ਤੁਰੰਤ ਜਾਰੀ ਕਰਨ ਲਈ ਵੀ ਜ਼ੋਰ ਪਾਇਆ। ਉਨ੍ਹਾਂ 13ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਕਰਜ਼ੇ ਦੇ ਬੋਝ ਹੇਠ ਦੱਬੇ ਪੰਜਾਬ ਸਮੇਤ ਤਿੰਨ ਸੂਬਿਆਂ ਨੂੰ ਰਾਹਤ ਦੇਣ ਦਾ ਮਾਮਲਾ ਵੀ ਉਠਾਇਆ ਤੇ 14ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਵਿਚਾਰਨ ਮੌਕੇ ਵੀ ਇਸ ਬਾਰੇ ਸ਼੍ਰੀ ਜੇਤਲੀ ਦੇ ਨਿੱਜੀ ਦਖਲ ਦੀ ਮੰਗ ਕੀਤੀ।

ਸ. ਬਾਦਲ ਨੇ ਕੇਂਦਰੀ ਦਿਹਾਤੀ ਵਿਕਾਸ ਮੰਤਰੀ ਚੌਧਰੀ ਬਿਰੇਂਦਰ ਸਿੰਘ ਨਾਲ ਮੁਲਾਕਾਤ ਦੌਰਾਨ ਜ਼ੋਰ ਪਾਇਆ ਕਿ ਆਉਂਦੇ ਕੇਂਦਰੀ ਬਜਟ 2015-16 ਵਿਚ ਪਾਣੀ ਸੋਧ ਪ੍ਰਣਾਲੀ ਸਥਾਪਤ ਕਰਨ ਲਈ ਵੱਖਰੇ ਫੰਡ ਮੁਹੱਈਆ ਕਰਵਾਏ ਜਾਣ। ਚੌਧਰੀ ਬਿਰੇਂਦਰ ਸਿੰਘ ਨੇ ਭਰੋਸਾ ਦਿਵਾਇਆ ਕਿ ਉਨ੍ਹਾਂ ਦਾ ਮੰਤਰਾਲਾ ਸੇਮ, ਬੇਟ ਤੇ ਕੰਡੀ ਇਲਾਕਿਆਂ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਤੁਰੰਤ ਦੋ ਵਿਸ਼ੇਸ ਟੀਮਾਂ ਭੇਜੇਗਾ। ਰੇਲ ਮੰਤਰੀ ਸੁਰੇਸ਼ ਪ੍ਰਭੂ ਨਾਲ ਮੀਟਿੰਗ ਕਰਕੇ ਦਿੱਲੀ-ਚੰਡੀਗੜ੍ਹ-ਅੰਮ੍ਰਿਤਸਰ ਹਾਈ ਸਪੀਡ ਰੇਲ ਗਲਿਆਰਾ ਪਹਿਲ ਦੇ ਆਧਾਰ 'ਤੇ ਵਿਕਸਤ ਕਰਨ ਦੀ ਵੀ ਅਪੀਲ ਕੀਤੀ ਗਈ। ਸ. ਬਾਦਲ ਨੇ ਕੇਂਦਰੀ ਸਿਹਤ ਮੰਤਰੀ ਜੇਪੀ ਨੱਡਾ ਨਾਲ ਮੀਟਿੰਗ ਕਰਕੇ ਬਠਿੰਡਾ, ਅੰਮ੍ਰਿਤਸਰ, ਪਟਿਆਲਾ ਤੇ ਫਰੀਦਕੋਟ ਵਿਖੇ 500 ਕਰੋੜ ਰੁਪਏ ਦੀ ਲਾਗਤ ਨਾਲ ਕੈਂਸਰ ਦੇ ਇਲਾਜ ਲਈ ਤਿਆਰ ਕੀਤੇ ਜਾ ਰਹੇ ਅਤਿ-ਆਧੁਨਿਕ ਬੁਨਿਆਦੀ ਢਾਂਚੇ ਲਈ 250 ਕਰੋੜ ਦੀ ਕੇਂਦਰੀ ਸਹਾਇਤਾ ਮਨਜ਼ੂਰ ਕਰਨ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਕੇਂਦਰੀ ਮਨੁੱਖੀ ਵਸੀਲਿਆਂ ਬਾਰੇ ਮੰਤਰੀ ਸਮ੍ਰਿਤੀ ਇਰਾਨੀ ਨਾਲ ਮੁਲਾਕਾਤ ਕਰਕੇ ਅੰਮ੍ਰਿਤਸਰ ਵਿਖੇ ਆਈ. ਆਈ. ਐਮ. ਦੀ ਸਥਾਪਤੀ ਲਈ ਜਗ੍ਹਾ ਦੀ ਚੋਣ ਕਰਨ ਦੀ ਪ੍ਰਕਿਰਿਆ ਵਿਚ ਤੇਜ਼ੀ ਲਿਆਉਣ ਦੀ ਮੰਗ ਕੀਤੀ। ਉਨ੍ਹਾਂ ਸ੍ਰੀਮਤੀ ਇਰਾਨੀ ਨੂੰ ਕੇਂਦਰੀ ਯੂਨੀਵਰਸਿਟੀ ਬਠਿੰਡਾ ਦੇ ਨਿਰਮਾਣ ਕਾਰਜ ਸ਼ੁਰੂ ਕਰਨ ਲਈ ਨੀਂਹ ਪੱਥਰ ਰੱਖਣ ਦੀ ਅਪੀਲ ਵੀ ਕੀਤੀ।

### ਮੁੱਖ ਮੰਤਰੀ ਨੇ ਕੀਤੀ ਸੀ ਕੇਂਦਰੀ ਮੰਤਰੀਆਂ ਕੋਲ ਪਹੁੰਚ



### ਕੇਂਦਰੀ ਮੰਤਰੀਆਂ ਨੂੰ ਯਾਦ ਕਰਵਾਏ ਵਾਅਦੇ

ਮੁੱਖ ਮੰਤਰੀ ਨੇ ਕੇਂਦਰੀ ਸੈਰ ਸਪਾਟਾ ਤੇ ਸਭਿਆਚਾਰ ਮਾਮਲਿਆਂ ਦੇ ਮੰਤਰੀ (ਆਜ਼ਾਦ ਚਾਰਜ) ਡਾ. ਮਹੇਸ਼ ਸ਼ਰਮਾ ਨਾਲ ਮੁਲਾਕਾਤ ਦੌਰਾਨ ਸੂਬੇ ਵਿਚ ਬਣਾਏ ਜਾ ਰਹੇ ਵਿਰਾਸਤੀ ਤੇ ਸੈਰ ਸਪਾਟਾ ਪ੍ਰਾਜੈਕਟਾਂ ਲਈ 275 ਕਰੋੜ ਰੁਪਏ ਦੀ ਵਿਸ਼ੇਸ਼ ਵਿੱਤੀ ਸਹਾਇਤਾ ਦਿੱਤੇ ਜਾਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਅਨੰਦਪੁਰ ਸਾਹਿਬ ਵਿਖੇ ਵਿਰਾਸਤ-ਏ-ਖ਼ਾਲਸਾ ਯਾਦਗਰ ਦਾ ਨਿਰਮਾਣ ਕੀਤਾ ਹੈ ਤੇ ਇਸ ਪ੍ਰਾਜੈਕਟ ਦੀ ਲਾਗਤ 224 ਕਰੋੜ ਰੁਪਏ ਤੋਂ ਵੱਧ ਕੇ 327 ਕਰੋੜ ਰੁਪਏ ਹੋ ਗਈ ਤੇ ਕੇਂਦਰ ਸਰਕਾਰ ਨੇ ਇਸ ਲਾਗਤ ਦਾ ਇਕ ਤਿਹਾਈ ਹਿੱਸਾ ਜੋ 75 ਕਰੋੜ ਰੁਪਏ ਬਣਦਾ ਹੈ, ਸੂਬਾ ਸਰਕਾਰ ਨੂੰ ਦੇਣ ਦਾ ਵਾਅਦਾ ਕੀਤਾ ਸੀ ਜਿਸ ਵਿਚੋਂ 25 ਕਰੋੜ ਰੁਪਏ ਅਜੇ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਲਾਗਤ ਵਿਚ ਵਾਧੇ ਦੇ ਮੱਦੇਨਜ਼ਰ ਇਹ ਰਾਸ਼ੀ ਵਧਾ ਕੇ 35 ਕਰੋੜ ਰੁਪਏ ਕੀਤੀ ਜਾਵੇ। ਮੁੱਖ ਮੰਤਰੀ ਨੇ ਜੰਗੀ ਯਾਦਗਾਰ ਲਈ ਕੇਂਦਰ ਤੋਂ 50 ਕਰੋੜ ਰੁਪਏ ਦੀ ਵਿਸ਼ੇਸ਼ ਸਹਾਇਤਾ ਦੀ ਮੰਗ ਕੀਤੀ। ਸੂਬੇ ਦੇ ਜ਼ਰਾਇਤੀ ਮਸਲਿਆਂ ਬਾਰੇ ਕੇਂਦਰੀ ਖੇਤੀਬਾੜੀ ਮੰਤਰੀ ਰਾਧਾ ਮੋਹਨ ਸਿੰਘ ਨਾਲ ਮੁਲਾਕਾਤ ਕਰਕੇ ਫ਼ਸਲਾਂ ਦਾ ਸਮਰਥਨ ਮੁੱਲ ਜਾਰੀ ਰੱਖਣ ਦੀ ਮੰਗ ਕਰਦਿਆਂ ਸ. ਬਾਦਲ ਨੇ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਮੁਤਾਬਕ ਫ਼ਸਲਾਂ ਦਾ ਭਾਅ ਮਿੱਥਣ ਦੀ ਮੰਗ ਕੀਤੀ ਹੈ। ਸ. ਬਾਦਲ ਨੇ ਫਸਲੀ ਬੀਮੇ ਦੀ ਮੰਗ ਕਰਦਿਆਂ ਕਿਹਾ ਕਿ ਕੁਦਰਤੀ ਆਫਤਾਂ ਨਾਲ ਹੁੰਦੇ ਨੁਕਸਾਨ ਦਾ ਮੁਆਵਜ਼ਾ ਵਧਾਇਆ ਜਾਣਾ ਚਾਹੀਦਾ ਹੈ।

# ਸਵਾਈਨ ਫਲੂ: ਡੇਢ ਮਹੀਨੇ ਵਿਚ ਗਈਆਂ 485 ਜਾਨਾਂ

ਨਵੀਂ ਦਿੱਲੀ: ਇਸ ਸਾਲ ਪੂਰੇ ਦੇਸ਼ ਅੰਦਰ 12 ਫਰਵਰੀ ਤੱਕ ਸਵਾਈਨ ਫਲੂ ਕਾਰਨ 485 ਲੋਕਾਂ ਦੀ ਮੌਤ ਹੋ ਗਈ ਜੋ ਪਿਛਲੇ ਪੂਰੇ ਸਾਲ ਵਿਚ ਇਸ ਬੀਮਾਰੀ ਕਾਰਨ ਮਾਰੇ ਗਏ ਲੋਕਾਂ ਦੀ ਗਿਣਤੀ ਤੋਂ ਦੁਗਣੀ ਤੋਂ ਵੀ ਵੱਧ ਹੈ। ਰਾਜਸਥਾਨ ਤੋਂ ਇਲਾਵਾ ਮਹਾਰਾਸ਼ਟਰ, ਮੱਧ ਪ੍ਰਦੇਸ਼ ਤੇ ਤੇਲੰਗਾਨਾ ਵਿਚ ਵੀ ਸਵਾਈਨ ਫਲੂ ਦਾ ਬਹੁਤ ਬੁਰਾ ਅਸਰ ਪਿਆ ਹੈ।

ਗੁਜਰਾਤ ਵਿਚ ਸਵਾਈਨ ਫਲੂ ਨਾਲ 136 ਲੋਕ ਮਰ ਗਏ ਜਦਕਿ ਸੂਬੇ ਅੰਦਰ ਇਸ ਬੀਮਾਰੀ ਦੇ 130 ਨਵੇਂ ਮਾਮਲੇ ਸਾਹਮਣੇ ਆਏ ਹਨ। ਤੇਲੰਗਾਨਾ ਵਿਚ ਇਸ ਬੀਮਾਰੀ ਨਾਲ 13 ਫਰਵਰੀ ਤੱਕ 1006 ਮਾਮਲੇ ਸਾਹਮਣੇ ਆਏ ਹਨ ਜਦਕਿ 46 ਦੀ ਮੌਤ ਹੋ ਗਈ। ਸਾਲ 2014 ਵਿਚ ਪੂਰੇ ਦੇਸ਼ ਅੰਦਰ ਸਵਾਈਨ ਫਲੂ ਦੇ 937 ਮਾਮਲੇ ਸਾਹਮਣੇ ਆਏ ਸਨ ਤੇ 218 ਰੋਗੀਆਂ ਦੀ ਜਾਨ ਚਲੀ ਗਈ ਸੀ।

ਹਰਿਆਣਾ ਵਿਚ ਇਸ ਸਾਲ ਸਵਾਈਨ ਫਲੂ ਨਾਲ 15 ਮਰੀਜ਼ਾਂ ਦੀ ਮੌਤ ਹੋ ਗਈ ਜਦਕਿ ਪੰਜਾਬ ਵਿਚ ਇਸ ਬੀਮਾਰੀ ਨਾਲ ਮਰਨ ਵਾਲਿਆਂ ਦੀ ਗਿਣਤੀ 23 ਨੂੰ ਪਾਰ ਕਰ ਗਈ ਹੈ। ਦੋਹਾਂ ਸੂਬਿਆਂ ਦੇ ਅਧਿਕਾਰੀਆਂ ਨੇ ਕਿਹਾ ਕਿ ਸਥਿਤੀ ਕਾਬੂ ਹੇਠ ਹੈ ਤੇ ਹਸਪਤਾਲਾਂ ਵਿਚ ਅਜਿਹੇ ਮਰੀਜ਼ਾਂ ਦੀ ਦੇਖਭਾਲ ਲਈ ਢੁਕਵੀਆਂ ਸਹੂਲਤਾਂ ਹਨ। ਸਿਹਤ ਮੰਤਰਾਲੇ ਦੇ ਇਕ ਅਧਿਕਾਰੀ ਨੇ ਕਿਹਾ ਕਿ ਅਸੀਂ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ ਤੇ ਇਸ ਬੀਮਾਰੀ ਨਾਲ ਸਭ ਤੋਂ ਜ਼ਿਆਦਾ ਪ੍ਰਭਾਵਤ ਸੂਬਿਆਂ ਦੇ ਅਧਿਕਾਰੀਆਂ ਨਾਲ ਸੰਪਰਕ ਵਿਚ ਹਾਂ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਰਾਜਸਥਾਨ ਵਿਚ ਸਵਾਈਨ ਫਲੂ ਨਾਲ 11 ਹੋਰ ਵਿਅਕਤੀਆਂ ਦੀ ਮੌਤ ਹੋ ਗਈ। ਸੂਬੇ ਅੰਦਰ ਇਸ ਐਚ1-ਐਨ1 ਵਿਸ਼ਾਣੂ ਕਾਰਨ 153 ਲੋਕਾਂ ਦੀ ਜਾਨ ਚਲੀ ਗਈ।

### ਸਰਕਾਰੀ ਅੰਕੜੇ ਹਕੀਕਤ ਤੋਂ ਕੋਹਾਂ ਦੂਰ

**ਜਲੰਧਰ:** ਪੰਜਾਬ ਵਿਚ ਸਵਾਈਨ ਫਲੂ ਨਾਲ ਮੌਤਾਂ ਬਾਰੇ ਸਰਕਾਰੀ ਅੰਕੜੇ ਹਕੀਕਤ ਤੋਂ ਕੋਹਾਂ ਦੂਰ ਹਨ। ਸਿਵਲ ਹਸਪਤਾਲ ਵਲੋਂ ਜਾਰੀ ਕੀਤੀ ਸੂਚੀ ਵਿਚਲੀਆਂ ਤਰੁੱਟੀਆਂ ਨਾਲ ਲੋਕਾਂ ਦਾ ਭਰਮ ਯਕੀਨ ਵਿਚ ਬਦਲਦਾ ਜਾ ਰਿਹਾ ਹੈ ਕਿ ਸਰਕਾਰ ਸਵਾਈਨ ਫਲੂ ਦੀ ਬੀਮਾਰੀ ਬਾਰੇ ਸੰਜੀਦਾ ਨਹੀਂ। ਸਰਕਾਰ ਵਲੋਂ ਜਾਰੀ ਕੀਤੀ ਗਈ ਸੂਚੀ ਵਿਚ ਸਵਾਈਨ ਫਲੂ ਨਾਲ ਮਰਨ ਵਾਲਿਆਂ ਦੀ ਮੌਤ ਬਾਰੇ ਜੇਕਰ ਤਰੀਕ ਸਹੀ ਹੈ ਤਾਂ ਉਸ ਦੇ ਸੈਂਪਲ ਲੈਣ ਵਾਲੀਆਂ ਤਰੀਕਾਂ ਗਲਤ।

ਸਵਾਈਨ ਫਲੂ ਨਾਲ ਹੋਣ ਵਾਲੀਆਂ ਮੌਤਾਂ ਦੇ ਅੰਕੜਿਆਂ ਨੂੰ ਸਰਕਾਰ ਵਲੋਂ ਘਟਾ ਕੇ ਦੱਸਿਆ ਜਾ ਰਿਹਾ ਹੈ। ਇਸ ਪਿੱਛੇ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਸਵਾਈਨ ਫਲੂ ਨਾਲ ਵਧੇਰੇ ਮੌਤਾਂ ਹੋਣ ਦੀ ਪੁਸ਼ਟੀ ਹੋਣ ਨਾਲ ਦੇਸ਼ ਦੇ ਸੈਰ ਸਪਾਟਾ ਕਾਰੋਬਾਰ 'ਤੇ ਸੱਟ ਵੱਜ ਸਕਦੀ ਹੈ ਕਿਉਂਕਿ ਵਿਦੇਸ਼ੀ ਸੈਲਾਨੀ ਇਸ ਗੱਲ ਦੀ ਬੜੀ ਘੋਖ ਰੱਖਦੇ ਹਨ ਕਿ ਕਿਹੜੇ-ਕਿਹੜੇ ਮੁਲਕ ਕਿੰਨੇ ਕੁ ਲਾਪ੍ਰਵਾਹ ਹਨ। ਸਵਾਈਨ ਫਲੂ ਬਾਰੇ ਕੌਮੀ ਪੱਧਰ 'ਤੇ ਬਣੇ ਦਿਸ਼ਾ ਨਿਰਦੇਸ਼ ਵੀ ਇਸੇ ਵੱਲ ਸੇਧਤ ਹਨ, ਜਿਸ ਅਨੁਸਾਰ ਸਿਰਫ 'ਸੀ' ਸ਼੍ਰੇਣੀ ਦੇ ਮਰੀਜ਼ਾਂ ਦੇ ਹੀ ਸੈਂਪਲ ਲਏ ਜਾਂਦੇ ਹਨ ਜਦ ਕਿ 'ਬੀ' ਸ਼੍ਰੇਣੀ ਦੇ ਮਰੀਜ਼ਾਂ ਦੇ ਸੈਂਪਲ ਨਹੀਂ ਲਏ ਜਾਂਦੇ ਪਰ ਜ਼ਿਆਦਾ ਤਰ ਮੌਤਾਂ 'ਬੀ' ਸ਼੍ਰੇਣੀ ਦੇ ਮਰੀਜ਼ਾਂ ਦੀਆਂ ਹੋ ਰਹੀਆਂ ਹਨ ਜਿਸ ਕਾਰਨ ਸਰਕਾਰੀ ਤੌਰ 'ਤੇ ਇਨ੍ਹਾਂ ਮੌਤਾਂ ਨੂੰ ਸਵਾਈਨ ਫਲੂ ਨਾਲ ਹੋਈਆਂ ਮੌਤਾਂ ਵਿਚ ਨਹੀਂ ਗਿਣਿਆ ਜਾਂਦਾ। ਜਲੰਧਰ ਜ਼ਿਲ੍ਹੇ ਵਿਚ ਹੁਣ ਤੱਕ ਅੱਠ ਸ਼ੱਕੀ ਸਵਾਈਨ ਫਲੂ ਦੇ ਮਰੀਜ਼ਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ ਤੇ ਸਿਵਲ ਹਸਪਤਾਲ ਅਨੁਸਾਰ 22 ਮਰੀਜ਼ ਸਵਾਈਨ ਫਲੂ ਦੇ ਆ ਚੁੱਕੇ ਹਨ ਜਿਨ੍ਹਾਂ ਵਿਚ ਸ਼ੱਕੀ ਮਰੀਜ਼ ਵੀ ਸ਼ਾਮਲ ਹਨ। ਸਰਕਾਰੀ ਤੌਰ 'ਤੇ ਸਵਾਈਨ ਫਲੂ ਵਾਲੇ ਮਰੀਜ਼ਾਂ ਦੇ ਦਾਖਲੇ ਤੋਂ ਲੈ ਕੇ ਅਖੀਰ ਤੱਕ ਉਨ੍ਹਾਂ ਦਾ ਰਿਕਾਰਡ ਵਿਗੜਿਆ ਜਾ ਰਿਹਾ ਹੈ।

# ਭਾਰਤੀ ਨਾਗਰਿਕ ਬਰਤਾਨੀਆ ਵਿਚ ਰਹਿਣ ਦੀ ਲੜਾਈ ਹਾਰਿਆ

**ਲੰਡਨ:** ਪਿਛਲੇ 18 ਸਾਲ ਤੋਂ ਗੈਰ-ਕਾਨੂੰਨੀ ਢੰਗ ਨਾਲ ਬਰਤਾਨੀਆ ਵਿਚ ਰਹਿ ਰਿਹਾ 40 ਸਾਲਾ ਭਾਰਤੀ ਨਾਗਰਿਕ ਆਪਣੀ ਹਾਲੀਆ ਅਦਾਲਤੀ ਲੜਾਈ ਹਾਰ ਗਿਆ ਹੈ ਤੇ ਉਹ ਹੁਣ ਇਸ ਮੁਲਕ ਵਿਚ ਨਹੀਂ ਰਹਿ ਸਕੇਗਾ, ਉਸ ਨੂੰ ਭਾਰਤ ਵਾਪਸ ਜਾਣਾ ਪਏਗਾ।

ਅਦਾਲਤੀ ਦਸਤਾਵੇਜ਼ਾਂ ਵਿਚ 'ਮਿਸਟਰ ਸਿੰਘ' ਵਜੋਂ ਦਰਜ ਇਹ ਵਿਅਕਤੀ ਜੂਨ 1997 ਵਿਚ ਬਰਤਾਨੀਆ ਪੁੱਜਿਆ ਸੀ ਤੇ ਇਥੇ ਪਨਾਹ ਮੰਗੀ ਸੀ। ਨਵੰਬਰ 1997 ਵਿਚ ਉਸ ਦਾ ਦਾਅਵਾ ਨਾਮਨਜ਼ੂਰ ਕਰ ਦਿੱਤਾ ਗਿਆ ਤੇ ਉਸ ਨੂੰ 'ਰਸਮੀ ਤੌਰ ਉਤੇ ਨੋਟਿਸ ਜਾਰੀ ਕਰ' ਦਿੱਤਾ ਗਿਆ ਕਿ ਉਸ ਨੂੰ ਦੇਸ਼ ਵਿਚੋਂ ਵਾਪਸ ਭਾਰਤ ਭੇਜ ਦਿੱਤਾ ਜਾਏਗਾ ਪਰ ਉਹ ਇਥੇ ਹੀ ਟਿਕਿਆ ਰਿਹਾ ਤੇ ਇਕ ਜੀਵਨ ਸਾਥਣ ਲੱਭ ਲਈ ਤੇ ਉਨ੍ਹਾਂ ਦੇ ਬੱਚੇ ਵੀ ਹੋ ਗਏ।

'ਸ਼ਰੋਪ ਸ਼ਾਇਰ ਸਟਾਰ' ਅਖ਼ਬਾਰ ਵਿਚ ਛਪੀ ਰਿਪੋਰਟ ਅਨੁਸਾਰ ਉਹ ਉਸਾਰੀ ਕੰਮਾਂ ਤੇ ਲਾਰੀ ਡਰਾਈਵਰ ਵਜੋਂ ਕੰਮ ਕਰਦਾ ਰਿਹਾ। ਉਸ ਨੇ ਘਰ ਖਰੀਦ ਲਿਆ ਤੇ ਬਰਤਾਨੀਆ ਵਿਚ ਟਿਕੇ ਰਹਿਣ ਲਈ ਕਾਨੂੰਨੀ ਲੜਾਈ ਵਿੱਢ ਲਈ। ਅਪੀਲਾਂ ਬਾਰੇ ਅਦਾਲਤ ਵਿਚ ਸਿੰਘ ਦੇ ਕੇਸ ਦੇ ਵੇਰਵੇ ਉਦੋਂ ਸਾਹਮਣੇ ਆਏ ਜਦੋਂ ਤਿੰਨ ਜੱਜਾਂ ਨੇ ਉਸ ਦੀ ਸੱਜਰੀ ਅਪੀਲ ਸੁਣਵਾਈ ਦੌਰਾਨ ਖਾਰਜ ਕਰ ਦਿੱਤੀ। ਉਸ ਨੇ ਦਾਅਵਾ ਕੀਤਾ ਕਿ ਪਰਿਵਾਰ ਦੇ ਸਤਿਕਾਰ ਦੇ ਉਸ ਦੇ ਮਾਨਵੀ ਹੱਕਾਂ ਦੀ ਉਲੰਘਣਾ ਕੀਤੀ ਗਈ ਹੈ ਕਿਉਂਕਿ ਉਸ ਨੂੰ ਇਥੇ ਰਹਿਣ ਨਹੀਂ ਦਿੱਤਾ ਗਿਆ।

# ਭ੍ਰਿਸ਼ਟਾਚਾਰ ਕੇਸ ਵਿਚ ਅਕਾਲੀ ਆਗੂ ਲੰਗਾਹ ਨੂੰ ਤਿੰਨ ਸਾਲ ਕੈਦ

**ਮੁਹਾਲੀ (ਬਿਊਰੋ):** ਜ਼ਿਲ੍ਹਾ ਅਦਾਲਤ ਨੇ ਸਾਬਕਾ ਪੀ.ਡਬਲਿਊ.ਡੀ. ਮੰਤਰੀ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸੁੱਚਾ ਸਿੰਘ ਲੰਗਾਹ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਜਥੇਦਾਰ ਅਮਰੀਕ ਸਿੰਘ ਮੁਹਾਲੀ ਨੂੰ 3-3 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਲੰਗਾਹ ਨੂੰ ਇਕ ਕਰੋੜ ਰੁਪਏ ਦੇ ਜੁਰਮਾਨੇ ਨਾਲ ਉਨ੍ਹਾਂ ਦੀਆਂ ਤਕਰੀਬਨ 11 ਜਾਇਦਾਦਾਂ ਨੂੰ ਵੀ ਅਟੈਚ ਕਰ ਦਿੱਤਾ ਹੈ।

ਇਸ ਮਾਮਲੇ ਵਿਚ ਨਾਮਜ਼ਦ ਲੰਗਾਹ ਦੇ ਪੀ.ਏ. ਜਸਬੀਰ ਸਿੰਘ ਸਮੇਤ ਪਰਦੀਪ ਭਟੇਜਾ, ਵਿਨੋਦ ਕੁਮਾਰ, ਬਿਕਰਮਜੀਤ ਸਿੰਘ ਵਿੱਕੀ ਵਾਸੀ ਪਟਿਆਲਾ, ਸੁਭਾਸ਼ ਚੰਦਰ ਜੈਨ ਵਾਸੀ ਲੁਧਿਆਣਾ, ਸੰਪੂਰਨ ਸਿੰਘ ਗੁਰਦਾਸਪੁਰ, ਸ਼ੇਰ ਸਿੰਘ ਚੰਡੀਗੜ੍ਹ ਤੇ ਦਰਸ਼ਨ ਲਾਲ ਕੌੜਾ ਨੂੰ ਬੇਕਸੂਰ ਕਰਾਰ ਦਿੰਦਿਆਂ ਅਦਾਲਤ ਨੇ ਬਾਇੱਜ਼ਤ ਬਰੀ ਕਰ ਦਿੱਤਾ ਹੈ। ਇਕ ਮੁਲਜ਼ਮ ਸੁਭਾਸ਼ ਚੰਦ ਧਾਰੀਵਾਲ (ਗੁਰਦਾਸਪੁਰ) ਦੀ ਕੁਝ ਸਮਾਂ ਪਹਿਲਾਂ ਹੀ ਮੌਤ ਹੋ ਚੁੱਕੀ ਹੈ।

ਜਾਣਕਾਰੀ ਅਨੁਸਾਰ ਪੰਜਾਬ ਵਿਜੀਲੈਂਸ ਬਿਊਰੋ ਨੇ 16 ਮਈ 2002 ਨੂੰ ਸੁੱਚਾ ਸਿੰਘ ਲੰਗਾਹ ਤੇ ਹੋਰਾਂ ਖ਼ਿਲਾਫ ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਵਿਜੀਲੈਂਸ ਥਾਣਾ ਫੇਜ਼-8 ਵਿਚ ਕੇਸ ਦਰਜ ਕੀਤਾ ਸੀ। ਲੰਗਾਹ 'ਤੇ ਭ੍ਰਿਸ਼ਟਾਚਾਰ ਤਰੀਕਿਆਂ ਰਾਹੀਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਦੋਸ਼ ਹੈ। ਵਿਜੀਲੈਂਸ ਵਲੋਂ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਜਥੇਦਾਰ ਅਮਰੀਕ ਸਿੰਘ ਮੁਹਾਲੀ ਨੂੰ ਧਾਰਾ 120ਬੀ ਤਹਿਤ ਨਾਮਜ਼ਦ ਕੀਤਾ ਗਿਆ ਸੀ। ਫੈਸਲਾ ਸੁਣਾਉਣ ਤੋਂ ਬਾਅਦ ਮੁਲਜ਼ਮਾਂ ਨੂੰ ਕੋਰਟ ਰੂਮ ਵਿਚੋਂ ਬਾਹਰ ਨਹੀਂ ਜਾਣ ਦਿੱਤਾ ਗਿਆ। ਦੂਜੇ ਪਾਸੇ ਲੰਗਾਹ ਨੇ ਖ਼ੁਦ ਨੂੰ ਬੇਕਸੂਰ ਸਾਬਤ ਕਰਨ ਲਈ ਬਹੁਤ ਯਤਨ ਕੀਤੇ ਪਰ ਵਿਜੀਲੈਂਸ ਵਲੋਂ ਪੇਸ਼ ਕੀਤੇ ਠੋਸ ਸਬੂਤਾਂ ਨੂੰ ਆਧਾਰ ਬਣਾ ਕੇ ਅਦਾਲਤ ਨੇ ਇਸ ਕੇਸ ਦਾ ਨਿਬੇੜਾ ਕਰਦਿਆਂ ਅਕਾਲੀ ਆਗੂਆਂ ਵਿਰੁਧ ਫੈਸਲਾ ਸੁਣਾਇਆ।

ਬਰੀ ਕੀਤੇ ਗਏ ਮੁਲਜ਼ਮਾਂ ਕੋਲੋਂ 50-50 ਹਜ਼ਾਰ ਰੁਪਏ ਦਾ ਮੁਚੱਲਕਾ ਵੀ ਭਰਵਾਇਆ ਗਿਆ। ਸ੍ਰੀ ਲੰਗਾਹ ਨੂੰ ਜੁਰਮਾਨੇ ਦੀ ਇਕ ਕਰੋੜ ਰੁਪਏ ਦੀ ਰਾਸ਼ੀ ਦਾ ਜੁਗਾੜ ਲਾਉਣ ਲਈ ਦਿਨ ਭਰ ਕੋਰਟ ਰੂਮ ਵਿਚ ਬੈਠਣਾ ਪਿਆ। ਸ਼ਾਮ ਨੂੰ ਲੰਗਾਹ ਵਲੋਂ ਇਕ ਕਰੋੜ ਰੁਪਏ ਤੇ ਜਥੇਦਾਰ ਮੁਹਾਲੀ ਵਲੋਂ ਇਕ ਲੱਖ ਰੁਪਏ ਜੁਰਮਾਨੇ ਵਜੋਂ ਜਮ੍ਹਾਂ ਕਰਵਾਏ ਗਏ। ਇਸ ਤੋਂ ਇਲਾਵਾ ਦੋਵੇਂ ਅਕਾਲੀ ਆਗੂਆਂ ਵਲੋਂ 5-5 ਲੱਖ ਰੁਪਏ ਦਾ ਮੁਚੱਲਕਾ ਵੀ ਭਰਿਆ ਗਿਆ। ਲੰਗਾਹ ਦੀ ਤਰਫ਼ੋਂ ਜਗਤਾਰ ਸਿੰਘ ਤੇ ਜਥੇਦਾਰ ਮੁਹਾਲੀ ਵਲੋਂ ਉਸ ਦੀ ਪਤਨੀ ਤਰਿੰਦਰ ਕੌਰ ਨੇ ਮੁਚੱਲਕਾ ਭਰਿਆ ਹੈ। ਇਸ ਕਾਰਵਾਈ ਤੋਂ ਬਾਅਦ ਅਦਾਲਤ ਨੇ ਦੋਵਾਂ ਜਣਿਆਂ ਨੂੰ ਜ਼ਮਾਨਤ 'ਤੇ ਛੱਡ ਦਿੱਤਾ।



### ਲੰਗਾਹ ਬਣਿਆ ਪੁਲਿਸ ਦਾ ਵਿਸ਼ੇਸ਼ ਮਹਿਮਾਨ

ਮੁਚੱਲਕਾ ਭਰਨ ਤੋਂ ਬਾਅਦ ਅਦਾਲਤ ਵਿਚੋਂ ਬਾਹਰ ਆਉਂਦੇ ਹੀ ਸੁੱਚਾ ਸਿੰਘ ਲੰਗਾਹ ਮੀਡੀਆ ਤੋਂ ਅੱਖ ਬਚਾ ਕੇ ਆਪਣੇ ਸਮਰਥਕਾਂ ਨਾਲ ਘਰ ਪਰਤ ਗਏ।

ਪੁਲਿਸ ਵਲੋਂ ਵੀ ਵੀ.ਆਈ.ਪੀ. ਮਹਿਮਾਨ ਵਾਂਗ ਲੰਗਾਹ ਨੂੰ ਸੁਰੱਖਿਆ ਛੱਤਰੀ ਮੁਹੱਈਆ ਕੀਤੀ ਗਈ। ਉਨ੍ਹਾਂ ਦੀ ਖਿਦਮਤ ਵਿਚ ਦੋ ਐਸ.ਪੀ., ਦੋ ਡੀ.ਐਸ.ਪੀ. ਤੇ ਚਾਰ ਐਸ.ਐਚ.ਓ. ਸਮੇਤ ਵੱਡੀ ਗਿਣਤੀ ਵਿਚ ਪੁਲਿਸ ਫੋਰਸ ਤਾਇਨਾਤ ਸੀ। ਲੰਗਾਹ ਦੇ ਬੇਟੇ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਸੁਖਜਿੰਦਰ ਸਿੰਘ ਲੰਗਾਹ ਤੇ ਜਥੇਦਾਰ ਅਮਰੀਕ ਸਿੰਘ ਮੁਹਾਲੀ ਦੇ ਬੇਟੇ ਤੇ ਯੂਥ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਰਾਜਾ ਕੰਵਰਜੋਤ ਸਿੰਘ ਨੇ ਕਿਹਾ ਹੈ ਕਿ ਉਹ ਇਨਸਾਫ਼ ਪ੍ਰਾਪਤੀ ਲਈ ਜ਼ਿਲ੍ਹਾ ਅਦਾਲਤ ਦੇ ਫ਼ੈਸਲੇ ਨੂੰ ਪੰਜਾਬ ਹਰਿਆਣਾ ਹਾਈਕੋਰਟ ਵਿਚ ਚੁਣੌਤੀ ਦੇਣਗੇ।

# ਅਪਰਾਧਕ ਮਾਮਲੇ ’ਚ 6 ਪੰਜਾਬੀਆਂ ਨੂੰ ਕੈਦ

**ਲੰਡਨ/ਬਰਮਿੰਘਮ:** ਲੈਸਟਰ ਦੀ ਕਰਾਊਨ ਕੋਰਟ ਨੇ ਮੁਸਲਮਾਨਾਂ ਖਿਲਾਫ ਨਫਰਤੀ ਮੁਹਿੰਮ ਛੇੜਨ ਵਾਲੇ ਛੇ ਪੰਜਾਬੀ ਨੌਜਵਾਨਾਂ ਨੂੰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਪਰਵਿੰਦਰ ਬਿਣਗ (21) ਵਾਸੀ ਕਿਚਨਰ ਰੋਡ, ਕਰਾਊਨ ਹਿੱਲਜ਼ ਨੂੰ ਸੱਤ



ਸਾਲ ਛੇ ਮਹੀਨੇ ਕੈਦ, ਮੇਹੁਲ ਲੋਧੀਆ (24) ਵਾਸੀ ਲਿੰਡਸੇ ਰੋਡ, ਰਾਉਲੀ ਫੀਲਡਜ਼ ਤਿੰਨ ਸਾਲ ਕੈਦ, ਦਮਨਪ੍ਰੀਤ ਸਿੰਘ (19) ਵਾਸੀ ਕੋਲਿੰਘਮ ਰੋਡ, ਰਾਉਲੀ ਫੀਲਡਜ਼ ਚਾਰ ਸਾਲ ਕੈਦ, ਅਮਨਪ੍ਰੀਤ ਸਿੰਘ (25) ਵਾਸੀ ਕੋਲਿੰਘਮ ਰੋਡ ਦੋ ਸਾਲ ਕੈਦ, ਹਰਜਿੰਦਰ ਅਠਵਾਲ (24) ਵਾਸੀ ਨੈਦਰਹਾਲ ਰੋਡ, ਬਰਨਬੀ ਲੌਜ ਨੂੰ ਦੋ ਸਾਲ ਛੇ ਮਹੀਨੇ ਕੈਦ ਤੇ ਸਤਿੰਦਰਬੀਰ ਸਿੰਘ (20) ਵਾਸੀ ਵੂੱਡਬੌਰੋਅ ਰੋਡ, ਕਰਾਊਨ ਹਿੱਲਜ਼ ਇਕ ਸਾਲ ਤਿੰਨ ਮਹੀਨੇ ਕੈਦ ਸਮੇਤ ਕੁੱਲ 19 ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਅਦਾਲਤ ਵਿਚ ਦੱਸਿਆ ਗਿਆ ਕਿ ਇਹ ਅਪਰਾਧਕ ਕਾਰਵਾਈ ਸਾਲ 2013 ਵਿਚ ਕੁਝ ਮੁਸਲਿਮ ਵਿਅਕਤੀਆਂ ਵਲੋਂ ਇਕ ਸਿੱਖ ਨਾਬਾਲਗ ਲੜਕੀ ਦਾ ਸਰੀਰਕ ਸ਼ੋਸ਼ਣ ਕੀਤੇ ਜਾਣ ਉਪਰੰਤ ਕੁਝ ਸਿੱਖਾਂ ਵਲੋਂ ਲੈਸਟਰ ਦੇ ਮੁਸਲਿਮ ਰੈਸਟੋਰੈਂਟ ‘ਤੇ ਕੀਤੇ ਗਏ ਹਮਲੇ ਤੋਂ ਬਾਅਦ ਸ਼ੁਰੂ ਕੀਤੀ ਗਈ। ਜੂਨ 2013 ਵਿਚ ਈਸਟ ਪਾਰਕ ਰੋਡ, ਐਵਿੰਗਟਨ ਵਿਚ ਇਕ ਕਾਰ ਵਿਚ ਸਵਾਰ ਦੋ ਮੁਸਲਿਮ ਬੰਦਿਆਂ ‘ਤੇ ਹਮਲਾ ਕੀਤਾ ਗਿਆ। ਇਸ ਤੋਂ ਕੁਝ ਹਫਤੇ ਬਾਅਦ ਫੇਸਬੁੱਕ ਅਕਾਊਂਟ ਸਥਾਪਤ ਕੀਤਾ ਗਿਆ ਜਿਸ ‘ਤੇ ਮੁਸਲਿਮ ਵਿਰੋਧੀ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਸ ਤੋਂ ਬਿਨਾ ਇਕ ਵੈਬਸਾਈਟ ਤਿਆਰ ਕੀਤੀ ਗਈ ਜਿਸ ‘ਤੇ 15 ਸਾਲਾ ਫਰਜ਼ੀ ਸਿੱਖ ਲੜਕੀ ਨਾਲ ਮੁਸਲਿਮ ਬੰਦਿਆਂ ਨੂੰ ਸੰਪਰਕ ਕਰਨ ਲਈ ਫਸਾਉਣ ਦੀ ਮੁਹਿੰਮ ਛੇੜੀ ਗਈ, ਜਿਸ ‘ਤੇ ਦੋ ਵਿਅਕਤੀਆਂ ਨੇ ਸੰਪਰਕ ਕੀਤਾ ਜਿਨ੍ਹਾਂ ਵਿਚੋਂ ਇਕ ਸਿੱਖ ਹੀ ਸੀ, ਜਿਸ ਨੂੰ ਆਪਣੀ ਨਗਨ ਤਸਵੀਰ ਭੇਜਣ ਲਈ ਉਕਸਾਇਆ ਤੇ ਬਾਅਦ ਵਿਚ ਉਹ ਤਸਵੀਰ ਉਸ ਦੇ ਕੰਮਕਾਰ ਵਾਲੇ ਮਾਲਕ ਨੂੰ ਭੇਜ ਕੇ ਸ਼ਰਮਸ਼ਾਰ ਕੀਤਾ ਜਦਕਿ ਦੂਜੇ ਵਿਅਕਤੀ ਨੂੰ ਫਰਜ਼ੀ ਲੜਕੀ ਨੂੰ ਮਿਲਣ ਲਈ ਇਕ ਥਾਂ ਸੱਦਿਆ ਗਿਆ ਜਿਥੇ ਉਸ ‘ਤੇ ਕਈ ਹਥਿਆਰਾਂ ਨਾਲ ਹਮਲਾ ਕੀਤਾ ਤੇ ਪਰਵਿੰਦਰ ਬਿਣਗ ਨੇ ਉਸ ‘ਤੇ ਇਕ ਪਲਾਸਟਿਕ ਦੀਆਂ ਗੋਲੀਆਂ ਵਾਲੀ ਬੰਦੂਕ ਨਾਲ ਵਾਰ ਕੀਤਾ।

ਅਦਾਲਤ ਵਿਚ ਇਹ ਵੀ ਦੱਸਿਆ ਗਿਆ ਕਿ ਈਸਟ ਪਾਰਕ ਰੋਡ ‘ਤੇ ਕੀਤੇ ਹਮਲੇ ਦੀ ਅਗਵਾਈ ਅਮਨਪ੍ਰੀਤ ਤੇ ਉਸ ਦੇ ਭਰਾ ਦਮਨਪ੍ਰੀਤ ਨੇ ਕੀਤੀ ਸੀ ਜਦਕਿ ਅਗਸਤ 2013 ਵਿਚ ਸਤਿੰਦਰਬੀਰ ਸਿੰਘ ਨੇ ਫੇਸਬੁੱਕ ਥਰੈਡ ਕਾਇਮ ਕੀਤਾ ਤੇ ਬਾਕੀਆਂ ਨੇ ਮੁਸਲਿਮ ਵਿਰੋਧੀ ਟਿੱਪਣੀਆਂ ਭੇਜੀਆਂ ਸਨ। ਅਦਾਲਤ ਵਿਚ ਸਾਰੇ ਨੌਜਵਾਨਾਂ ਨੇ ਆਪਣੇ ਦੋਸ਼ ਮੰਨ ਲਏ ਹਨ।

# ਵਾਸ਼ਿੰਗਟਨ ’ਚ ਹਿੰਦੂ ਮੰਦਰ ਬਣਿਆ ਨਫਰਤ ਦਾ ਨਿਸ਼ਾਨਾ

**ਵਾਸ਼ਿੰਗਟਨ:** ਅਮਰੀਕੀ ਰਾਜਧਾਨੀ ਵਿਚ ਇਕ ਹਿੰਦੂ ਮੰਦਰ ਦੀ ਕੰਧ ‘ਤੇ ਨਫ਼ਰਤ ਵਾਲਾ ਨਾਅਰਾ ਲਿਖੇ ਜਾਣ ਤੋਂ ਭਾਰਤੀ ਭਾਈਚਾਰੇ ਅੰਦਰ ਰੋਸ ਦੀ ਲਹਿਰ ਫੈਲ ਗਈ ਹੈ। ਸਿਆਟਲ ਮੈਟਰੋਪਾਲਿਟਨ ਖੇਤਰ ਵਿਚ ਸਥਿਤ ਇਸ ਮੰਦਰ ਦੀ ਕੰਧ ‘ਤੇ ਸ਼ਰਾਰਤੀਆਂ ਨੇ ਸਵਾਸਤਿਕ ਦਾ ਨਿਸ਼ਾਨ ਅਤੇ ‘ਗੈੱਟ ਆਊਟ’ ਲਿਖ ਦਿੱਤਾ। ਇਹ ਸਮੁੱਚੇ ਉੱਤਰ-ਪੱਛਮੀ ਖੇਤਰ ਦੇ ਵੱਡੇ ਹਿੰਦੂ ਮੰਦਰਾਂ ਵਿਚੋਂ ਇਕ ਹੈ। ਇਹ ਘਟਨਾ ਸ਼ਨਿਚਰਵਾਰ ਰਾਤੀਂ ਵਾਪਰੀ ਅਤੇ ਸ਼ਿਵਰਾਤਰੀ ਮੌਕੇ ਹਿੰਦੂ ਭਾਈਚਾਰੇ ਵਿਚ ਹੈਰਾਨੀ, ਪ੍ਰੇਸ਼ਾਨੀ ਦਾ ਮਾਹੌਲ ਨਜ਼ਰ ਆਇਆ।

ਇਸੇ ਦੌਰਾਨ ਕਾਊਂਟੀ ਦੇ ਮੁੱਖ ਅਫਸਰਾਂ ਨੇ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ। ਕੁਝ ਸਾਲ ਪਹਿਲਾਂ ਵੀ ਮੰਦਰ ਦੀ ਕੰਧ ‘ਤੇ ਇਹੋ ਜਿਹਾ ਕੁਝ ਲਿਖਿਆ ਗਿਆ ਸੀ ਪਰ ਉਦੋਂ ਕਿਸੇ ਨੇ ਪੁਲਿਸ ਦੇ ਧਿਆਨ ਵਿਚ ਨਹੀਂ ਲਿਆਂਦਾ ਸੀ। ਪਤਾ ਲੱਗਿਆ ਹੈ ਕਿ ਮੰਦਰ ਤੋਂ ਥੋੜ੍ਹੀ ਦੂਰ ਹੀ ਇਕ ਹੋਰ ਇਮਾਰਤ ਦੀ ਕੰਧ ‘ਤੇ ਵੀ ਸਵਾਸਤਿਕ ਦਾ ਨਿਸ਼ਾਨ ਉੱਕਰ ਦਿੱਤਾ ਗਿਆ ਅਤੇ ਨਾਲ ਹੀ ਇਹ ਨਾਅਰਾ ਲਿਖ ਦਿੱਤਾ ਗਿਆ ‘ਮੁਸਲਿਮਜ਼ ਗੈੱਟ ਆਊਟ’।


“Ask us about the...
AARP® Auto Insurance Program from The Hartford.”

*NOW AVAILABLE IN YOUR AREA!*

Find out more about the Special Benefits of The Hartford’s Program for AARP members and our Competitive Rates!



*Satwant Singh*

You’ll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.
*-Satwant Singh!*

Call today for your FREE, no-obligation quote:
**+1-408-771-2438**

Satwant Singh: 2774 Aborn Rd,
San Jose, CA 95121
satwant@satwantins.com
www.satwantins.com
CA License# 0H11256

AARP | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.
*107792 2nd Rev*



**Golden State Realty**

9912 Kapalua Ln., Elk Grove, CA 95624



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

*Please Contact For*
**Commercial or Residential Needs**

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet ‘Sam’ Chahal*
**Ph: 916-612-5773**

**email:** samchahal@hotmail.com

***Serving all over California***



***Reliable and Experienced Real Estate Professional***

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

Rent ’ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ

COLDWELL BANKER VALLEY CENTRAL | EQUAL HOUSING OPPORTUNITY | REALTOR®



Gurbans Singh Gill
Realtor
DRE#01227109

15 Years Experiance in Real Estate
e-mail: gurbans@gotracy.com

**Gurbans Gill**
**Office 209-835-4545**
**Direct 209-815-1869**

Fax: 209-836-0706
www.gotracy.com

1486 W 11th Street, Tracy, CA 95376

# ਬੇਰੁਜ਼ਗਾਰ ਨੌਜਵਾਨਾਂ ਨੇ ਨਸ਼ਾ ਤਸਕਰੀ ਨੂੰ ਬਣਾਇਆ ਕਾਰੋਬਾਰ

**ਅੰਮ੍ਰਿਤਸਰ:** ਬੇਰੁਜ਼ਗਾਰੀ ਦੇ ਝੰਭੇ ਪੰਜਾਬ ਦੇ ਨੌਜਵਾਨ ਨਸ਼ਿਆਂ ਦੇ ਕਾਰੋਬਾਰ ਵੱਲ ਖਿੱਚੇ ਜਾ ਰਹੇ ਹਨ। ਪਾਕਿਸਤਾਨ ਨਾਲ ਲੱਗਦੀ ਸਰਹੱਦ ਕਾਰਨ ਪੰਜਾਬ ਨੂੰ ਨਸ਼ਾ ਤਸਕਰੀ ਦਾ ਸਭ ਤੋਂ ਸੌਖਾ ਰਾਸਤਾ ਮੰਨਿਆ ਜਾ ਰਿਹਾ ਹੈ। ਪਾਕਿਸਤਾਨ ਵਾਲੇ ਪਾਸਿਓਂ ਆਈ ਹੈਰੋਇਨ ਦੀ ਕੀਮਤ ਪੰਜਾਬ ਵਿਚ ਦਾਖਲ ਹੁੰਦੇ ਹੀ ਕਈ ਗੁਣਾ ਵਧ ਜਾਂਦੀ ਹੈ।

ਸੂਤਰਾਂ ਅਨੁਸਾਰ ਅਫ਼ਗਾਨਿਸਤਾਨ ਤੋਂ ਪਾਕਿਸਤਾਨ ਰਸਤੇ ਭਾਰਤ (ਪੰਜਾਬ) ਪੁੱਜਣ ਤੱਕ ਵੀ ਹੈਰੋਇਨ ਦੀ ਥੋਕ ਕੀਮਤ ਸ਼ੁੱਧਤਾ ਅਨੁਸਾਰ ਤਿੰਨ ਤੋਂ ਪੰਜ ਲੱਖ ਰੁਪਏ ਦੱਸੀ ਜਾਂਦੀ ਹੈ ਜਦ ਕਿ ਸਥਾਨਕ ਪੱਧਰ 'ਤੇ ਇਸ ਦੀ ਪ੍ਰਚੂਨ ਕੀਮਤ 10 ਲੱਖ ਰੁਪਏ ਪ੍ਰਤੀ ਕਿੱਲੋ ਤੱਕ ਪਹੁੰਚ ਜਾਂਦੀ ਹੈ। ਇਥੋਂ ਜਾਂਦੀਆਂ ਵੱਡੀਆਂ ਖੇਪਾਂ ਜੋ ਬਾਰਾਸਤਾ ਦਿੱਲੀ, ਮੁੰਬਈ, ਡੁਬਈ ਦੇ ਯੂਰਪ ਤੇ ਉਤਰੀ ਅਮਰੀਕਾ ਪੁੱਜਦੀਆਂ ਹਨ, ਦੀ ਉਥੇ ਪਹੁੰਚ ਕੇ ਵੀ ਕੀਮਤ 90 ਲੱਖ ਤੋਂ 1.50 ਕਰੋੜ ਵੱਧ ਤੋਂ ਵੱਧ ਮਿਥੀ ਜਾਂਦੀ ਹੈ।

ਅੰਮ੍ਰਿਤਸਰ ਖੇਤਰ ਦੀ 120 ਕਿਲੋਮੀਟਰ ਲੰਬੀ ਸਰਹੱਦੀ ਪੱਟੀ ਤਸਕਰੀ ਲਈ ਸਭ ਤੋਂ ਵੱਧ ਵਰਤੋਂ ਵਿਚ ਲਿਆਂਦੀ ਜਾਂਦੀ ਹੈ, ਇਸ ਖੇਤਰ ਵਿਚ ਭਾਵੇਂ ਤਕਰੀਬਨ 102 ਕਿਲੋਮੀਟਰ ਕੰਡਿਆਲੀ ਤਾਰ ਵੀ ਲਾਈ ਗਈ ਹੈ ਪਰ ਫਿਰ ਵੀ ਤਾਰ ਵਿਚਦੀ ਹੈਰੋਇਨ ਖੇਪਾਂ ਭੇਜਣ ਦਾ ਪ੍ਰਚਲਣ ਜਾਰੀ ਰਿਹਾ। ਹਿੰਦ-ਪਾਕਿ ਸਰਹੱਦ ਤੱਕ ਆਮ ਲੋਕਾਂ ਦੀ ਸਿੱਧੀ ਪਹੁੰਚ ਤਸਕਰੀ ਦਾ ਵਿਸ਼ੇਸ਼ ਕਾਰਨ ਮੰਨਿਆ ਜਾਂਦਾ ਹੈ, ਜਿਥੇ ਅੱਖ ਬਚਾਉਂਦਿਆਂ ਸਿੱਧੇ ਤੌਰ 'ਤੇ ਤਸਕਰ ਆਪਸੀ ਪਹੁੰਚ ਬਣਾ ਸਕਦੇ ਹਨ। ਦੋਵਾਂ ਮੁਲਕਾਂ ਦਾ ਸਭਿਆਚਾਰ ਤੇ ਭਾਸ਼ਾ ਇਕੋ ਹੋਣਾ



ਵੀ ਆਪਸੀ ਤਾਲਮੇਲ ਵਧਾਉਣ ਦਾ ਸਬੱਬ ਬਣਦੇ ਹਨ। ਅਧਿਕਾਰੀਆਂ ਅਨੁਸਾਰ ਸਥਾਨਕ ਪੱਧਰ 'ਤੇ ਹੈਰੋਇਨ ਲਾਂਘਾ ਤੇ ਖਪਤ ਦਾ ਪ੍ਰਮੁੱਖ ਕਾਰਨ ਸਰਹੱਦੀ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੇ ਚੱਲਦਿਆਂ ਪੈਦਾ ਹੋਈ ਮਾਯੂਸੀ ਹੈ। ਭਾਰਤ-ਪਾਕਿ ਸਰਹੱਦ ਰਾਹੀਂ ਪੰਜਾਬ ਵਿਚ ਕਰੀਬ 50 ਕੁਇੰਟਲ ਹੈਰੋਇਨ ਦਾ ਸਾਲਾਨਾ ਕਾਰੋਬਾਰ ਹੁੰਦਾ ਹੈ, ਜਿਸ ਦੀ ਕੌਮਾਂਤਰੀ ਬਾਜ਼ਾਰ ਵਿਚ ਕਰੀਬ 25 ਹਜ਼ਾਰ ਕਰੋੜ ਰੁਪਏ ਕੀਮਤ ਬਣਦੀ ਹੈ। ਭਾਰਤ-ਪਾਕਿਸਤਾਨ ਸੀਮਾ ਰਾਹੀਂ ਸਭ ਤੋਂ ਵੱਧ ਹੈਰੋਇਨ ਪੰਜਾਬ ਵਿਚ ਆ ਰਹੀ ਹੈ। ਕੇਂਦਰ ਸਰਕਾਰ ਨੇ ਕੌਮਾਂਤਰੀ ਤਸਕਰੀ ਰੋਕਣ ਲਈ ਗੁਰਦਾਸਪੁਰ ਸੈਕਟਰ ਵਿਚ ਇਕ ਮਾਰਚ 2014 ਤੋਂ ਇਕ ਹੋਰ ਬਟਾਲੀਅਨ ਦੀ ਤਾਇਨਾਤੀ ਵੀ ਕੀਤੀ ਸੀ, ਫਿਰ ਵੀ ਕੌਮਾਂਤਰੀ ਤਸਕਰੀ ਨੂੰ ਕੋਈ ਠੱਲ੍ਹ ਨਹੀਂ ਪੈ ਸਕੀ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਤੋਂ ਆਰ.ਟੀ.ਆਈ. ਰਾਹੀਂ ਪ੍ਰਾਪਤ ਸੂਚਨਾ ਅਨੁਸਾਰ ਇਕ ਜਨਵਰੀ 2013 ਤੋਂ 31 ਅਕਤੂਬਰ 2014 ਤੱਕ ਭਾਰਤ-ਪਾਕਿਸਤਾਨ ਸਰਹੱਦ ਤੋਂ 785 ਕਿਲੋ ਹੈਰੋਇਨ ਫੜੀ ਗਈ ਹੈ, ਜਿਸ ਦੀ ਕੌਮਾਂਤਰੀ ਬਾਜ਼ਾਰ ਵਿਚ ਕੀਮਤ 3925 ਕਰੋੜ ਰੁਪਏ ਬਣਦੀ ਹੈ। ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ.) ਨੇ 648 ਕਿੱਲੋ ਤੇ ਡਾਇਰੈਕਟੋਰੇਟ ਆਫ ਰੈਵਨਿਊ ਨੇ 137 ਕਿਲੋ ਹੈਰੋਇਨ ਇਨ੍ਹਾਂ ਪੌਣੇ ਦੋ ਵਰ੍ਹਿਆਂ ਦੌਰਾਨ ਫੜੀ। ਇਸ ਤੋਂ ਇਲਾਵਾ ਪੰਜਾਬ ਵਿਚੋਂ ਇਸ ਸਮੇਂ ਦੌਰਾਨ 1300 ਕਿਲੋ ਹੈਰੋਇਨ ਹੋਰ ਫੜੀ ਗਈ। ਸਰਹੱਦ ਤੇ ਪੰਜਾਬ ਵਿਚੋਂ ਇਸ ਸਮੇਂ ਦੌਰਾਨ ਕੁੱਲ 2087 ਕਿਲੋ ਹੈਰੋਇਨ ਫੜੀ ਗਈ ਹੈ, ਜਿਸ ਦੀ ਕੌਮਾਂਤਰੀ ਮਾਰਕੀਟ ਵਿਚ ਕੀਮਤ 10,435 ਕਰੋੜ ਰੁਪਏ ਬਣਦੀ ਹੈ।

ਸਰਕਾਰੀ ਸੂਤਰਾਂ ਅਨੁਸਾਰ ਫੜੀ ਮਾਤਰਾ ਤੋਂ ਪੰਜ ਗੁਣਾ ਜ਼ਿਆਦਾ ਹੈਰੋਇਨ ਪੁਲਿਸ ਤੇ ਏਜੰਸੀਆਂ ਦੀ ਨਜ਼ਰ ਤੋਂ ਬਚ ਕੇ ਟਿਕਾਣਿਆਂ 'ਤੇ ਪੁੱਜ ਜਾਂਦੀ ਹੈ। ਜੇਕਰ ਇਨ੍ਹਾਂ ਤੱਥਾਂ 'ਤੇ ਯਕੀਨ ਕਰੀਏ ਤਾਂ ਪੰਜਾਬ ਵਿਚ ਸਾਲਾਨਾ 25 ਹਜ਼ਾਰ ਕਰੋੜ (ਕੌਮਾਂਤਰੀ ਬਾਜ਼ਾਰ ਦੀ ਕੀਮਤ) ਦੀ ਹੈਰੋਇਨ ਦਾ ਕਾਰੋਬਾਰ ਹੁੰਦਾ ਹੈ। ਕੌਮਾਂਤਰੀ ਸਰਹੱਦ ਤੋਂ ਫੜੀ ਹੈਰੋਇਨ ਬਾਰੇ ਇਨ੍ਹਾਂ ਪੌਣੇ ਦੋ ਵਰ੍ਹਿਆਂ ਦੌਰਾਨ 80 ਕੇਸ ਦਰਜ ਕੀਤੇ ਗਏ ਹਨ ਤੇ ਪੰਜਾਬ ਵਿਚ ਫੜੀ ਹੈਰੋਇਨ ਦੇ 3410 ਪੁਲਿਸ ਕੇਸ ਦਰਜ ਕੀਤੇ ਗਏ ਹਨ। ਇਨ੍ਹਾਂ ਕੇਸਾਂ ਵਿਚ ਪੰਜਾਬ ਵਿਚ 3934 ਵਿਅਕਤੀ ਫੜੇ ਗਏ ਹਨ।

ਦੱਸਣਯੋਗ ਹੈ ਕਿ ਹੁਣ ਪੰਜਾਬ ਸਰਕਾਰ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪੱਤਰ ਲਿਖ ਕੇ ਕੌਮਾਂਤਰੀ ਸਰਹੱਦ ਤੋਂ ਹੁੰਦੀ ਤਸਕਰੀ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਹੈ। ਦੂਜੇ ਸੂਬੇ ਹੈਰੋਇਨ ਦੀ ਤਸਕਰੀ ਦੀ ਅਲਾਮਤ ਤੋਂ ਬਚੇ ਹੋਏ ਹਨ। ਰਾਜਸਥਾਨ ਵਿਚ ਭਾਰਤ-ਪਾਕਿਸਤਾਨ ਸਰਹੱਦ ਤੋਂ ਸਿਰਫ 3.77 ਕਿਲੋ, ਗੁਜਰਾਤ ਵਿਚ 3.40 ਕਿਲੋ ਤੇ ਜੰਮੂ-ਕਸ਼ਮੀਰ ਵਿਚ 151 ਕਿਲੋ ਹੈਰੋਇਨ ਫੜੀ ਹੈ। ਦੂਜੇ ਪਾਸੇ ਪੰਜਾਬ ਵਿਚ ਕੌਮਾਂਤਰੀ ਸੀਮਾ ਤੋਂ 648 ਕਿਲੋ ਹੈਰੋਇਨ ਫੜੀ ਗਈ। ਪੰਜਾਬ ਦੀਆਂ ਜੇਲ੍ਹਾਂ ਵਿਚ ਇਸ ਵੇਲੇ 47 ਫੀਸਦੀ ਬੰਦੀ ਨਸ਼ਿਆਂ ਦੀ ਤਸਕਰੀ ਵਾਲੇ ਹਨ।

## ਤਸਕਰੀ ਦੇ ਢੰਗ-ਤਰੀਕਿਆਂ ਤੋਂ ਬੀ.ਐਸ.ਐਫ. ਵੀ ਹੈਰਾਨ

**ਅੰਮ੍ਰਿਤਸਰ:** ਬੀ.ਐਸ.ਐਫ. ਵਲੋਂ ਸਰਹੱਦ 'ਤੇ ਵਧਾਈ ਚੌਕਸੀ ਕਾਰਨ ਪਾਕਿਸਤਾਨੀ ਤਸਕਰਾਂ ਨੂੰ ਹੁਣ ਤਸਕਰੀ ਦੇ ਢੰਗ ਬਦਲਣੇ ਪੈ ਰਹੇ ਹਨ। ਇਸ ਵਾਰ ਪਾਕਿਸਤਾਨੀ ਤਸਕਰਾਂ ਨੇ ਚੱਪਲਾਂ ਦੇ ਤਲੇ ਵਿਚ ਖਾਲੀ ਥਾਂ ਬਣਾ ਕੇ ਸਰਹੱਦ ਪਾਰ ਹੈਰੋਇਨ ਭੇਜਣ ਦਾ ਨਵਾਂ ਢੰਗ ਲੱਭਿਆ ਹੈ। ਇਸ ਤੋਂ ਪਹਿਲਾਂ ਪਾਕਿਸਤਾਨੀ ਤਸਕਰਾਂ ਵਲੋਂ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਵਿਚੋਂ ਪਲਾਸਟਿਕ ਦੀ ਪਾਈਪ ਰਾਹੀਂ ਹੈਰੋਇਨ ਦੇ ਪੈਕੇਟ ਭਾਰਤ ਵਾਲੇ ਪਾਸੇ ਸੁੱਟਦੇ ਸਨ। ਇਸ ਤਰੀਕੇ ਨਾਲ ਤਸਕਰੀ ਵਾਸਤੇ ਦੋ ਤੋਂ ਤਿੰਨ ਬੰਦਿਆਂ ਦੀ ਲੋੜ ਪੈਂਦੀ ਹੈ। ਇਸ ਤਹਿਤ ਇਕ ਵਿਅਕਤੀ ਪਾਈਪ ਚੁੱਕ ਕੇ ਲਿਆਉਂਦਾ ਹੈ ਤੇ ਇਕ ਤਸਕਰੀ ਦਾ ਸਾਮਾਨ ਲੈ ਕੇ ਆਉਂਦਾ ਹੈ। ਇਹ ਸਾਰਾ ਸਾਮਾਨ ਸਰਹੱਦ ਦੀ ਕੰਡਿਆਲੀ ਤਾਰ ਤੱਕ ਲਿਜਾਣ ਵਿਚ ਵੱਡਾ ਜ਼ੋਖ਼ਮ ਹੁੰਦਾ ਹੈ। ਪਿਛਲੇ ਸਾਲ ਬੀ.ਐਸ.ਐਫ. ਨੇ ਅਜਿਹੇ 17 ਤਸਕਰਾਂ ਤੇ ਘੁਸਪੈਠੀਆਂ ਨੂੰ ਹਲਾਕ ਕੀਤਾ ਸੀ। ਪਿਛਲੇ ਵਰ੍ਹੇ ਬੀ.ਐਸ.ਐਫ. ਦੇ ਜਵਾਨਾਂ ਨੇ ਖੇਤੀਬਾੜੀ ਲਈ ਵਰਤੀ ਜਾਂਦੀ ਕਹੀ ਦੇ ਦਸਤੇ ਵਿਚੋਂ ਹੈਰੋਇਨ ਬਰਾਮਦ ਕੀਤੀ ਸੀ। ਜ਼ਿਕਰਯੋਗ ਹੈ ਕਿ ਕੁਝ ਵਰ੍ਹੇ ਪਹਿਲਾਂ ਸਮਝੌਤਾ ਐਕਸਪ੍ਰੈਸ ਰਾਹੀਂ ਪਾਣੀ ਨੂੰ ਠੰਢਾ ਰੱਖਣ ਲਈ ਪਲਾਸਟਿਕ ਦੇ ਕੂਲਰ ਦੇ ਅੰਦਰਲੇ ਹਿੱਸੇ ਵਾਲੀ ਥਾਂ ਖਾਲੀ ਕਰਕੇ ਜਾਅਲੀ ਕਰੰਸੀ ਦੀ ਤਸਕਰੀ ਕੀਤੀ ਜਾਂਦੀ ਸੀ।

# ਕਿਸਾਨਾਂ ਨੂੰ ਮੁਆਵਜ਼ਾ ਦੇਣ ਵਿਚ ਦੇਰੀ ਲਈ ਕੇਂਦਰ ਦੀ ਝਾੜਝੰਬ

**ਨਵੀਂ ਦਿੱਲੀ:** ਸੁਰੱਖਿਆ ਬਲਾਂ ਲਈ ਜ਼ਮੀਨ ਗ੍ਰਹਿਣ ਕਰਨ ਮਗਰੋਂ ਬਠਿੰਡਾ ਤੇ ਸਿਰਸਾ ਦੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਵਿਚ ਹੋ ਰਹੀ ਦੇਰੀ ਲਈ ਸੁਪਰੀਮ ਕੋਰਟ ਨੇ ਕੇਂਦਰ ਦੀ ਝਾੜਝੰਬ ਤੇ ਲਾਹ-ਪਾਹ ਕੀਤੀ ਹੈ।

ਚੀਫ ਜਸਟਿਸ ਐਚ.ਐਲ. ਦੱਤੂ ਦੀ ਅਗਵਾਈ ਵਾਲੇ ਬੈਂਚ ਨੇ 2010 ਵਿਚ ਰੱਖਿਆ ਸਕੱਤਰ ਵਲੋਂ ਪਾਈਆਂ ਪਟੀਸ਼ਨਾਂ ਦਾ ਨਿਬੇੜਾ ਕਰ ਦਿੱਤਾ। ਇਹ ਪਟੀਸ਼ਨਾਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਲੋਂ ਮੁਆਵਜ਼ੇ ਦੀ ਰਾਸ਼ੀ ਬਾਰੇ ਫੈਸਲੇ ਨੂੰ ਚੁਣੌਤੀ ਦੇਣ ਬਾਰੇ ਸਨ। ਸੁਪਰੀਮ ਕੋਰਟ ਨੇ ਕੁਝ ਵਿਆਜੀ ਰਕਮ ਵਿਚ ਤਬਦੀਲੀ ਕਰ ਦਿੱਤੀ ਪਰ ਮਨਫੂਲ ਸਿੰਘ ਤੇ ਹੋਰਾਂ ਨੂੰ ਦਿੱਤੇ ਮੁਆਵਜ਼ੇ ਦੀ ਰਾਸ਼ੀ ਬਹਾਲ ਰੱਖੀ। ਕੇਂਦਰ ਵਲੋਂ ਜ਼ਮੀਨ ਗ੍ਰਹਿਣ ਕਰਨ ਤੇ ਮੁਆਵਜ਼ੇ ਦੇਣ ਬਾਰੇ ਹਾਲ ਹੀ ਵਿਚ ਲਿਆਂਦੇ ਨਵੇਂ ਕਾਨੂੰਨ ਦਾ ਹਵਾਲਾ ਦਿੰਦਿਆਂ ਬੈਂਚ ਨੇ ਕਿਹਾ ਕਿ ਸਰਕਾਰ ਕਾਨੂੰਨ ਦੀ ਪਾਲਣਾ ਕਰਨੋਂ ਟਲ ਰਹੀ ਹੈ।

ਬੈਂਚ ਨੇ ਸਰਕਾਰੀ ਵਕੀਲ ਨੂੰ ਕਿਹਾ ਕਿ ਤੁਸੀਂ ਗਣਤੰਤਰ ਦਿਵਸ ਮੌਕੇ ਪਰੇਡ ਉਤੇ 100 ਕਰੋੜ ਰੁਪਏ ਤੋਂ ਵੱਧ ਰਕਮ ਖਰਚ ਸਕਦੇ ਹੋ, ਪਰ ਜਦੋਂ 10-20 ਕਰੋੜ ਰੁਪਏ ਮੁਆਵਜ਼ੇ ਦੀ ਗੱਲ ਹੋਵੇ ਤਾਂ ਅਪੀਲਾਂ ਪਾ ਦਿੰਦੇ ਹੋ। ਸੁਪਰੀਮ ਕੋਰਟ ਨੇ ਨੋਟ ਕੀਤਾ ਕਿ ਕੇਂਦਰ ਕੌਮੀ ਲਿਟੀਗੇਸ਼ਨ ਨੀਤੀ ਨੂੰ ਨਾ ਮੰਨ ਕੇ ਆਧਾਰਹੀਣ ਅਪੀਲਾਂ ਪਾਈ ਜਾ ਰਿਹਾ ਹੈ।

# ਭ੍ਰਿਸ਼ਟਾਚਾਰ ਖਿਲਾਫ ਸ਼ਿਕਾਇਤਾਂ ਦਾ ਆਇਆ ਹੜ੍ਹ

**ਨਵੀਂ ਦਿੱਲੀ:** ਕੇਂਦਰੀ ਵਿਜੀਲੈਂਸ ਵਿਭਾਗ (ਸੀ.ਵੀ.ਸੀ.) ਨੂੰ 2014 ਵਿਚ ਭ੍ਰਿਸ਼ਟਾਚਾਰ ਦੀਆਂ 63 ਹਜ਼ਾਰ ਸ਼ਿਕਾਇਤਾਂ ਮਿਲੀਆਂ ਜੋ 2013 ਦੇ ਮੁਕਾਬਲੇ 79 ਫੀਸਦੀ ਜ਼ਿਆਦਾ ਹਨ। ਪਿਛਲੇ ਸਾਲ 63,288 ਸ਼ਿਕਾਇਤਾਂ ਮਿਲੀਆਂ ਸਨ ਅਤੇ 2013 ਵਿਚ ਇਹ ਅੰਕੜਾ 35,332 ਸ਼ਿਕਾਇਤਾਂ ਦਾ ਸੀ। ਸੀ.ਵੀ.ਸੀ. ਦੇ ਇਕ ਅਫਸਰ ਨੇ ਕਿਹਾ ਕਿ ਪਿਛਲੇ ਸਾਲ ਜਿੰਨੀਆਂ ਵੀ ਸ਼ਿਕਾਇਤਾਂ ਮਿਲੀਆਂ ਸਨ, ਉਨ੍ਹਾਂ ਦਾ ਸਮੇਂ ਸਿਰ ਨਿਪਟਾਰਾ ਕਰ ਦਿੱਤਾ ਗਿਆ ਸੀ। ਭ੍ਰਿਸ਼ਟਾਚਾਰ ਦੀਆਂ ਇਹ ਸ਼ਿਕਾਇਤਾਂ ਕੇਂਦਰ ਦੇ ਵੱਖ-ਵੱਖ ਵਿਭਾਗਾਂ ਤੇ ਮੰਤਰਾਲਿਆਂ ਨਾਲ ਸਬੰਧਤ ਸਨ। ਸ਼ਿਕਾਇਤਾਂ ਦੀ ਇਹ ਗਿਣਤੀ 2014 ਲਈ ਸੀ.ਵੀ.ਸੀ. ਦੀ ਮਹੀਨਾਵਾਰ ਰਿਪੋਰਟ 'ਤੇ ਆਧਾਰਤ ਹੈ।

ਅਫਸਰ ਮੁਤਾਬਕ ਆਖਰੀ ਗਿਣਤੀ ਸੀ.ਵੀ.ਸੀ. ਦੀ ਸਾਲਾਨਾ ਰਿਪੋਰਟ ਵਿਚ ਦਿੱਤੀ ਜਾਵੇਗੀ ਜਿਹੜੀ ਹਰ ਸਾਲ ਸੰਸਦ ਵਿਚ ਪੇਸ਼ ਕੀਤੀ ਜਾਂਦੀ ਹੈ ਤੇ ਫਿਰ ਉਸ ਨੂੰ ਜਨਤਕ ਕੀਤਾ ਜਾਂਦਾ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਸ਼ਿਕਾਇਤਾਂ ਉਹ ਸਨ ਜਿਨ੍ਹਾਂ 'ਤੇ ਠੋਸ ਦੋਸ਼ ਨਾ ਹੋਣ ਕਾਰਨ ਕੋਈ ਕਾਰਵਾਈ ਨਹੀਂ ਕੀਤੀ ਗਈ ਤੇ ਇਨ੍ਹਾਂ ਨੂੰ ਸਿਰਫ਼ ਸੀ.ਵੀ.ਸੀ. ਦੀ ਭ੍ਰਿਸ਼ਟਾਚਾਰ ਨਾਲ ਨਜਿੱਠਣ ਦੀ ਨੀਤੀ ਅਨੁਸਾਰ ਦਰਜ ਕੀਤਾ ਗਿਆ। ਵਿਸ਼ੇਸ਼ ਸ਼ਿਕਾਇਤਾਂ ਨੂੰ ਲੋੜੀਂਦੀ ਕਾਰਵਾਈ ਤੇ ਰਿਪੋਰਟ ਲਈ ਸਬੰਧਤ ਮੰਤਰਾਲਿਆਂ ਦੇ ਵਿਜੀਲੈਂਸ ਅਧਿਕਾਰੀਆਂ ਕੋਲ ਭੇਜ ਦਿੱਤਾ ਗਿਆ ਸੀ।

ਸਾਲਾਨਾ ਰਿਪੋਰਟ ਅਨੁਸਾਰ 2012 ਵਿਚ 37,039, 2011 ਵਿਚ 16,929 ਤੇ ਵਿਚ 16,260 ਸ਼ਿਕਾਇਤਾਂ ਮਿਲੀਆਂ ਸਨ। ਇਸੇ ਤਰ੍ਹਾਂ ਕਮਿਸ਼ਨ ਨੂੰ 2009 ਤੇ 2008 ਵਿਚ ਕ੍ਰਮਵਾਰ 14,206 ਅਤੇ 10,142 ਸ਼ਿਕਾਇਤਾਂ ਮਿਲੀਆਂ ਸਨ। ਚਾਰ ਮਹੀਨਿਆਂ ਤੋਂ ਪੱਕੇ ਮੁਖੀ ਤੋਂ ਬਿਨਾਂ ਕੰਮ ਕਰ ਰਹੇ ਕਮਿਸ਼ਨ ਨੇ ਪਿਛਲੇ ਵਰ੍ਹੇ 5,743 ਮਾਮਲੇ ਨਿਬੇੜੇ ਜਿਨ੍ਹਾਂ ਵਿਚ ਭ੍ਰਿਸ਼ਟ ਅਧਿਕਾਰੀਆਂ ਵਿਰੁਧ ਕਾਰਵਾਈ ਦੀ ਸਿਫ਼ਾਰਸ਼ ਕੀਤੀ ਗਈ ਸੀ।

ਕਮਿਸ਼ਨ ਦੇ ਅੰਕੜਿਆਂ ਅਨੁਸਾਰ 2013 ਵਿਚ 4,801 ਮਾਮਲੇ ਨਿਬੇੜੇ ਗਏ ਸਨ। 2012 ਤੇ 2011 ਵਿਚ ਕ੍ਰਮਵਾਰ 5,720 ਤੇ 5,341 ਮਾਮਲਿਆਂ ਵਿਚ ਸਲਾਹ ਦਿੱਤੀ ਗਈ। ਅਫਸਰ ਨੇ ਦੱਸਿਆ ਕਿ ਸੀ.ਵੀ.ਸੀ. ਕੋਲ 2013 ਦੇ ਮੁਕਾਬਲੇ 2014 ਵਿਚ ਜ਼ਿਆਦਾ ਮਾਮਲੇ ਨਿਪਟਾਏ ਗਏ ਹਨ। ਇਹ ਸਭ ਉਦੋਂ ਹੋਇਆ ਜਦ ਸੀ.ਵੀ.ਸੀ. ਕਰਮਚਾਰੀਆਂ ਦੀ ਕਮੀ ਨਾਲ ਜੂਝ ਰਿਹਾ ਹੈ। ਨਵੇਂ ਵਰ੍ਹੇ ਦੀ ਰਿਪੋਰਟ ਮੁਤਾਬਕ ਕਮਿਸ਼ਨ ਵਿਚ ਇਸ ਵੇਲੇ 230 ਕਰਮਚਾਰੀ ਕੰਮ ਕਰ ਰਹੇ ਹਨ ਜਦਕਿ ਇਥੇ 296 ਅਹੁਦੇ ਹਨ। ਕੇਂਦਰੀ ਵਿਜੀਲੈਂਸ ਕਮਿਸ਼ਨਰ ਪ੍ਰਦੀਪ ਕੁਮਾਰ ਤੇ ਵਿਜੀਲੈਂਸ ਕਮਿਸ਼ਨਰ ਜੇ.ਐਮ. ਗਰਗ ਦਾ ਪਿਛਲੇ ਸਾਲ 28 ਤੇ ਸੱਤ ਦਸੰਬਰ ਨੂੰ ਕਾਰਜਕਾਲ ਪੂਰਾ ਹੋ ਗਿਆ ਸੀ। ਸੀ.ਵੀ.ਸੀ. ਕੇਂਦਰ ਦੇ ਹੇਠ ਕੰਮ ਕਰਦੀ ਹੈ ਤੇ ਇਸ ਦੇ ਦੋ ਕਮਿਸ਼ਨਰ ਹੁੰਦੇ ਹਨ।

# ਵਿਸ਼ਵ ਕਬੱਡੀ ਕੱਪ ਵਿਚ ਸ਼ਰਾਬ ਸਨਅਤਾਂ ਨੇ ਪੁਗਾਈ 'ਵਫ਼ਾਦਾਰੀ'

**ਬਠਿੰਡਾ:** ਪੰਜਾਬ ਦੀ ਸ਼ਰਾਬ ਲਾਬੀ ਨੇ ਪੰਜਵੇਂ ਵਿਸ਼ਵ ਕਬੱਡੀ ਕੱਪ ਲਈ ਦਿਲ ਖੋਲ੍ਹ ਕੇ ਪੈਸਾ ਦਿੱਤਾ ਜਦਕਿ ਰੀਅਲ ਅਸਟੇਟ ਦੇ ਕਾਰੋਬਾਰੀ ਲੋਕਾਂ ਨੇ ਹੱਥ ਘੁੱਟ ਕੇ ਹੀ ਰੱਖਿਆ। ਭਾਵੇਂ ਸਰਕਾਰ ਨੇ ਕਬੱਡੀ ਕੱਪ ਤੋਂ ਪਹਿਲਾਂ ਹੀ ਨਸ਼ਾ ਮੁਕਤ ਪੰਜਾਬ ਦੀ ਮੁਹਿੰਮ ਵਿੱਢੀ ਸੀ ਪਰ ਫਿਰ ਵੀ ਸ਼ਰਾਬ ਸਨਅਤਾਂ ਨੇ ਦਾਨ ਦੇਣ ਤੋਂ ਹੱਥ ਪਿਛਾਂਹ ਨਹੀਂ ਖਿੱਚਿਆ ਤੇ ਦਾਨ ਦੇਣ ਵਿਚ ਪਿਛਲੇ ਰਿਕਾਰਡ ਤੋੜ ਦਿੱਤੇ ਹਨ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਕਰਕੇ ਖੇਡਾਂ ਵੱਲ ਪ੍ਰੇਰਿਤ ਕਰਨ ਵਾਸਤੇ ਹਰ ਵਰ੍ਹੇ ਵਿਸ਼ਵ ਕਬੱਡੀ ਕੱਪ ਕਰਾਇਆ ਜਾ ਰਿਹਾ ਹੈ। ਖੇਡ ਵਿਭਾਗ ਪੰਜਾਬ ਨੇ ਆਰ.ਟੀ.ਆਈ. ਵਿਚ ਖੁਲਾਸਾ ਕੀਤਾ ਹੈ ਕਿ ਸ਼ਰਾਬ ਦੀਆਂ 17 ਸਨਅਤਾਂ ਨੇ ਪੰਜਵੇਂ ਕਬੱਡੀ ਕੱਪ ਵਾਸਤੇ 1.55 ਕਰੋੜ ਰੁਪਏ ਦੀ ਮਾਲੀ ਮਦਦ ਦਿੱਤੀ ਹੈ ਜਦਕਿ ਰੀਅਲ ਅਸਟੇਟ ਦੇ ਕਾਰੋਬਾਰੀ ਲੋਕਾਂ ਨੇ ਸਿਰਫ਼ 1.05 ਲੱਖ ਦੀ ਸਪਾਂਸਰਸ਼ਿਪ ਦੇ ਰੂਪ ਵਿਚ ਯੋਗਦਾਨ ਪਾਇਆ।

ਹਾਲਾਂਕਿ ਹਰ ਵਰ੍ਹੇ ਕਬੱਡੀ ਕੱਪ ਵਾਸਤੇ ਸ਼ਰਾਬ ਸਨਅਤਾਂ ਤੋਂ ਮਾਲੀ ਮਦਦ ਸਰਕਾਰ ਲੈਂਦੀ ਹੈ ਪਰ ਕਦੇ ਵੀ ਇਹ ਮਦਦ ਇਕ ਕਰੋੜ ਤੋਂ ਵਧੀ ਨਹੀਂ ਸੀ ਤੇ ਕੁੱਲ 10 ਦੇ ਕਰੀਬ ਸ਼ਰਾਬ ਸਨਅਤਾਂ ਹੀ ਦਾਨ ਦਿੰਦੀਆਂ ਸਨ। ਐਤਕੀਂ 17 ਸ਼ਰਾਬ ਸਨਅਤਾਂ ਨੇ ਕਬੱਡੀ ਵਾਸਤੇ ਦਾਨ ਦਿੱਤਾ ਹੈ। ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਦੀ

### ਨਸ਼ਾ ਵਿਰੋਧੀ ਮੁਹਿੰਮ ਦੇ ਬਾਵਜੂਦ ਖੁੱਲ੍ਹ ਕੇ ਦਿੱਤਾ ਦਾਨ



ਸ਼ਰਾਬ ਸਨਅਤ ਨੇ ਵੀ ਕਬੱਡੀ ਕੱਪ ਵਾਸਤੇ 15 ਲੱਖ ਰੁਪਏ ਦੀ ਵਿੱਤੀ ਮਦਦ ਦਿੱਤੀ ਹੈ।

ਸਰਕਾਰੀ ਸੂਚਨਾ ਅਨੁਸਾਰ ਮੈਸਰਜ਼ ਜਗਜੀਤ ਇੰਡਸਟਰੀਜ਼, ਮੈਸਰਜ਼ ਪਟਿਆਲਾ ਡਿਸਟਿਲਰੀਜ਼ ਤੇ ਚੰਡੀਗੜ੍ਹ ਡਿਸਟਿਲਰੀਜ਼ ਨੇ ਤਾਂ ਪੰਦਰਾਂ ਪੰਦਰਾਂ ਲੱਖ ਦੇ ਚੈੱਕ ਦਿੱਤੇ ਹਨ। ਚਾਰ ਸ਼ਰਾਬ ਸਨਅਤਾਂ ਨੇ ਦਸ-ਦਸ ਲੱਖ ਦਾ ਦਾਨ ਦਿੱਤਾ ਹੈ, ਜਿਨ੍ਹਾਂ ਵਿਚ ਮੈਸਰਜ਼ ਬੀ.ਸੀ.ਐਲ. ਇੰਡਸਟਰੀਜ਼, ਏਬੀ ਗਰੇਨਜ਼ ਸਪਿਰਟਸ, ਮੈਸਰਜ਼ ਮਾਊਂਟ ਸ਼ਿਵਾਲਕ ਤੇ ਮੈਸਰਜ਼ ਪਾਇਅਨਰਜ਼ ਸ਼ਾਮਲ ਹਨ। ਦੂਸਰੇ ਵਿਸ਼ਵ ਕਬੱਡੀ ਕੱਪ ਵਿਚ ਸਿਰਫ਼ 9 ਸ਼ਰਾਬ ਸਨਅਤਾਂ ਨੇ ਸਿਰਫ਼ 55 ਲੱਖ ਰੁਪਏ ਹੀ ਦਿੱਤੇ ਸਨ। ਪੰਜਵੇਂ ਕਬੱਡੀ ਕੱਪ ਵਾਸਤੇ ਐਚ.ਡੀ.ਐਫ.ਸੀ. ਬੈਂਕ ਨੇ ਦੋ ਲੱਖ ਰੁਪਏ, ਪੰਜਾਬ ਨੈਸ਼ਨਲ ਬੈਂਕ ਖਰੜ ਨੇ ਦੋ ਲੱਖ ਰੁਪਏ, ਮੈਸਰਜ਼ ਪਿਊਮਾ ਰਿਲੇਟਰਜ਼ ਨੇ 10 ਲੱਖ ਰੁਪਏ ਦਿੱਤੇ ਹਨ। ਰੀਅਲ ਅਸਟੇਟ ਵਿਚੋਂ ਸਭ ਤੋਂ ਜ਼ਿਆਦਾ ਰਾਸ਼ੀ ਓਮੈਕਸ ਚੰਡੀਗੜ੍ਹ ਨੇ 24.50 ਲੱਖ ਰੁਪਏ ਦੀ ਦਿੱਤੀ ਹੈ ਜਦਕਿ ਬਾਜਵਾ ਡਿਵੈਲਪਰਜ਼ ਨੇ 9.80 ਲੱਖ, ਜਨਤਾ ਲੈਂਡ ਪ੍ਰਮੋਟਰਜ਼ ਨੇ 8.72 ਲੱਖ, ਪ੍ਰੀਤਲੈਂਡ ਨੇ ਪੰਜ ਲੱਖ, ਸਿਪਰਾ ਅਸਟੇਟ ਨੇ ਢਾਈ ਲੱਖ ਦਿੱਤੇ ਹਨ।

## ਬਹੁਤੀਆਂ ਟੀਮਾਂ ਨੂੰ ਅਜੇ ਵੀ ਜਾਰੀ ਨਾ ਹੋਈ ਰਕਮ

ਦੂਸਰੇ ਪਾਸੇ ਪੰਜਵੇਂ ਕਬੱਡੀ ਕੱਪ ਵਿਚ ਖੇਡਣ ਵਾਲੀਆਂ ਬਹੁਤੀਆਂ ਟੀਮਾਂ ਨੂੰ ਹਾਲੇ ਤੱਕ ਸਰਕਾਰ ਨੇ ਨਗਦ ਰਾਸ਼ੀ ਨਹੀਂ ਦਿੱਤੀ ਹੈ। ਸਰਕਾਰ ਨੂੰ ਐਤਕੀਂ ਟਾਈਟਲ ਸਪਾਂਸਰਸ਼ਿਪ ਨਹੀਂ ਮਿਲੀ ਜਦਕਿ ਪਿਛਲੇ ਸਾਲਾਂ ਵਿਚ ਪਰਲਜ਼ ਗਰੁਪ ਵਲੋਂ ਹੀ ਤਕਰੀਬਨ ਸੱਤ ਕਰੋੜ ਰੁਪਏ ਦਾ ਯੋਗਦਾਨ ਪਾਇਆ ਜਾਂਦਾ ਸੀ।

ਖੇਡ ਵਿਭਾਗ ਪੰਜਾਬ ਦੇ ਡਾਇਰੈਕਟਰ ਤੇਜਿੰਦਰ ਸਿੰਘ ਧਾਲੀਵਾਲ ਦਾ ਕਹਿਣਾ ਸੀ ਕਿ ਐਤਕੀਂ ਕਬੱਡੀ ਲੀਗ ਹੋਣ ਕਰਕੇ ਸਪਾਂਸਰਸ਼ਿਪ ਘੱਟ ਮਿਲੀ ਹੈ ਤੇ ਮਹਿਕਮੇ ਵਲੋਂ ਪੂਰੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਕਬੱਡੀ ਟੀਮਾਂ ਨੂੰ ਇਨਾਮ ਦਿੱਤੇ ਜਾਣ ਬਾਰੇ ਉਨ੍ਹਾਂ ਆਖਿਆ ਕਿ ਸਾਡੇ ਵਲੋਂ ਇਨਾਮੀ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ ਪਰ ਫਾਰਨ ਐਕਸਚੇਂਜ ਤੇ ਸਰਟੀਫਿਕੇਟਾਂ ਦੀ ਪ੍ਰਕਿਰਿਆ ਥੋੜੀ ਲੰਮੀ ਹੋਣ ਕਰਕੇ ਰਾਸ਼ੀ ਭੇਜਣ ਵਿਚ ਥੋੜਾ ਸਮਾਂ ਲੱਗ ਜਾਂਦਾ ਹੈ। ਪੰਜਾਬ ਸਰਕਾਰ ਨੇ ਪੰਜਵੇਂ ਕਬੱਡੀ ਕੱਪ ਦਾ 16.85 ਕਰੋੜ ਰੁਪਏ ਦਾ ਬਜਟ ਰੱਖਿਆ ਸੀ ਤੇ ਤਿੰਨ ਜਨਵਰੀ 2015 ਨੂੰ ਸੱਤ ਕਰੋੜ ਰੁਪਏ ਖਜ਼ਾਨੇ ਵਿਚੋਂ ਜਾਰੀ ਕੀਤੇ ਸਨ। ਸਰਕਾਰ ਨੇ 98 ਲੱਖ ਰੁਪਏ ਜਿਲ੍ਹਿਆਂ ਨੂੰ ਜਾਰੀ ਕੀਤੇ ਹਨ, ਜਿਥੇ ਮੈਚ ਕਰਾਏ ਗਏ ਸਨ। ਫੈਰਿਸਵੀਲ ਕੰਪਨੀ ਵਲੋਂ ਕਬੱਡੀ ਕੱਪ ਦੇ ਉਦਘਾਟਨੀ ਤੇ ਸਮਾਪਤੀ ਸਮਾਰੋਹ ਕਰਵਾਏ ਗਏ ਹਨ, ਜਿਸ ਦਾ ਖਰਚ 4.97 ਕਰੋੜ ਰੁਪਏ ਆਇਆ ਹੈ। ਸਰਕਾਰ ਨੇ ਇਸ ਵਿਚੋਂ 4.47 ਕਰੋੜ ਰੁਪਏ ਜਾਰੀ ਵੀ ਕਰ ਦਿੱਤੇ ਹਨ।

ਪੰਜਵਾਂ ਵਿਸ਼ਵ ਕਬੱਡੀ ਕੱਪ ਦੀ ਸਮਾਪਤੀ ਪਿੰਡ ਬਾਦਲ ਵਿਖੇ ਹੋਈ ਸੀ। ਉਦਘਾਟਨੀ ਸਮਾਰੋਹਾਂ ਵਿਚ ਸੋਨਾਕਸ਼ੀ ਸਿਨਹਾ ਤੇ ਅਰਜਨ ਕਪੂਰ ਨੇ ਰੰਗ ਬੰਨ੍ਹਿਆ ਸੀ।

5ਵਾਂ ਵਿਸ਼ਵ ਕਬੱਡੀ ਕੱਪ ਪੰਜਾਬੀ ਗਾਇਕਾਂ ਲਈ ਵੀ ਲਾਹੇਵੰਦ ਰਿਹਾ। ਪੰਜਾਬ ਸਰਕਾਰ ਨੇ ਨੌਂ ਪੰਜਾਬੀ ਕਲਾਕਾਰ ਬੁੱਕ ਕੀਤੇ ਸਨ, ਜਿਨ੍ਹਾਂ ਨੂੰ 11.34 ਲੱਖ ਰੁਪਏ ਦੀ ਰਾਸ਼ੀ ਦਿੱਤੀ ਗਈ। ਇਨ੍ਹਾਂ ਕਲਾਕਾਰਾਂ ਨੇ ਵੱਖ-ਵੱਖ ਸ਼ਹਿਰਾਂ ਵਿਚ ਕਬੱਡੀ ਮੈਚਾਂ ਦੌਰਾਨ ਜੌਹਰ ਦਿਖਾਏ ਸਨ। ਪਰਮਜੀਤ ਸਿੰਘ ਪੰਮੀ ਨੂੰ ਦੋ ਪ੍ਰੋਗਰਾਮਾਂ ਦੇ ਦੋ ਲੱਖ ਰੁਪਏ, ਰਵਿੰਦਰ ਗਰੇਵਾਲ ਨੂੰ 89 ਹਜ਼ਾਰ, ਸਤਵਿੰਦਰ ਬੁੱਗਾ ਨੂੰ 89 ਹਜ਼ਾਰ, ਸਰਬਜੀਤ ਚੀਮਾ ਨੂੰ ਇਕ ਲੱਖ, ਸਤਵਿੰਦਰ ਬਿੱਟੀ ਨੂੰ 89 ਹਜ਼ਾਰ, ਸੁਖਵਿੰਦਰ ਸਿੰਘ ਸੁੱਖੀ ਨੂੰ ਦੋ ਦਿਨਾਂ ਦੇ 1.78 ਲੱਖ, ਰੁਪਿੰਦਰ ਕੌਰ ਹਾਂਡਾ ਨੂੰ ਦੋ ਦਿਨਾਂ ਦੇ ਦੋ ਲੱਖ, ਮੈਸਰਜ਼ ਗੁਲਾਬ ਮਿਊਜ਼ਿਕ ਨੂੰ 89 ਹਜ਼ਾਰ ਤੇ ਇੰਦਰਜੀਤ ਨਿੱਕੂ ਨੂੰ ਇਕ ਲੱਖ ਰੁਪਏ ਦਿੱਤੇ।

# ਹਵਾਲਾਤੀ ਅਦਾਲਤ ਵਿਚ ਆਪਣਾ ਪੱਖ ਰੱਖਣ ਤੋਂ ਵੀ ਵਾਂਝੇ

**ਚੰਡੀਗੜ੍ਹ (ਬਿਊਰੋ):** ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਖੁਦ ਇਕਬਾਲ ਕੀਤਾ ਹੈ ਕਿ ਉਹ ਵੱਖ-ਵੱਖ ਮੁਕੱਦਮਿਆਂ ਦੀਆਂ ਅਦਾਲਤੀ ਤਾਰੀਖਾਂ ਦੌਰਾਨ ਕੈਦੀਆਂ ਨੂੰ ਹੇਠਲੀਆਂ ਅਦਾਲਤਾਂ ਸਾਹਮਣੇ ਪੇਸ਼ ਕਰਨ ਵਿਚ ਨਾਕਾਮ ਰਹੀ ਹੈ।


ਹਾਈਕੋਰਟ ਸਾਹਮਣੇ 721 ਅਜਿਹੇ ਕੈਦੀਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਵਿਚੋਂ ਕਈਆਂ ਨੂੰ ਤਾਂ ਵੀਹ ਤੋਂ ਵੱਧ ਵਾਰ ਅਦਾਲਤਾਂ ਵਿਚ ਪੇਸ਼ ਨਹੀਂ ਕੀਤਾ ਗਿਆ। ਜ਼ਿਆਦਾਤਰ ਕੈਦੀਆਂ ਨੂੰ ਪੁਲਿਸ ਮੁਲਾਜ਼ਮਾਂ ਤੇ ਵਾਹਨਾਂ ਦੀ ਕਮੀ ਦੇ ਕਾਰਨ ਪੇਸ਼ ਨਹੀਂ ਕੀਤਾ ਜਾ ਸਕਿਆ। ਪੰਜਾਬ ਸਰਕਾਰ ਨਸ਼ਿਆਂ ਦੇ ਕਾਰੋਬਾਰ ਅਤੇ ਸੇਵਨ ਨੂੰ ਰੋਕਣ ਦੇ ਦਾਅਵੇ ਕਰ ਰਹੀ ਹੈ ਪਰ ਨਸ਼ੇ ਦੇ ਇਲਜ਼ਾਮ ਵਿਚ ਫੜੇ ਵਿਅਕਤੀਆਂ ਨੂੰ ਅਦਾਲਤ ਵਿਚ ਆਪਣਾ ਪੱਖ ਰੱਖਣ ਦਾ ਮੌਕਾ ਵੀ ਨਾ ਦੇਣਾ ਇਸ ਦੀ ਗੰਭੀਰਤਾ ਨੂੰ ਸ਼ੱਕ ਦੇ ਘੇਰੇ ਵਿਚ ਲਿਆਉਂਦਾ ਹੈ।

ਇਹ ਖਤਰਨਾਕ ਸਥਿਤੀ ਸੂਬਾ ਸਰਕਾਰ ਨੇ ਖੁਦ ਹਾਈਕੋਰਟ ਦੇ ਧਿਆਨ ਵਿਚ ਲਿਆਂਦੀ, ਜਿਸ ਨੇ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ। ਇਸ ਨੂੰ 'ਹਵਾਲਾਤੀਆਂ ਦੇ ਮੁਢਲੇ ਅਧਿਕਾਰਾਂ ਦੀ ਘੋਰ ਅਵੱਗਿਆ' ਕਰਾਰ ਦਿੰਦਿਆਂ ਜਸਟਿਸ ਨਰੇਸ਼ ਕੁਮਾਰ ਸਾਂਘੀ ਨੇ ਡੀ.ਜੀ.ਪੀ. ਨੂੰ ਹਲਫਨਾਮਾ ਦੇਣ ਲਈ ਕਿਹਾ ਹੈ। ਡੀ.ਜੀ.ਪੀ. ਨੂੰ ਵਿਸ਼ੇਸ਼ ਤੌਰ 'ਤੇ ਇਹ ਦੱਸਣ ਲਈ ਕਿਹਾ ਗਿਆ ਹੈ ਕਿ ਹਵਾਲਾਤੀਆਂ ਨੂੰ ਇੰਨੇ ਅਹਿਮ ਤੇ ਬੁਨਿਆਦੀ ਅਧਿਕਾਰ ਤੋਂ ਕਿਉਂ ਵਾਂਝੇ ਰੱਖਿਆ ਜਾ ਰਿਹਾ ਹੈ। ਜਸਟਿਸ ਸਾਂਘੀ ਨੇ ਹਰਿਆਣਾ ਦੇ ਐਡਵੋਕੇਟ ਜਨਰਲ ਤੇ ਯੂ.ਟੀ. ਦੇ ਸਰਕਾਰੀ ਵਕੀਲ ਨੂੰ ਆਪੋ-ਆਪਣੀਆਂ ਜੇਲ੍ਹਾਂ ਵਿਚ ਬੰਦ ਤੇ ਬਹੁਤੀਆਂ ਤਰੀਕਾਂ 'ਤੇ ਅਦਾਲਤਾਂ ਵਿਚ ਪੇਸ਼ ਨਾ ਕੀਤੇ ਜਾ ਰਹੇ ਹਵਾਲਾਤੀਆਂ ਦੇ ਪੂਰੇ ਵੇਰਵੇ ਲੈ ਕੇ ਕੇਸ ਵਿਚ ਪੇਸ਼ ਹੋਣ ਲਈ ਨੋਟਿਸ ਜਾਰੀ ਕੀਤਾ ਹੈ। ਜਸਟਿਸ ਸਾਂਘੀ ਨੇ ਇਹ ਹੁਕਮ ਸੋਨੂ ਨਾਗਰਾ ਨਾਂ ਦੇ ਵਿਅਕਤੀ ਦੀ ਜ਼ਮਾਨਤ ਦੀ ਅਰਜ਼ੀ 'ਤੇ ਦਿੱਤੇ। ਕਪੂਰਥਲਾ ਦੀ ਮਾਡਰਨ ਜੇਲ੍ਹ ਵਿਚ ਬੰਦ ਕੀਤੇ ਜਾਣ ਤੋਂ ਪਹਿਲਾਂ ਅਕਤੂਬਰ 2012 ਵਿਚ ਉਸ ਵਿਰੁਧ ਐਨ.ਡੀ.ਪੀ.ਐਸ. ਐਕਟ ਅਧੀਨ ਕੇਸ ਦਰਜ ਕੀਤਾ ਗਿਆ ਸੀ। ਸੁਣਵਾਈ ਦੌਰਾਨ ਅਦਾਲਤ ਨੇ ਦੇਖਿਆ ਕਿ ਸੋਨੂੰ ਘੱਟੋ-ਘੱਟ 15 ਵਾਰ ਹੇਠਲੀ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ ਸੀ।

ਜਸਟਿਸ ਸਾਂਘੀ ਨੇ ਦੇਖਿਆ ਕਿ ਨਸ਼ੀਲੇ ਪਦਾਰਥਾਂ ਦੇ ਕੇਸਾਂ ਦੇ ਹਵਾਲਾਤੀ ਸਾਲਾਂਬੱਧੀ ਜੇਲ੍ਹਾਂ ਵਿਚ ਪਏ ਰਹਿੰਦੇ ਹਨ ਤੇ ਪੁਲਿਸ ਸਬੂਤ ਵੀ ਸਮੇਂ ਸਿਰ ਪੇਸ਼ ਨਹੀਂ ਕਰਦੀ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਗਵਾਹਾਂ ਦੇ ਬਿਆਨ ਉਨ੍ਹਾਂ ਦੀ ਹਾਜ਼ਰੀ ਦੇ ਬਾਵਜੂਦ ਦਰਜ ਨਹੀਂ ਕੀਤੇ ਜਾਂਦੇ ਕਿਉਂਕਿ ਕਦੇ ਕਿਸੇ ਕਾਰਨ, ਕਦੇ ਕਿਸੇ ਕਾਰਨ ਬਹੁਤੇ ਕੇਸਾਂ ਵਿਚ ਹਵਾਲਾਤੀ ਅਦਾਲਤਾਂ ਵਿਚ ਪੇਸ਼ ਹੀ ਨਹੀਂ ਕੀਤੇ ਜਾਂਦੇ। 721 ਕੈਦੀਆਂ ਨੂੰ ਪੁਲਿਸ ਲਾਈਨਾਂ ਤੋਂ ਪੁਲਿਸ ਐਸਕਾਰਟ ਨਾ ਮਿਲਣ ਕਾਰਨ ਪੇਸ਼ੀਆਂ 'ਤੇ ਨਹੀਂ ਲਿਜਾਇਆ ਜਾ ਸਕਿਆ।

ਇਕ ਕੇਸ ਵਿਚ ਡਾਕਟਰੀ ਆਧਾਰ 'ਤੇ 15 ਹਵਾਲਾਤੀ ਵੱਖ-ਵੱਖ ਅਦਾਲਤਾਂ ਵਿਚ ਚਲਦੇ ਕੇਸਾਂ ਦੀਆਂ ਤਰੀਕਾਂ ਰਲਣ ਕਾਰਨ ਪੇਸ਼ ਨਹੀਂ ਕੀਤੇ ਜਾ ਸਕੇ। ਤਕਨਾਲੋਜੀ ਵੀ ਕੋਈ ਲਾਹੇਵੰਦ ਨਹੀਂ ਸਿੱਧ ਹੋ ਰਹੀ। ਇਕ ਹਵਾਲਾਤੀ 32 ਪੇਸ਼ੀਆਂ ਵਿਚੋਂ 20 ਵਾਰ ਪੇਸ਼ ਹੀ ਨਹੀਂ ਕੀਤਾ ਗਿਆ। ਇਨ੍ਹਾਂ ਅੰਕੜਿਆਂ ਨੂੰ ਡਰਾਉਣੇ ਕਰਾਰ ਦਿੰਦਿਆਂ ਅਦਾਲਤ ਨੇ ਅਗਲੀ ਸੁਣਵਾਈ 13 ਮਾਰਚ 'ਤੇ ਪਾ ਦਿੱਤੀ।

### ਹਾਈਕੋਰਟ ਨੇ ਪੰਜਾਬ ਪੁਲਿਸ ਮੁਖੀ ਤੋਂ ਮੰਗਿਆ ਜਵਾਬ



### ਅਦਾਲਤ ਵਲੋਂ ਪੁਲਿਸ ਦੀ ਕਾਰਗੁਜ਼ਾਰੀ 'ਤੇ ਚਿੰਤਾ

ਅਦਾਲਤ ਨੇ ਪੰਜਾਬ ਪੁਲਿਸ ਦੀ ਕਾਰਗੁਜ਼ਾਰੀ 'ਤੇ ਵੀ ਚਿੰਤਾ ਜਤਾਈ ਹੈ। ਕੁਝ ਦਿਨ ਪਹਿਲਾਂ ਹੀ ਸੁੱਖਾ ਕਾਹਲਵਾਂ ਨੂੰ ਪੇਸ਼ੀ ਤੋਂ ਵਾਪਸ ਆਉਂਦਿਆਂ ਛੇ ਪੁਲਿਸ ਕਰਮਚਾਰੀਆਂ ਦੀ ਹਾਜ਼ਰੀ ਵਿਚ ਮਾਰ ਦੇਣ ਤੇ ਪੁਲਿਸ ਦੇ ਮੂਕ ਦਰਸ਼ਕ ਬਣ ਜਾਣ ਦਾ ਮਾਮਲਾ ਵੀ ਜੱਗ ਜ਼ਾਹਿਰ ਹੈ। ਆਏ ਦਿਨ ਸਿਆਸੀ ਦਬਾਅ ਹੇਠ ਥਾਣਿਆਂ ਵਿਚ ਲੋਕਾਂ ਨਾਲ ਜ਼ਿਆਦਤੀਆਂ ਆਮ ਗੱਲ ਬਣ ਚੁੱਕੀ ਹੈ। ਅਦਾਲਤ ਨੇ ਕਿਹਾ ਹੈ ਕਿ ਕਾਨੂੰਨ ਦਾ ਉਲੰਘਣ ਰੋਕਣ ਲਈ ਬਣੀ ਪੁਲਿਸ ਤੋਂ ਕਾਨੂੰਨ ਦੇ ਮੁਤਾਬਕ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਕਾਨੂੰਨ ਵਿਵਸਥਾ ਉਤੇ ਸੁਆਲ ਉਠਣੇ ਸੁਭਾਵਿਕ ਹਨ। ਪੰਜਾਬ ਵਰਗੇ ਛੋਟੇ ਜਿਹੇ ਸੂਬੇ ਵਿਚ ਕਰੀਬ 70 ਹਜ਼ਾਰ ਦੀ ਨਫਰੀ ਵਾਲੀ ਪੁਲਿਸ ਕੋਲ ਮੁਲਾਜ਼ਮਾਂ ਤੇ ਗੱਡੀਆਂ ਦੀ ਕਮੀ ਵੀ ਵੱਡੇ ਸੁਆਲ ਪੈਦਾ ਕਰਦੀ ਹੈ। ਬਹੁਤ ਸਾਰੀ ਪੁਲਿਸ ਫੋਰਸ ਅਜੇ ਵੀ ਬਿਨਾਂ ਕਿਸੇ ਖ਼ਤਰੇ ਵਾਲੇ ਵੀ.ਆਈ.ਪੀਜ਼. ਦਾ ਰੁਤਬਾ ਵਧਾਉਣ ਲਈ ਉਨ੍ਹਾਂ ਦੀ ਡਿਊਟੀ ਵਜਾ ਰਹੀ ਹੈ। ਪੰਜਾਬ ਵਿਚ ਰਸੂਖਵਾਨਾਂ ਵਲੋਂ ਪੁਲਿਸ ਕਮਾਂਡੋ ਨਾਲ ਲੈ ਕੇ ਚੱਲਣਾ ਆਮ ਵਰਤਾਰਾ ਬਣ ਗਿਆ ਹੈ। ਬਟਾਲੀਅਨਾਂ ਵਿਚ ਬੈਠੀ ਪੁਲਿਸ ਵੀ ਰੋਜ਼ਮੱਰਾ ਦੇ ਕੰਮ ਤੋਂ ਦੂਰ ਹੈ।

# ਖੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਲਈ ਰਾਹਤ ਨੀਤੀ ਸਵਾਲਾਂ ਦੇ ਘੇਰੇ 'ਚ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀ ਕਰ ਚੁੱਕੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਲਈ ਬਣਾਈ ਰਾਹਤ ਨੀਤੀ 'ਤੇ ਵਿਵਾਦ ਖੜ੍ਹਾ ਹੋ ਗਿਆ ਹੈ। ਵੱਡੀ ਗਿਣਤੀ ਕਿਸਾਨ ਜਥੇਬੰਦੀਆਂ ਨੇ ਇਸ ਨੀਤੀ ਨੂੰ ਕਿਸਾਨਾਂ ਨਾਲ ਮਜ਼ਾਕ ਕਰਾਰ ਦਿੱਤਾ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਕਾਰਨ ਪੀੜਤ ਪਰਿਵਾਰਾਂ ਨੂੰ ਰਾਹਤ ਬਾਰੇ ਜਨਹਿੱਤ ਪਟੀਸ਼ਨ ਉਤੇ ਸੁਣਵਾਈ ਦੌਰਾਨ ਸੂਬਾ ਸਰਕਾਰ ਨੂੰ ਨੀਤੀ ਬਣਾਉਣ ਦਾ ਹੁਕਮ ਦਿੱਤਾ ਸੀ। ਅਦਾਲਤ ਦੇ ਹੁਕਮ ਉਤੇ ਸਰਕਾਰ ਵਲੋਂ ਪੰਜਾਬ ਰਾਜ ਕਿਸਾਨ ਕਮਿਸ਼ਨ ਦੇ ਚੇਅਰਮੈਨ ਡਾ. ਜੀ.ਐਸ. ਕਾਲਕਟ ਦੀ ਅਗਵਾਈ ਹੇਠ ਬਣਾਈ ਕਮੇਟੀ ਨੇ ਜੁਲਾਈ 2014 ਵਿਚ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਸੀ। ਹਾਈਕੋਰਟ ਨੇ 8 ਅਗਸਤ 2014 ਨੂੰ ਰਿਪੋਰਟ ਦੇ ਆਧਾਰ 'ਤੇ 4 ਮਹੀਨਿਆਂ ਅੰਦਰ ਮੁਆਵਜ਼ਾ ਨੀਤੀ ਬਣਾਉਣ ਦੇ ਆਦੇਸ਼ ਦਿੱਤੇ ਸਨ।

ਇਸ ਨੀਤੀ ਤਹਿਤ ਪੀੜਤ ਪਰਿਵਾਰ ਨੂੰ ਪੰਜਾਹ ਹਜ਼ਾਰ ਰੁਪਏ ਨਕਦ ਤੇ ਡੇਢ ਲੱਖ ਰੁਪਏ ਬੈਂਕ ਵਿਚ ਰੱਖ ਕੇ ਇਸ ਦੇ ਵਿਆਜ ਦੇ ਰੂਪ ਵਿਚ ਪੈਨਸ਼ਨ ਮਿਲੇਗੀ। ਨੌਂ ਫੀਸਦੀ ਵਿਆਜ ਦੇ ਹਿਸਾਬ ਨਾਲ ਸਿਰਫ ਬਾਰ੍ਹਾਂ ਸੌ ਰੁਪਏ ਪੈਨਸ਼ਨ ਪੀੜਤ ਪਰਿਵਾਰ ਲਈ ਬਹੁਤ ਨਿਗੂਣੀ ਸਹਾਇਤਾ ਹੈ। ਮਹਿੰਗਾਈ ਦੇ ਮੌਜੂਦਾ ਦੌਰ ਵਿਚ ਇਸ ਨਾਲ ਗੁਜ਼ਾਰਾ ਕਰਨਾ ਨਾਮੁਮਕਿਨ ਹੈ। ਕਿਸਾਨ ਜਥੇਬੰਦੀਆਂ ਘੱਟੋ-ਘੱਟ ਪੰਜ ਲੱਖ ਰੁਪਏ ਦੇਣ ਦੀ ਮੰਗ ਕਰ ਰਹੀਆਂ ਹਨ। ਖੇਤੀਬਾੜੀ ਵਿਭਾਗ ਵਲੋਂ ਇਕ ਸਾਲ ਤੱਕ ਸਬੰਧਤ ਪਰਿਵਾਰ ਦੀ ਫ਼ਸਲ ਦੇ ਮਾਮਲੇ ਵਿਚ ਸਹਾਇਤਾ ਕਰਨ ਦਾ ਵਿਚਾਰ ਵੀ ਕਾਲਪਨਿਕ ਦਿਖਾਈ ਦਿੰਦਾ ਹੈ ਕਿਉਂਕਿ ਵਿਭਾਗ ਪਹਿਲਾਂ ਹੀ ਵੱਡੇ ਪੈਮਾਨੇ ਉਤੇ ਮੁਲਾਜ਼ਮਾਂ ਦੀ ਕਮੀ ਨਾਲ ਜੂਝ ਰਿਹਾ ਹੈ। ਇਸ ਨੂੰ ਪਹਿਲਾਂ ਵਾਲੀਆਂ ਯੋਜਨਾਵਾਂ ਲਾਗੂ ਕਰਨ ਵਿਚ ਵੀ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਪਹਿਲੇ ਸਰਵੇ ਵਿਚੋਂ ਵੀ 2200 ਪਰਿਵਾਰ ਤਾਂ ਇਸ ਲਈ ਛੱਡ ਦਿੱਤੇ ਗਏ ਕਿਉਂਕਿ ਉਨ੍ਹਾਂ ਸਿਰ ਕਰਜ਼ਾ ਨਹੀਂ ਸੀ ਪਰ ਕਰਜ਼ਾ ਉਤਾਰਨ ਲਈ ਉਨ੍ਹਾਂ ਦੀਆਂ ਜ਼ਮੀਨਾਂ ਵਿਕ ਗਈਆਂ। ਪਿਛਲੇ ਸਾਲ ਕਿਸਾਨ ਅੰਦੋਲਨ ਤੋਂ ਬਾਅਦ ਡੀਸੀਜ਼ ਦੀ ਅਗਵਾਈ ਵਿਚ ਕਮੇਟੀਆਂ ਬਣੀਆਂ ਸਨ ਪਰ ਅੱਗੋਂ ਕੋਈ ਕਾਰਵਾਈ ਨਹੀਂ ਹੋਈ।

ਜ਼ਿਕਰਯੋਗ ਹੈ ਕਿ 2001 ਵਿਚ ਵਿਧਾਨ ਸਭਾ ਅੰਦਰ ਬਜਟ ਪੇਸ਼ ਕਰਦੇ ਹੋਏ ਤਤਕਾਲੀ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੇ ਵੀ ਪੀੜਤ ਪਰਿਵਾਰਾਂ ਲਈ ਦੋ-ਦੋ ਲੱਖ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ ਸੀ। ਇਸ ਲਈ ਪੰਜ ਕਰੋੜ ਰੁਪਏ ਦੀ ਰਾਸ਼ੀ ਵੀ ਰੱਖੀ ਗਈ ਸੀ। ਇਹ ਵੱਖਰੀ ਗੱਲ ਹੈ ਇਹ ਨੀਤੀ ਲਾਗੂ ਨਹੀਂ ਹੋਈ। 14 ਸਾਲਾਂ ਬਾਅਦ ਵੀ ਦੋ ਲੱਖ ਦੀ ਰਾਸ਼ੀ ਕਿਸਾਨ ਜਥੇਬੰਦੀਆਂ ਦੇ ਗਲੇ ਨਹੀਂ ਉਤਰ ਰਹੀ। ਰਾਜ ਸਰਕਾਰ ਵਲੋਂ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਰਾਹੀਂ ਖੁਦਕੁਸ਼ੀ ਪੀੜਤਾਂ ਦੇ ਕਰਵਾਏ ਸਰਵੇਖਣ ਦੌਰਾਨ ਤਕਰੀਬਨ 70 ਹਜ਼ਾਰ ਪੀੜਤ ਪਰਿਵਾਰ ਸਾਹਮਣੇ ਆਏ ਸਨ। ਇਨ੍ਹਾਂ ਵਿਚੋਂ ਵੀ ਸਭ ਨੂੰ ਮੁਆਵਜ਼ਾ ਨਹੀਂ ਮਿਲਿਆ। ਇਹ ਸਰਵੇ 2010 ਤੱਕ ਦੇ ਕੇਸਾਂ ਦਾ ਸੀ। ਇਸ ਤੋਂ ਬਾਅਦ ਸਰਕਾਰ ਨੇ ਸਰਵੇ ਕਰਵਾਉਣ ਦਾ ਕੀਤਾ ਵਾਅਦਾ ਅਜੇ ਤੱਕ ਨਹੀਂ ਨਿਭਾਇਆ।

## ਜਥੇਦਾਰਾਂ ਦੀ ਨਿਯੁਕਤੀ ਬਾਰੇ ਕਮੇਟੀ ਦੀ ਪਲੇਠੀ ਮੀਟਿੰਗ ਬੇਸਿੱਟਾ

ਆਨੰਦਪੁਰ ਸਾਹਿਬ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਤੇ ਉਨ੍ਹਾਂ ਦੀਆਂ ਸੇਵਾਵਾਂ ਬਾਰੇ ਨਿਯਮ ਤੇ ਉਪ ਨਿਯਮ ਬਣਾਉਣ ਲਈ ਗਠਿਤ ਕੀਤੀ ਪੰਜ ਮੈਂਬਰੀ ਕਮੇਟੀ ਦੀ ਪਲੇਠੀ ਮੀਟਿੰਗ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਈ। ਇਸ ਬੈਠਕ ਦੌਰਾਨ ਪੰਜ ਮੈਂਬਰਾਂ ਵਿਚੋਂ ਸਿਰਫ ਦੋ ਮੈਂਬਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਨੇ ਹੀ ਸ਼ਿਰਕਤ ਕੀਤੀ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਖੱਟੜਾ ਨੇ ਦੱਸਿਆ ਕਿ ਤਖਤਾਂ ਦੇ ਜਥੇਦਾਰਾਂ ਦੀਆਂ ਸੇਵਾਵਾਂ ਬਾਰੇ ਨਿਯਮ-ਉਪ ਨਿਯਮ ਬਣਾਉਣ ਲਈ ਬਣੀ ਕਮੇਟੀ ਦੀ ਬੈਠਕ ਵਿਚ ਡਾ. ਬਲਵੰਤ ਸਿੰਘ ਢਿੱਲੋਂ ਤੇ ਡਾ. ਬਲਕਾਰ ਸਿੰਘ ਨੇ ਇਥੇ ਸ਼ਿਰਕਤ ਕੀਤੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ, ਪ੍ਰੋਫੈਸਰ ਪ੍ਰਿਥੀਪਾਲ ਸਿੰਘ ਕਪੂਰ ਤੇ ਡਾ. ਕਿਰਪਾਲ ਸਿੰਘ ਬੈਠਕ ਵਿਚ ਹਾਜ਼ਰ ਨਾ ਹੋ ਸਕੇ। ਮੀਟਿੰਗ ਵਿਚ ਕਮੇਟੀ ਦੇ ਅਸਲ ਮਕਸਦ ਨੂੰ ਧਿਆਨ ਵਿਚ ਰੱਖਦਿਆਂ ਸੰਜੀਦਗੀ ਨਾਲ ਵਿਚਾਰ ਕੀਤਾ ਗਿਆ ਹੈ ਤੇ ਸਾਰੇ ਪਹਿਲੂਆਂ ਨੂੰ ਘੋਖਣ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਕਿ ਕਿਸੇ ਵੀ ਫੈਸਲੇ 'ਤੇ ਪਹੁੰਚਣ ਜਾਂ ਕਿਸੇ ਵੀ ਤਰ੍ਹਾਂ ਦੀ ਨਿਯਮਾਂਵਲੀ ਬਣਾਉਣ ਤੋਂ ਪਹਿਲਾਂ ਦੇਸ਼-ਵਿਦੇਸ਼ ਵਿਚ ਬੈਠੇ ਪੰਥਕ ਵਿਦਵਾਨਾਂ ਦੇ ਸੁਝਾਅ ਜ਼ਰੂਰ ਲੈਣੇ ਚਾਹੀਦੇ ਹਨ। ਇਸ ਲਈ ਜਿਥੇ ਮਾਰਚ ਮਹੀਨੇ ਦੇ ਪਹਿਲੇ ਹਫਤੇ ਵਿਚ ਮੁੜ ਤੋਂ ਬੈਠਕ ਕਰਨ ਦਾ ਫੈਸਲਾ ਲਿਆ ਹੈ ਉਥੇ ਹੀ ਸਿੱਖ ਸੰਗਤ ਦੇ ਸੁਝਾਅ ਲੈਣ ਲਈ ਵੱਖਰੇ ਤੌਰ 'ਤੇ ਇਕ ਈਮੇਲ ਵੀ ਜਾਰੀ ਕਰਨ ਦਾ ਫੈਸਲਾ ਲਿਆ ਗਿਆ। ਉਨ੍ਹਾਂ ਸਾਰੇ ਸੁਝਾਅਵਾਂ 'ਤੇ ਗੰਭੀਰਤਾ ਦੇ ਨਾਲ ਵਿਚਾਰ ਕਰਨ ਤੋਂ ਬਾਅਦ ਹੀ ਜਥੇਦਾਰਾਂ ਦੀਆਂ ਸੇਵਾਵਾਂ ਬਾਰੇ ਕੋਈ ਨਿਯਮਾਂਵਲੀ ਬਣਾਈ ਜਾਵੇਗੀ।

ਕੁਝ ਪੰਥਕ ਧਿਰਾਂ ਵਲੋਂ ਜਥੇਦਾਰ ਦਾ ਅਹੁਦਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੰਵਿਧਾਨ ਵਿਚ ਨਾ ਹੋਣ ਬਾਰੇ ਉਕਤ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਜਾਂ ਸਿੱਖ ਕੌਮ ਦੇ ਕਿਸੇ ਵੀ ਤਖਤ ਦੇ ਜਥੇਦਾਰ ਦਾ ਅਹੁਦਾ ਸਰਵਉਚ ਹੈ। ਇਸ ਲਈ ਕੌਮ ਦੇ ਆਗੂਆਂ ਜਾਂ ਇਸ ਮਸਲੇ 'ਤੇ ਕਿੰਤੂ ਕਰਨ ਵਾਲੇ ਲੋਕਾਂ ਨੂੰ ਚਾਹੀਦਾ ਹੈ ਕਿ ਇਸ ਪੱਖ ਨੂੰ ਉਸਾਰੂ ਢੰਗ ਨਾਲ ਵਿਚਾਰਨ।


Are You Tired Of All Treatments?

Try Homeopathic Natural Medicines (HNM)

Gurdip Singh Sandhu

Homeopathic Practitioner/Consultant

DHMS-Gold Medalist, BAMS, MDEh.- India

1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

EX Member:

The California Homeopathic Society

National Center For Homeopathy- USA

Ph:(408) 687-1899

(408) 729-6691

Fax:(408)292-6200

Email: Homeomdicine@yahoo.com

Website: www.Homeopathyatoz.com

Toll Free: 1-877-OK-HOMEO (1-877-654-6636)





ਪੰਜਾਬ ਟਾਈਮਜ਼

*ਸਨਿਚਰਵਾਰ, 21 ਫਰਵਰੀ 2015*

## ਮੋਦੀ ਦੀ ਮਜਬੂਰੀ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਖਰਕਾਰ ਚਿਰਾਂ ਤੋਂ ਧਾਰੀ ਆਪਣੀ ਖਾਮੋਸ਼ੀ ਤੋੜ ਦਿੱਤੀ ਹੈ। ਉਨ੍ਹਾਂ ਨੇ ਹੁਣ ਸਪਸ਼ਟ ਆਖਣ ਦਾ ਯਤਨ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਸਾਰੇ ਧਰਮਾਂ ਦਾ ਬਰਾਬਰ ਸਨਮਾਨ ਕਰਦੀ ਹੈ, ਕਿਸੇ ਵੀ ਫਿਰਕੇ ਵਲੋਂ ਦੂਜੇ ਫਿਰਕੇ ਖਿਲਾਫ ਕਿਸੇ ਵੀ ਪ੍ਰਕਾਰ ਦੀ ਧਾਰਮਿਕ ਹਿੰਸਾ ਉਕਾ ਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ, ਭਾਰਤ ਦੇ ਹਰ ਨਾਗਰਿਕ ਨੂੰ ਆਪਣੀ ਆਸਥਾ ਮੁਤਾਬਕ ਧਰਮ ਅਪਨਾਉਣ ਦੀ ਪੂਰੀ ਆਜ਼ਾਦੀ ਹੋਵੇਗੀ ਅਤੇ ਕਿਸੇ ਵੀ ਧਾਰਮਿਕ ਸਮੂਹ ਨੂੰ ਨਫਰਤ ਫੈਲਾਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਜਿਹੜਾ ਵੀ ਕੋਈ ਸ਼ਖਸ ਜਾਂ ਸੰਸਥਾ ਇਸ ਬਾਰੇ ਕੋਈ ਉਲੰਘਣਾ ਕਰੇਗਾ/ਕਰੇਗੀ, ਉਸ ਖਿਲਾਫ ਤੁਰੰਤ ਅਤੇ ਸਖਤ ਕਾਰਵਾਈ ਕੀਤੀ ਜਾਵੇਗੀ। ਨਰੇਂਦਰ ਮੋਦੀ ਹੁਣ ਤੱਕ 'ਘਰ ਵਾਪਸੀ' ਅਤੇ ਵਿਵਾਦ ਵਾਲੇ ਅਜਿਹੇ ਹੋਰ ਮੁੱਦਿਆਂ ਤੇ ਮਸਲਿਆਂ ਬਾਰੇ ਖਾਮੋਸ਼ ਰਹੇ ਹਨ। ਪਿਛਲੇ ਸਾਲ ਮਈ ਤੋਂ ਜਦੋਂ ਦੇ ਉਹ ਗੱਦੀ-ਨਸ਼ੀਨ ਹੋਏ ਸਨ, ਅਜਿਹੇ ਹੀ ਕੁਝ ਮਸਲਿਆਂ ਕਰ ਕੇ ਉਨ੍ਹਾਂ ਦੀ ਨੁਕਤਾਚੀਨੀ ਲਗਾਤਾਰ ਹੋ ਰਹੀ ਸੀ। ਦਰਅਸਲ, ਉਹ ਉਦੋਂ ਵੀ ਨਹੀਂ ਸਨ ਬੋਲੇ ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਦਾ ਬੋਲਣਾ ਬਣਦਾ ਸੀ। ਲੋਕ ਸਭਾ ਚੋਣਾਂ ਦੌਰਾਨ ਗੱਲ-ਗੱਲ 'ਤੇ ਟਵੀਟ ਕਰਨ ਵਾਲੇ ਮੋਦੀ, ਗੱਦੀ ਉਤੇ ਬੈਠਣ ਸਾਰ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਾਂਗ ਕੁਝ ਮਸਲਿਆਂ ਬਾਰੇ ਅਚਾਨਕ ਖਾਮੋਸ਼ ਹੀ ਹੋ ਗਏ ਸਨ। ਹਾਲ ਹੀ ਵਿਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣੇ ਭਾਰਤ ਦੌਰੇ ਦੀ ਸਮਾਪਤੀ ਮੌਕੇ ਧਾਰਮਿਕ ਸਹਿਣਸ਼ੀਲਤਾ ਦਾ ਜਿਹੜਾ ਪਾਠ ਪੜ੍ਹਾਇਆ ਸੀ, ਉਸ ਤੋਂ ਬਆਦ ਤਾਂ ਉਹ ਹੋਰ ਵੀ ਖਾਮੋਸ਼ ਹੋ ਗਏ ਸਨ। ਉਨ੍ਹਾਂ ਦੀ ਇਸ ਖਾਮੋਸ਼ੀ ਨੂੰ 'ਦਿ ਨਿਊ ਯਾਰਕ ਟਾਈਮਜ਼' ਨੇ ਆਪਣੇ ਸੰਪਾਦਕੀ ਵਿਚ ਬੜੀ ਖਤਰਨਾਕ ਆਖਿਆ ਸੀ। ਪਿਛਲੇ ਸਾਲ ਜੂਨ ਦੇ ਪਹਿਲੇ ਹਫਤੇ ਪੁਣੇ ਵਿਚ ਹਿੰਦੂ ਕੱਟੜਪੰਥੀਆਂ ਨੇ ਆਈ.ਟੀ. ਪ੍ਰੋਫੈਸ਼ਨਲ ਮੁਸਲਮਾਨ ਨੌਜਵਾਨ ਮੋਹਸਿਨ ਸਾਦਿਕ ਸ਼ੇਖ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਉਦੋਂ ਨਰੇਂਦਰ ਮੋਦੀ ਨੂੰ ਕੁਰਸੀ ਉਤੇ ਬੈਠਿਆਂ ਅਜੇ ਦੋ ਹਫਤੇ ਹੀ ਹੋਏ ਸਨ। ਲੋਕ ਸਭਾ ਚੋਣਾਂ ਵਿਚ ਮਿਸਾਲੀ ਜਿੱਤ ਤੋਂ ਬਾਅਦ ਜਿਸ ਤਰ੍ਹਾਂ ਉਨ੍ਹਾਂ ਨੇ 'ਵਿਕਾਸ ਵਿਕਾਸ' ਦੀ ਰੱਟ ਲਾਈ ਹੋਈ ਸੀ, ਸਭ ਆਸ ਕਰ ਰਹੇ ਸਨ ਕਿ ਉਹ ਪੁਣੇ ਵਾਲੀ ਇਸ ਘਟਨਾ ਬਾਰੇ ਕੁਝ ਆਖਣਗੇ ਅਤੇ ਇਸ ਨਾਲ ਕੱਟੜਪੰਥੀਆਂ ਨੂੰ ਸਖਤ ਸੁਨੇਹਾ ਮਿਲੇਗਾ, ਪਰ ਸ੍ਰੀ ਮੋਦੀ ਨੇ ਇਸ ਮਸਲੇ 'ਤੇ ਕੁਝ ਬੋਲਣਾ ਨਹੀਂ ਸੀ ਅਤੇ ਨਾ ਹੀ ਉਹ ਕੁਝ ਬੋਲੇ। ਬਾਅਦ ਵਿਚ ਹੋਰ ਵੀ ਅਜਿਹੀਆਂ ਕਈ ਘਟਨਾਵਾਂ ਹੋਈਆਂ ਜਿਨ੍ਹਾਂ ਬਾਬਤ ਬਤੌਰ ਪ੍ਰਧਾਨ ਮੰਤਰੀ ਉਨ੍ਹਾਂ ਦਾ ਦਖਲ ਬਣਦਾ ਸੀ, ਪਰ ਟਵੀਟ-ਦਰ-ਟਵੀਟ ਕਰਨ ਵਾਲੇ ਮੋਦੀ ਸਾਹਿਬ ਨੇ ਇਨ੍ਹਾਂ ਮਸਲਿਆਂ ਬਾਰੇ ਕੁਝ ਵੀ ਟਵੀਟ ਨਹੀਂ ਕੀਤਾ। ਇਸੇ ਕਰ ਕੇ ਹੁਣ ਮੋਦੀ ਵਲੋਂ ਖਾਮੋਸ਼ੀ ਤੋੜਨ ਦੇ ਨਾਲ-ਨਾਲ ਇਹ ਚਰਚਾ ਵੀ ਚੱਲ ਪਈ ਹੈ ਕਿ ਇਹ ਖਾਮੋਸ਼ੀ ਤੋੜਨ ਪਿੱਛੇ ਅਸਲ ਕਾਰਨ ਸ਼ਾਇਦ ਕੁਝ ਹੋਰ ਹਨ।

ਰਾਸ਼ਟਰਪਤੀ ਓਬਾਮਾ ਨੇ ਧਾਰਮਿਕ ਸਹਿਣਸ਼ੀਲਤਾ ਬਾਰੇ ਜਿਹੜਾ ਪਾਠ ਮੋਦੀ ਐਂਡ ਪਾਰਟੀ ਨੂੰ ਪੜ੍ਹਾਇਆ ਹੈ, ਉਸ ਦਾ ਮੁੱਖ ਮਕਸਦ ਦੋਹਾਂ ਦੇਸ਼ਾਂ ਵਿਚ ਵਧ ਰਹੇ ਤਾਲਮੇਲ ਦੀ ਗਤੀ ਬਰਕਰਾਰ ਰੱਖਣਾ ਹੀ ਸੀ। ਹੁਣ ਇਹ ਤੱਥ ਜੱਗ-ਜ਼ਾਹਿਰ ਹੈ ਕਿ ਅਮਰੀਕਾ, ਭਾਰਤ ਨਾਲ ਹਰ ਖੇਤਰ ਵਿਚ ਰਾਬਤਾ ਵਧਾਉਣਾ ਚਾਹੁੰਦਾ ਹੈ। ਇਹ ਰਾਹ ਹੋਰ ਮੋਕਲਾ ਕਰਨ ਲਈ ਭਾਰਤ ਵਿਚ ਸਾਜ਼ਗਾਰ ਮਾਹੌਲ ਚਾਹੀਦਾ ਹੈ। ਇਸ ਲੋੜ ਵਿਚੋਂ ਹੀ ਰਾਸ਼ਟਰਪਤੀ ਓਬਾਮਾ ਦੇ ਇਸ ਸਬਕ ਨੇ ਜਨਮ ਲਿਆ ਹੈ ਅਤੇ ਪਿਛਲੇ ਕੁਝ ਸਮੇਂ ਤੋਂ ਇਸ ਬਾਰੇ ਸੰਸਾਰ ਭਰ ਵਿਚ ਭਰਪੂਰ ਚਰਚਾ ਵੀ ਹੋਈ ਹੈ। ਇਹੀ ਨਹੀਂ, ਅਮਰੀਕਾ ਤਾਂ ਇਸ ਤੋਂ ਵੀ ਦੋ ਕਦਮ ਅਗਾਂਹ ਜਾ ਕੇ ਭਾਰਤ ਅਤੇ ਪਾਕਿਸਤਾਨ ਨੂੰ ਨੇੜੇ ਲਿਆਉਣ ਲਈ ਵੀ ਤਤਪਰ ਹੈ। ਮੋਦੀ ਦੀ ਕ੍ਰਿਕਟ ਡਿਪਲੋਮੇਸੀ ਐਵੇਂ ਕਿਤੇ ਹਵਾ ਵਿਚੋਂ ਨਹੀਂ ਆਈ ਹੈ ਅਤੇ ਛੇਤੀ ਹੀ ਦੋਹਾਂ ਦੇਸ਼ਾਂ ਦੇ ਵਿਦੇਸ਼ ਸਕੱਤਰਾਂ ਦੀਆਂ ਮੀਟਿੰਗਾਂ ਦਾ ਸਿਲਸਿਲਾ ਵੀ ਸ਼ੁਰੂ ਹੋ ਰਿਹਾ ਹੈ ਜੋ ਕੁਝ ਕਾਰਨਾਂ ਕਰ ਕੇ ਟੁੱਟ ਗਿਆ ਸੀ। ਉਂਜ, ਇਸ ਸਿਲਸਿਲੇ ਵਿਚ ਇਕ ਗੱਲ ਨੋਟ ਕਰਨ ਵਾਲੀ ਹੈ ਕਿ ਮੋਦੀ ਦੀ ਪਾੜਾ-ਪਾਊ ਰਾਜਨੀਤੀ ਨੂੰ ਉਸੇ ਤਰ੍ਹਾਂ ਦੀ ਰਾਜਨੀਤੀ ਨਾਲ ਨਜਿੱਠਿਆ ਨਹੀਂ ਜਾ ਸਕਦਾ। ਮੋਦੀ ਨੇ ਹੁਣ ਤੱਕ ਸਿਰਫ ਪਾੜਾ ਵਧਾਉਣ ਵਾਲੀ ਸਿਆਸਤ ਦਾ ਹੀ ਲੜ ਫੜੀ ਰੱਖਿਆ ਹੈ, ਪਰ ਹੁਣ ਜਦੋਂ ਉਨ੍ਹਾਂ ਨੂੰ ਕੌਮੀ ਅਤੇ ਕੌਮਾਂਤਰੀ ਮੰਚ ਉਤੇ ਵਿਚਰਨਾ ਪੈ ਰਿਹਾ ਹੈ ਤਾਂ ਹਾਲਾਤ ਮੁਤਾਬਕ ਪਿੱਛੇ ਵੀ ਹਟਣਾ ਪੈ ਰਿਹਾ ਹੈ। ਰਾਸ਼ਟਰਪਤੀ ਓਬਾਮਾ ਨੇ ਭਾਵੇਂ ਅਮਰੀਕਾ ਦੀ ਲੋੜ ਵਿਚੋਂ ਹੀ ਇਸ ਮਾਮਲੇ ਵਿਚ ਕਦਮ ਵਧਾਏ ਹਨ ਪਰ ਜਿਸ ਢੰਗ ਨਾਲ ਉਨ੍ਹਾਂ ਗੱਲ ਤੋਰੀ ਹੈ ਅਤੇ ਸਫਾਈਆਂ ਦੇ ਬਾਵਜੂਦ ਅੱਗੇ ਵਧਾਈ ਹੈ, ਉਸ ਤੋਂ ਉਨ੍ਹਾਂ ਦੇ ਸਟੇਟਸਮੈਨ ਹੋਣ ਦਾ ਤੱਥ ਭਲੀਭਾਂਤ ਉਜਾਗਰ ਹੁੰਦਾ ਹੈ। ਉਨ੍ਹਾਂ ਦਾ ਸੁਨੇਹਾ ਸਾਫ ਅਤੇ ਸਪਸ਼ਟ ਹੈ। ਹੁਣ ਇਹ ਭਾਰਤੀ ਨੇਤਾਵਾਂ ਨੇ ਸੋਚਣਾ ਹੈ ਕਿ ਕਿਸ ਪੰਧ ਉਤੇ ਅੱਗੇ ਵਧਣਾ ਹੈ। ਉਂਜ, ਮੀਡੀਆ ਨੇ ਤਾਂ ਇਹ ਨੁਕਤਾ ਵੀ ਉਜਾਗਰ ਕੀਤਾ ਹੈ ਕਿ ਮੋਦੀ ਦਾ ਤਾਜ਼ਾ ਬਿਆਨ ਆਰ.ਐਸ.ਐਸ. ਅੰਦਰ ਚੱਲ ਰਹੇ ਘਮਾਸਾਣ ਦਾ ਹੀ ਨਤੀਜਾ ਹੈ। ਕਿਹਾ ਜਾ ਰਿਹਾ ਹੈ ਕਿ ਕੁਝ ਮਸਲਿਆਂ ਬਾਰੇ ਮੋਦੀ ਅਤੇ ਆਰ.ਐਸ.ਐਸ. ਵਿਚਕਾਰ ਤਿੱਖੇ ਮੱਤਭੇਦ ਹਨ। ਮੋਦੀ ਕੈਂਪ ਅਤੇ ਆਰ.ਐਸ.ਐਸ.- ਦੋਵੇਂ ਹੀ ਆਪੋ-ਆਪਣੇ ਹਿਸਾਬ ਨਾਲ ਭਾਰਤ ਦੀ ਰਾਜਨੀਤੀ ਵਿਚ ਦਖਲ ਚਾਹੁੰਦੇ ਹਨ। ਦਿੱਲੀ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਕਰਾਰੀ ਤੇ ਅਣਕਿਆਸੀ ਹਾਰ ਨੇ ਇਨ੍ਹਾਂ ਮੱਤਭੇਦਾਂ ਨੂੰ ਹੋਰ ਹਵਾ ਦਿੱਤੀ ਹੈ। ਆਉਣ ਵਾਲੇ ਸਮੇਂ ਵਿਚ ਸੰਭਵ ਹੈ ਕਿ ਮੱਤਭੇਦਾਂ ਦੇ ਇਹ ਤੁਣਕੇ ਕੁਝ ਹੋਰ ਤਿੱਖੇ ਹੋ ਜਾਣ। ਕੁਝ ਵੀ ਹੋਵੇ, ਇਕ ਗੱਲ ਤਾਂ ਸਾਫ ਹੋ ਗਈ ਹੈ ਕਿ ਨਾ ਮੋਦੀ ਅਤੇ ਨਾ ਹੀ ਆਰ.ਐਸ.ਐਸ. ਆਪਣੀ ਮਨਮਰਜ਼ੀ ਚਲਾ ਸਕਣਗੇ। ਇਹ ਲਕੀਰ ਲੰਘਣ ਲਈ ਇਨ੍ਹਾਂ ਨੂੰ ਅਜਿਹੀਆਂ ਕਈ ਲਕੀਰਾਂ ਪਾਰ ਕਰਨੀਆਂ ਪੈਣਗੀਆਂ ਜੋ ਰਾਸ਼ਟਰਪਤੀ ਓਬਾਮਾ ਸਮੇਤ ਹੋਰ ਸੰਜੀਦਾ ਆਗੂਆਂ ਨੇ ਖਿੱਚੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਝੁਰਲੂ ਫਿਰ ਗਿਆ!*

ਹੱਥਾਂ ਦੇ ਨਾਲ ਦਿੱਤੀਆਂ ਪੁੱਤਰਾ, ਮੂੰਹ ਨਾਲ ਲੱਗਦੈ ਖੋਲ੍ਹਾਂਗੇ।
ਸੌਦਾ ਸਾਰਾ ਸਾਧ ਵੇਚ ਗਿਆ, ਕੀ ਤੱਕੜੀ ਵਿਚ ਤੋਲਾਂਗੇ।
ਸੇਵਾ ਕਹਿ ਕੇ ਰਾਜ ਕਰ ਲਿਆ, ਖੂਬ ਚਲਾਈਆਂ ਚੰਮ ਦੀਆਂ,
ਟੋਹ ਕੇ ਵੇਖਿਆ ਲੱਭਦਾ ਨੱਕ ਨਹੀਂ, ਕਿਹੜੇ ਮੂੰਹ ਨਾਲ ਬੋਲਾਂਗੇ।
ਜੋਸ਼ੀਆਂ-ਸ਼ਰਮਿਆਂ ਕੱਢੀਆਂ ਅੱਖਾਂ, ਇਹ ਕੀ ਝੁਰਲੂ ਫਿਰ ਗਿਆ ਏ,
ਮੁਸਕਿਆ ਭੌਰਾ ਆਪੇ ਹੀ ਹੁਣ, ਫੁੱਲ ਦੇ ਅੰਦਰ ਘਿਰ ਗਿਆ ਏ।

# ਦਿੱਲੀ ਚੋਣਾਂ ਦੇ ਕੁਝ ਅਹਿਮ ਪਰ ਅਣਗੌਲੇ ਮੁੱਦੇ

***ਦਿੱਲੀ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਨੇ ਭਾਰਤੀ ਸਿਆਸਤ ਦੇ ਕਈ ਪੱਖਾਂ ਬਾਰੇ ਨਵੀਂ ਤੇ ਨਵੇਂ ਸਿਰਿਓਂ ਚਰਚਾ ਛੇੜੀ ਹੈ। ਇਸ ਜਿੱਤ ਨਾਲ ਭਾਰਤੀ ਸਿਆਸਤ ਉਤੇ ਪੈਣ ਵਾਲੇ ਦੂਰ-ਰਸ ਅਸਰਾਂ ਬਾਬਤ ਵੀ ਬਹਿਸ-ਮੁਬਾਹਿਸੇ ਹੋ ਰਹੇ ਹਨ। ਕਈ ਦਹਾਕਿਆਂ ਤੋਂ ਦਿੱਲੀ ਵੱਸਦੇ ਪੰਜਾਬੀ ਦੇ ਉਘੇ ਲੇਖਕ ਗੁਰਬਚਨ ਸਿੰਘ ਭੁੱਲਰ ਨੇ ਇਸ ਲੇਖ ਵਿਚ ਹੋਰ ਤੱਥਾਂ ਦੇ ਨਾਲ-ਨਾਲ ਆਮ ਆਦਮੀ ਪਾਰਟੀ ਦੀ ਇਸ ਜਿੱਤ ਨਾਲ ਜੁੜੇ ਕੁਝ ਖਾਸ ਨੁਕਤੇ ਉਭਾਰੇ ਹਨ। ਇਹ ਉਹ ਨੁਕਤੇ ਹਨ ਜਿਨ੍ਹਾਂ ਬਾਰੇ ਚਰਚਾ ਬੜੀ ਘੱਟ ਹੋਈ ਹੈ। -ਸੰਪਾਦਕ***

ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਪਹਿਲੀਆਂ ਸਭ ਚੋਣਾਂ ਨਾਲੋਂ ਕਈ ਪੱਖਾਂ ਤੋਂ ਨਿਆਰੀਆਂ ਰਹੀਆਂ ਹਨ। 2014 ਦੀਆਂ ਲੋਕ ਸਭਾ ਚੋਣਾਂ ਬਾਅਦ ਕੇਂਦਰ ਵਿਚ ਆਈ ਅਣਕਿਆਸੀ ਤੇ ਅਚਨਚੇਤੀ ਤਬਦੀਲੀ ਨਾਲ ਦੇਸ਼ ਵਿਚ 'ਨਵੀਆਂ ਗੁੱਡੀਆਂ, ਨਵੇਂ ਪਟੋਲੇ' ਵਾਲੀ ਰਾਜਨੀਤਕ ਹਾਲਤ ਬਣਨਾ ਕੁਦਰਤੀ ਸੀ। ਦਿੱਲੀ ਦੀ ਚੋਣ ਮੁਹਿੰਮ, ਹਾਲਾਤ ਦੀ ਇਸ ਤਬਦੀਲੀ ਦਾ ਭਰਪੂਰ ਵਿਖਾਵਾ ਸੀ। ਸਾਰੀ ਮੁਹਿੰਮ ਸਮੇਂ ਮੁਕੰਮਲ ਮੀਡੀਆ, ਕਾਂਗਰਸ ਨੂੰ ਪਾਲ਼ਿਉਂ ਬਾਹਰ ਕਰ ਕੇ, ਭਾਜਪਾ ਅਤੇ ਆਮ ਆਦਮੀ ਪਾਰਟੀ ਦੀ ਪਹਿਲਾਂ ਟੱਕਰ ਤੇ ਫੇਰ ਸਿੰਗ-ਫਸਵੀਂ ਟੱਕਰ ਆਖਦਾ ਰਿਹਾ ਪਰ ਜਦੋਂ ਨਤੀਜੇ ਆਏ, ਦਿੱਲੀ ਦੀ ਰਾਜਨੀਤੀ ਸੁਨਾਮੀ ਤੋਂ ਮਗਰੋਂ ਦਾ ਦ੍ਰਿਸ਼ ਪੇਸ਼ ਕਰ ਰਹੀ ਸੀ। ਕਾਂਗਰਸ ਦੇ ਨਾਲ-ਨਾਲ ਭਾਜਪਾ ਦਾ ਵੀ ਉਹ ਹਸ਼ਰ ਹੋਇਆ ਪਿਆ ਸੀ ਜਿਸ ਨੂੰ ਟੀ.ਵੀ. ਚੈਨਲਾਂ ਵਾਲੇ ਸੂਫੜਾ ਸਾਫ਼ ਹੋਣਾ ਆਖਦੇ ਹਨ! ਇਹ ਸੁਨਾਮੀ ਇੰਨੀ

ਗੁਰਬਚਨ ਸਿੰਘ ਭੁੱਲਰ
ਫੋਨ: 091-1142502364

ਜ਼ਬਰਦਸਤ ਸੀ ਕਿ ਹੋਰ ਸਭ ਤਜਰਬੇਕਾਰ ਚੋਣ ਮਾਹਿਰਾਂ ਦੇ ਨਾਲ-ਨਾਲ ਭਾਰਤੀ ਰਾਜਨੀਤੀ ਦਾ ਸੰਤੁਲਿਤ ਤੇ ਗੰਭੀਰ ਚਿਹਰਾ, ਆਮ ਆਦਮੀ ਪਾਰਟੀ ਦਾ ਆਗੂ ਯੋਗੇਂਦਰ ਯਾਦਵ ਵੀ ਦੰਗ ਰਹਿ ਗਿਆ। ਉਸ ਦੇ ਆਪਣੇ ਸਰਵੇਖਣ ਅਨੁਸਾਰ ਪਾਰਟੀ ਨੂੰ 51 ਸੀਟਾਂ ਦੀ ਆਸ ਸੀ ਜੋ ਵਧ ਕੇ 57 ਹੋ ਸਕਦੀਆਂ ਸਨ। ਬਹੁ-ਗਿਣਤੀ ਸਰਵੇਖਣ 40-45 ਤਕ ਪਹੁੰਚਦੇ ਸਨ। ਟੀ.ਵੀ. ਚੈਨਲਾਂ ਦੇ ਬਹਿਸੀਏ ਉਸ ਦੇ ਇਸ ਅੰਕੜੇ ਬਾਰੇ ਹੱਸਦੇ ਸਨ। ਆਪਣੇ ਸਰਵੇਖਣ ਦਾ ਵਿਗਿਆਨਕ ਆਧਾਰ ਸਮਝਾ ਕੇ ਉਹ ਕਹਿੰਦਾ ਸੀ, "ਮੇਰੇ ਸਰਵੇਖਣ ਨੂੰ ਤਾਂ ਸੀਟਾਂ ਇਸ ਤੋਂ ਵੀ ਵਧਣ ਦੀ ਆਸ ਹੈ ਪਰ ਮੈਂ ਸ਼ਰਮਾਉਂਦਾ ਆਖਦਾ ਨਹੀਂ।" ਅਸਲ ਅੰਕੜਿਆਂ ਨੇ ਹੋਰ ਸਰਵੇਖਣਾਂ ਨੂੰ ਤਾਂ ਪਿੱਛੇ ਛੱਡਿਆ ਹੀ, ਉਸ ਦੇ 57 ਤੋਂ ਵੀ ਉਹ ਦਸ ਕਦਮ ਅੱਗੇ ਲੰਘ ਗਏ।

ਇਨ੍ਹਾਂ ਚੋਣ ਨਤੀਜਿਆਂ ਦੇ ਅਨੇਕ ਕਾਰਨ ਅਤੇ ਸਿੱਟੇ ਚਰਚਾ ਵਿਚ ਹਨ। ਟੀ.ਵੀ. ਚੈਨਲਾਂ ਨੇ ਆਪਣੀ ਆਮ ਆਦਤ ਅਨੁਸਾਰ ਕੁਝ ਪ੍ਰਤੱਖ ਗੱਲਾਂ ਫੜ ਕੇ ਰਿੜਕ ਧਰੀਆਂ ਹਨ, ਜਿਵੇਂ ਬਹੁਤ ਵੱਡੇ ਵਾਅਦਿਆਂ ਨਾਲ ਆਈ ਕੇਂਦਰ ਸਰਕਾਰ ਦੀ, ਖ਼ਾਸ ਕਰ ਕੇ ਕਾਲ਼ੇ ਧਨ ਬਾਰੇ ਕਾਰਗੁਜ਼ਾਰੀ; ਆਮ ਆਦਮੀ ਪਾਰਟੀ ਦੀ ਵਿਰੋਧੀਆਂ ਦੇ ਸਭ ਦੁਰਪ੍ਰਚਾਰ ਨੂੰ ਅਣਗੌਲਿਆ ਕਰ ਕੇ, ਲੋਕਾਂ ਨਾਲ ਜੁੜਨ ਦੀ, ਤੇ ਉਨ੍ਹਾਂ ਦੇ ਮੁੱਦੇ ਸਾਹਮਣੇ ਲਿਆਉਣ ਦੀ ਰਣਨੀਤੀ; ਘਮਸਾਨ ਦੇ ਐਨ ਵਿਚਕਾਰ 'ਮੁੱਖ ਮੰਤਰੀ ਦੀ ਚੋਣ ਵਿਧਾਇਕ ਕਰਨਗੇ' ਦਾ ਰਾਗ ਅਲਾਪਦੀ ਰਹੀ ਭਾਜਪਾ ਦਾ ਕਿਰਨ ਬੇਦੀ ਨੂੰ, ਜੋ ਪਾਰਟੀ ਦੀ ਸਾਧਾਰਨ ਮੈਂਬਰ ਵੀ ਨਹੀਂ ਸੀ, ਕੁਰਸੀ ਦੀ ਦਾਅਵੇਦਾਰ ਐਲਾਨ ਦੇਣਾ; ਪਾਰਟੀ ਵਜੋਂ ਪੂਰੀ ਭਾਜਪਾ ਦਾ ਖ਼ਾਸ ਕਰ ਕੇ ਉਸ ਦੇ ਸਿਖ਼ਰੀ ਆਗੂਆਂ ਦਾ ਹੰਕਾਰ ਅਤੇ ਦਿੱਲੀ ਭਾਜਪਾ ਦੀ ਫੁੱਟ, ਵਗ਼ੈਰਾ ਵਗ਼ੈਰਾ। ਇਸ ਸਭ ਕੁਝ ਵਿਚਕਾਰ ਕੁਝ ਮੁੱਦੇ ਅਣਵਿਚਾਰੇ ਰਹਿ ਗਏ ਜਾਂ ਰਹਿਣ ਦਿੱਤੇ ਗਏ, ਇਹ ਟੀ.ਵੀ. ਜਾਣੇ ਜਾਂ ਫਿਰ ਰੱਬ ਜਾਣੇ! ਹਾਂ, ਇਹ ਗੱਲ ਬੇਝਿਜਕ ਕਹੀ ਜਾ ਸਕਦੀ ਹੈ ਕਿ ਇਹ ਮੁੱਦੇ ਬੇਹੱਦ ਅਹਿਮ ਹਨ ਅਤੇ ਦੇਸ਼ ਦੇ ਭਲੇ ਲਈ ਬਿਨਾਂ ਸ਼ੱਕ ਖੁੱਲ੍ਹ ਕੇ ਵਿਚਾਰੇ ਤੇ ਉਭਾਰੇ ਜਾਣੇ ਚਾਹੀਦੇ ਸਨ।

ਲੋਕਾਂ ਤੇ ਜੋਕਾਂ ਵਿਚ ਵੰਡੀ ਹੋਈ ਖ਼ਲਕਤ ਤੋਂ ਇਲਾਵਾ ਸਾਡਾ ਦੇਸ਼ ਜਾਤਪਾਤੀ ਬਖੇੜੇ, ਧਾਰਮਿਕ ਵੈਰ ਅਤੇ ਇਲਾਕਾਵਾਦ ਆਦਿ ਦੀ ਦਲਦਲ ਵਿਚ ਡੂੰਘਾ ਧਸਿਆ ਹੋਇਆ ਹੈ। ਕਈ ਰਾਜਨੀਤਕ ਪਾਰਟੀਆਂ ਨੇ ਤਾਂ ਆਪਣਾ ਐਲਾਨੀਆ ਮੂਲ ਆਧਾਰ ਹੀ ਜਾਤਪਾਤ, ਧਰਮ ਜਾਂ ਇਲਾਕੇ ਨੂੰ ਬਣਾਇਆ ਹੋਇਆ ਹੈ। ਬਾਕੀ ਪਾਰਟੀਆਂ ਘੱਟ-ਵੱਧ ਨੰਗੇ ਜਾਂ ਲੁਕਵੇਂ ਢੰਗ ਨਾਲ ਇਨ੍ਹਾਂ ਮੁੱਦਿਆਂ ਦਾ ਲਾਹਾ ਲੈਂਦੀਆਂ ਜਾਂ ਲੈਣ ਦਾ ਯਤਨ ਕਰਦੀਆਂ ਹਨ। ਸਾਡੀ ਚੋਣ ਰਾਜਨੀਤੀ ਨੂੰ ਇਹ ਰੋਗ ਮਗਰੋਂ ਆ ਕੇ ਨਹੀਂ ਲੱਗਾ ਸਗੋਂ ਜਮਾਂਦਰੂ ਹੈ। ਇਸ ਗੰਧਲੀ ਹੋਈ ਹਾਲਤ ਵਿਚ ਆਮ ਆਦਮੀ ਪਾਰਟੀ ਨੇ ਜਾਤਪਾਤ, ਧਰਮ ਅਤੇ ਇਲਾਕੇ ਆਦਿ ਜਿਹੇ ਕਿਸੇ ਵੀ ਆਧਾਰ ਉਤੇ ਵੋਟਾਂ ਮੰਗਣ ਤੋਂ ਮੁਕੰਮਲ ਅਤੇ ਸਿਦਕੀ-ਸਿਰੜੀ ਇਨਕਾਰ ਕੀਤਾ। ਜਿੱਥੇ ਭਾਜਪਾ ਅਤੇ ਕਾਂਗਰਸ ਨੂੰ ਵੋਟਰ ਹਿੰਦੂ, ਮੁਸਲਮਾਨ ਤੇ ਸਿੱਖ, ਦਲਿਤ, ਨੀਵੀਂ ਜਾਤ ਤੇ ਉਚੀ ਜਾਤ ਦੇ, ਗਰੀਬ, ਹੇਠਲੀ, ਵਿਚਕਾਰਲੀ, ਉਤਲੀ ਦਰਮਿਆਨੀ ਜਮਾਤ ਤੇ ਕੁਲੀਨ, ਪੰਜਾਬੀ, ਹਰਿਆਣਵੀ, ਪੂਰਬਾਂਚਲੀ ਅਤੇ ਪਹਾੜੀ ਆਦਿ ਦੇ ਰੂਪ ਵਿਚ ਦਿਸਦੇ ਸਨ, ਉਥੇ ਆਮ ਆਦਮੀ ਪਾਰਟੀ ਨੇ ਉਨ੍ਹਾਂ ਨੂੰ ਸਿਰਫ਼ ਵੋਟਰ ਦੇ ਰੂਪ ਵਿਚ ਦੇਖਿਆ। ਭਾਜਪਾ ਤੇ ਕਾਂਗਰਸ ਨੇ ਖ਼ੁਦ ਤਾਂ ਇਹ ਪੱਤੇ ਰੱਜ ਕੇ ਖੇਡੇ ਹੀ, ਆਮ ਆਦਮੀ ਪਾਰਟੀ ਨੂੰ ਵੀ ਇਸ ਖੇਡ ਵਿਚ ਲਬੇੜਨ ਦੇ ਵਾਰ-ਵਾਰ ਅਸਫ਼ਲ ਯਤਨ ਕੀਤੇ।

ਜਦੋਂ ਜਾਮਾ ਮਸਜਿਦ ਦੇ ਇਮਾਮ ਨੇ ਆਮ ਆਦਮੀ ਪਾਰਟੀ ਲਈ ਬਿਨ-ਮੰਗੀ ਮਦਦ ਦੀ ਅਪੀਲ ਕੀਤੀ, ਭਾਜਪਾ ਦੇ ਵੱਡੇ ਆਗੂ ਤੇ ਦੇਸ਼ ਦੇ ਵਿਤ ਮੰਤਰੀ ਅਰੁਣ ਜੇਤਲੀ ਨੇ ਤੁਰੰਤ ਪ੍ਰੈਸ ਕਾਨਫ਼ਰੰਸ ਬੁਲਾ ਕੇ ਇਮਾਮ ਦੀ ਅਪੀਲ ਨੂੰ ਫ਼ਤਵਾ ਦਸਦਿਆਂ ਆਖਿਆ, "ਇਸ ਫ਼ਤਵੇ ਦਾ ਮੂੰਹਤੋੜ ਜਵਾਬ ਦੇਣ ਵਾਸਤੇ ਵਿਰੋਧੀ ਧਿਰ ਨੂੰ (ਉਸ ਦਾ ਸਾਫ਼ ਭਾਵ ਹਿੰਦੂਆਂ ਤੋਂ ਸੀ) ਸੌ ਫ਼ੀਸਦੀ ਵੋਟਾਂ ਪਾਉਣ ਲਈ ਨਿਕਲਣਾ ਚਾਹੀਦਾ ਹੈ।" ਇਮਾਮ ਦੀ ਅਪੀਲ ਅਤੇ ਉਸ ਦੇ ਕੁਝ ਮਿੰਟਾਂ ਮਗਰੋਂ ਹੀ ਜੇਤਲੀ ਦੇ ਫ਼ਤਵੇ ਨੂੰ ਦੇਖ ਕੇ ਕੁਝ ਟਿੱਪਣੀਕਾਰਾਂ ਨੇ ਤਾਂ ਇਹ ਸ਼ੱਕ ਵੀ ਕੀਤਾ ਕਿ ਇਹ ਸਭ ਕੁਝ ਇਮਾਮ ਨਾਲ ਗਿਣ-ਮਿਥ ਕੇ ਕੀਤਾ ਗਿਆ ਹੈ। ਆਮ ਆਦਮੀ ਪਾਰਟੀ ਨੇ ਇਮਾਮ ਦੀ ਮਦਦ ਰੱਦ ਕਰਨ ਵਿਚ ਪੰਜ ਮਿੰਟ ਵੀ ਨਾ ਲਾਏ। ਰਾਜਨੀਤਕ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਭਾਰਤੀ ਚੋਣਾਂ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ। ਫਿਰ ਵੀ ਭਾਜਪਾ ਨੇ ਇਸ ਨੂੰ ਮੁੱਦਾ ਬਣਾਉਣ ਵਾਸਤੇ ਪੂਰੀ ਵਾਹ ਲਾਈ ਪਰ ਅਜਿਹਾ ਕੋਈ ਵੀ ਇਲਜ਼ਾਮ ਕੇਜਰੀਵਾਲ ਦੀ ਰਾਜਨੀਤੀ ਨਾਲ ਚਿਪਕ ਨਾ ਸਕਿਆ। ਦਿਲਚਸਪ ਗੱਲ ਇਹ ਹੈ ਕਿ ਖ਼ੁਦ ਭਾਜਪਾ ਆਪਣੇ ਪੱਖ ਵਿਚ ਸਿਰਸੇ ਵਾਲੇ ਡੇਰੇਦਾਰ, ਜੋ ਬਲਾਤਕਾਰ, ਕਤਲ ਤੇ ਸ਼ਰਧਾਲੂਆਂ ਨੂੰ ਨਿਪੁੰਸਕ ਬਣਾਉਣ ਦੇ ਦੋਸ਼ਾਂ ਅਧੀਨ ਮੁਕੱਦਮੇ ਭੁਗਤ ਰਿਹਾ ਹੈ, ਦੇ ਆਦੇਸ਼ ਨੂੰ ਮਿੱਠੇ ਦੁੱਧ ਵਾਂਗ ਪੀ ਗਈ! ਇਉਂ ਵੋਟਰਾਂ ਦੇ ਸਮੂਹ ਨੂੰ ਕਿਸੇ ਵੀ ਹੋਰ ਸੋਚ ਤੋਂ ਬਿਨਾਂ ਕੇਵਲ ਵੋਟਰ ਦੇ ਰੂਪ ਵਿਚ ਦੇਖਣਾ ਅਤੇ ਸਰਕਾਰੀ ਵਿਕਾਸ ਦੇ ਇਕਰਾਰ ਵਿਸ਼ੇਸ਼ ਤਬਕੇ/ਤਬਕਿਆਂ ਨੂੰ ਭਰਮਾਉਣ ਵਾਸਤੇ ਵਰਤਣ ਦੀ ਥਾਂ ਸਮੁੱਚੀ ਵਸੋਂ ਨਾਲ ਜੋੜਨਾ ਆਮ ਆਦਮੀ ਪਾਰਟੀ ਦੀ ਭਾਰਤੀ ਲੋਕਰਾਜ ਨੂੰ ਪਹਿਲੀ ਅਹਿਮ ਦੇਣ ਹੈ।

ਭਾਰਤੀ ਸੰਵਿਧਾਨ ਨੇ ਦੇਸ਼ ਨੂੰ ਮਜ਼ਬੂਤ ਰਾਜਾਂ ਦੇ ਮਜ਼ਬੂਤ ਸੰਘ ਦੇ ਰੂਪ ਵਿਚ ਚਿਤਵਿਆ ਹੈ। ਇਹ ਵੀ ਸਪਸ਼ਟ ਕੀਤਾ ਹੈ ਕਿ ਕੇਂਦਰ ਅਤੇ ਰਾਜ ਸੰਵਿਧਾਨ ਦੀਆਂ ਉਨ੍ਹਾਂ ਲਈ ਮਿਥੀਆਂ ਹੱਦਾਂ ਦਾ ਉਲੰਘਣ ਨਹੀਂ ਕਰਨਗੇ। ਲੋਕ ਸਭਾ ਚੋਣਾਂ ਵੇਲੇ ਮੋਦੀ ਦਾ ਸਾਰੇ ਦੇਸ਼ ਵਿਚ ਭਾਜਪਾ ਦੇ ਪ੍ਰਚਾਰ ਦੀ ਅਗਵਾਈ ਸੰਭਾਲਣਾ ਕੁਦਰਤੀ ਵੀ ਸੀ ਅਤੇ ਜਾਇਜ਼ ਵੀ, ਪਰ ਉਸ ਪਿੱਛੋਂ ਹੋਈਆਂ ਸਭ ਸੂਬਾਈ ਚੋਣਾਂ ਦਾ ਚਿਹਰਾ ਵੀ, ਸੂਬਾਈ ਆਗੂਆਂ ਨੂੰ ਬਿਲਕੁੱਲ ਅਣਡਿੱਠ ਕਰ ਕੇ, ਮੋਦੀ ਵਲੋਂ ਆਪ ਬਣ ਜਾਣਾ ਯਕੀਨਨ ਇਸ ਹੱਦਬੰਦੀ ਨੂੰ ਧੁੰਦਲਾ ਕਰਦਾ ਹੈ। ਪਹਿਲਾਂ ਦੇ ਪ੍ਰਧਾਨ ਮੰਤਰੀ ਵੀ ਸੂਬਾਈ ਚੋਣਾਂ ਵੇਲੇ ਆਪਣੀ ਪਾਰਟੀ ਦੀ ਹਮਾਇਤ ਵਿਚ ਰੈਲੀਆਂ ਕਰਦੇ ਰਹੇ ਹਨ ਪਰ ਸੂਬਾਈ ਉਮੀਦਵਾਰ ਕਦੀ ਕੋਈ ਨਹੀਂ ਸੀ ਬਣਿਆ। ਹੋਰ ਸੂਬਿਆਂ ਵਾਂਗ ਦਿੱਲੀ ਵਿਚ, ਕਿਰਨ ਬੇਦੀ ਨੂੰ ਲਿਆਂਦੇ ਜਾਣ ਮਗਰੋਂ ਵੀ ਮੋਦੀ ਆਖਦੇ ਸਨ, "ਮੈਨੂੰ ਜਿਤਾਓ, ਮੈਂ ਦਿੱਲੀ ਦਾ ਵਿਕਾਸ ਕਰਾਂਗਾ।" ਮੁੱਖ ਨਾਅਰਾ 'ਚਲੋ ਚਲੇਂ ਮੋਦੀ ਕੇ ਸਾਥ' ਲਾਇਆ ਜਾਂਦਾ ਹੈ। ਇਹ ਵਰਤਾਰਾ ਦੇਸ਼ ਦੀ ਸੰਘੀ ਬਣਤਰ ਉਤੇ ਸੱਟ ਮਾਰਦਾ ਹੈ।

ਭਾਰਤ ਦਾ ਜਮਹੂਰੀ ਸੱਭਿਆਚਾਰ ਰਾਜਨੀਤਕ ਪਾਰਟੀਆਂ ਤੋਂ ਆਸ ਰੱਖਦਾ ਹੈ ਕਿ ਉਨ੍ਹਾਂ ਦੀ ਬਣਤਰ ਵੀ ਜਮਹੂਰੀ ਰੂਪ ਵਾਲੀ ਹੋਵੇਗੀ। ਭਾਜਪਾ ਨੂੰ ਅਧਿਕਾਰ ਸੀ ਕਿ ਉਹ ਕਿਸੇ ਨੂੰ ਵੀ ਪਾਰਟੀ ਵਿਚ ਸ਼ਾਮਲ ਕਰਦੀ ਤੇ ਉਮੀਦਵਾਰ ਬਣਾਉਂਦੀ ਪਰ ਕਿਰਨ ਬੇਦੀ ਦੇ ਸਬੰਧ ਵਿਚ ਜੋ ਤਰੀਕਾ ਅਪਨਾਇਆ ਗਿਆ, ਉਸ ਨੇ ਪਰਿਵਾਰਵਾਦੀ ਕਾਂਗਰਸ ਦੇ ਉਲਟ ਭਾਜਪਾ ਦੀਆਂ ਸ਼ਕਤੀਸ਼ਾਲੀ ਅੰਦਰੂਨੀ ਜਮਹੂਰੀਅਤ ਵਾਲੀ ਪਾਰਟੀ ਹੋਣ ਦੀਆਂ ਫੜ੍ਹਾਂ ਦਾ ਹੀਜ-ਪਿਆਜ ਜੱਗ-ਜ਼ਾਹਿਰ ਕਰ ਦਿੱਤਾ। ਆਪਣੀ ਪਹਿਲੀ ਰੈਲੀ ਠੁੱਸ ਹੋਣ ਨਾਲ ਘਬਰਾਏ ਮੋਦੀ ਅਤੇ ਅਮਿਤ ਸ਼ਾਹ ਦੀ ਵਿਉਂਤ ਅਨੁਸਾਰ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਦੋ-ਤਿੰਨ ਮੁਲਾਕਾਤਾਂ ਵਿਚ ਕਿਰਨ ਬੇਦੀ ਨੂੰ ਭਰਮਾਉਣ-ਲਲਚਾਉਣ ਵਿਚ ਸਫ਼ਲਤਾ ਹਾਸਲ ਕੀਤੀ ਅਤੇ ਅੰਤ ਨੂੰ ਮੋਦੀ ਨੇ ਕੁਝ ਮਿੰਟਾਂ ਦੀ ਮੁਲਾਕਾਤ ਵਿਚ ਉਸ ਨੂੰ ਮੁੱਖ ਮੰਤਰੀ ਦੀ ਕੁਰਸੀ ਦੀ ਦਾਅਵੇਦਾਰ ਬਣਾ ਦਿੱਤਾ। ਦਿੱਲੀ ਭਾਜਪਾ ਦੇ ਆਗੂ ਤਾਂ ਦੂਰ, ਕਿਸੇ ਚੌਥੇ ਕੇਂਦਰੀ ਆਗੂ ਨੂੰ ਵੀ ਕੰਨੋਂ-ਕੰਨੀਂ ਸੋਅ ਤਕ ਨਾ ਲੱਗਣ ਦਿੱਤੀ ਗਈ। ਪੱਤਰਕਾਰਾਂ ਦੇ ਹਰ ਸਵਾਲ ਦੇ ਜਵਾਬ ਵਿਚ 'ਪਾਰਲੀਮੈਂਟਰੀ ਬੋਰਡ ਫ਼ੈਸਲਾ ਕਰੇਗਾ' ਆਖਣ ਵਾਲੀ ਪਾਰਟੀ ਦੀ ਸਰਬ-ਸ਼ਕਤੀਮਾਨ ਆਖੀ ਜਾਂਦੀ ਇਹ ਸੰਸਥਾ ਵੀ ਕਿਸੇ ਗਿਣਤੀ-ਮਿਣਤੀ ਵਿਚ ਨਾ ਰਹੀ! ਮੋਦੀ ਦੇ ਜਾਂ ਵੱਧ ਤੋਂ ਵੱਧ ਵੀ ਕਹੀਏ, ਮੋਦੀ-ਸ਼ਾਹ ਜੋੜੀ ਦੇ ਇਹ ਤੌਰ-ਤਰੀਕੇ ਪਾਰਟੀ ਦੀ ਅਤੇ ਦੇਸ਼ ਦੀ ਜਮਹੂਰੀਅਤ ਨੂੰ ਇੱਕ-ਪੁਰਖੀ ਤਾਨਾਸ਼ਾਹੀ ਵੱਲ ਲੈ ਕੇ ਜਾਣ ਵਾਲੇ ਹਨ। ਕੇਜਰੀਵਾਲ ਨੇ ਉਚੇ ਅੰਬਰੀਂ ਉਡਦੀ ਭਾਜਪਾਈ ਗੁੱਡੀ ਨੂੰ ਭੁੰਜੇ ਉਤਾਰ ਕੇ ਵੱਡੇ ਫ਼ੈਸਲੇ ਲੈਣ ਦੀ ਇਸ ਨਵੀਂ ਮੋਦੀ-ਸ਼ਾਹ ਰੀਤ ਵਿਰੁਧ ਭਾਜਪਾ ਦੇ ਅੰਦਰ ਭਰਪੂਰ ਬਹਿਸ ਛੇੜ ਦਿੱਤੀ ਹੈ। ਇਹ ਆਮ ਆਦਮੀ ਪਾਰਟੀ ਦੀ ਭਾਰਤੀ ਲੋਕਰਾਜ ਨੂੰ ਦੂਜੀ ਅਹਿਮ ਦੇਣ ਹੈ।

ਮੋਦੀ ਸਰਕਾਰ ਬਣਨ ਦੇ ਨਾਲ ਹੀ ਹਿੰਦੂਵਾਦੀ ਸੰਗਠਨਾਂ ਨੇ ਸਾਰੇ ਗ਼ੈਰ-ਹਿੰਦੂਆਂ ਦੀ 'ਘਰ-ਵਾਪਸੀ' ਕਰਵਾ ਕੇ 80 ਫ਼ੀਸਦੀ ਹਿੰਦੂਆਂ ਵਾਲੇ ਭਾਰਤ ਨੂੰ ਸੌ ਫ਼ੀਸਦੀ ਹਿੰਦੂਆਂ ਵਾਲਾ ਹਿੰਦੂ ਰਾਸ਼ਟਰ ਬਣਾਉਣ ਦਾ ਏਜੰਡਾ ਜ਼ੋਰ-ਸ਼ੋਰ ਨਾਲ ਅੱਗੇ ਵਧਾਉਣਾ ਸ਼ੁਰੂ ਕੀਤਾ ਹੋਇਆ ਹੈ। ਮੋਦੀ ਦੀ ਇਸ ਚਾਲ ਨੂੰ ਕਿ ਸਰਕਾਰ 'ਵਿਕਾਸ-ਵਿਕਾਸ' ਕਰਦੀ ਰਹੇਗੀ ਅਤੇ ਕੱਟੜਪੰਥੀ ਸੰਗਠਨ ਹਿੰਦੂ ਰਾਸ਼ਟਰ ਦੀ ਸੇਧ ਵਿਚ ਅੱਗੇ ਵਧਦੇ ਰਹਿਣਗੇ, ਆਮ ਆਦਮੀ ਪਾਰਟੀ ਨੇ ਦੋਰਾਹੇ ਉਤੇ ਲਿਆ ਖੜ੍ਹਾ ਕੀਤਾ ਹੈ। ਪਹਿਲੀ ਵਾਰ ਦਿੱਲੀ ਵਿਚ ਪੰਜ ਚਰਚਾਂ ਦੀ ਤੋੜ-ਭੰਨ ਤਕ ਪਹੁੰਚੀਆਂ ਕੱਟੜਪੰਥੀਆਂ ਦੀਆਂ ਆਪਹੁਦਰੀਆਂ ਸਰਗਰਮੀਆਂ ਨੇ ਚੋਣਾਂ ਵੇਲੇ ਭਾਜਪਾ ਦੀ ਬੇੜੀ ਵਿਚ ਕਾਫ਼ੀ ਭਾਰੇ ਵੱਟੇ ਪਾਏ ਹਨ। ਮੋਦੀ ਨੂੰ ਜਾਂ

*(ਬਾਕੀ ਅਗਲੇ ਸਫੇ 'ਤੇ)*

# ਦਿੱਲੀ ਦਾ ਕੌਤਕ, ਇਤਿਹਾਸ ਅਤੇ ਅਹਿਸਾਸਿ-ਤਵਾਜ਼ਨ



**ਦਲਜੀਤ ਅਮੀ**
**ਫੋਨ: +91-97811-21873**

ਦਿੱਲੀ ਦੇ ਚੋਣ ਨਤੀਜੇ ਸਭ ਦੇ ਸਾਹਮਣੇ ਹਨ। ਇਨ੍ਹਾਂ ਨਤੀਜਿਆਂ ਕਾਰਨ ਸਿਆਸਤ ਅਤੇ ਸਿਆਸੀ ਤਬਦੀਲੀ ਦੀ ਗੱਲ ਉਤਸ਼ਾਹ ਨਾਲ ਹੋਣ ਲੱਗੀ ਹੈ। ਇਨ੍ਹਾਂ ਨਤੀਜਿਆਂ ਬਾਰੇ ਉਤਸ਼ਾਹੀ ਹੁੱਬ ਕੇ ਗੱਲ ਕਰਦੇ ਹਨ। ਸਭ ਕੋਲ ਇਨ੍ਹਾਂ ਨਤੀਜਿਆਂ ਦੇ ਆਉਣ ਦੀਆਂ ਦਲੀਲਾਂ ਹਨ। ਇਨ੍ਹਾਂ ਨਤੀਜਿਆਂ ਤੋਂ ਹੈਰਾਨ ਹੋਣ ਵਾਲੇ ਆਪਣੀ ਪੜਚੋਲ ਦੌਰਾਨ ਰਹੀਆਂ ਊਣਤਾਈਆਂ ਨਜ਼ਰਅੰਦਾਜ਼ ਕਰ ਕੇ ਨਵੀਆਂ ਵਿਆਖਿਆਵਾਂ ਪੇਸ਼ ਕਰ ਰਹੇ ਹਨ। ਚੋਣ ਸਰਵੇਖਣਾਂ ਬਾਰੇ ਜ਼ਿਆਦਾ ਗੱਲ ਨਹੀਂ ਹੋ ਰਹੀ। ਇਨ੍ਹਾਂ ਚੋਣ ਨਤੀਜਿਆਂ ਤੋਂ ਬਾਅਦ ਸ਼ਾਇਦ ਸਭ ਤੋਂ ਵੱਧ ਚੋਣ ਚੁਟਕਲੇ ਚਰਚਾ ਦਾ ਵਿਸ਼ਾ ਰਹੇ ਹਨ। ਸ਼ਾਇਦ ਚੁਟਕਲੇ 'ਕੌਤਕ' ਨੂੰ ਸਮਝਣ ਵਿਚ ਅਹਿਮ ਹਿੱਸਾ ਪਾਉਂਦੇ ਹੋਣ! ਹੁਣ ਤੱਕ ਸਾਹਮਣੇ ਆਏ ਅੰਕੜਿਆਂ ਮੁਤਾਬਕ ਪੰਜਾਹ ਤੋਂ ਵੱਧ ਹਲਕਿਆਂ ਵਾਲੀ ਚੋਣ ਵਿਚ ਇਸ ਤੋਂ ਵੱਡੀ ਇੱਕਪਾਸੜ ਜਿੱਤ ਕਦੇ ਨਹੀਂ ਹੋਈ। ਪਹਿਲੀਆਂ ਲੋਕ ਸਭਾ ਚੋਣਾਂ ਅਤੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਕਾਂਗਰਸ ਨੂੰ ਇਸ ਦੇ ਮੁਕਾਬਲੇ ਕਿਤੇ ਛੋਟੀਆਂ ਚੋਣ ਜਿੱਤਾਂ ਹਾਸਲ ਹੋਈਆਂ ਸਨ। 1992 ਵਿਚ ਪੰਜਾਬ ਦੀਆਂ ਬਾਈਕਾਟ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਇਸ ਤੋਂ ਛੋਟੀ ਜਿੱਤ ਨਸੀਬ ਹੋਈ ਸੀ। 70 ਵਿਚੋਂ 67 ਹਲਕਿਆਂ ਵਿਚ ਜਿੱਤ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ (95.71 ਫ਼ੀਸਦੀ) ਦੀ ਹਾਜ਼ਰੀ ਆਪਣੇ ਆਪ ਵਿਚ ਮਿਸਾਲ ਹੈ। ਇਨ੍ਹਾਂ ਚੋਣ ਨਤੀਜਿਆਂ ਨੂੰ 'ਨਿਆਰਿਆਂ ਵਿਚੋਂ ਨਿਆਰਾ' ਮੰਨਿਆ ਜਾ ਸਕਦਾ ਹੈ। ਅਜਿਹਾ ਹੁਣ ਤੱਕ ਕਦੇ ਨਹੀਂ ਹੋਇਆ ਸੀ ਅਤੇ ਹੁਣ ਤੋਂ ਬਾਅਦ ਇਸ ਦੇ ਦੁਹਰਾਅ ਦੀ ਸੰਭਾਵਨਾ ਘੱਟ ਹੀ ਹੈ। ਕਿਸੇ ਵੀ ਸਿਆਸੀ ਰੁਝਾਨ ਰਾਹੀਂ ਇਸ ਮਿਕਦਾਰ ਦਾ ਫ਼ੈਸਲਾ ਕਿਸੇ ਵਿਗਿਆਨ ਜਾਂ ਸਮਾਜ ਵਿਗਿਆਨ ਦੇ ਘੇਰੇ ਤੋਂ ਬਾਹਰ ਹੈ। ਅਜਿਹੇ ਨਤੀਜੇ ਚੋਣਾਂ ਦਾ ਨਾਟਕ ਕਰਨ ਵਾਲੇ ਤਾਨਾਸ਼ਾਹਾਂ ਦੇ ਪੱਖ ਵਿਚ ਵੀ ਨਹੀਂ ਆਉਂਦੇ।

ਚੋਣ ਨਤੀਜਿਆਂ ਤੋਂ ਬਾਅਦ ਸਰਵੇਖਣਾਂ, ਪੱਤਰਕਾਰਾਂ ਅਤੇ ਵਿਦਵਾਨਾਂ ਨੂੰ ਸੁਆਲਾਂ ਦੇ ਘੇਰੇ ਵਿਚ ਖੜ੍ਹਾ ਕੀਤਾ ਜਾਣਾ ਸੁਭਾਵਿਕ ਹੈ। ਇਸ ਤਬਕੇ ਦੀ ਕਾਰਗੁਜ਼ਾਰੀ ਪਹਿਲਾਂ ਵੀ ਸੁਆਲਾਂ ਦੇ ਘੇਰੇ ਵਿਚ ਹੈ। ਚੋਣ ਨਤੀਜਿਆਂ ਦੇ ਮਾਮਲੇ ਵਿਚ ਇਨ੍ਹਾਂ ਦੀ ਭਰੋਸੇਯੋਗਤਾ ਨੂੰ ਚੋਖਾ ਖੋਰਾ ਲੱਗ ਚੁੱਕਾ ਹੈ। ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਨੇ ਵੱਖਰਾ ਸੁਆਲ ਪੇਸ਼ ਕੀਤਾ ਹੈ। ਕੋਈ ਵੀ ਸਰਵੇਖਣ ਇਸ ਤਰ੍ਹਾਂ ਦੇ ਇੱਕਪਾਸੜ ਚੋਣ ਨਤੀਜੇ ਬਾਰੇ ਭਵਿੱਖਵਾਣੀ ਕਰਨ ਦੀ ਹਾਲਤ ਵਿਚ ਨਹੀਂ ਹੋ ਸਕਦਾ। ਸਰਵੇਖਣਾਂ ਰਾਹੀਂ ਚੋਣ ਨਤੀਜੇ ਦਾ ਅੰਦਾਜ਼ਾ ਲਗਾਉਣ ਤੋਂ ਜ਼ਿਆਦਾਤਰ ਸੰਜੀਦਾ ਵਿਦਵਾਨ ਗੁਰੇਜ਼ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਸਰਵੇਖਣ ਨਾਲ ਮਨੁੱਖੀ ਰੁਝਾਨ ਦਾ ਤਾਂ ਪਤਾ ਲੱਗ ਸਕਦਾ ਹੈ ਪਰ ਰੁਝਾਨ ਨੂੰ ਨਤੀਜਿਆਂ ਵਿਚ ਤਬਦੀਲ ਕਰਨਾ ਮੁਸ਼ਕਿਲ ਕੰਮ ਹੈ। ਇਸੇ ਕਰ ਕੇ ਉਹ ਸਹੀ ਅੰਕੜਾ ਦੇਣ ਦੀ ਥਾਂ ਅੰਦਾਜ਼ਾ ਦਿੰਦੇ ਹਨ ਕਿ ਨਤੀਜੇ ਕਿਸ ਘੇਰੇ ਵਿਚ ਹੋ ਸਕਦੇ ਹਨ। ਘੇਰੇ ਤੋਂ ਬਾਅਦ ਕੁਝ ਗੁੰਜਾਇਸ਼ ਹੁੰਦੀ ਹੈ ਕਿ ਇਹ ਘੇਰਾ ਕਿੰਨੇ ਫੀਸਦੀ ਉਪਰ-ਹੇਠਾਂ ਹੋ ਸਕਦਾ ਹੈ। ਵੱਖ-ਵੱਖ ਸਰਵੇਖਣਾਂ ਵਿਚ ਚੋਖਾ ਫ਼ਰਕ ਹੁੰਦਾ ਹੈ ਪਰ ਨਤੀਜਿਆਂ ਦਾ ਕੋਈ ਨਾ ਕੋਈ ਘੇਰਾ ਜਿਹਾ ਬਣ ਜਾਂਦਾ ਹੈ ਜੋ ਭਾਵੇਂ ਕਿੰਨਾ ਵੀ ਮੋਕਲਾ ਹੋਵੇ। ਇਸ ਤਰ੍ਹਾਂ ਕੋਈ ਨਾ ਕੋਈ ਸਰਵੇਖਣ ਨਤੀਜਿਆਂ ਦੇ ਨੇੜੇ ਹੋ ਜਾਂਦਾ ਹੈ। ਤਮਾਮ ਸੁਆਲਾਂ ਦੇ ਬਾਵਜੂਦ ਸਰਵੇਖਣ ਰਾਹੀਂ ਦਾਅਵਿਆਂ ਅਤੇ ਭਰੋਸੇਯੋਗਤਾ ਦੇ ਮਸਲੇ ਕਾਇਮ ਰਹਿੰਦੇ ਹਨ।

ਸਰਵੇਖਣ ਦੀ ਵਿਧੀ ਬਾਰੇ ਸੁਆਲ ਹੁੰਦੇ ਹਨ ਕਿ ਜੁਆਬ ਦੇਣ ਵਾਲਿਆਂ ਦੀ ਗਿਣਤੀ ਕਿੰਨੀ ਸੀ ਅਤੇ ਸੁਆਲਾਂ ਦਾ ਝੁਕਾਅ ਕਿਸ ਪਾਸੇ ਸੀ। ਸੁਆਲੀ ਦਾ ਸੁਆਲ ਕਰਨ ਦਾ ਤਰੀਕਾ ਜਾਂ ਜੁਆਬ ਵਜੋਂ ਪੇਸ਼ ਕੀਤੀ ਗਈ ਚੋਣ ਮਾਅਨੇ ਰੱਖਦੀ ਹੈ। ਜੁਆਬ ਦੇਣ ਵਾਲਿਆਂ ਦੇ ਪਿਛੋਕੜ, ਉਮਰ, ਲਿੰਗ, ਬੋਲੀ, ਖੇਤਰ ਅਤੇ ਕਿੱਤੇ ਦੀ ਵੰਨ-ਸੁਵੰਨਤਾ ਦੇ ਸੁਆਲ ਹੁੰਦੇ ਹਨ। ਇਸ ਤਰ੍ਹਾਂ ਇਕੱਠੇ ਹੋਏ ਅੰਕੜਿਆਂ ਨਾਲ ਬਹੁਤ ਸਾਰੀਆਂ ਧਾਰਨਾਵਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਜੇ ਨਤੀਜੇ ਸਰਵੇਖਣ ਦੇ ਨੇੜੇ ਹੋਣ, ਤਾਂ ਇਹ ਧਾਰਨਾਵਾਂ ਜ਼ਿਆਦਾ ਠੁੱਕ ਨਾਲ ਪੇਸ਼ ਕੀਤੀਆਂ ਜਾਂਦੀਆਂ ਹਨ, ਪਰ ਜੇ ਨਤੀਜੇ ਧਾਰਨਾਵਾਂ ਤੋਂ ਫਰਕ ਨਾਲ ਹੋਣ ਤਾਂ ਧਾਰਨਾਵਾਂ ਨੂੰ ਪੇਚੀਦਾ ਵਿਆਖਿਆ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਜੁਆਬ ਦੇਣ ਵਾਲਿਆਂ ਦੀ ਵੱਧ ਤੋਂ ਵੱਧ ਗਿਣਤੀ ਵੀ ਮੌਜੂਦਾ ਚੋਣ ਨਤੀਜਿਆਂ ਦੀ ਪੁਖ਼ਤਾ ਪੇਸ਼ੀਨਗੋਈ ਨਹੀਂ ਕਰ ਸਕਦੀ ਸੀ। ਸਰਵੇਖਣ ਦੇ ਗਲਤ ਹੋਣ ਦੀ ਸੰਭਾਵਨਾ ਤੋਂ ਸਰਵੇਖਣ ਕਰਤਾ ਜਾਣੂ ਹੁੰਦਾ ਹੈ। ਜੇ ਕਿਸੇ ਸਰਵੇਖਣ ਦੇ ਨਤੀਜੇ ਪੁਖ਼ਤਾ ਅੰਕੜੇ ਦੇ ਨੇੜੇ ਹੁੰਦੇ ਤਾਂ ਇਤਿਹਾਸ ਵਿਚ ਇਸ ਤਰ੍ਹਾਂ ਦੀ ਮਿਸਾਲ ਨਾ ਹੋਣ ਕਾਰਨ ਸਰਵੇਖਣ ਕਰਤਾ ਨੇ ਆਪ ਨਤੀਜਿਆਂ ਉਤੇ ਸ਼ੱਕ ਕਰਨਾ ਸੀ। ਬਾਅਦ ਵਿਚ ਕੁਝ ਵੀ ਕਿਹਾ ਜਾ ਸਕਦਾ ਹੈ ਪਰ ਚੋਣ ਨਤੀਜਿਆਂ ਤੋਂ ਪਹਿਲਾਂ 67 ਦਾ ਅੰਕੜਾ ਬੋਲਣਾ ਅਰਵਿੰਦ ਕੇਜਰੀਵਾਲ ਤੋਂ ਲੈ ਕੇ ਉਸ ਦੇ ਕੱਟੜ ਤੋਂ ਕੱਟੜ ਹਮਾਇਤੀ ਲਈ ਵੀ ਮੁਸ਼ਕਿਲ ਸੀ।

ਚੋਣ ਨਤੀਜਿਆਂ ਦੀ ਪੇਸ਼ੀਨਗੋਈ ਦੀ ਕੋਈ ਵਿਧੀ ਪੱਤਰਕਾਰਾਂ ਕੋਲ ਨਹੀਂ ਹੁੰਦੀ। ਉਹ ਸਿਰਫ ਅੰਦਾਜ਼ਾ ਲਗਾ ਸਕਦੇ ਹਨ ਜੋ ਆਮ ਆਦਮੀ ਪਾਰਟੀ ਦੇ ਪੱਖ ਵਿਚ ਲਗਾਇਆ ਜਾ ਰਿਹਾ ਸੀ। ਭਾਜਪਾ ਨੂੰ ਇੱਕ ਹਿੰਦਸੇ ਤੱਕ ਮਹਿਦੂਦ ਕਰਨ ਦੀ ਹਿਮਾਕਤ ਕੋਈ ਪੱਤਰਕਾਰ ਨਹੀਂ ਸੀ ਕਰ ਸਕਦਾ। ਜੇ ਕੋਈ ਇਸ ਤਰ੍ਹਾਂ ਕਰਦਾ, ਤਾਂ ਇਹ ਪੱਤਰਕਾਰੀ ਦੀ ਥਾਂ 'ਚੋਣ ਪ੍ਰਚਾਰ' ਜਾਂ 'ਇਸ਼ਤਿਹਾਰ' ਦੇ ਘੇਰੇ ਵਿਚ ਆਉਣਾ ਸੀ। ਇਨ੍ਹਾਂ ਚੋਣਾਂ ਦੌਰਾਨ ਤੀਹ ਤੋਂ ਵੱਧ ਵਿਧਾਇਕਾਂ ਵਾਲਾ ਹਰ ਚੋਣ ਨਤੀਜਾ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਕਾਮਯਾਬੀ ਕਰਾਰ ਦਿੱਤਾ ਜਾਣਾ ਸੀ। ਬਹੁਮਤ ਤੋਂ ਬਾਅਦ ਹਰ ਅੰਕੜੇ ਦਾ ਐਲਾਨ ਜ਼ਬਰਦਸਤ ਜਿੱਤ ਵਜੋਂ ਕੀਤਾ ਜਾਣਾ ਸੀ। ਮੌਜੂਦਾ ਅੰਕੜਾ ਤਾਂ ਹਰ ਵਿਸ਼ੇਸ਼ਣ ਦੇ ਘੇਰੇ ਤੋਂ ਬਾਹਰ ਹੈ। ਇਹ ਅੰਦਾਜ਼ਾ ਕਿਸੇ ਪੱਤਰਕਾਰ ਨੂੰ ਨਹੀਂ ਹੋ ਸਕਦਾ ਸੀ। ਗਿਣਤੀ ਵਾਲੇ ਦਿਨ ਦੇ ਸ਼ੁਰੂਆਤੀ ਰੁਝਾਨ ਤੋਂ ਬਾਅਦ ਕਿਸੇ ਦਾ ਅੰਦਾਜ਼ਾ ਦਰੁਸਤ ਸਾਬਤ ਹੋ ਸਕਦਾ ਹੈ ਪਰ ਉਸ ਤੋਂ ਪਹਿਲਾਂ ਇਹ ਪੇਸ਼ੀਨਗੋਈ ਕਰਨਾ ਜਾਂ ਅੰਦਾਜ਼ਾ ਲਗਾਉਣਾ ਮੁਸ਼ਕਿਲ ਸੀ।

ਇਹ ਚੋਣ ਨਤੀਜੇ ਕਿਸੇ ਵੀ 'ਅਹਿਸਾਸਿ-ਤਵਾਜ਼ਨ' ਵਿਚ ਨਹੀਂ ਆਉਂਦੇ। ਇਹ ਤਵਾਜ਼ਨ ਸਿਰਫ ਮੌਜੂਦਾ ਹਾਲਾਤ ਜਾਂ ਚੋਣ ਨਤੀਜਿਆਂ ਨਾਲ ਹੀ ਨਹੀਂ ਜੁੜਦਾ। ਸੰਵਿਧਾਨ ਲਿਖਣ ਵੇਲੇ ਵਿਰੋਧੀ ਧਿਰ ਦੀ ਗਿਣਤੀ ਅਤੇ ਰੁਤਬੇ ਬਾਰੇ ਸੋਚਿਆ ਗਿਆ ਸੀ। ਉਸ ਵੇਲੇ ਦੇ ਵਿਦਵਾਨਾਂ, ਸਿਆਸਤਦਾਨਾਂ ਨੂੰ ਲੱਗਿਆ ਹੋਵੇਗਾ ਕਿ ਕਮਜ਼ੋਰ ਤੋਂ ਕਮਜ਼ੋਰ ਵਿਰੋਧੀ ਧਿਰ ਦਸ ਫ਼ੀਸਦੀ ਤੱਕ ਮਹਿਦੂਦ ਹੋ ਸਕਦੀ ਹੈ। ਲੰਘੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਮਨੌਤ ਉਤੇ ਕੋਈ ਸੁਆਲ ਨਹੀਂ ਹੋਇਆ ਸੀ। ਲੋਕ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਦੀ ਥਾਂ ਗੱਠਜੋੜ ਵਿਰੋਧੀ ਧਿਰ ਦੇ ਰੁਤਬੇ ਦੀ ਗਿਣਤੀ ਪੂਰਾ ਕਰਨ ਅਤੇ ਰੁਤਬਾ ਹਾਸਲ ਕਰਨ ਦਾ ਦਾਅਵਾ ਕਰ ਸਕਦਾ ਸੀ। ਕਈ ਤਰ੍ਹਾਂ ਦੇ ਗ਼ੈਰ-ਹੁਕਮਰਾਨ ਜਮ੍ਹਾਂਜੋੜ ਦਸ ਫ਼ੀਸਦੀ ਦਾ ਅੰਕੜਾ ਕਾਂਗਰਸ ਤੋਂ ਬਿਨਾਂ ਵੀ ਹਾਸਲ ਕਰ ਸਕਦੇ ਸਨ। ਇਹ ਵੱਖਰਾ ਮਸਲਾ ਹੈ ਕਿ ਵਿਰੋਧੀ ਧਿਰ ਦੇ ਰੁਤਬੇ ਦਾ ਫ਼ੈਸਲਾ ਕਿਨ੍ਹਾਂ ਹਾਲਾਤ ਅਤੇ ਕਿਨ੍ਹਾਂ ਵਿਚਾਰਾਂ ਵਿਚ ਮੌਜੂਦਾ ਹਾਲਤ ਵਿਚ ਪਹੁੰਚਿਆ ਹੈ। ਦਿੱਲੀ ਵਿਧਾਨ ਸਭਾ ਦੇ ਚੋਣ ਨਤੀਜਿਆਂ ਨੇ ਤਾਂ ਉਸ ਤਰ੍ਹਾਂ ਦਾ ਹਿਸਾਬ-ਕਿਤਾਬ ਮੁੱਢੋਂ ਹੀ ਰੱਦ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਤੋਂ ਬਿਨਾਂ ਵਿਧਾਇਕਾਂ ਦਾ ਗਿਣਤੀ ਪੰਜ ਫੀਸਦੀ ਵੀ ਨਹੀਂ ਹੈ। ਇਸ ਨਾਲ ਉਹ ਸਮਝ ਸੁਆਲਾਂ ਦੇ ਘੇਰੇ ਵਿਚ ਆਈ ਕਿ ਕਮਜ਼ੋਰ ਤੋਂ ਕਮਜ਼ੋਰ ਵਿਰੋਧੀ ਧਿਰ ਦਸ ਫੀਸਦੀ ਤਾਂ ਹੋਵੇਗੀ ਜਾਂ ਗ਼ੈਰ-ਹੁਕਮਰਾਨ ਧਿਰਾਂ ਦਸ ਫੀਸਦੀ ਹੋਣਗੀਆਂ। ਹੁਣ ਕੋਈ ਧਿਰ ਦਿੱਲੀ ਵਿਚ ਵਿਰੋਧੀ ਧਿਰ ਦਾ ਰੁਤਬਾ ਹਾਸਲ ਕਰਨ ਦੀ ਦਾਅਵੇਦਾਰੀ ਤੱਕ ਨਹੀਂ ਕਰ ਸਕਦੀ। ਵਿਧਾਨ ਸਭਾ ਵਿਚ ਬੈਠਣ ਦਾ ਮਸਲਾ ਹੋਰ ਵੀ ਪੇਚੀਦਾ ਹੋ ਗਿਆ ਹੈ। ਦਿੱਲੀ ਵਿਧਾਨ ਸਭਾ ਵਿਚ ਤਕਰੀਬਨ 95 ਫ਼ੀਸਦੀ ਇਲਾਕਾ ਹੁਕਮਰਾਨ ਧਿਰ ਲਈ ਨਾਮਜ਼ਦ ਕਰਨਾ ਪਵੇਗਾ। ਕੇਂਦਰ ਵਿਚ ਲੋਕ ਸਭਾ ਦੀਆਂ ਤਕਰੀਬਨ ਚਾਲੀ ਫੀਸਦੀ ਸੀਟਾਂ ਗ਼ੈਰ-ਹੁਕਮਰਾਨ ਧਿਰਾਂ ਕੋਲ ਹਨ। ਦਿੱਲੀ ਵਿਚ ਗ਼ੈਰ-ਹੁਕਮਰਾਨ ਧਿਰ ਦੇ ਤਿੰਨ ਵਿਧਾਇਕਾਂ ਨੂੰ ਵੱਖਰਾ ਇਲਾਕਾ ਨਾਮਜ਼ਦ ਕਰਨਾ ਮੁਸ਼ਕਿਲ ਹੋਵੇਗਾ। ਉਨ੍ਹਾਂ ਦੇ ਅੱਗੇ ਜਾਂ ਪਿੱਛੇ ਹੁਕਮਰਾਨ ਧਿਰ ਦੇ ਵਿਧਾਇਕ ਬੈਠਣਗੇ। ਇਹ ਮਾਮਲਾ ਵੀ 'ਅਹਿਸਾਸਿ-ਤਵਾਜ਼ਨ' ਤੋਂ ਬਾਹਰ ਹੈ।

ਦਿੱਲੀ ਦੇ ਚੋਣ ਨਤੀਜਿਆਂ ਤੋਂ ਬਾਅਦ ਕਈ ਤਰ੍ਹਾਂ ਦੇ ਸਿੱਟੇ ਕੱਢੇ ਜਾ ਰਹੇ ਹਨ। ਆਮ ਆਦਮੀ ਪਾਰਟੀ ਦਾ ਅਗਲਾ ਟੀਚਾ ਸਭ ਤੋਂ ਵੱਡਾ ਸੁਆਲ ਹੈ। ਬਿਹਾਰ ਅਤੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੀ ਚਰਚਾ ਇਸੇ ਹਵਾਲੇ ਨਾਲ ਹੋ ਰਹੀ ਹੈ। ਇਨ੍ਹਾਂ ਸੂਬਿਆਂ ਵਿਚ ਕਦੇ ਵਿਧਾਨ ਸਭਾ ਚੋਣਾਂ ਨਾ ਲੜਨ ਵਾਲੀ ਆਮ ਆਦਮੀ ਪਾਰਟੀ ਨੂੰ ਦੂਜੀ ਜਾਂ ਤੀਜੀ ਧਿਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੇ ਹਮਾਇਤੀ ਦਿੱਲੀ ਦੇ ਚੋਣ ਨਤੀਜਿਆਂ ਨੂੰ ਭਾਰਤੀ ਜਮਹੂਰੀਅਤ ਲਈ ਨਵੀਂ ਆਸ ਵਜੋਂ ਪੇਸ਼ ਕਰ ਰਹੇ ਹਨ। ਦਿੱਲੀ ਵਰਗਾ ਚੋਣ ਨਤੀਜਾ ਤਾਂ 'ਕੌਤਕ' ਹੈ ਜੋ ਕਦੇ ਹੀ ਵਾਪਰਦਾ ਹੈ ਪਰ ਮੁਹਾਵਰਾ ਬਣ ਜਾਂਦਾ ਹੈ। ਦਿੱਲੀ ਦੇ 'ਕੌਤਕ' ਦੀ ਚਰਚਾ ਤਾਂ ਹੁਣ ਲਗਾਤਾਰ ਹੁੰਦੀ ਰਹੇਗੀ, ਪਰ ਇਸ ਦੇ 'ਮੰਤਰ' ਬਣ ਜਾਣ ਦੀ ਸੰਭਾਵਨਾ ਕੁਝ ਘੱਟ ਜਾਪਦੀ ਹੈ।

ਦਿੱਲੀ ਦਾ ਖ਼ਾਸਾ ਉਥੇ ਦੀ ਸਫ਼ਰਯਾਫ਼ਤਾ ਆਬਾਦੀ ਤੈਅ ਕਰਦੀ ਹੈ। ਦੱਖਣੀ ਏਸ਼ੀਆ ਦੇ ਹਰ ਇਲਾਕੇ ਦੇ ਜੀਅ ਦਿੱਲੀ ਵਿਚ ਵਸੇ ਹੋਏ ਹਨ। ਦਿੱਲੀ ਨੇ ਭਾਰਤ-ਪਾਕਿਸਤਾਨ ਦੀ ਵੰਡ ਤੋਂ ਲੈ ਕੇ ਹੁਣ ਤੱਕ ਹਿਜਰਤ, ਰੋਜ਼ਗਾਰ, ਸਿੱਖਿਆ, ਕਾਰੋਬਾਰ, ਵਪਾਰ, ਸਿਆਸਤ ਅਤੇ ਰਾਜਧਾਨੀ ਦੇ ਸੁੱਖਾਂ ਰਾਹੀਂ ਲੋਕਾਂ ਨੂੰ ਲਗਾਤਾਰ ਖਿੱਚਿਆ ਹੈ। ਇਹੋ ਆਵਾਮ ਦਿੱਲੀ ਨੂੰ ਸਫ਼ਰਯਾਫ਼ਤਾ ਰੱਖਦਾ ਹੈ। ਸਫ਼ਰਯਾਫ਼ਤਾ ਆਬਾਦੀ ਦੇ ਆਪਣੇ ਸੁੱਖ-ਦੁੱਖ ਹਨ। ਇੱਕ ਪਾਸੇ ਬੇਨਾਮੀ ਹੈ ਅਤੇ ਦੂਜੇ ਪਾਸੇ ਖਾਹਸ਼ਾਂ ਅਸਮਾਨ ਛੂੰਹਦੀਆਂ ਹਨ। ਆਮ ਆਦਮੀ ਪਾਰਟੀ ਦਾ ਖ਼ਾਸਾ ਸਫ਼ਰਯਾਫ਼ਤਾ ਆਬਾਦੀ ਨਾਲ ਮੇਲ ਖਾਂਦਾ ਹੈ। ਇਹ ਜਮ੍ਹਾਂਜੋੜ 'ਕੌਤਕ' ਵਾਪਰਨ ਦੀ ਸੰਭਾਵਨਾ ਪੈਦਾ ਕਰਦਾ ਹੈ। ਦਿੱਲੀ ਦੇ ਚੋਣ ਨਤੀਜੇ ਇਸੇ ਸੰਭਾਵਨਾ ਨੂੰ ਪਿਆ ਬੂਰ ਵੀ ਹੋ ਸਕਦੇ ਹਨ। ਕੀ ਇਹ ਜਮ੍ਹਾਂਜੋੜ ਦਿੱਲੀ ਵਿਚ ਇਸ 'ਕੌਤਕ' ਨੂੰ ਮੰਤਰ ਬਣਾ ਸਕਦਾ ਹੈ? ਇਸ ਸੁਆਲ ਦੇ ਜੁਆਬ ਲਈ ਹਾਲੇ ਉਡੀਕ ਕਰਨੀ ਹੋਵੇਗੀ।

ਦਿੱਲੀ ਦਾ 'ਕੌਤਕ' ਕਿਸੇ ਹੋਰ ਸੂਬੇ ਵਿਚ ਦੁਹਰਾਏ ਜਾਣ ਦੀ ਦਾਅਵੇਦਾਰੀ ਜਾਂ ਲੋੜ ਨੂੰ ਸਮਝਣ ਲਈ ਚੋਣ ਨਤੀਜੇ ਕੁਝ ਇਮਦਾਦ ਕਰ ਸਕਦੇ ਹਨ। ਇਹ ਦਾਅਵੇਦਾਰੀ ਅਤੇ ਲੋੜ ਕਿਨ੍ਹਾਂ ਹਾਲਾਤ ਵਿਚੋਂ ਨਿਕਲਦੀ ਹਨ? ਸਿਆਸੀ ਨਿਜ਼ਾਮ ਕੀਤੇ ਵਾਅਦਿਆਂ ਨੂੰ ਵਫਾ ਕਰਨ ਵਿਚ ਨਾਕਾਮਯਾਬ ਰਿਹਾ ਹੈ। ਆਵਾਮ ਦੀਆਂ ਦੁਸ਼ਵਾਰੀਆਂ ਅਤੇ ਖ਼ਾਹਸ਼ਾਂ ਦਾ ਨਿਜ਼ਾਮ ਦੀ ਕਾਰਗੁਜ਼ਾਰੀ ਨਾਲ ਤਵਾਜ਼ਨ ਵਿਗੜ ਚੁੱਕਾ ਹੈ। ਇਨ੍ਹਾਂ ਹਾਲਾਤ ਵਿਚੋਂ ਨਿਕਲਦੀ ਤਕਲੀਫ਼ ਅਤੇ ਬੇਸਬਰੀ, ਆਪਣੀ ਟੇਕ ਹਰ ਸੰਭਾਵਨਾ ਜਾਂ ਸਮਕਾਲੀ ਮਿਸਾਲ ਨਾਲ ਜੋੜ ਲੈਂਦੀ ਹੈ। ਦਿੱਲੀ ਦਾ 'ਕੌਤਕ' ਪੰਜਾਬ ਦੇ 'ਹਾਲਾ ਲਾਲਾ' ਖ਼ਾਸੇ ਨੂੰ ਟੁੰਬਦਾ ਹੈ ਜੋ ਅਹਿਸਾਸਿ-ਤਵਾਜ਼ਨ ਤੋਂ ਬਾਹਰਲੀ ਸ਼ੈਅ ਹੈ। ਇਸ ਵਿਚੋਂ ਬਣਦੀ ਸੰਭਾਵਨਾ ਨੂੰ ਮਿਕਦਾਰ ਵਿਚ ਬੰਨ੍ਹਣਾ ਤਾਂ ਮੁਸ਼ਕਿਲ ਹੈ, ਪਰ ਇਹ 'ਕੌਤਕ' ਕਿਸੇ 'ਮੰਤਰ' ਦੇ ਘੇਰੇ ਵਿਚ ਕਿਵੇਂ ਆਵੇਗਾ?

ਇਤਿਹਾਸ ਵਿਚ ਮਨੁੱਖ ਨੇ ਬਹੁਤ ਸਾਰੇ 'ਕੌਤਕਾਂ' ਨੂੰ 'ਮੰਤਰਾਂ' ਦੇ ਘੇਰੇ ਵਿਚ ਲਿਆਂਦਾ ਹੈ। ਕੌਤਕ ਤੋਂ ਮੰਤਰ ਦਾ ਸਫ਼ਰ ਦਲੀਲ ਵਿਚੋਂ ਗੁਜ਼ਰਦਾ ਹੈ। ਹਾਲ ਦੀ ਘੜੀ ਮੰਤਰ ਦੀ ਮੰਗ ਕਰਦੀ ਦਲੀਲ ਰੱਦ ਕਰ ਦਿੱਤੀ ਗਈ ਹੈ। ਇੱਕੋ ਦਲੀਲ ਹੈ ਕਿ ਜੇ 'ਦਿੱਲੀ ਵਿਚ ਹੋ ਸਕਦਾ ਹੈ ਤਾਂ ਹੋਰ ਕਿਤੇ ਕਿਉਂ ਨਹੀਂ?' ਆਵਾਮ ਦੀਆਂ ਦੁਸ਼ਵਾਰੀਆਂ ਅਤੇ ਖ਼ਾਹਸ਼ਾਂ ਅਹਿਸਾਸਿ-ਤਵਾਜ਼ਨ ਤੋਂ ਬਾਹਰ ਹਨ। ਇਨ੍ਹਾਂ ਦੁਸ਼ਵਾਰੀਆਂ ਦੇ ਹੱਲ ਅਤੇ ਖ਼ਾਹਸ਼ਾਂ ਦੀ ਪੂਰਤੀ 'ਕੌਤਕ' ਵਿਚੋਂ ਲੱਭੀ ਜਾ ਰਹੀ ਹੈ। ਦਿੱਲੀ ਦੇ 'ਕੌਤਕ' ਨੇ ਮਨੁੱਖੀ ਸਮਰੱਥਾ ਦੀ ਨੁਮਾਇਸ਼ ਕੀਤੀ ਹੈ ਜੋ ਹੋਰ ਥਾਂਵਾਂ ਉਤੇ ਕੌਤਕ ਵਰਤਾਉਣ ਦੇ ਉਪਰਾਲਿਆਂ ਨੂੰ ਹੁਲਾਰਾ ਦੇਵੇਗੀ। ਇਤਿਹਾਸ ਗਵਾਹ ਹੈ ਕਿ 'ਕੌਤਕ' ਵਾਰ-ਵਾਰ ਨਹੀਂ ਵਾਪਰਦੇ, ਪਰ ਕਦੇ ਨਾ ਕਦੇ ਪਹਿਲੀ ਵਾਰ ਜ਼ਰੂਰ ਵਾਪਰ ਜਾਂਦੇ ਹਨ। ਉਂਜ ਇਤਿਹਾਸ ਤਾਂ ਯਾਦ ਹੀ ਕਰਵਾਉਂਦਾ ਹੈ, ਪਰ ਕੌਤਕ ਵਰਤਾਉਣ ਦੇ ਉਪਰਾਲਿਆਂ ਨੂੰ ਨੱਥ ਨਹੀਂ ਪਾਉਂਦਾ।



***ਚੋਣ ਨਤੀਜਿਆਂ ਤੋਂ ਬਾਅਦ ਸਰਵੇਖਣਾਂ, ਪੱਤਰਕਾਰਾਂ ਅਤੇ ਵਿਦਵਾਨਾਂ ਨੂੰ ਸੁਆਲਾਂ ਦੇ ਘੇਰੇ ਵਿਚ ਖੜ੍ਹਾ ਕੀਤਾ ਜਾਣਾ ਸੁਭਾਵਿਕ ਹੈ। ਇਸ ਤਬਕੇ ਦੀ ਕਾਰਗੁਜ਼ਾਰੀ ਪਹਿਲਾਂ ਵੀ ਸੁਆਲਾਂ ਦੇ ਘੇਰੇ ਵਿਚ ਹੈ। ਚੋਣ ਨਤੀਜਿਆਂ ਦੇ ਮਾਮਲੇ ਵਿਚ ਇਨ੍ਹਾਂ ਦੀ ਭਰੋਸੇਯੋਗਤਾ ਨੂੰ ਚੋਖਾ ਖੋਰਾ ਲੱਗ ਚੁੱਕਾ ਹੈ। ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਨੇ ਵੱਖਰਾ ਸੁਆਲ ਪੇਸ਼ ਕੀਤਾ ਹੈ। ਕੋਈ ਵੀ ਸਰਵੇਖਣ ਇਸ ਤਰ੍ਹਾਂ ਦੇ ਇੱਕਪਾਸੜ ਚੋਣ ਨਤੀਜੇ ਬਾਰੇ ਭਵਿੱਖਵਾਣੀ ਕਰਨ ਦੀ ਹਾਲਤ ਵਿਚ ਨਹੀਂ ਹੋ ਸਕਦਾ।***

## ਦਿੱਲੀ ਚੋਣਾਂ ਦੇ ਕੁਝ ਅਹਿਮ ਪਰ ਅਣਗੌਲੇ ਮੁੱਦੇ

*(ਪਿਛਲੇ ਸਫੇ ਦੀ ਬਾਕੀ)*

ਤਾਂ ਕੱਟੜਪੰਥੀਆਂ ਨਾਲੋਂ ਨਾਤਾ ਤੋੜ ਕੇ ਉਨ੍ਹਾਂ ਨੂੰ ਨੱਥ ਪਾਉਣੀ ਪਵੇਗੀ, ਤੇ ਜਾਂ 2019 ਵਿਚ ਨਮੋਸ਼ੀ ਭਰੀ ਹਾਰ ਲਈ ਹੁਣੇ ਤੋਂ ਤਿਆਰ ਰਹਿਣਾ ਪਵੇਗਾ। ਇਹ ਆਮ ਆਦਮੀ ਪਾਰਟੀ ਦੀ ਭਾਰਤੀ ਲੋਕਰਾਜ ਨੂੰ ਤੀਜੀ ਅਹਿਮ ਦੇਣ ਹੈ।

ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਨੇ ਸਿਰਫ਼ 30 ਕਰੋੜ ਚੰਦਾ ਇਕੱਠਾ ਕਰਨ ਦਾ ਟੀਚਾ ਮਿਥਿਆ ਸੀ। ਸੰਭਵ ਹੈ, ਦਿੱਲੀ ਵਿਚ ਕੀਤੀਆਂ ਗਈਆਂ ਇਕੱਲੇ ਮੋਦੀ ਦੀਆਂ ਰੈਲੀਆਂ ਦਾ ਖ਼ਰਚ ਹੀ ਇੰਨਾ ਬਣ ਗਿਆ ਹੋਵੇ। ਚੋਣ ਕਮਿਸ਼ਨ ਨੂੰ ਲੋਕ ਸਭਾ ਦੀਆਂ ਚੋਣਾਂ ਦਾ ਖ਼ਰਚ ਭਾਜਪਾ ਨੇ 7 ਅਰਬ 14 ਕਰੋੜ 29 ਲੱਖ ਅਤੇ ਕਾਂਗਰਸ ਨੇ 5 ਅਰਬ 16 ਕਰੋੜ 2 ਲੱਖ ਦੱਸਿਆ ਸੀ। ਚੋਣ ਕਮਿਸ਼ਨ ਸਮੇਤ ਸਭ ਜਾਣਦੇ ਹਨ ਕਿ ਇਹ ਜਾਣਕਾਰੀ ਸੱਚ ਦੇ ਨੇੜੇ-ਤੇੜੇ ਵੀ ਨਹੀਂ ਹੁੰਦੀ। ਆਮ ਆਦਮੀ ਪਾਰਟੀ ਦੇਸ਼ ਦੀ ਪਹਿਲੀ ਤੇ ਇਕੱਲੀ ਪਾਰਟੀ ਹੈ ਜੋ ਚੰਦਾ ਸਿਰਫ਼ ਚੈਕ ਰਾਹੀਂ ਲੈਂਦੀ ਹੈ, ਨਾਲ ਪੈਨ ਨੰਬਰ ਪੁੱਛਦੀ ਹੈ ਅਤੇ ਸਾਰਾ ਵੇਰਵਾ ਨੈਟ ਉਤੇ ਪਾਉਂਦੀ ਹੈ। ਉਸ ਦੇ ਵਾਰ-ਵਾਰ ਸਵਾਲ ਖੜ੍ਹਾ ਕਰਨ ਦੇ ਬਾਵਜੂਦ ਭਾਜਪਾ ਤੇ ਕਾਂਗਰਸ ਆਪਣੇ ਚੰਦਿਆਂ ਦੇ ਸੋਮੇ ਦੱਸਣ ਲਈ ਤਿਆਰ ਨਹੀਂ ਹੁੰਦੀਆਂ। ਉਹ ਰਾਜਨੀਤਕ ਪਾਰਟੀਆਂ ਨੂੰ ਸੂਚਨਾ ਅਧਿਕਾਰ ਦੇ ਅਧੀਨ ਲਿਆਉਣ ਲਈ ਵੀ ਸਹਿਮਤ ਨਹੀਂ ਪਰ ਉਹ ਇਕਸੁਰ ਹੋ ਕੇ ਆਮ ਆਦਮੀ ਪਾਰਟੀ ਤੋਂ ਇਹ ਪੁੱਛਣ ਦੀ ਹਿੰਮਤ ਜ਼ਰੂਰ ਕਰਦੀਆਂ ਹਨ ਕਿ ਉਹ ਇਹ ਵੀ ਦੱਸੇ ਕਿ ਉਸ ਨੂੰ ਚੰਦਾ ਦੇਣ ਵਾਲਾ ਕੀ ਕਾਰੋਬਾਰ ਕਰਦਾ ਹੈ ਤੇ ਉਸ ਦੇ ਕੋਲ ਇਹ ਪੈਸਾ ਕਿੱਥੋਂ ਆਇਆ ਹੈ।

ਚੰਗੀ ਗੱਲ ਇਹ ਹੈ ਕਿ ਹੁਣ ਇਹ ਮਾਮਲਾ ਖੁੱਲ੍ਹਣ ਲੱਗ ਪਿਆ ਹੈ। ਸ਼ਾਇਦ ਇਸ ਵਿਚੋਂ ਵੀ ਕੁਝ ਚੰਗਾ ਨਿਕਲ ਹੀ ਆਵੇ! ਪੈਸੇ, ਸ਼ਰਾਬ ਅਤੇ ਦੂਰ ਉਚੇ ਮੰਚ ਉਤੇ ਬਿਰਾਜਮਾਨ ਨੇਤਾਵਾਂ ਵਾਲੀਆਂ ਮਹਿੰਗੀਆਂ ਰੈਲੀਆਂ ਦੀ ਰਾਜਨੀਤੀ ਦੀ ਥਾਂ ਛੋਟੇ-ਛੋਟੇ ਮੰਚ ਰਹਿਤ ਸਥਾਨਕ ਇਕੱਠਾਂ ਰਾਹੀਂ ਲੋਕਾਂ ਨਾਲ ਸਿੱਧਾ ਨਾਤਾ ਜੋੜਨ ਦੀ ਮਾਇਆ-ਮੁਕਤ ਰਾਜਨੀਤੀ ਆਮ ਆਦਮੀ ਪਾਰਟੀ ਦੀ ਭਾਰਤੀ ਲੋਕਰਾਜ ਨੂੰ ਚੌਥੀ ਅਹਿਮ ਦੇਣ ਹੈ। ਇਹ ਅਤੇ ਹੋਰ ਕਈ ਪੱਖ ਦੇਖਦਿਆਂ ਇਹ ਆਸ ਲਾਉਣੀ ਗ਼ਲਤ ਨਹੀਂ ਹੋਵੇਗੀ ਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਭਾਰਤੀ ਰਾਜਨੀਤੀ ਵਿਚ ਨਿਰਮਲਤਾ ਲਿਆਉਣ ਦੀ ਪ੍ਰੇਰਕ ਅਤੇ ਰਾਹ-ਦਿਖਾਵੀ ਸਿੱਧ ਹੋ ਸਕਦੀ ਹੈ।

## 'ਆਪ' ਨੇ

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

ਸੱਚਾਈ ਦਾ ਬਿਗਲ ਵਜਾਇਆ 'ਆਪ' ਨੇ।
ਦਿੱਲੀ ਵਿਚ ਪਰਚਮ ਲਹਿਰਾਇਆ 'ਆਪ' ਨੇ।

ਬੀ.ਜੇ.ਪੀ. ਕਾਂਗਰਸ ਝਾੜੂ ਨਾਲ ਹੂੰਝ ਕੇ।
ਦੋਹਾਂ ਦਾ ਕੀਤਾ ਸਫਾਇਆ 'ਆਪ' ਨੇ।

ਸੱਚਾ ਸੁੱਚਾ ਇਨਸਾਨ ਕੇਜਰੀਵਾਲ ਹੈ,
ਮਿਲ ਕੇ ਸੱਚ ਦਾ ਨਾਅਰਾ ਲਾਇਆ 'ਆਪ' ਨੇ।

ਦਸ ਲੱਖੀਆ ਜੋ ਸੂਟ ਸੀ ਪਾ ਕੇ ਵਿਚਰਦਾ,
ਮਿੱਟੀ ਦੇ ਵਿਚ ਆਣ ਮਿਲਾਇਆ 'ਆਪ' ਨੇ।

ਜੋ ਕਹਿੰਦਾ ਸੀ ਹੀਰੋ ਹਾਂ ਮੈਂ ਹਿੰਦ ਦਾ,
ਪਲ ਵਿਚ ਜ਼ੀਰੋ ਕਰ ਦਿਖਲਾਇਆ 'ਆਪ' ਨੇ।

ਕਿਰਨ ਬੇਦੀ ਦੀ ਆਕੜ ਮਿੱਟੀ 'ਚ ਮਿਲ ਗਈ,
ਉਸ ਨੂੰ ਉਸ ਦੇ ਘਰ ਪਹੁੰਚਾਇਆ 'ਆਪ' ਨੇ।

ਜਿਸ ਪੀ.ਐਮ. ਦੀ ਜੁੰਡਲੀ ਸੀ ਤਾਅਨੇ ਮਾਰਦੀ,
ਉਸ ਪੀ.ਐਮ. ਦਾ ਤਖ਼ਤ ਹਿਲਾਇਆ 'ਆਪ' ਨੇ।

ਕੱਟੜਪੁਣੇ ਦੀ ਲਹਿਰ ਮੋਦੀ ਨੂੰ ਨਿਗਲ ਗਈ,
ਸੱਚ ਦਾ ਫਿਰ ਇਤਿਹਾਸ ਦੁਹਰਾਇਆ 'ਆਪ' ਨੇ।

ਬਾਦਲਕੇ ਸੀ ਟਿੱਚਰਾਂ ਕਰਦੇ 'ਆਪ' ਨੂੰ,
ਬਾਦਲਕਿਆਂ ਨੂੰ ਭੜਥੂ ਪਾਇਆ 'ਆਪ' ਨੇ।

ਦਿੱਲੀ ਦੇ ਸਿੰਘਾਸਣ ਉਤੇ ਬੈਠ ਕੇ,
ਹੁਣ ਪੰਜਾਬ ਦਾ ਰੁਖ ਅਪਨਾਇਆ 'ਆਪ' ਨੇ।

ਕਈ ਦਹਾਕਿਆਂ ਤੋਂ ਛਾਇਆ ਅੰਧਕਾਰ ਸੀ,
ਸੱਚ ਦਾ ਸੂਰਜ ਆਣ ਚੜ੍ਹਾਇਆ 'ਆਪ' ਨੇ।

ਰੱਤ ਪੀਣੇ ਲੀਡਰ ਹੁਣ ਪਿਆਸੇ ਮਰਨਗੇ,
ਜਨਤਾ ਨੂੰ ਹੈ ਆਣ ਬਚਾਇਆ 'ਆਪ' ਨੇ।

ਪਉਣ ਰੁਮਕ ਪਈ ਪੰਛੀ ਗਾਵਣ ਲੱਗ ਪਏ,
ਐਸਾ ਸੱਚ ਦਾ ਸਾਜ਼ ਵਜਾਇਆ 'ਆਪ' ਨੇ।

ਦਿੰਦੀ ਹੈ 'ਸੁਰਜੀਤ' ਵਧਾਈਆਂ 'ਆਪ' ਨੂੰ,
ਦਿੱਲੀ ਦਾ ਅੱਜ ਬੁਰਜ ਹਿਲਾਇਆ 'ਆਪ' ਨੇ।

# ਦਿੱਲੀ ਦੀਆਂ ਚੋਣਾਂ:ਭਾਰਤੀ ਰਾਜਨੀਤੀ ਵਿਚ ਕੂਹਣੀ ਮੋੜ

ਕਾਂਗਰਸ ਦੇ 10 ਤੋਂ 15 ਸਾਲਾਂ ਤੀਕ ਰਾਜ ਦੌਰਾਨ ਅਣਪੂਰੀਆਂ ਉਮੀਦਾਂ ਅਤੇ ਅਰਬਾਂ ਰੁਪਿਆਂ ਦੇ ਦਰਜਨਾਂ ਘੁਟਾਲਿਆਂ ਨਾਲ ਨਜਿੱਠਣ ਵਿਚ ਅਸਫਲਤਾ। ਬਹੁਮੱਤ ਨਾ ਹੋਣ ਕਰਕੇ ਕੁਲੀਸ਼ਨ ਸਰਕਾਰ ਦੀ ਢਿੱਲਮੱਠ ਜੋ ਆਪਣੀਆਂ ਪ੍ਰਾਪਤੀਆਂ ਵੀ ਜਨਤਾ ਨੂੰ ਚੰਗੀ ਤਰ੍ਹਾਂ ਨਾ ਦੱਸ ਸਕੀ। ਰੁਜ਼ਗਾਰ ਪੈਦਾ ਨਾ ਕਰਨ ਵਾਲੀ ਆਰਥਕ ਤਰੱਕੀ। ਜਿਸ ਵਿਚ ਲੱਖਪਤੀ, ਕਰੋੜਪਤੀ ਤੇ ਅਰਬਪਤੀ ਬਣਦੇ ਗਏ ਪਰ ਬੇਰੁਜ਼ਗਾਰਾਂ ਦੀ ਭੀੜ ਵੀ ਵਧਦੀ ਗਈ ਕਿਉਂਕਿ ਉਦਾਰਵਾਦੀ ਲੋਕਰਾਜੀ


**ਅਮਰਜੀਤ ਪਰਾਗ**
ਫੋਨ: 91-98761-23833

ਢਾਂਚੇ ਵਿਚ ਇਹ ਖੋਟ ਵਿਸ਼ਵ ਭਰ ਵਿਚ ਵੇਖਣ ਨੂੰ ਆਇਆ ਹੈ ਕਿ ਧਨ ਮੁੱਠੀ ਭਰ ਵਿਅਕਤੀਆਂ ਦੇ ਹੱਥਾਂ ਵਿਚ ਇਕੱਠਾ ਹੋਈ ਜਾਂਦਾ ਹੈ। ਅੱਜ ਕੁੱਲ 80 ਵਿਅਕਤੀਆਂ ਦੇ ਹੱਥਾਂ ਵਿਚ ਦੁਨੀਆਂ ਦੀ ਅੱਧੀ ਦੌਲਤ ਇਕੱਠੀ ਹੋ ਚੁੱਕੀ ਹੈ।

ਸਰਕਾਰ ਵਿਰੋਧੀ ਅਜਿਹੀ ਵਿਆਪਕ ਭਾਵਨਾ ਕਾਰਨ ਨਰੇਂਦਰ ਮੋਦੀ ਦਾ 'ਸਭ ਕਾ ਵਿਕਾਸ ਸਭ ਕਾ ਸਾਥ' ਦਾ ਨਾਅਰਾ ਲੋਕਾਂ ਨੂੰ ਚੰਗਾ ਲੱਗਾ। ਕਾਰਪੋਰੇਟਾਂ ਦੇ ਅਥਾਹ ਧਨ ਅਤੇ ਪ੍ਰਚਾਰ ਸਾਧਨਾਂ ਰਾਹੀਂ ਸੰਘ ਪਰਿਵਾਰ ਦੇ ਕਰੋੜਾਂ ਵਰਕਰਾਂ ਨੇ ਅਜਿਹਾ ਰੰਗ ਬੰਨਿਆ ਕਿ ਭਾਜਪਾ ਨੂੰ ਅਣਚਿਤਵੀ ਬਹੁਗਿਣਤੀ ਵਾਲੀ ਜਿੱਤ ਪ੍ਰਾਪਤ ਹੋਈ। ਵਿਰੋਧੀ ਧਿਰਾਂ ਵਿਚਕਾਰ ਏਕਤਾ ਦੀ ਘਾਟ ਕਾਰਨ ਕੁੱਲ ਦਾ 29% ਲੈ ਕੇ ਭਾਜਪਾ ਨੂੰ ਵੱਡੀ ਜਿੱਤ ਮਿਲ ਗਈ।

ਅਣਚਿਤਵੀ ਜਿੱਤ ਨੇ ਭਾਜਪਾ ਹੀ ਨਹੀਂ ਬਲਕਿ ਚਿੰਤਨ ਕਰਕੇ ਕਦਮ ਚੁੱਕਣ ਵਾਲੇ ਸੰਘ ਪਰਿਵਾਰ ਦੇ ਪੈਰ ਵੀ ਜ਼ਮੀਨ ਤੋਂ ਚੁੱਕ ਦਿੱਤੇ। ਮੋਦੀ ਦਾ 'ਸਭ ਕਾ ਸਾਥ' ਕਾਂਗਰਸ ਮੁਕਤ ਭਾਰਤ ਮਤਲਬ ਦੇਸ਼ ਦੇ ਸੁਤੰਤਰਤਾ ਸੰਗਰਾਮ ਦੀ ਅਗਵਾਈ ਕਰਨ ਵਾਲੀ ਸਭ ਤੋਂ ਵਿਸ਼ਾਲ, ਸਭ ਤੋਂ ਪੁਰਾਣੀ ਤੇ ਦਹਾਕਿਆਂ ਤੀਕ ਰਾਜ ਕਰਨ ਵਾਲੀ ਪਾਰਟੀ ਦਾ ਸਦੀਵੀ ਸਫ਼ਾਇਆ। 'ਸਭ ਕਾ ਵਿਕਾਸ' ਦੀ ਥਾਂ ਸਾਰਾ ਧਿਆਨ ਧਨਪਤੀਆਂ ਦੇ ਤਰਜੀਹਾਂ ਅਨੁਸਾਰ ਅਮਲ ਅਤੇ ਲਾਭ ਪੂਰਦੀਆਂ ਨੀਤੀਆਂ ਲਾਗੂ ਕਰਨਾ ਬਣ ਗਿਆ। ਚੀਨ ਦਾ ਪ੍ਰਧਾਨ ਆਇਆ ਤਾਂ ਦਿੱਲੀ ਦੀ ਥਾਂ ਅਹਿਮਦਾਬਾਦ (ਗੁਜਰਾਤ) ਵਿਚ ਮਹਾਰਾਸ਼ਟਰ ਤੇ ਗੁਜਰਾਤ ਦੇ ਧਨੀਆਂ ਨੂੰ ਮਿਲਿਆ। ਰਸਤੇ ਵਿਚਕਾਰ ਆਉਂਦੀ ਗੰਦੀ ਬਸਤੀ ਨੂੰ ਲੁਕੋਣ ਲਈ ਸੜਕ ਦੇ ਨਾਲ ਕੰਧ ਖੜੀ ਕੀਤੀ ਗਈ। ਨਰੇਂਦਰ ਮੋਦੀ ਜਾਪਾਨ ਗਏ ਤਾਂ ਮਹਾਰਾਸ਼ਟਰ ਤੇ ਗੁਜਰਾਤ ਵਿਚਕਾਰ ਬੁਲਟ ਟਰੇਨ ਚਲਾਉਣ ਦਾ ਫੈਸਲਾ ਹੋਇਆ। ਫਿਰ 'ਗੂੰਜਦਾ ਗੁਜਰਾਤ' ਸੰਮੇਲਨ ਰੱਖਿਆ ਗਿਆ ਤਾਂ ਫਿਰ ਅਰਬਾਂ ਰੁਪਏ ਦੇ ਨਿਵੇਸ਼ ਦੇ ਮੁਆਇਦੇ ਹੋਏ। ਇੰਜ ਹਿੰਦੂਤਵ ਦੇ ਗੜ੍ਹ ਅਤੇ ਕਾਰਪੋਰੇਟ ਗੜ੍ਹ ਦੇ ਹਿੱਤ ਪੂਰੇ ਗਏ। ਬਾਕੀ ਭਾਰਤ ਨੂੰ ਕੀ ਮਿਲਿਆ, ਪਤਾ ਨਹੀਂ!

ਪਹਿਲੀ ਸਰਕਾਰ ਵਲੋਂ ਗਰੀਬਾਂ ਨੂੰ ਗੈਸ, ਕੈਰੋਸੀਨ, ਡੀਜ਼ਲ, ਅਨਾਜ, ਖਾਦ ਤੇ ਬਿਜਲੀ ਵਿਚ ਦਿੱਤੀ ਜਾਂਦੀ ਸਬਸਿਡੀ ਨੂੰ ਸਗੋਂ ਦੇਸ਼ ਦੇ ਵਿਕਾਸ ਵਿਚ ਰੁਕਾਵਟ ਵਜੋਂ ਪ੍ਰਚਾਰ ਕੇ ਇਨ੍ਹਾਂ



*ਪ੍ਰਧਾਨ ਮੰਤਰੀ ਨਰੇਂਦਰ ਮੋਦੀ*

ਸਬਸਿਡੀਆਂ ਵਿਚ ਕਟੌਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਬੰਬਈ ਮੈਟਰੋ ਦੇ ਕਿਰਾਏ ਵਿਚ ਵਾਧਾ ਕੀਤਾ ਗਿਆ। ਅਜੇ ਕੋਈ ਨਵੀਂ ਸਹੂਲਤ ਨਹੀਂ ਐਲਾਨੀ ਗਈ।

ਸੰਘ ਪਰਿਵਾਰ ਦੇ ਖੇਤੀ, ਕਿਸਾਨੀ, ਧਰਮ ਸਿੱਖਿਆ, ਰਾਜਨੀਤੀ, ਸਵਦੇਸ਼ੀ, ਵਿਦਿਆਰਥੀ, ਨੌਜਵਾਨ, ਘੱਟ ਗਿਣਤੀਆਂ, ਕਬਾਇਲੀਆਂ, ਇਤਿਹਾਸਕਾਰੀ, ਵਪਾਰ, ਅਰਥਚਾਰਾ ਅਤੇ ਸਭਿਆਚਾਰ ਆਦਿ ਖੇਤਰਾਂ ਵਿਚ ਦਰਜਨਾਂ ਸੰਗਠਨ ਸਰਗਰਮ ਹਨ। ਇਹ ਆਮ ਕਰਕੇ ਚੁੱਪਚਾਪ ਕੰਮ ਕਰਦੇ ਹਨ ਪਰ ਭਾਜਪਾ ਸਰਕਾਰ ਨੂੰ ਪੂਰਨ ਬਹੁਮਤ ਮਿਲਦਿਆਂ ਹੀ ਇਹ ਸਾਰੇ ਸੰਗਠਨ ਖੁੱਲ੍ਹ ਕੇ ਕੱਟੜ ਹਿੰਦੂਤਵੀ ਏਜੰਡਾ ਲਾਗੂ ਕਰਨ ਦੀ ਮੰਗ ਕਰਨ ਲੱਗ ਪਏ। ਸੰਘ ਪ੍ਰਮੁੱਖ ਮੋਹਨ ਭਾਗਵਤ ਨੇ ਐਲਾਨ ਕਰ ਦਿੱਤਾ ਕਿ ਭਾਰਤ ਹਿੰਦੂ ਰਾਸ਼ਟਰ ਹੈ। ਕਿਸੇ ਨੇ ਤਾਜ ਮਹਿਲ ਨੂੰ ਹਿੰਦੂ ਮੰਦਰ ਉਤੇ ਉਸਾਰਿਆ ਐਲਾਨ ਦਿੱਤਾ ਹੈ। ਕਿਸੇ ਨੇ 2030 ਤੀਕ ਭਾਰਤ ਨੂੰ ਹਿੰਦੂ ਰਾਸ਼ਟਰ ਬਣਾ ਦੇਣ ਦਾ ਦਾਅਵਾ ਕੀਤਾ ਹੈ। ਗੱਲ ਕੀ ਸਰਬਜਨਕ ਜੀਵਨ ਦੇ ਹਰ ਖੇਤਰ ਦੇ ਭਗਵਾਂਕਰਨ ਉਪਰ ਅਮਲ ਅਰੰਭ ਕਰ ਦਿੱਤਾ ਗਿਆ ਹੈ।

ਖੁਦ ਭਾਜਪਾ ਦੇ ਵਿਧਾਇਕਾਂ ਅਤੇ ਸੰਸਦਾਂ ਵਲੋਂ ਆਏ ਦਿਨ ਫਿਰਕੂ ਭਾਵਨਾਵਾਂ ਭੜਕਾਉਣ ਵਾਲੇ ਅਤਿ ਵਿਵਾਦਿਤ ਬਿਆਨ ਦਿੱਤੇ ਜਾ ਰਹੇ ਹਨ। ਹਰ ਗੱਲ 'ਤੇ ਲਗਾਤਾਰ ਭਾਸ਼ਣ ਦੇਣ ਵਾਲੇ ਸਾਡੇ ਬੜਬੋਲੇ ਪ੍ਰਧਾਨ ਮੰਤਰੀ ਨੇ ਇਸ ਫਿਰਕੂ ਜਹਿਰ ਵਾਲੇ ਪ੍ਰਚਾਰ ਬਾਰੇ ਉਕਾ ਹੀ ਚੁੱਪ ਧਾਰੀ ਹੋਈ ਹੈ, ਜਿਸ ਨੂੰ ਉਨ੍ਹਾਂ ਦੀ ਖਾਮੋਸ਼ ਸਹਿਮਤੀ ਵਜੋਂ ਵੇਖਿਆ ਜਾਣ ਲੱਗ ਪਿਆ ਹੈ।

ਸਾਰੀ ਭਾਜਪਾ, ਸੰਘ ਦੇ ਸੰਗਠਨ ਅਤੇ ਖੁਦ ਨਰੇਂਦਰ ਮੋਦੀ ਆਪਣੀ ਦਿਖ ਨੂੰ ਚਮਕਾਉਣ ਵਿਚ ਲੱਗੇ ਹੋਏ ਹਨ। ਹੁਣ ਤੀਕ ਨਿਹਫਲ ਰਹੇ ਵਿਦੇਸ਼ੀ ਦੌਰੇ ਮੋਦੀ ਦੀ ਦਿਖ ਲਿਸ਼ਕਾਉਣ ਤੋਂ ਵੱਧ ਕੁਝ ਪ੍ਰਾਪਤ ਨਹੀਂ ਕਰ ਸਕੇ।

ਪ੍ਰਾਪਤੀਆਂ ਦੀ ਘਾਟ, ਕਾਲਾ ਧਨ, ਰੁਜ਼ਗਾਰ ਆਦਿ ਬਾਰੇ ਕੀਤੇ ਵਾਅਦੇ ਭੁਲਾ ਦਿੱਤੇ ਗਏ ਹਨ। ਲਗਾਤਾਰ ਚੋਣ ਯੁੱਧ ਵਾਲੀ ਮਾਨਸਿਕਤਾ ਭਾਰੂ ਹੈ। ਭਾਜਪਾ ਆਗੂ ਪਾਰਟੀ ਦੀ ਲੰਮੇ ਸਮੇਂ ਲਈ ਜਿੱਤ ਨੂੰ ਨਿਸ਼ਚਿਤ ਮੰਨ ਕੇ ਚੱਲ ਰਹੇ ਹਨ। ਜਿਵੇਂ ਕਿ ਝੋਪੜੀ ਵਾਸੀਆਂ ਨੂੰ 2022 ਤੀਕ ਪੱਕੇ ਮਕਾਨ ਦੇਣ ਦਾ ਅਤੇ ਲਗਾਤਾਰ 24 ਘੰਟੇ ਬਿਜਲੀ ਦੇਣ, ਆਰਥਕ ਵਿਕਾਸ ਦੀ ਗਤੀ ਤੇਜ਼ ਕਰਨ ਆਦਿ ਦੇ ਵਾਅਦੇ।

ਕਿਸੇ ਸਮੇਂ ਦੇ 'ਇੰਦਰਾ ਹੀ ਇੰਡੀਆ ਹੈ' ਦੇ ਪ੍ਰਚਾਰ ਵਾਂਗ ਅੱਜ ਮੋਦੀ ਹੀ ਸਭ ਕੁਝ ਮੰਨਿਆ ਜਾ ਰਿਹਾ ਹੈ। ਇਸ ਦਾ ਇਹ ਵੀ ਮਤਲਬ ਬਣਦਾ ਹੈ ਕਿ ਸੰਘ ਦਾ ਫਿਰਕੂ ਅਮਲ ਅਤੇ ਗਰੀਬ ਵਿਰੋਧੀ- ਸਭ ਗੱਲਾਂ ਲਈ ਵੀ ਮੋਦੀ ਦੀ ਹੀ ਜਿੰਮੇਵਾਰੀ ਹੈ। ਸਾਰੀਆਂ ਕੋਸ਼ਿਸ਼ਾਂ, ਸਾਜ਼ਿਸ਼ਾਂ ਅਤੇ ਅਪਾਰ ਸਾਧਨਾਂ ਦੇ ਬਾਵਜੂਦ ਦਿੱਲੀ ਵਿਚ ਭਾਜਪਾ ਦੀ ਕਰਾਰੀ ਹਾਰ ਦੇਸ਼ ਦੀ ਰਾਜਨੀਤੀ ਵਿਚ ਕੂਹਣੀ ਮੋੜ ਸਾਬਿਤ ਹੋਣ ਦੀ ਸੰਭਾਵਨਾ ਹੈ। ਪੈਸੇ ਅਤੇ ਪਾਵਰ ਦੀ ਧੌਂਸ ਤੋਂ ਮੁਕਤ ਹੋ ਕੇ ਜਨਤਾ ਆਪਣੇ ਆਗੂ ਚੁਣ ਕੇ ਉਨ੍ਹਾਂ ਨੂੰ ਚਮਤਕਾਰੀ ਪ੍ਰਵਚਨਾਂ ਦੀ ਥਾਂ ਅਮਲੀ ਨਤੀਜਿਆਂ ਅਤੇ ਪ੍ਰਾਪਤੀਆ ਰਾਹੀਂ ਪਰਖਿਆ ਕਰੇਗੀ। ਹੁਣ ਮੋਦੀ ਹੁਰਾਂ ਲਈ ਆਮ ਸਹਿਮਤੀ ਪੈਦਾ ਕਰਨੀ ਵੱਡੀ ਵੰਗਾਰ ਹੈ। ਭਾਰਤੀ ਸਮਾਜ ਦੀ ਸੰਰਚਨਾ ਹੀ ਅਜਿਹੀ ਹੈ ਕਿ ਕਿਸੇ ਇੱਕ ਫਿਰਕੇ ਦਾ 'ਹਿਰਦੇ-ਸਮਰਾਟ' ਜਾਂ ਵਿਵਾਦੀ ਪ੍ਰਵਿਰਤੀ ਵਾਲਾ ਆਗੂ ਖੁਦ ਬਹੁ ਗਿਣਤੀ ਹਿੰਦੂ ਭਾਈਚਾਰੇ ਦਾ ਮਨ ਵੀ ਨਹੀਂ ਜਿੱਤ ਸਕਦਾ। ਆਮ ਆਦਮੀ ਪਾਰਟੀ ਦੀ ਭਾਰੀ ਜਿੱਤ ਭਾਰਤ, ਭਾਜਪਾ ਅਤੇ ਖੁਦ ਨਰੇਂਦਰ ਮੋਦੀ ਲਈ ਵੀ ਲਾਭਦਾਇਕ ਹੋ ਸਕਦੀ ਹੈ।

| ਇਕ ਪਾਸਾ | ਦੂਜਾ ਪਾਸਾ |
|---|---|
| • ਨੌਕਰੀਆਂ ਛੱਡ ਕੇ ਜਨਤਕ ਅੰਦੋਲਨਾਂ ਵਿਚ ਸ਼ਾਮਿਲ ਹੋਏ ਇੰਜੀਨੀਅਰ, ਪੱਤਰਕਾਰ, ਸਿਵਿਲ ਸਰਵੈਂਟ, ਪੜ੍ਹੇ ਲਿਖੇ ਨੌਜਵਾਨ ਮੁੰਡੇ-ਕੁੜੀਆਂ, ਰਿਕਸ਼ਾ ਚਾਲਕ, ਝੁੱਗੀ ਝੌਂਪੜੀ ਵਾਸੀ।<br>• ਕੋਈ ਭੰਡੀ ਪ੍ਰਚਾਰ ਨਹੀਂ।<br>• ਗਲਤੀਆਂ ਲਈ ਨਿਮਰਤਾ ਸਹਿਤ ਮੁਆਫੀ।<br>• ਸਾਧਾਰਨ ਲੋਕਾਂ ਦੀਆਂ ਨਿੱਤਪ੍ਰਤੀ ਜ਼ਿੰਦਗੀ ਦੀਆਂ ਮੁਸ਼ਕਿਲਾਂ ਹੱਲ ਕਰਨ ਦਾ ਭਰੋਸਾ।<br>• ਕਿਸੇ ਧਰਮ ਦੇ ਨਾਮ ਦੀ ਵਰਤੋਂ ਨਹੀਂ। ਸਗੋਂ ਧਾਰਮਿਕ ਆਗੂ ਜਾਮਾ ਮਸਜ਼ਿਦ ਦੇ ਸ਼ਾਹੀ ਇਮਾਮ ਵਲੋਂ ਬਿਨਮੰਗੀ ਹਮਾਇਤ ਲੈਣ ਤੋਂ ਨਾਂਹ।<br>ਨਤੀਜਾ: 70 ਵਿਚੋਂ 67 ਉਮੀਦਵਾਰਾਂ ਦੀ ਜਿੱਤ। | ਕਿਲੇ ਬੰਦੀ:<br>• ਪ੍ਰਧਾਨ ਮੰਤਰੀ ਮੋਦੀ ਦੀਆਂ ਪੰਜ ਰੈਲੀਆਂ।<br>• ਚੋਣ ਪ੍ਰਬੰਧਕ ਜਾਦੂਗਰ ਅਮਿਤ ਸ਼ਾਹ।<br>• ਕੇਂਦਰੀ ਕੈਬਨਿਟ ਦੇ 16 ਮੰਤਰੀ।<br>• 150 ਮੈਂਬਰ ਪਾਰਲੀਮੈਂਟ, ਹਰ ਅਸੈਂਬਲੀ ਲਈ ਦੋ।<br>• ਆਰ.ਐਸ.ਐਸ. ਦੇ 90 ਹਜ਼ਾਰ ਵਰਕਰ।<br>• ਵੋਟਰ ਕਾਪੀਆਂ ਦੇ ਇੱਕ ਪੰਨੇ ਦਾ ਪ੍ਰਭਾਵੀ ਭਾਵ 30 ਵੋਟਰਾਂ ਪਿੱਛੇ ਇੱਕ ਸਰਗਰਮ ਵਰਕਰ।<br>• ਭਾਰਤੀ ਜਨਤਾ ਪਾਰਟੀ ਦੀ ਸਾਰੀ ਦੀ ਸਾਰੀ ਦਿੱਲੀ ਇਕਾਈ।<br>• ਕਰੋੜਾਂ ਰੁਪਏ ਦੇ ਅਖਬਾਰੀ ਅਤੇ ਟੀ.ਵੀ. ਇਸ਼ਤਿਹਾਰ।<br>• ਸਾਧੂ-ਸਾਧਵੀਆਂ ਵਲੋਂ ਧਾਰਮਿਕ ਅਨੁਮਾਦ ਪੈਦਾ ਕਰਨ ਵਾਲਾ ਜ਼ਹਿਰੀਲਾ ਪ੍ਰਚਾਰ।<br>ਵੰਨਗੀ: ਨਿਰੰਜਨ ਜਿਉਤੀ ਸਾਧਵੀ "ਰਾਮਜਾਦੇ ਬਨਾਮ ਹਰਾਮਜਾਦੇ"<br>• ਗਾਲੀ-ਗਲੋਚ।<br>ਵੰਨਗੀ: ਬਾਂਦਰ, ਦਗੇਬਾਜ਼, ਚੋਰ, ਨਕਸਲੀ, ਭਗੌੜੇ, ਹਵਾਲਾ ਕਾਰੋਬਾਰੀ।<br>• ਅਪਾਰ ਸਾਧਨਾਂ ਨਾਲ ਖੜੀ ਕੀਤੀ ਗਈ ਅਜਿੱਤ ਜਾਪਦੀ ਕਿਲੇਬੰਦੀ (ਹਿੰਦੂਤਵੀ ਭਾਸ਼ਾ ਵਿਚ ਚੱਕਰ-ਵਿਊਹ)<br>ਨਤੀਜਾ: 70 ਵਿਚੋਂ 67 ਉਮੀਦਵਾਰਾਂ ਦੀ ਹਾਰ। |

# ਦਿੱਲੀ ਦੇ ਚੋਣ ਨਤੀਜੇ ਤੇ ਦੇਸ਼ ਦਾ ਰਾਜਨੀਤਕ ਭਵਿੱਖ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਹੁਣ ਦਿੱਲੀ ਦੀਆਂ ਚੋਣਾਂ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਂ ਭਾਜਪਾ ਦਾ ਪ੍ਰਧਾਨ ਅਮਿਤ ਸ਼ਾਹ ਜਨ ਸਮੂਹ ਦਾ ਨਿਰਣਾ ਮੰਨੇ ਜਾਂ ਨਾ ਮੰਨੇ, ਚੋਣਾਂ ਤੋਂ ਕੁਝ ਦਿਨ ਪਹਿਲਾਂ ਤੱਕ ਭਾਜਪਾ ਦਾ ਬੱਚਾ-ਬੁੱਢਾ ਇਸ ਨੂੰ ਆਉਣ ਵਾਲੇ ਰਾਜਨੀਤਕ ਭਵਿੱਖ ਦਾ ਸ਼ੀਸ਼ਾ ਮੰਨਦਾ ਰਿਹਾ ਹੈ। ਉਨ੍ਹਾਂ ਦਾ ਮੱਤ ਸੀ ਕਿ ਹੋਰ ਕੁਝ ਨਹੀਂ ਤਾਂ ਮੋਦੀ ਲਹਿਰ ਭਾਜਪਾ ਨੂੰ ਏਨੀਆਂ ਕੁ ਸੀਟਾਂ ਜ਼ਰੂਰ ਦਿਵਾ ਦੇਵੇਗੀ, ਜਿਨ੍ਹਾਂ ਨਾਲ ਦਿੱਲੀ ਵਿਚ ਉਨ੍ਹਾਂ ਦੀ ਪਾਰਟੀ ਨੂੰ ਬਹੁਮਤ ਮਿਲ ਜਾਵੇ। ਇਹ ਵੀ ਕਿ ਦੇਸ਼ ਦੀ ਰਾਜਧਾਨੀ ਹੋਣ ਸਦਕਾ ਇਸ ਦਾ ਸਮੁੱਚੇ ਭਾਰਤ ਉਤੇ ਪ੍ਰਭਾਵ ਪਵੇਗਾ ਤੇ ਮੋਦੀ ਸਰਕਾਰ ਦੀ ਬੱਲੇ ਬੱਲੇ ਹੋ ਜਾਵੇਗੀ। ਉਨ੍ਹਾਂ ਦੇ ਮੱਤ ਅਨੁਸਾਰ ਭਾਜਪਾਈਆਂ ਦੇ ਘਰ ਵਾਪਸੀ ਵਾਲੇ ਨਾਅਰੇ ਨੇ ਹੀ ਨਹੀਂ, ਪ੍ਰਧਾਨ ਮੰਤਰੀ ਦੀਆਂ ਵਿਦੇਸ਼ ਫੇਰੀਆਂ ਨੇ ਵੀ ਉਨ੍ਹਾਂ ਦੇ ਗਾਡੀ ਰਾਹ ਦਾ ਦੁਮਾਲਾ ਅਸਮਾਨ ਜਿੰਨਾ ਉਚਾ ਕੀਤਾ ਹੈ।

ਦਿੱਲੀ ਦੀਆਂ ਚੋਣਾਂ ਤੋਂ ਦੋ ਦਿਨ ਪਹਿਲਾਂ ਅਮਿਤ ਸ਼ਾਹ ਦਾ ਪਿਛਲ-ਖੋਰੀ ਮੁੜਨਾ ਤੇ ਆਮ ਆਦਮੀ ਪਾਰਟੀ (ਆਪ) ਦੀ ਹੂੰਝਾ ਫੇਰੂ ਜਿੱਤ ਪਿੱਛੋਂ ਪ੍ਰਧਾਨ ਮੰਤਰੀ ਮੋਦੀ ਦਾ ਕੇਜਰੀਵਾਲ ਪ੍ਰਤੀ ਨਿੱਘ ਦਰਸਾਉਣਾ ਦਸਦਾ ਹੈ ਕਿ ਕੇਂਦਰ ਵਿਚ ਸੱਤਾਧਾਰੀ ਹੋਣ ਦੇ ਬਾਵਜੂਦ ਉਹ ਅੰਦਰੋਂ ਡੋਲ ਗਏ ਹਨ। ਖਾਸ ਕਰਕੇ ਕਈ ਰਾਜਾਂ ਵਿਚ ਛੇਤੀ ਹੋਣ ਵਾਲੀਆਂ ਚੋਣਾਂ ਦੇ ਸਨਮੁੱਖ, ਜਿਨ੍ਹਾਂ ਵਿਚ ਬਿਹਾਰ ਪ੍ਰਮੁੱਖ ਹੈ। ਹੁਣ ਤਾਂ ਉਥੋਂ ਦੇ ਮੁੱਖ ਮੰਤਰੀ ਜਿਤਨ ਰਾਮ ਮਾਂਝੀ ਕੋਲੋਂ ਨਿਤਿਸ਼ ਕੁਮਾਰ ਦੇ ਪੈਰਾਂ ਥਲਿਉਂ ਪਟੜਾ ਚੁਕਵਾਣਾ ਵੀ ਉਨ੍ਹਾਂ ਨੂੰ ਮਹਿੰਗਾ ਪੈ ਸਕਦਾ ਹੈ।

ਕੱਲ ਨੂੰ ਮੋਦੀ ਅਤੇ ਕੇਜਰੀਵਾਲ ਇੱਕ ਦੂਜੇ ਨਾਲ ਕਿਵੇਂ ਵਿਚਾਰਦੇ ਹਨ, ਸਮੇਂ ਨੇ ਦੱਸਣਾ ਹੈ। ਦਿੱਲੀ ਦੇ ਵੋਟਰਾਂ ਨਾਲ ਆਪਣਾ ਵਚਨ ਨਿਭਾਉਣ ਵਾਸਤੇ ਬਣਨ ਵਾਲੇ ਮੁੱਖ ਮੰਤਰੀ ਨੂੰ ਵੱਡੇ ਸਹਿਯੋਗ ਦੀ ਲੋੜ ਪਵੇਗੀ। ਕੇਂਦਰ ਸਰਕਾਰ ਇਸ



*ਅਰਵਿੰਦ ਕੇਜਰੀਵਾਲ ਨੂੰ ਵਧਾਈ ਦਿੰਦੇ ਹੋਏ ਰਾਸ਼ਟਰਪਤੀ ਪ੍ਰਣਬ ਮੁਖਰਜੀ (ਖੱਬੇ)*

ਵਿਚ ਕਿੰਨਾ ਕੁ ਹੱਥ ਵਟਾਉਂਦੀ ਹੈ, ਸਿਆਸੀ ਟਿੱਪਣੀਕਾਰਾਂ ਦੀਆਂ ਨਜ਼ਰਾਂ ਏਸ ਪਾਸੇ ਵੀ ਲੱਗੀਆਂ ਹੋਈਆਂ ਹਨ। ਨਿਸਚੇ ਹੀ ਆਮ ਆਦਮੀ ਪਾਰਟੀ ਦੀ ਦਿੱਲੀ ਦੇ ਰਾਜ ਵਿਚ ਸਫਲਤਾ ਦਾ ਪ੍ਰਭਾਵ ਦੇਸ਼ ਦੇ ਬਾਕੀ ਰਾਜਾਂ ਦੀ ਜਨਤਾ ਉਤੇ ਵੀ ਪੈਣਾ ਲਾਜ਼ਮੀ ਹੈ। ਅਸੀਂ ਦਿੱਲੀ ਦੇ ਚੋਣ ਨਤੀਜਿਆਂ ਨੂੰ ਭਾਰਤ ਦੇ ਰਾਜਨੀਤਕ ਭਵਿੱਖ ਦਾ ਅੰਤ ਨਹੀਂ ਕਹਿ ਸਕਦੇ। ਇਹ ਤਾਂ ਕੇਵਲ ਸ਼ੁਰੂਆਤ ਹੈ। ਆਗੇ ਆਗੇ ਦੇਖੀਏ ਹੋਤਾ ਹੈ ਕਿਆ?

ਇਸ ਸਭ ਕਾਸੇ ਬਾਰੇ ਮੇਰੀ ਨਿੱਜੀ ਟਿਪਣੀ ਤਾਂ ਇਹ ਹੈ ਕਿ ਰਾਜ ਕਰਨ ਵਾਲੀ ਪਾਰਟੀ ਤੋਂ ਆਮ ਜਨਤਾ ਬੇਮੁਖ ਤਾਂ ਹੋਇਆ ਹੀ ਕਰਦੀ ਹੈ ਪਰ ਜਿੰਨੀ ਛੇਤੀ ਮੋਦੀ ਸਰਕਾਰ ਤੋਂ ਹੋਈ ਹੈ, ਅਜਿਹਾ ਅੱਜ ਤੱਕ ਕਦੀ ਵੀ ਨਹੀਂ ਹੋਇਆ। ਕਿਤੇ ਵੀ ਨਹੀਂ। ਬਹੁਤ ਵੱਡੇ ਲਾਰਿਆਂ ਦਾ ਨਤੀਜਾ ਇਹੀਓ ਹੁੰਦਾ ਹੈ। ਆਮ ਆਦਮੀ ਪਾਰਟੀ ਨੂੰ ਵੀ ਏਸ ਪੱਖ ਤੋਂ ਚੌਕਸ ਰਹਿਣਾ ਪਵੇਗਾ।

**ਧਨੀ ਰਾਮ ਚਾਤ੍ਰਿਕ ਨੂੰ ਚੇਤੇ ਕਰਨ ਦਾ ਅਨੋਖਾ ਸਬੱਬ:** ਚੰਡੀਗੜ੍ਹ ਵਿਚ ਕਹਿਰਾਂ ਦੀ ਸਰਦੀ ਅਤੇ ਮੇਰੇ ਗੀਜ਼ਰ ਦੀ ਖਰਾਬੀ ਨੇ ਅਜਿਹਾ ਮੌਕਾ ਪੈਦਾ ਕੀਤਾ ਜਿਹੜਾ ਜ਼ਿੰਦਗੀ ਦੇ ਨਿੱਘ ਨਾਲ ਭਰਿਆ ਹੋਇਆ ਸੀ। ਨਵੇਂ ਗੀਜ਼ਰ ਦੀ ਭਾਲ ਵਿਚ ਮੇਰੀ ਅਸ਼ੋਕ ਅਰੋੜਾ ਨਾਂ ਦੇ ਉਸ ਦੁਕਾਨਦਾਰ ਨਾਲ ਮੁਲਾਕਾਤ ਹੋ ਗਈ ਜਿਸ ਦੀ ਭੂਆ ਪੰਜਾਬੀ ਦੇ ਬਹੁਤ ਪਿਆਰੇ ਕਵੀ ਧਨੀ ਰਾਮ ਚਾਤ੍ਰਿਕ ਨੂੰ ਵਿਆਹੀ ਗਈ ਸੀ। ਜਦ ਅਸ਼ੋਕ ਦੇ ਪਿਤਾ ਰਾਮ ਲਾਲ ਦੇ ਸਿਰੋਂ 12 ਸਾਲ ਦੀ ਉਮਰੇ ਪਿਤਾ ਦੀ ਛਾਂ ਜਾਂਦੀ ਰਹੀ ਤਾਂ ਉਸ ਨੂੰ ਉਸ ਦੀ ਭੈਣ ਨੇ ਪਾਲਿਆ। ਅਸ਼ੋਕ ਅਰੋੜਾ ਨੂੰ ਹਾਲ ਬਜ਼ਾਰ ਅੰਮ੍ਰਿਤਸਰ ਵਿਚ ਭੂਆ ਦਾ ਉਹ ਵਿਹੜਾ ਅੱਜ ਵੀ ਚੇਤੇ ਹੈ ਜਿੱਥੇ ਹਰ ਰੋਜ਼ ਦਰਜਨਾਂ ਜੀਆਂ ਲਈ ਖਾਣਾ ਤਿਆਰ ਹੁੰਦਾ ਸੀ। ਇਹ ਵੀ ਕਿ ਉਸ ਦਾ ਪਿਤਾ ਰਾਮ ਲਾਲ ਚਾਤ੍ਰਿਕ ਦੇ ਸੁਦਰਸ਼ਨ ਪ੍ਰੈਸ ਵਿਚ ਕੰਮ ਕਰਦਾ ਵੱਡਾ ਹੋਇਆ ਸੀ।

ਇਕ ਹੋਰ ਗੱਲ ਵੀ ਪਤਾ ਲੱਗੀ ਕਿ ਚਾਤ੍ਰਿਕ ਜੀ ਅੰਤਲੇ ਦਮ ਤੱਕ ਤੰਦਰੁਸਤ ਰਹੇ। ਅਸ਼ੋਕ ਨੂੰ 18 ਦਸੰਬਰ 1954 ਦਾ ਉਹ ਦਿਨ ਵੀ ਕਦੀ ਨਹੀਂ ਭੁੱਲਣਾ ਜਦੋਂ ਚਾਤ੍ਰਿਕ ਨੇ ਆਪਣੇ ਨੌਕਰ ਭਗਵਾਨ ਦਾਸ ਕੋਲ ਸੁਤੇ ਸਿੱਧ ਹੀ ਕਬੂਤਰ ਦਾ ਮਾਸ ਖਾਣ ਦੀ ਇੱਛਾ ਪ੍ਰਗਟਾਈ ਸੀ। ਆਪਣੇ ਆਕਾ ਦੀ ਇੱਛਾ ਪੂਰਤੀ ਲਈ ਭਗਵਾਨ ਦਾਸ ਨੇ ਗੁਲੇਲ ਚੁੱਕ ਕੇ ਜਿਉਂ ਹੀ ਗੋਲੀ ਚਲਾਈ ਤਾਂ ਇਕ ਘੁੱਗੀ ਫੜ੍ਹ ਫੜ੍ਹ ਕਰਦੀ ਵਿਹੜੇ ਵਿਚ ਆ ਡਿੱਗੀ। ਜਦ ਘੁੱਗੀ ਨੇ ਦਮ ਤੋੜਿਆ ਤਾਂ ਉਸ ਦੇ ਨਾਲ ਹੀ ਚਾਤ੍ਰਿਕ ਜੀ ਨੇ ਵੀ ਪ੍ਰਾਣ ਤਿਆਗ ਦਿੱਤੇ। ਗੱਲਬਾਤ ਦਾ ਰੁਖ ਬਦਲਣ ਲਈ ਅਸੀਂ ਚਾਤ੍ਰਿਕ ਲਿਖਤ ਰਚਨਾਵਾਂ ਚੰਦਨਵਾੜੀ, ਕੇਸਰ ਕਿਆਰੀ ਤੇ ਸੂਫੀ ਖਾਨਾਂ ਨੂੰ ਵੀ ਚੇਤੇ ਕੀਤਾ ਅਤੇ 'ਤੂੜੀ ਤੰਦ ਸਾਂਭ ਹਾੜੀ ਵੇਚ ਵਟ ਕੇ ਲੰਬੜਾਂ ਤੇ ਸਾਹਾਂ ਦਾ ਹਿਸਾਬ ਕਟ ਕੇ' ਮੇਲੇ ਜਾਂਦੇ ਜੱਟ ਨੂੰ ਵੀ। ਵੀਹਵੀਂ ਸਦੀ ਦੇ ਕਿਰਸਾਨੀ ਜੀਵਨ ਦੀ ਸੱਚੀ ਸੁੱਚੀ ਤਸਵੀਰ ਨੂੰ।

**ਸੁਰਜੀਤ ਪਾਤਰ ਦਾ ਸੱਦਾ ਪੱਤਰ:** ਸੁਰਜੀਤ ਪਾਤਰ ਦੇ ਬੇਟੇ ਮਨਰਾਜ ਦਾ ਰਛਪਾਲ ਦੀ ਬੇਟੀ ਅੰਮ੍ਰਿਤਾ ਨਾਲ ਆਨੰਦ ਕਾਰਜ ਜਲੰਧਰ ਵਿਖੇ ਪਠਾਨਕੋਟ ਬਾਈਪਾਸ ਉਤੇ ਪੈਂਦੇ ਰਣਬੀਰ ਪੈਲੇਸ ਵਿਚ ਹੋਇਆ। ਸੱਦਾ ਪੱਤਰ ਦੇ ਲੋਕ ਗੀਤ ਦੇ ਅੰਤ 'ਚ ਪਾਤਰ ਦੀ ਛਾਪ ਨੋਟ ਕਰਨ ਵਾਲੀ ਹੈ,

ਪੁਛਦੀ ਪੁਛਾਉਂਦੀ ਮਾਲਣ ਵਾਲੀ ਗਲੀ ਵਿਚ ਗਈ
ਕੁੜੇ ਸ਼ਾਦੀ ਵਾਲਾ ਘਰ ਕਿਹੜਾ
ਸਜੇ ਦਰਵਾਜੇ ਕੁੜੇ ਸਬਸ਼ ਕਨਾਤਾਂ
ਸ਼ਾਦੀ ਵਾਲਾ ਏਹੋ ਵਿਹੜਾ
ਆ ਨੀਂ ਮਾਲਣੇ, ਬੈਠ ਦਲ੍ਹੀਜੇ
ਕਰ ਨੀਂ ਸਿਹਰੇ ਦਾ ਮੁੱਲ ਨੀਂ
ਇੱਕ ਲਖ ਚੰਬਾ ਤੇ ਦੋ ਲੱਖ ਮਰੂਆ
ਤਿੰਨ ਲੱਖ ਬਾਕੀ ਦੇ ਫੁੱਲ ਨੀ।

ਲੈ ਨੀ ਮਾਲਣੇ ਭਰ ਭਰ ਝੋਲੀਆਂ
ਖੁਸ਼ੀਆਂ ਤਾਂ ਅਣਮੁੱਲ ਨੀਂ
ਪੁੱਤ ਤਾਂ ਸਾਰੇ ਜਹਾਨੋਂ ਮਹਿੰਗੇ
ਨੂੰਹਾਂ ਦੇ ਕੋਈ ਨਾ ਤੁੱਲ ਨੀਂ।

**ਅੰਤਿਕਾ:** ਮਿਰਜ਼ਾ ਗ਼ਾਲਿਬ
ਰਾਤ ਕੇ ਵਕਤ ਮੈ ਪੀਏ ਸਾਥ ਰਕੀਬ ਕੋ ਲੀਏ
ਆਏਂ ਵੁਹ ਯਾ ਖੁਦਾ ਕਰੇ।

## ਪੰਜਾਬ ਟਾਈਮਜ਼ ਦੀ 15ਵੀਂ ਵਰ੍ਹੇਗੰਢ

### ਸੰਪਾਦਕ ਦੀ ਡਾਕ

**ਸੰਪਾਦਕ ਜੀ,**
ਪਿਆਰ ਭਰੀ ਸਤਿ ਸ੍ਰੀ ਅਕਾਲ।

ਪੰਜਾਬ ਟਾਈਮਜ਼ ਅਕਸਰ ਪੜ੍ਹ ਲੈਂਦਾ ਹਾਂ। ਇਹ ਜਾਣ ਕੇ ਬੇਹੱਦ ਖੁਸ਼ੀ ਹੋਈ ਕਿ ਪੰਜਾਬ ਟਾਈਮਜ਼ ਆਪਣੀ ਪੰਦਰਵੀਂ ਵਰ੍ਹੇਗੰਢ ਮਨਾ ਰਿਹਾ ਹੈ। ਇਸ ਦਾ ਐਨਾ ਲੰਮਾ ਸਫਰ, ਤੁਹਾਡੇ ਦ੍ਰਿੜ ਸੰਕਲਪ, ਮਿਹਨਤ ਅਤੇ ਸਿਰੜ ਦਾ ਨਤੀਜਾ ਹੈ। ਇਸ ਸਫਰ ਵਿਚ ਪਤਾ ਨਹੀਂ ਤੁਸੀਂ ਕਿਹੜੀਆਂ ਕਿਹੜੀਆਂ ਔਕੜਾਂ ਦੀ ਸਿਰੀ ਮਿਧ ਕੇ ਰਾਹਾਂ ਨੂੰ ਆਸਾਨ ਬਣਾ ਕੇ ਅੱਗੇ ਸਫਰ ਅਰੰਭਿਆ ਹੋਵੇਗਾ। ਪਰਮਾਤਮਾ ਤੁਹਾਨੂੰ ਹੋਰ ਤਰੱਕੀਆਂ ਦੀ ਬਖਸ਼ਿਸ਼ ਕਰੇ। ਆਪ ਨੂੰ ਤੇ ਪੰਜਾਬ ਟਾਈਮਜ਼ ਦੇ ਸਮੂਹ ਸਟਾਫ ਨੂੰ 15ਵੀਂ ਵਰ੍ਹੇਗੰਢ ਬਹੁਤ ਬਹੁਤ ਮੁਬਾਰਕ।

*-ਨਿਰਮਲ ਪ੍ਰੇਮੀ, ਜਲੰਧਰ*
*ਫੋਨ: 91-94631-61691*

# ਦਿੱਲੀ ਦੇ ਚੋਣ ਨਤੀਜੇ ਚੰਗੇ, ਲੇਖਾ ਹੋਏਗਾ ਅਮਲਾਂ ਤੋਂ

## ਸਿਆਸਤ ਦਾ ਪਿੜ



■ ਜਤਿੰਦਰ ਪਨੂੰ
ਫੋਨ: 91-98140-68455

ਸਾਰੇ ਪਾਪੜ ਵੇਲਣ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੀ ਜੋੜੀ ਦਿੱਲੀ ਦਾ ਮੋਰਚਾ ਜਿੱਤਣ ਵਿਚ ਕਾਮਯਾਬ ਨਹੀਂ ਹੋ ਸਕੀ। ਉਨ੍ਹਾਂ ਨੂੰ ਚੋਣਾਂ ਵਿਚ ਵੀ ਹਾਰ ਹੋਈ ਹੈ, ਰਾਜਸੀ ਤੇ ਇਖਲਾਕੀ ਪੱਖੋਂ ਵੀ। ਚੋਣਾਂ ਦੀ ਹਾਰ ਤਾਂ ਬਿਲਕੁਲ ਸਪੱਸ਼ਟ ਹੈ। ਦਿੱਲੀ ਦੀਆਂ ਸੱਤਰ ਵਿਚੋਂ ਸਿਰਫ ਤਿੰਨ ਸੀਟਾਂ ਭਾਜਪਾ ਦੇ ਪੱਲੇ ਪਈਆਂ ਹਨ। ਪਿਛਲੀ ਵਾਰੀ ਬੱਤੀ ਸੀਟਾਂ ਜਿੱਤ ਕੇ ਸਰਕਾਰ ਬਣਾਉਣ ਦੇ ਨੇੜੇ ਪਹੁੰਚਣ ਵਾਲੀ ਭਾਜਪਾ ਇਸ ਗੱਲੋਂ ਦੁਖੀ ਹੁੰਦੀ ਸੀ ਕਿ ਸਿਰਫ ਚਾਰ ਸੀਟਾਂ ਘੱਟ ਹਨ ਤੇ ਇਸ ਵਾਰੀ ਇਸ ਗੱਲੋਂ ਠਿੱਠ ਹੋਈ ਹੈ ਕਿ ਸੀਟਾਂ ਚਹੁੰ ਤੋਂ ਵੀ ਘੱਟ ਹਨ। ਭਗਵੰਤ ਮਾਨ ਕਾਮੇਡੀਅਨ ਤੋਂ ਰਾਜਸੀ ਆਗੂ ਬਣ ਕੇ ਵੀ ਵਿਅੰਗ ਕਰਨੋਂ ਨਹੀਂ ਹਟਦਾ ਤੇ ਇਸੇ ਲਈ ਭਾਜਪਾ ਨੂੰ ਚਿੜਾਉਣ ਲਈ ਕਹਿੰਦਾ ਹੈ ਕਿ 'ਯੇ ਦਿੱਲੀ ਕੀ ਰਾਜਨੀਤੀ ਬੜੇ ਅਜੀਬ ਸੇ ਗਮ ਦੇਤੀ ਹੈ, ਕਭੀ ਕਿਸੀ ਕੋ ਸਰਕਾਰ ਬਨਾਨੇ ਸੇ ਚਾਰ ਸੀਟ ਕਮ ਦੇਤੀ ਹੈ ਔਰ ਕਭੀ ਚਾਰ ਸੀਟ ਸੇ ਭੀ ਕਮ ਦੇਤੀ ਹੈ।' ਰਾਜਸੀ ਪੱਖੋਂ ਸਿਰਫ ਭਾਜਪਾ ਦੀ ਨਹੀਂ, ਕਾਂਗਰਸ ਪਾਰਟੀ ਦੀ ਵੀ ਹਾਰ ਹੋਈ ਹੈ। ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਨੂੰ ਇੱਕ ਵੀ ਸੀਟ ਨਹੀਂ ਮਿਲ ਸਕੀ ਤੇ ਭਾਜਪਾ ਨੂੰ ਏਨੀਆਂ ਘੱਟ ਮਿਲੀਆਂ ਹਨ ਕਿ ਕਾਂਗਰਸ ਦੇ ਇੱਕ ਆਗੂ ਦਾ ਮਜ਼ਾਕ ਸੀ, 'ਬਹੁਤਾ ਫਰਕ ਨਹੀਂ, ਸਾਡੀਆਂ ਭਾਜਪਾ ਤੋਂ ਸਿਰਫ ਤਿੰਨ ਸੀਟਾਂ ਘੱਟ ਹਨ।' ਨਰਿੰਦਰ ਮੋਦੀ ਨੇ ਕਦੀ ਕਾਂਗਰਸ ਨੂੰ ਛੇੜਿਆ ਸੀ ਕਿ 'ਇਨ੍ਹਾਂ ਦੇ ਏਨੇ ਥੋੜ੍ਹੇ ਪਾਰਲੀਮੈਂਟ ਮੈਂਬਰ ਹਨ ਕਿ ਇੱਕ ਮਿੰਨੀ ਬੱਸ ਵਿਚ ਆਉਣ ਨਾਲ ਸਰ ਸਕਦਾ ਹੈ।' ਹੁਣ ਆਮ ਆਦਮੀ ਪਾਰਟੀ ਦਾ ਇੱਕ ਆਗੂ ਮਜ਼ਾਕ ਕਰਦਾ ਹੈ ਕਿ 'ਅਸੀਂ ਮੋਟਰ ਸਾਈਕਲ ਦੀ ਤੀਹਰੀ ਸਵਾਰੀ ਦੀ ਆਗਿਆ ਦੇ ਦਿਆਂਗੇ, ਭਾਜਪਾ ਦੇ ਤਿੰਨੇ ਵਿਧਾਇਕ ਇੱਕੋ ਸਕੂਟਰ 'ਤੇ ਆ ਸਕਦੇ ਹਨ।'

ਵੱਡੀ ਹਾਰ ਭਾਜਪਾ ਲਈ ਇਖਲਾਕੀ ਪੱਖੋਂ ਹੈ। ਇੱਕ ਪੁਰਾਣਾ ਕਿੱਸਾ ਯਾਦ ਕਰਨ ਦੀ ਲੋੜ ਹੈ। ਕੇਜਰੀਵਾਲ ਨੇ ਜਦੋਂ ਗੁਜਰਾਤ ਦੇ ਦੌਰੇ ਦੌਰਾਨ ਉਥੋਂ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਮਿਲਣਾ ਚਾਹਿਆ ਤੇ ਉਸ ਦੇ ਦਫਤਰ ਗਿਆ, ਨਰਿੰਦਰ ਮੋਦੀ ਨੇ ਮਿਲਣ ਤੋਂ ਨਾਂਹ ਕਰ ਕੇ ਉਸ ਨੂੰ ਦਰਾਂ ਤੋਂ ਮੋੜ ਦਿੱਤਾ ਸੀ। ਬਾਹਰ ਪੱਤਰਕਾਰਾਂ ਨੇ ਇਸ ਬਾਰੇ ਕੇਜਰੀਵਾਲ ਦੀ ਪ੍ਰਤੀਕਿਰਿਆ ਪੁੱਛੀ ਤਾਂ ਉਸ ਨੇ ਕਿਹਾ ਕਿ ਮੈਨੂੰ ਕੋਈ ਫਰਕ ਨਹੀਂ ਪੈਂਦਾ, ਜਦੋਂ ਮੋਦੀ ਨੇ ਆਪ ਬੁਲਾਇਆ, ਉਦੋਂ ਮਿਲਣ ਚਲੇ ਜਾਵਾਂਗਾ। ਦਸ ਫਰਵਰੀ ਨੂੰ ਜਦੋਂ ਰੁਝਾਨ ਹੀ ਆਉਂਦੇ ਪਏ ਸਨ, ਨਤੀਜਾ ਅਜੇ ਕਿਸੇ ਸੀਟ ਦਾ ਨਹੀਂ ਸੀ ਆਇਆ ਅਤੇ ਭਾਜਪਾ ਦੇ ਬੁਲਾਰੇ ਇਹ ਕਹਿੰਦੇ ਸਨ ਕਿ ਅੰਤਮ ਨਤੀਜੇ ਵਿਚ ਅਸੀਂ ਜਿੱਤਣਾ ਹੈ, ਉਦੋਂ ਕੇਜਰੀਵਾਲ ਨੂੰ ਪ੍ਰਧਾਨ ਮੰਤਰੀ ਦਾ ਵਧਾਈ ਦਾ ਫੋਨ ਆ ਗਿਆ ਤੇ ਨਾਲ ਉਸ ਨੇ ਇਹ ਵੀ ਕਹਿ ਦਿੱਤਾ ਕਿ ਮੇਰੇ ਨਾਲ ਚਾਹ ਦਾ ਕੱਪ ਪੀਣ ਦਾ ਸਮਾਂ ਕੱਢਿਓ। ਗੁਜਰਾਤ ਵਿਚ ਕੇਜਰੀਵਾਲ ਨੇ ਇਹੋ ਕਿਹਾ ਸੀ ਕਿ ਜਦੋਂ ਮੋਦੀ ਸਾਹਿਬ ਆਪ ਬੁਲਾਉਣਗੇ, ਉਦੋਂ ਜਾਵਾਂਗਾ, ਹੁਣ ਆਪ ਬੁਲਾਇਆ ਤਾਂ ਕੇਜਰੀਵਾਲ ਨੇ ਹਾਂ ਕਰ ਦਿੱਤੀ। ਇਸ ਨਾਲ ਇਖਲਾਕੀ ਹਾਰ ਨਰਿੰਦਰ ਮੋਦੀ ਤੇ ਭਾਜਪਾ ਦੀ ਹੋਈ ਹੈ। ਇਹ ਸੱਟ ਕਿੰਨੀ ਮਾਰੂ ਸੀ, ਇਸ ਦੀ ਝਲਕ ਉਸੇ ਸ਼ਾਮ ਮਿਲ ਗਈ।

ਦਿੱਲੀ ਦੇ ਚੋਣ ਨਤੀਜੇ ਵਾਲੇ ਦਿਨ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਦੇ ਮੁੰਡੇ ਦਾ ਵਿਆਹ ਸੀ। ਬਾਕੀ ਤਿਆਰੀਆਂ ਨਾਲ ਇਹ ਤਿਆਰੀ ਵੀ ਹੋ ਰਹੀ ਸੀ ਕਿ ਇਥੇ ਗਿਆਰਾਂ ਮੁੱਖ ਮੰਤਰੀ ਆਉਣਗੇ ਅਤੇ ਦਿੱਲੀ ਦੀ ਜਿੱਤ ਦਾ ਜਸ਼ਨ ਵੀ ਅਸੀਂ ਇਥੇ ਹੀ ਮਨਾਵਾਂਗੇ। ਮਾੜੇ ਨਤੀਜੇ ਉਦੋਂ ਆਏ, ਜਦੋਂ ਮੁੰਡਾ ਘੋੜੀ ਚੜ੍ਹਨ ਦੀ ਤਿਆਰੀ ਕਰ ਰਿਹਾ ਸੀ ਤੇ ਦਿੱਲੀ ਵਿਚ ਭਾਜਪਾ ਦਾ ਜਲੂਸ ਨਿਕਲ ਗਿਆ ਸੀ। ਇਸ ਦੇ ਪ੍ਰਭਾਵ ਹੇਠ ਘੋੜੀ ਮੋੜ ਦਿੱਤੀ ਗਈ, ਬੈਂਡ-ਵਾਜੇ ਵੱਜਣ ਨਹੀਂ ਦਿੱਤੇ ਗਏ ਤੇ ਇੱਕ ਗੱਲ ਹੋਰ ਹੋ ਗਈ। ਜਿਹੜਾ ਵੀ ਮਹਿਮਾਨ ਆਉਂਦਾ, ਵਿਆਹ ਦੀ ਵਧਾਈ ਦੇਣ ਵੇਲੇ ਇਹ ਕਹਿ ਦੇਂਦਾ, 'ਜੇ ਕਿਤੇ ਅੱਜ ਦਿੱਲੀ ਵਿਚ ਜਿੱਤ ਜਾਂਦੇ ਤਾਂ ਮਜ਼ਾ ਦੁੱਗਣਾ ਹੋ ਜਾਣਾ ਸੀ, ਪਰ ਤੁਸੀਂ ਕੋਈ ਚਿੰਤਾ ਨਾ ਕਰਿਓ।'

AAP
Aam Aadmi Party

ਹਾਰ ਦਾ ਸੁਫਨਾ ਭਾਜਪਾ ਦੇ ਹੇਠਲੇ ਪੱਧਰ ਦੇ ਆਗੂਆਂ ਨੂੰ ਆਇਆ ਹੋਵੇ ਜਾਂ ਨਾ, ਨਰਿੰਦਰ ਮੋਦੀ ਤੇ ਅਮਿਤ ਸ਼ਾਹ ਨੂੰ ਅਗਾਊਂ ਆਉਣ ਲੱਗ ਪਿਆ ਸੀ। ਪਿਛਲੇ ਸਾਲ ਜਿਸ ਵੀ ਰਾਜ ਦੀ ਵਿਧਾਨ ਸਭਾ ਦੀ ਚੋਣ ਹੋਈ, ਭਾਜਪਾ ਦੀ ਵੋਟਾਂ ਦੀ ਫੀਸਦੀ ਘਟਦੀ ਗਈ ਤੇ ਸਿਵਾਏ ਹਰਿਆਣੇ ਤੋਂ, ਬਾਕੀ ਸਰਕਾਰਾਂ ਗੱਠਜੋੜ ਦੇ ਆਸਰੇ ਹੀ ਬਣੀਆਂ ਸਨ। ਉਹ ਇਸ ਮੰਦੇ ਹਾਲ ਨੂੰ ਲੁਕਾਉਣ ਦਾ ਯਤਨ ਕਰਦੇ ਰਹੇ। ਫਿਰ ਜਦੋਂ ਦਿੱਲੀ ਵਿਚ ਹਾਲਤ ਮਾੜੀ ਹੋਣ ਦੀ ਸੂਹ ਲੱਗੀ ਤਾਂ ਉਨ੍ਹਾਂ ਨੇ ਕਿਰਨ ਬੇਦੀ ਨੂੰ ਅੱਗੇ ਲੈ ਆਂਦਾ, ਪਰ ਕਿਰਨ ਦੇ ਆਉਣ ਨਾਲ ਪਾਰਟੀ ਦੇ ਪੁਰਾਣੇ ਆਗੂਆਂ ਨੂੰ ਬੁਖਾਰ ਚੜ੍ਹ ਗਿਆ। ਕਿਰਨ ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦੀ, ਸਿਰਫ ਥਾਣੇਦਾਰੀ ਕਰੀ ਜਾਂਦੀ ਸੀ, ਪੁਰਾਣੇ ਭਾਜਪਾ ਆਗੂ ਉਸ ਦੀ ਕੋਈ ਪ੍ਰਵਾਹ ਨਹੀਂ ਸੀ ਕਰਦੇ ਤੇ ਜਿੱਤਣ ਦੀ ਥਾਂ ਹਾਰ ਯਕੀਨੀ ਬਣਾਉਣ ਲਈ ਆਪੋ ਆਪਣੇ ਘੋੜੇ ਭਜਾਉਂਦੇ ਸੁਣੇ ਜਾ ਰਹੇ ਸਨ। ਪਹਿਲਾਂ ਭਾਜਪਾ ਵਾਲੇ ਇਹ ਕਹਿੰਦੇ ਸਨ ਕਿ ਸਾਰੇ ਦੇਸ਼ ਵਿਚ ਮੋਦੀ-ਰੱਥ ਅੱਗੇ ਅੜਿੱਕਾ ਲਾਉਣ ਦੀ ਕੋਈ ਹਿੰਮਤ ਨਹੀਂ ਕਰ ਸਕਦਾ, ਫਿਰ ਇਹ ਸੁਣਿਆ ਕਿ ਕੇਜਰੀਵਾਲ ਨੇ ਤਾਂ ਅੜਿੱਕਾ ਲਾਉਣਾ ਹੀ ਸੀ, ਭਾਜਪਾ ਦੇ ਆਪਣੇ ਅੰਦਰੋਂ ਵੀ ਹੁਣ ਮੋਦੀ-ਵਿਰੋਧ ਦੇ ਸਪੀਡ-ਬਰੇਕਰ ਉਭਰਨ ਲੱਗੇ ਹਨ, ਉਹ ਪਾਰ ਨਹੀਂ ਲੱਗਣ ਦੇਣਗੇ। ਨਰਿੰਦਰ ਮੋਦੀ ਇਹ ਕਹਿੰਦਾ ਸੀ ਕਿ ਉਸ ਦਾ ਸਾਰੀ ਦੁਨੀਆਂ ਵਿਚ ਡੰਕਾ ਵੱਜ ਰਿਹਾ ਹੈ, ਪਰ ਦਿੱਲੀ ਵਿਚ ਭਾਂਡੇ ਮੂਧੇ ਵੱਜਣ ਦੀ ਨੌਬਤ ਆਉਂਦੀ ਰੋਕ ਸਕਣ ਜੋਗਾ ਉਹ ਸਾਬਤ ਨਹੀਂ ਹੋ ਸਕਿਆ।

ਭਾਰਤੀ ਜਨਤਾ ਪਾਰਟੀ ਆਪਣੇ ਜਿੱਤ ਦੇ ਵਹਿਮ ਨੂੰ ਕਾਇਮ ਰੱਖਣ ਲਈ ਆਪਣੀ ਹਰ ਕਮਜ਼ੋਰੀ ਬਾਰੇ ਲੋਕਾਂ ਤੋਂ ਓਹਲਾ ਰੱਖਣ ਦਾ ਯਤਨ ਕਰਦੀ ਰਹੀ। ਉਸ ਨੂੰ ਕੁਝ ਝਾਕ ਧਰਮ ਦੇ ਨਾਂ ਉਤੇ ਕਤਾਰਬੰਦੀ ਤੋਂ ਸੀ। ਇਸੇ ਝਾਕ ਵਿਚ ਉਸ ਨਾਲ ਜੁੜੇ ਸਾਧਾਂ ਤੇ ਸਾਧਵੀਆਂ ਨੇ ਬਦ-ਜ਼ਬਾਨੀ ਕਰਨ ਵਾਲੀ ਹੱਦ ਕਰੀ ਰੱਖੀ। ਜਦੋਂ ਬਾਹਲਾ ਰੌਲਾ ਪੈਂਦਾ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸੇ ਵਿਰਲੇ-ਟਾਂਵੇ ਨੂੰ ਸੱਦ ਕੇ ਮਾੜਾ-ਮੋਟਾ ਠਰ੍ਹੰਮੇ ਨਾਲ ਚੱਲਣ ਨੂੰ ਕਹਿ ਛੱਡਦਾ, ਪਰ ਉਂਜ ਉਹ ਚੁੱਪ ਸਹਿਮਤੀ ਨਾਲ ਚੱਲਦਾ ਰਿਹਾ। ਚੱਲਦੀ ਚੋਣ ਵਿਚ ਇੱਕ ਦਿਨ ਭਾਜਪਾ ਦੇ ਪਾਰਲੀਮੈਂਟ ਮੈਂਬਰ ਯੋਗੀ ਅਦਿਤਿਆ ਨਾਥ ਨੇ ਵਾਰਾਣਸੀ ਵਿਚ ਜਾ ਕੇ ਇਹ ਵੀ ਆਖਿਆ ਕਿ ਜਦੋਂ ਇਥੇ ਅਸੀਂ ਸ਼ਿਵ ਭਗਵਾਨ ਦੇ ਮੰਦਰ ਜਾਂਦੇ ਹਾਂ ਤਾਂ ਸਾਨੂੰ ਗਿਆਨਵਾਪੀ ਮਸਜਿਦ ਦੇ ਕੋਲੋਂ ਲੰਘਣਾ ਪੈਂਦਾ ਹੈ, ਉਹ ਮਸਜਿਦ ਸਾਨੂੰ ਚਿੜਾਉਂਦੀ ਹੋਣ ਕਰ ਕੇ ਅਸੀਂ ਉਸ ਨੂੰ ਜ਼ਿਆਦਾ ਦੇਰ ਬਰਦਾਸ਼ਤ ਨਹੀਂ ਕਰ ਸਕਦੇ। ਇਹ ਇੱਕ ਤਰ੍ਹਾਂ ਨਾਲ ਅਯੁੱਧਿਆ ਵਾਂਗ ਇਸ ਮਸਜਿਦ ਬਾਰੇ ਬਹੁ-ਗਿਣਤੀ ਭਾਈਚਾਰੇ ਨੂੰ ਉਕਸਾਉਣ ਦੀ ਕੋਸ਼ਿਸ਼ ਸੀ। ਮੋਦੀ ਨੂੰ ਅਯੁੱਧਿਆ ਦੇ ਸਮੇਂ ਦੀ ਫਿਰਕੂ ਕਤਾਰਬੰਦੀ ਤੇ ਉਸ ਦੇ ਰਾਜਸੀ ਲਾਭ ਦਾ ਚੇਤਾ ਸੀ। ਇਸ ਕਰ ਕੇ ਉਸ ਨੇ ਯੋਗੀ ਨੂੰ ਵੀ ਟੋਕਿਆ ਨਹੀਂ ਸੀ।

ਦਿੱਲੀ ਵਿਚ ਵੋਟਾਂ ਪੈਣ ਤੋਂ ਇੱਕ ਦਿਨ ਪਹਿਲਾਂ ਭਾਜਪਾ ਦਾ ਇੱਕ ਕੇਂਦਰੀ ਆਗੂ ਸਿਰਸੇ ਜਾ ਕੇ ਸੱਚੇ ਸੌਦੇ ਦੇ ਬਾਬਾ ਗੁਰਮੀਤ ਰਾਮ ਰਹੀਮ ਸਿੰਘ ਨੂੰ ਮਿਲਿਆ। ਬਾਬੇ ਨੇ ਉਥੇ ਭਾਜਪਾ ਦੀ ਮਦਦ ਦਾ ਐਲਾਨ ਦਾਗ ਦਿੱਤਾ। ਚਾਲ ਇਹ ਭਾਜਪਾ ਦੀ ਸੀ, ਪਰ ਅਕਾਲੀ ਵੀ ਚੁੱਪ ਰਹੇ ਕਿ ਉਸ ਬਾਬੇ ਦੀਆਂ 4 ਵੋਟਾਂ ਮਿਲ ਜਾਣ ਤਾਂ ਸੌਦਾ ਮਾੜਾ ਨਹੀਂ। ਇਹ ਖੇਡ ਵੀ ਪੁੱਠੀ ਪੈ ਗਈ ਤੇ ਅਕਾਲੀ ਹੁਣ ਭਾਜਪਾ ਲੀਡਰਾਂ ਨੂੰ ਕੋਸਦੇ ਫਿਰਦੇ ਹਨ।

ਤਿੰਨ ਗੱਲਾਂ ਹੋਰ ਸਨ, ਜਿਹੜੀਆਂ ਦਿੱਲੀ ਵਿਚ ਭਾਜਪਾ ਦੇ ਖਿਲਾਫ ਲਾਮਬੰਦੀ ਦਾ ਕਾਰਨ ਬਣੀਆਂ। ਇੱਕ ਤਾਂ ਇਹ ਕਿ ਜਿਹੜਾ ਨਰਿੰਦਰ ਮੋਦੀ ਕਹਿੰਦਾ ਹੈ ਕਿ ਮੈਂ ਬਚਪਨ ਵਿਚ ਚਾਹ ਦੇ ਕੱਪ ਵੇਚਦਾ ਰਿਹਾ ਹਾਂ, ਉਹ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਮਿਲਣ ਵੇਲੇ ਚੌਦਾਂ ਲੱਖ ਰੁਪਏ ਦਾ ਕੋਟ ਪਾਈ ਫਿਰਦਾ ਸੀ ਤੇ ਮਾਣ ਨਾਲ ਇਹ ਵੀ ਦੱਸਦਾ ਸੀ ਕਿ ਇਹ ਕੋਟ ਕਿਸੇ ਵੱਲੋਂ ਤੋਹਫੇ ਵਿਚ ਆਇਆ ਹੈ। ਦਿੱਲੀ ਦੇ ਲੋਕ ਸਮਝ ਗਏ ਕਿ ਜਿਸ ਲੀਡਰ ਨੂੰ ਕੋਈ ਚੌਦਾਂ ਲੱਖ ਵਾਲਾ ਕੋਟ ਦੇਂਦਾ ਹੈ, ਉਹ ਉਸ ਤੋਂ ਚੌਦਾਂ ਕਰੋੜ ਦਾ ਲਾਭ ਕਮਾਏਗਾ ਤੇ ਇਹ ਅਸਿੱਧੇ ਭ੍ਰਿਸ਼ਟਾਚਾਰ ਦਾ ਤਮਾਸ਼ਾ ਹੈ। ਦੂਸਰੀ ਗੱਲ ਨਰਿੰਦਰ ਮੋਦੀ ਦੀ ਪਤਨੀ ਦਾ ਵਿਵਾਦ ਸੀ। ਹਰਿਆਣੇ ਦੀਆਂ ਖਾਪ ਪੰਚਾਇਤਾਂ ਦੇ ਮਾੜੇ ਫੈਸਲਿਆਂ ਦੀ ਨੁਕਤਾਚੀਨੀ ਹੁੰਦੀ ਰਹੀ ਹੈ ਤੇ ਹੋਣੀ ਵੀ ਚਾਹੀਦੀ ਸੀ, ਪਰ ਇੱਕ ਚੰਗੀ ਗੱਲ ਇਹ ਹੋ ਗਈ ਕਿ ਜੀਂਦ ਜ਼ਿਲੇ ਦੀ ਜ਼ਿਲਾ ਪ੍ਰੀਸ਼ਦ ਦੀ ਚੇਅਰਪਰਸਨ ਦੀ ਪ੍ਰਧਾਨਗੀ ਹੇਠ ਬੀਬੀਆਂ ਨੇ ਮੀਟਿੰਗ ਕਰ ਕੇ ਪ੍ਰਧਾਨ ਮੰਤਰੀ ਵੱਲ ਇੱਕ ਚਿੱਠੀ ਲਿਖ ਦਿੱਤੀ। ਉਨ੍ਹਾਂ ਨੇ ਲਿਖਿਆ ਕਿ ਭਾਰਤੀ ਸੱਭਿਆਚਾਰ ਵਿਚ ਪਤਨੀ ਨੂੰ ਪਤੀ ਦੇ ਨਾਲ ਹੋਣਾ ਚਾਹੀਦਾ ਹੈ, ਮੋਦੀ ਸਾਹਿਬ ਆਪਣੀ ਪਤਨੀ ਯਸ਼ੋਦਾ ਨੂੰ ਉਸ ਦਾ ਬਣਦਾ ਹੱਕ ਦੇਣ ਤੇ ਆਪਣੇ ਨਾਲ ਰੱਖਣ, ਤੇ ਜੇ ਉਹ ਨਹੀਂ ਲਿਆਉਂਦੇ ਤਾਂ ਉਹ ਹਰ ਹਫਤੇ ਏਦਾਂ ਦੀ ਇੱਕ ਚਿੱਠੀ ਲਿਖਿਆ ਕਰਨਗੀਆਂ। ਇਹ ਚਰਚਾ ਦਿੱਲੀ ਵਿਚ ਵੀ ਪ੍ਰਧਾਨ ਮੰਤਰੀ ਬਾਰੇ ਵਿਧਾਨ ਸਭਾ ਚੋਣਾਂ ਦੌਰਾਨ ਚੱਲਦੀ ਰਹੀ, ਜਿਸ ਦਾ ਅਸਰ ਪਿਆ ਸੀ। ਆਖਰੀ ਗੱਲ ਇਹ ਕਿ ਭਾਜਪਾ ਦੇ ਆਗੂਆਂ ਨੇ ਅਰਵਿੰਦ ਕੇਜਰੀਵਾਲ ਬਾਰੇ ਬੜੀ ਭੱਦੀ ਚੋਣ ਮੁਹਿੰਮ ਚਲਾਈ, ਜਿਸ ਤੋਂ ਲੋਕਾਂ ਵਿਚ ਕੇਜਰੀਵਾਲ ਦੇ ਲਈ ਹਮਦਰਦੀ ਦੀ ਭਾਵਨਾ ਬਣਦੀ ਗਈ ਅਤੇ ਉਹ ਚੋਣ ਜਿੱਤਣ ਵਿਚ ਕਾਮਯਾਬ ਰਿਹਾ।

ਹੁਣ ਸਵਾਲ ਅੱਗੇ ਦਾ ਹੈ। ਕੇਜਰੀਵਾਲ ਨੂੰ ਭਾਜਪਾ ਨੇ ਭਾਵੇਂ ਨਕਸਲੀ ਕਿਹਾ ਤੇ ਭਾਵੇਂ ਕਮਿਊਨਿਸਟ ਆਖਿਆ ਹੋਵੇ, ਉਹ ਨਾ ਸਮਾਜਵਾਦੀ ਹੈ ਤੇ ਨਾ ਕਮਿਊਨਿਸਟ ਹੀ। ਉਸ ਨੇ ਕਦੇ ਵੀ ਜਮਾਤਾਂ ਵਿਚਾਲੇ ਸੰਘਰਸ਼ ਦੀ ਗੱਲ ਨਹੀਂ ਕੀਤੀ, ਸਗੋਂ ਇਹ ਕਹਿੰਦਾ ਹੈ ਕਿ ਜਿਹੜਾ ਸਿਸਟਮ ਇਸ ਦੇਸ਼ ਨੇ ਇੱਕ ਵਾਰ ਅਪਣਾ ਲਿਆ ਹੈ, ਉਸ ਦੇ ਅਸੂਲਾਂ ਤੇ ਨਿਯਮਾਂ ਦੀ ਉਲੰਘਣਾ ਨਹੀਂ ਹੋਣੀ ਚਾਹੀਦੀ ਤੇ ਭ੍ਰਿਸ਼ਟਾਚਾਰ ਨਹੀਂ ਹੋਣਾ ਚਾਹੀਦਾ। ਏਨੀ ਗੱਲ ਨਾਲ ਦੇਸ਼ ਦੀ ਗਰੀਬੀ ਦੂਰ ਕਰਨ ਜਾਂ ਮਿਹਨਤੀ ਆਦਮੀ ਦੇ ਮੁੜ੍ਹਕੇ ਦੀ ਲੁੱਟ ਰੋਕਣ ਦੀ ਆਸ ਕੋਈ ਨਹੀਂ ਕਰ ਸਕਦਾ। ਕਿਸੇ ਵੀ ਪੁਰਾਣੇ ਕਾਨੂੰਨ ਨੂੰ ਬਦਲ ਕੇ ਕਿਰਤ ਕਰਨ ਵਾਲੇ ਲੋਕਾਂ ਦੇ ਪੱਖ ਦਾ ਬਣਾਉਣ ਦੀ ਗੱਲ ਉਹ ਬਿਲਕੁਲ ਨਹੀਂ ਕਰਦਾ, ਸਿਰਫ ਉਨ੍ਹਾਂ ਨਿਯਮਾਂ ਦੀ ਪਾਲਣਾ ਦੀ ਗੱਲ ਕਰਦਾ ਹੈ। ਏਨਾ ਕੁਝ ਕਾਫੀ ਨਹੀਂ। ਦੇਸ਼ ਦੀ ਸੇਵਾ ਲਈ ਇਸ ਦੇਸ਼ ਵਿਚ ਕਿਰਤ ਕਰ ਕੇ ਵੀ ਕੀੜੇ-ਮਕੌੜੇ ਦੀ ਜੂਨ ਹੰਢਾਉਂਦੇ ਲੋਕਾਂ ਬਾਰੇ ਸੋਚਣ ਦੀ ਲੋੜ ਪੈਣੀ ਹੈ।

ਰਹੀ ਗੱਲ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਦੀ, ਅਜੇ ਤੱਕ ਸਾਰੀ ਦਿੱਲੀ ਨੂੰ ਉਸ ਦਾ ਚੰਗਾ ਪੱਖ ਦਿੱਸਦਾ ਹੈ, ਤੇ ਅਸੀਂ ਚਾਹਾਂਗੇ ਕਿ ਇਹ ਚੰਗਾ ਹੀ ਰਹੇ, ਪਰ ਨਿਬੇੜੇ ਕਹਿਣ ਤੋਂ ਨਹੀਂ, ਅਮਲਾਂ ਤੋਂ ਹੋਣੇ ਹਨ। ਮਿੱਤਰਾਂ ਦੀ ਮਹਿਫਲ ਵਿਚ ਬੈਠੇ ਸਾਰੇ ਜਣੇ ਜਦੋਂ ਆਪੋ ਆਪਣੀ ਔਲਾਦ ਦੇ ਦੁੱਖ ਦੱਸ ਰਹੇ ਸਨ, ਇੱਕ ਜਣੇ ਨੇ ਕਿਹਾ ਸੀ, 'ਮੈਂ ਤਾਂ ਬਈ ਸੌਖਾ ਹਾਂ, ਮੇਰਾ ਪੁੱਤਰ ਨਾ ਕਦੇ ਨਸ਼ਾ ਕਰਦਾ ਹੈ, ਨਾ ਕਿਸੇ ਨਾਲ ਆਢਾ ਲੈਂਦਾ ਹੈ, ਆਰਾਮ ਨਾਲ ਘਰ ਮਾਂ ਕੋਲ ਰਹਿੰਦਾ ਹੈ।' ਦੂਸਰਿਆਂ ਵਿਚੋਂ ਕਿਸੇ ਪੁੱਛ ਲਿਆ: 'ਤੇਰਾ ਮੁੰਡਾ ਕਿੰਨੇ ਸਾਲਾਂ ਦਾ ਹੋ ਗਿਆ?' ਉਸ ਨੇ ਸੀਨਾ ਚੌੜਾ ਕਰਦਿਆਂ ਕਿਹਾ, 'ਆਉਂਦੀ ਪਹਿਲੀ ਅਪਰੈਲ ਨੂੰ ਉਸ ਦਾ ਦੂਜਾ ਬਰਥਡੇ ਹੈ।'

ਕੇਜਰੀਵਾਲ ਦੀ ਪਾਰਟੀ ਦਾ ਦੂਸਰਾ ਬਰਥਡੇਅ ਨਹੀਂ, ਹਾਲੇ ਦੂਸਰੀ ਵਾਰੀ ਕਮਾਨ ਸਾਂਭੀ ਹੈ। ਏਡਾ ਛੋਟਾ ਜਵਾਕ ਕਿਸੇ ਨੂੰ ਉਲਾਂਭੇ ਦਾ ਮੌਕਾ ਨਹੀਂ ਦੇ ਸਕਦਾ। ਉਸ ਦੀ ਸਰਕਾਰ ਛੇ ਮਹੀਨੇ ਚੱਲਣ ਦਿਓ, ਜਿਹੜੇ ਭਾਂਤ-ਭਾਂਤ ਦੇ 67 ਵਿਧਾਇਕ ਜਿੱਤ ਕੇ ਆਏ ਹਨ, ਭਲਕ ਨੂੰ ਉਨ੍ਹਾਂ ਵਿਚੋਂ ਕੋਈ ਜਣਾ ਵਿਨੋਦ ਕੁਮਾਰ ਬਿੰਨੀ ਨਿਕਲ ਸਕਦਾ ਹੈ ਤੇ ਕੋਈ ਹੋਰ ਐਮ ਐਸ ਧੀਰ ਵਰਗਾ ਵੀ, ਜਿਹੜਾ ਸਵਾ ਸਾਲ ਸਪੀਕਰੀ ਕਰਨ ਪਿੱਛੋਂ ਚੋਣਾਂ ਵੇਲੇ ਭਾਜਪਾ ਕੋਲ ਚਲਾ ਗਿਆ ਅਤੇ ਆਪਣੀ ਮਾਂ-ਪਾਰਟੀ ਵਿਰੁਧ ਉਮੀਦਵਾਰ ਬਣ ਗਿਆ ਸੀ। ਲੋਕਾਂ ਦੀਆਂ ਆਸਾਂ ਆਪਣੀ ਥਾਂ ਹਨ, ਪਰ ਭਲਕ ਨੂੰ ਕੀ ਹੋਣਾ ਹੈ, ਇਸ ਬਾਰੇ ਅੱਜ ਕੋਈ ਨਹੀਂ ਦੱਸ ਸਕਦਾ। ਸਿਰਫ ਆਸ ਕੀਤੀ ਜਾ ਸਕਦੀ ਹੈ।

US Rave Inc.
ਟਰੱਕ ਡਰਾਈਵਰਾਂ ਦੀ ਲੋੜ ਹੈ
■ ਸਾਡੇ ਕੋਲ ਬਰੈਂਡ ਨਿਊ ਟਰੱਕ ਅਤੇ ਟਰੇਲਰ ਹਨ
■ ਸਾਨੂੰ ਡਿਸਪੈਚਰ ਵੀ ਚਾਹੀਦੇ ਹਨ
■ ਓਨਰ ਅਪਰੇਟਰ ਵੀ ਸੰਪਰਕ ਕਰ ਸਕਦੇ ਹਨ
Truck Drivers Wanted
■We are looking for Truck Drivers & Dispatchers.
■Brand New Truck & Trailer.
■Also contact Owner Operator.



ਗੁਰਵਿੰਦਰ ਸਿੰਘ, ਫੋਨ: 972-442-5991
8-9



ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਵਾਤਾਵਰਨ ਬਾਰੇ ਸਰਕਾਰ ਦੇ ਵਤੀਰੇ ਉਤੇ ਉਠੇ ਸਵਾਲ

**ਅੰਮ੍ਰਿਤਸਰ:** ਪ੍ਰਦੂਸ਼ਣ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਪੰਜਾਬ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਤੀਹ ਮੈਂਬਰੀ ਸੰਸਦੀ ਕਮੇਟੀ ਦੇ ਮੈਂਬਰਾਂ ਨੇ ਸੂਬਾ ਸਰਕਾਰ ਦੇ ਵਾਤਾਵਰਣ ਪ੍ਰਤੀ ਗੰਭੀਰ ਨਾ ਹੋਣ ਦੇ ਵਤੀਰੇ 'ਤੇ ਸਵਾਲ ਚੁੱਕੇ ਹਨ। ਰਾਜ ਸਭਾ ਮੈਂਬਰ ਅਸ਼ਵਨੀ ਕੁਮਾਰ ਦੀ ਅਗਵਾਈ ਵਾਲੀ ਵਾਤਾਵਰਣ, ਜੰਗਲਾਤ ਤੇ ਪ੍ਰਦੂਸ਼ਣ ਰੋਕਥਾਮ ਬਾਰੇ ਸੰਸਦੀ ਕਮੇਟੀ ਨੇ ਪੰਜਾਬ ਦੇ ਸਨਅਤੀ ਸ਼ਹਿਰ ਲੁਧਿਆਣਾ ਤੇ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਸਰਕਾਰੀ ਅਧਿਕਾਰੀਆਂ ਤੋਂ ਇਲਾਵਾ ਗ਼ੈਰ ਸਰਕਾਰੀ ਸੰਸਥਾਵਾਂ ਦੇ ਪ੍ਰਤੀਨਿਧਾਂ ਨਾਲ ਵੀ ਗੱਲਬਾਤ ਕਰਕੇ ਇਸ ਸਮੱਸਿਆ ਦੇ ਹੱਲ ਲਈ ਰਾਹ ਲੱਭਣ ਦੀ ਸਿਫਾਰਸ਼ ਕੀਤੀ ਹੈ। ਕਮੇਟੀ ਅਨੁਸਾਰ ਧਰਤੀ ਹੇਠਲੇ ਪਾਣੀ ਦੇ ਖ਼ਤਰਨਾਕ ਹੱਦ ਤੱਕ ਹੇਠਾਂ ਚਲੇ ਜਾਣ, ਪਾਣੀ ਦੇ ਦੂਸ਼ਿਤ ਹੋਣ ਤੇ ਵਧ ਰਿਹਾ ਪ੍ਰਦੂਸ਼ਣ ਵਾਤਾਵਰਣ ਦੇ ਪੱਖ ਤੋਂ ਵੱਡੇ ਸੰਕੇਤ ਦੇ ਰਹੇ ਹਨ।



ਸ਼ਹਿਰਾਂ ਵਿਚ ਹਵਾ ਪ੍ਰਦੂਸ਼ਣ ਤੇ ਗੰਦੇ ਪਾਣੀ ਦਾ ਢੁਕਵਾਂ ਨਿਕਾਸ ਨਾ ਹੋਣਾ ਲੋਕਾਂ ਲਈ ਸਿਹਤ ਦੀਆਂ ਵੱਡੀਆਂ ਸਮੱਸਿਆਵਾਂ ਪੈਦਾ ਕਰ ਰਿਹਾ ਹੈ। ਕਮੇਟੀ ਨੇ ਮਹਿਸੂਸ ਕੀਤਾ ਕਿ ਇਨ੍ਹਾਂ ਗੰਭੀਰ ਸਮੱਸਿਆਵਾਂ ਨੂੰ ਹੱਲ ਕਰਨ ਲਈ ਸੰਜੀਦਾ ਯਤਨ ਨਹੀਂ ਕੀਤੇ ਜਾ ਰਹੇ। ਕਮੇਟੀ ਨੇ ਅਧਿਕਾਰੀਆਂ ਤੋਂ ਹੋ ਰਹੇ ਕੰਮ ਦਾ ਵਿਸਥਾਰ ਜਾਨਣਾ ਚਾਹਿਆ। ਕਾਰਗੁਜ਼ਾਰੀ ਤੋਂ ਸੰਤੁਸ਼ਟ ਨਾ ਹੋਣ ਦਾ ਪ੍ਰਭਾਵ ਦਿੰਦੇ ਹੋਏ ਕਮੇਟੀ ਨੇ ਅਧਿਕਾਰੀਆਂ ਨੂੰ ਹਰ ਕੰਮ ਲਈ ਸਮਾਂ ਸੀਮਾ ਦੱਸਣ ਦੇ ਹੁਕਮ ਵੀ ਦਿੱਤੇ। ਲੁਧਿਆਣਾ ਸ਼ਹਿਰ ਅੰਦਰ ਹੈਬੋਵਾਲ ਤੇ ਤਾਜਪੁਰ ਰੋਡ ਉੱਤੇ ਚੱਲ ਰਹੀਆਂ ਡੇਅਰੀਆਂ ਦੇ ਬੁੱਢੇ ਨਾਲੇ ਨੂੰ ਪ੍ਰਦੂਸ਼ਿਤ ਕਰਨ ਦਾ ਨੁਕਤਾ ਨੋਟ ਕਰਦੇ ਹੋਏ ਤੇ ਸ਼ਹਿਰ ਅੰਦਰ ਵਾਧੂ ਪਲਾਸਟਿਕ ਵਸਤੂਆਂ ਕਾਰਨ ਫੈਲ ਰਹੇ ਪ੍ਰਦੂਸ਼ਣ ਨੂੰ ਤੁਰੰਤ ਚੈੱਕ ਕਰਨ ਦਾ ਵੀ ਹੁਕਮ ਦਿੱਤਾ ਹੈ। ਕਮੇਟੀ ਨੇ ਅਧਿਕਾਰੀਆਂ ਨੂੰ ਪਹਿਲਾਂ ਹੀ ਬਣੇ ਹੋਏ ਕਾਨੂੰਨਾਂ ਨੂੰ ਲਾਗੂ ਕਰਨ ਦੀ ਤਾਕੀਦ ਕੀਤੀ। ਘੱਟੋ-ਘੱਟ ਪਲਾਸਟਿਕ ਉਤੇ ਰੋਕ ਦੇ ਫ਼ੈਸਲੇ ਨੂੰ ਠੋਸ ਰੂਪ ਵਿਚ ਲਾਗੂ ਨਾ ਕਰਨ ਦੇ ਕਾਰਨਾਂ ਬਾਰੇ ਵੀ ਜਾਨਣਾ ਚਾਹਿਆ। ਕਮੇਟੀ ਨੇ ਜ਼ਿਆਦਾ ਜ਼ੋਰ ਮਿਉਂਸਿਪਲ ਰਹਿੰਦ-ਖੂੰਹਦ ਨਾਲ ਹੋ ਰਹੀ ਵਾਤਾਵਰਣਕ ਸਮੱਸਿਆ ਨੂੰ ਹੱਲ ਕਰਨ ਲਈ ਰਿਪੋਰਟ ਤਿਆਰ ਕਰਨ ਲਈ ਪਾਇਆ ਹੈ।

ਸੰਸਦੀ ਕਮੇਟੀ ਦੇ ਮੁਖੀ ਅਸ਼ਵਨੀ ਕੁਮਾਰ ਪੰਜਾਬ ਨਾਲ ਸਬੰਧਤ ਹੋਣ ਕਾਰਨ ਕਈ ਸਮੱਸਿਆਵਾਂ ਦੀ ਪਹਿਲਾਂ ਵੀ ਜਾਣਕਾਰੀ ਰੱਖਦੇ ਹਨ। ਦੱਸਣਯੋਗ ਹੈ ਕਿ ਬੁੱਢੇ ਨਾਲੇ ਤੇ ਕਾਲਾ ਸੰਘਿਆ ਡ੍ਰੇਨ ਦਾ ਮੁੱਦਾ ਕਈ ਵਾਰ ਉੱਠਿਆ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਤੇ ਪੰਜਾਬ ਤੋਂ ਜਾ ਰਹੇ ਪਾਣੀ ਤੋਂ ਪ੍ਰਭਾਵਿਤ ਰਾਜਸਥਾਨ ਦੇ ਕਿਸਾਨਾਂ ਨੇ ਵੀ ਇਹ ਮੁੱਦਾ ਕਈ ਵਾਰ ਉਠਾਇਆ ਸੀ। ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੇ ਪਾਣੀ ਵਿਚ ਭਾਰੇ ਤੱਤ ਮਿਲਾਉਣ ਦਾ ਕਾਰਨ ਬਣ ਰਹੇ ਉਦਯੋਗਾਂ ਦੇ ਬਿਜਲੀ ਕੁਨੈਕਸ਼ਨ ਕੱਟਣ ਦਾ ਹੁਕਮ ਵੀ ਦੇ ਦਿੱਤਾ ਸਨ। ਇਸ ਪੂਰੇ ਮਾਮਲੇ ਦੇ ਹੱਲ ਲਈ ਕਈ ਰਿਪੋਰਟਾਂ ਵੀ ਤਿਆਰ ਹੋ ਚੁੱਕੀਆਂ ਹਨ ਪਰ ਕਈ ਤਰ੍ਹਾਂ ਦੇ ਸਿਆਸੀ ਦਬਾਵਾਂ ਕਾਰਨ ਇਨ੍ਹਾਂ ਫ਼ੈਸਲਿਆਂ ਉੱਤੇ ਅਮਲ ਥੋੜ੍ਹ ਚਿਰਾ ਰਹਿ ਜਾਂਦਾ ਹੈ। ਕਈ ਦਹਾਕੇ ਪਹਿਲਾਂ ਦਰਿਆਵਾਂ ਨੂੰ ਸਾਫ਼ ਕਰਨ ਲਈ ਗੰਗਾ ਤੇ ਯਮੁਨਾ ਵਾਂਗ ਸਤਲੁਜ ਐਕਸ਼ਨ ਪਲਾਨ ਵੀ ਬਣਿਆ ਸੀ, ਪਰ ਇਹ ਯੋਜਨਾ ਜ਼ਮੀਨ ਅਧਿਗ੍ਰਹਿਣ ਸਮੇਤ ਕਈ ਸਮੱਸਿਆਵਾਂ ਨੂੰ ਪਾਰ ਨਹੀਂ ਕਰ ਸਕੀ। ਪੰਜਾਬ ਦੇ ਸ਼ਹਿਰਾਂ ਅਤੇ ਕਸਬਿਆਂ ਦੇ ਪਾਣੀ ਦਾ ਨਿਕਾਸ ਆਖ਼ਰ ਕਿਸੇ ਨਾ ਕਿਸੇ ਦਰਿਆ ਵਿਚ ਹੀ ਜਾਂਦਾ ਹੈ। ਕਮੇਟੀ ਨੇ ਇਸ ਨੁਕਤੇ ਨੂੰ ਵੀ ਉਭਾਰਿਆ ਕਿ ਬੇਸ਼ੱਕ ਪ੍ਰਦੂਸ਼ਣ ਇਕ ਵਿਸ਼ਵ ਵਿਆਪੀ ਵਰਤਾਰਾ ਹੈ ਪਰ ਇਸ ਨੂੰ ਠੀਕ ਕਰਨ ਲਈ ਸਥਾਨਕ ਯਤਨਾ ਦੀ ਵੀ ਲੋੜ ਹੈ।

## ਸ੍ਰੀ ਹਰਿਮੰਦਰ ਸਾਹਿਬ ਨੂੰ ਪ੍ਰਦੂਸ਼ਣ ਮੁਕਤ ਕੀਤਾ ਜਾਵੇਗਾ

**ਅੰਮ੍ਰਿਤਸਰ:** ਸੀਨੀਅਰ ਰਾਜ ਸਭਾ ਮੈਂਬਰ ਅਸ਼ਵਨੀ ਕੁਮਾਰ ਦੀ ਅਗਵਾਈ ਵਿਚ ਲੁਧਿਆਣਾ ਤੇ ਅੰਮ੍ਰਿਤਸਰ ਦੇ ਦੌਰੇ ਉਤੇ ਆਈ ਸਾਇੰਸ, ਤਕਨੀਕ, ਵਾਤਾਵਰਨ ਤੇ ਜੰਗਲਾਤ ਬਾਰੇ ਸੰਸਦੀ ਕਮੇਟੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੁਆਲੇ ਪ੍ਰਦੂਸ਼ਣ ਮੁਕਤੀ ਲਈ ਆਗਰਾ ਦੇ ਤਾਜ ਮਹਿਲ ਦੀ ਤਰਜ 'ਤੇ ਯਤਨ ਅਰੰਭਣ ਲਈ ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ। ਜ਼ਿਕਰਯੋਗ ਹੈ ਕਿ ਹਰਿਮੰਦਰ ਸਾਹਿਬ ਦਾ ਆਲਾ ਦੁਆਲਾ ਪਹਿਲਾਂ ਹੀ ਪ੍ਰਦੂਸ਼ਣ ਕਾਰਨ ਸੁਰਖੀਆਂ ਵਿਚ ਹੈ। ਇਸ ਮਾਮਲੇ ਦਾ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਨੋਟਿਸ ਲਿਆ ਗਿਆ ਸੀ, ਜਿਸ ਦੇ ਆਧਾਰ 'ਤੇ ਕੇਂਦਰ ਸਰਕਾਰ ਵੱਲੋਂ ਪ੍ਰਦੂਸ਼ਣ ਦੇ ਕਾਰਨਾਂ ਦੀ ਜਾਂਚ ਤੇ ਰੋਕਥਾਮ ਦੇ ਉਪਰਾਲਿਆਂ ਬਾਰੇ ਕਮੇਟੀ ਵੀ ਬਣਾਈ ਗਈ ਸੀ। ਸੰਸਦੀ ਕਮੇਟੀ ਵੱਲੋਂ ਅੰਮ੍ਰਿਤਸਰ ਵਿਚ ਆਵਾਜ਼ ਪ੍ਰਦੂਸ਼ਣ, ਇਮਾਰਤੀ ਮਲਬੇ, ਮੋਮੀ ਲਿਫ਼ਾਫ਼ੇ, ਪਾਣੀ ਪ੍ਰਦੂਸ਼ਨ, ਖੇਤੀ ਪ੍ਰਦੂਸ਼ਨ, ਸੀਵਰੇਜ ਤੇ ਕੂੜਾ ਸਮੱਸਿਆਵਾਂ, ਮਰੇ ਜਾਨਵਰਾਂ ਦੀ ਚੁਕਾਈ, ਜਨਤਕ ਪਖਾਨਿਆਂ ਬਾਰੇ ਢੁੱਕਵੇਂ ਹੱਲ ਕਰਕੇ ਨਗਰ ਨਿਗਮ ਨੂੰ 30 ਦਿਨਾਂ ਵਿਚ ਪੰਜਾਬ ਸਰਕਾਰ ਰਾਹੀਂ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਤੇ ਅਣਗਹਿਲੀ ਦੀ ਸੂਰਤ ਵਿਚ ਜਵਾਬਦੇਹੀ ਦੀ ਵੀ ਤਾੜਨਾ ਕੀਤੀ। ਸ੍ਰੀ ਅਸ਼ਵਨੀ ਕੁਮਾਰ ਨੇ ਭਰੋਸਾ ਦਿੱਤਾ ਕਿ ਇਕ ਵਰ੍ਹੇ ਅੰਦਰ ਅੰਮ੍ਰਿਤਸਰ ਵਿਚ ਦੋ ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾਉਣੇ ਨਿਸਚਿਤ ਕੀਤੇ ਜਾਣਗੇ।

# ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਫਿਰ ਭਖਿਆ

## ਸੂਰਤ ਸਿੰਘ ਖਾਲਸਾ ਬਾਰੇ ਬਾਦਲ ਨਾਲ ਮਸ਼ਵਰਾ

**ਚੰਡੀਗੜ੍ਹ:** ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਸਜ਼ਾ ਪੂਰੀ ਕਰਨ ਦੇ ਬਾਵਜੂਦ ਬੰਦ ਸਿੰਘਾਂ ਦੀ ਰਿਹਾਈ ਦਾ ਮੁੱਦਾ ਫਿਰ ਭਖ ਗਿਆ ਹੈ। ਪੰਥਕ ਜਥੇਬੰਦੀਆਂ ਦੇ ਵਫ਼ਦ ਨੇ ਸਿੱਖ ਬੰਦੀਆਂ ਦੀ ਰਿਹਾਈ ਲਈ ਲੁਧਿਆਣਾ ਵਿਚ ਭੁੱਖ ਹੜਤਾਲ 'ਤੇ ਬੈਠੇ ਬਾਪੂ ਸੂਰਤ ਸਿੰਘ ਖਾਲਸਾ (85) ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ।

ਸ. ਬਾਦਲ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਉਹ ਹੋਰ ਸੂਬਿਆਂ ਦੀਆਂ ਸਰਕਾਰਾਂ ਨਾਲ ਤਾਲਮੇਲ ਕਰਕੇ ਸਿੱਖ ਬੰਦੀਆਂ ਦੀ ਰਿਹਾਈ ਲਈ ਯਤਨ ਕਰਨਗੇ। ਇਸ ਮੁਲਾਕਾਤ ਮੌਕੇ ਪਹਿਲਾਂ ਜਦੋਂ ਵਫ਼ਦ ਨੇ ਵੱਖ-ਵੱਖ ਸੂਬਿਆਂ ਦੀਆਂ ਜੇਲ੍ਹਾਂ ਵਿਚ ਨਜ਼ਰਬੰਦ ਸਿੱਖਾਂ ਦੀ ਰਿਹਾਈ ਲਈ ਦਖ਼ਲ ਦੇਣ ਬਾਰੇ ਕਿਹਾ ਤਾਂ ਸ. ਬਾਦਲ ਨੇ ਸੁਪਰੀਮ ਕੋਰਟ ਵੱਲੋਂ ਜੇਲ੍ਹਾਂ ਵਿਚ ਉਮਰ ਕੈਦੀਆਂ ਨੂੰ ਰਿਹਾਅ ਕਰਨ ਉਤੇ ਲੱਗੀ ਰੋਕ ਦਾ ਹਵਾਲਾ ਦਿੰਦਿਆਂ ਆਪਣੇ ਆਪ ਨੂੰ ਬੇਵਸ ਦੱਸਿਆ। ਵਫ਼ਦ ਵੱਲੋਂ ਪੇਸ਼ ਤਰਕਾਂ ਤੋਂ ਬਾਅਦ ਸ. ਬਾਦਲ ਨੇ ਭਰੋਸਾ ਦਿੰਦਿਆਂ ਕਿਹਾ ਕਿ ਉਹ ਦੂਜੇ ਸੂਬਿਆਂ ਦੀ ਸਰਕਾਰਾਂ ਨਾਲ ਰਾਬਤਾ ਕਾਇਮ ਕਰਕੇ ਸਿੱਖ ਬੰਦੀਆਂ ਦੀ ਰਿਹਾਈ ਲਈ ਕਾਨੂੰਨੀ ਚਾਰਾਜੋਈ ਦਾ ਪ੍ਰੋਗਰਾਮ ਬਣਾਉਣਗੇ।


ਵਫ਼ਦ ਵਿਚ ਸ਼ਾਮਲ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਕੱਤਰ ਜਨਰਲ ਜਸਵੰਤ ਸਿੰਘ ਮਾਨ ਨੇ ਸ. ਬਾਦਲ ਨੂੰ ਕਿਹਾ ਕਿ ਸਰਕਾਰਾਂ ਹੁਣ ਸੁਪਰੀਮ ਕੋਰਟ ਦੇ ਹੁਕਮ ਨੂੰ ਢਾਲ ਵਜੋਂ ਵਰਤ ਰਹੀਆਂ ਹਨ, ਜਦੋਂਕਿ ਸਮੇਂ-ਸਮੇਂ ਦੀਆਂ ਕੇਂਦਰ ਤੇ ਸੂਬਾ ਸਰਕਾਰਾਂ ਸਿੱਖ ਬੰਦੀਆਂ ਦੀਆਂ ਰਿਹਾਈ ਬਾਰੇ ਕਦੀ ਵੀ ਸੰਜੀਦਾ ਨਹੀਂ ਰਹੀਆਂ। ਸ. ਬਾਦਲ ਨੇ ਮੀਟਿੰਗ ਵਿਚ ਮੌਜੂਦ ਐਡਵੋਕੇਟ ਜਨਰਲ ਅਸ਼ੋਕ ਅਗਰਵਾਲ ਨੂੰ ਵਫ਼ਦ ਨਾਲ ਆਏ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਨਾਲ ਬੰਦੀ ਸਿੰਘਾਂ ਦੀਆਂ ਰਿਹਾਈ ਬਾਰੇ ਰਾਬਤਾ ਰੱਖਣ ਲਈ ਕਿਹਾ ਤਾਂ ਜੋ ਇਸ ਬਾਰੇ ਰਾਹ ਕੱਢਿਆ ਜਾ ਸਕੇ। ਮੁੱਖ ਮੰਤਰੀ ਨਾਲ ਮੀਟਿੰਗ ਮਗਰੋਂ ਐਡਵੋਕੇਟ ਹਰਪਾਲ ਸਿੰਘ ਚੀਮਾ, ਭਾਈ ਕੰਵਰਪਾਲ ਸਿੰਘ ਤੇ ਗੁਰਦੀਪ ਸਿੰਘ ਬਠਿੰਡਾ ਨੇ ਦੱਸਿਆ ਕਿ ਪੰਥਕ ਜਥੇਬੰਦੀਆਂ ਦੇ 10 ਮੈਂਬਰੀ ਵਫ਼ਦ ਨੇ ਸ. ਬਾਦਲ ਨਾਲ ਮੁਲਾਕਾਤ ਕਰਕੇ ਨਜ਼ਰਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਪੈਦਾ ਹੋਈ ਖੜੋਤ ਉਪਰ ਚਰਚਾ ਕੀਤੀ ਹੈ। ਵਫ਼ਦ ਨੇ ਮੁੱਖ ਮੰਤਰੀ ਨੂੰ ਹਾਂ-ਪੱਖੀ ਭੂਮਿਕਾ ਨਿਭਾਉਣ ਲਈ ਬੇਨਤੀ ਕੀਤੀ।

ਇਸ ਦੌਰਾਨ ਵਫ਼ਦ ਨੇ ਬਾਪੂ ਸੂਰਤ ਸਿੰਘ ਖਾਲਸਾ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਨਾਂ ਲਿਖੇ ਪੱਤਰ ਦੀ ਕਾਪੀ ਮੁੱਖ ਮੰਤਰੀ ਨੂੰ ਵੀ ਸੌਂਪੀ।

# ਪੰਜਾਬ ਸਮੇਤ ਉਤਰੀ ਭਾਰਤ ਵਿਚ ਵਧ ਰਿਹਾ ਕੈਂਸਰ ਦਾ ਕਹਿਰ

**ਚੰਡੀਗੜ੍ਹ:** ਕੈਂਸਰ ਦੀ ਰੋਕਥਾਮ ਲਈ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਚੁੱਕੇ ਜਾ ਰਹੇ ਕਦਮ ਨਾਕਾਫ਼ੀ ਸਾਬਤ ਹੋ ਰਹੇ ਹਨ ਤੇ ਪੰਜਾਬ ਸਮੇਤ ਹਰ ਸੂਬੇ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ।

ਕੇਂਦਰੀ ਸਿਹਤ ਤੇ ਪਰਿਵਾਰ ਕਲਿਆਣ ਮੰਤਰਾਲਾ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਚੰਡੀਗੜ੍ਹ, ਪੰਜਾਬ ਤੇ ਹਰਿਆਣਾ ਸਮੇਤ ਪੂਰੇ ਉੱਤਰੀ ਭਾਰਤ ਵਿਚ ਕੈਂਸਰ ਦੇ ਮਰੀਜ਼ ਲਗਾਤਾਰ ਵਧ ਰਹੇ ਹਨ। ਅੰਕੜਿਆਂ ਅਨੁਸਾਰ ਭਾਰਤ ਵਿਚ ਕੈਂਸਰ ਦੇ ਰੋਗ ਨਾਲ ਹਰ ਸਾਲ ਸੱਤ ਲੱਖ ਮੌਤਾਂ ਹੋ ਰਹੀਆਂ ਹਨ। ਪੰਜਾਬ ਵਿਚ ਕੀਤੇ ਸਰਵੇਖਣ ਮੁਤਾਬਕ ਸਾਲ 2013 ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ 24,512 ਤੱਕ ਪਹੁੰਚ ਗਈ। ਇਸੇ ਤਰ੍ਹਾਂ ਹਰਿਆਣਾ ਵਿਚ 2013 ਵਿਚ ਇਹ ਗਿਣਤੀ 22,721 ਤੱਕ ਪਹੁੰਚ ਗਈ। ਚੰਡੀਗੜ੍ਹ



ਵਿਚ ਸਾਲ 2013 ਵਿਚ ਗਿਣਤੀ 937 ਤੱਕ ਜਾ ਪੁੱਜੀ। ਜੰਮੂ ਕਸ਼ਮੀਰ ਵਿਚ ਸਾਲ 2013 ਵਿਚ 11428, ਹਿਮਾਚਲ ਪ੍ਰਦੇਸ਼ ਵਿਚ ਸਾਲ 2013 ਵਿਚ 6097 ਤੇ ਦਿੱਲੀ ਵਿਚ ਸਾਲ 2014 ਵਿਚ 15160 ਲੋਕ ਕੈਂਸਰ ਦੇ ਸ਼ਿਕਾਰ ਸਨ ਜਦਕਿ ਉਤਰਾਖੰਡ ਵਿਚ ਕੀਤੇ ਸਰਵੇਖਣ ਅਨੁਸਾਰ ਸਾਲ 2014 ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵਧ ਕੇ 9455 ਹੋ ਗਈ।

# ਵਿਦਿਆ ਦਾ ਚਾਨਣ ਵੰਡਣ ਵਾਲਿਆਂ ਦਾ ਭਵਿੱਖ ਹਨੇਰੇ ਵਿਚ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਵੇਂ ਦਾਅਵਾ ਕਰ ਰਹੇ ਹਨ ਕਿ ਮਿਆਰੀ ਸਿੱਖਿਆ ਦੇ ਖੇਤਰ ਵਿਚ ਸੂਬਾ ਪਹਿਲੇ ਸਥਾਨ 'ਤੇ ਪਹੁੰਚ ਗਿਆ ਹੈ ਪਰ ਵਿੱਦਿਆ ਦਾ ਚਾਨਣ ਵੰਡਣ ਵਾਲੇ ਅਧਿਆਪਕਾਂ ਦਾ ਆਪਣਾ ਭਵਿੱਖ ਹਨੇਰੇ ਵਿਚ ਹੈ। ਸੂਬੇ ਦੇ 484 ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਸਕੂਲਾਂ ਦੇ 4500 ਅਧਿਆਪਕ ਪਿਛਲੇ ਪੰਜ ਤੋਂ 10 ਮਹੀਨਿਆਂ ਤੋਂ ਤਨਖਾਹਾਂ ਤੋਂ ਵਾਂਝੇ ਹਨ। ਇਨ੍ਹਾਂ ਸਕੂਲਾਂ ਵਿਚ ਸਕੂਲ ਮੁਖੀਆਂ ਤੋਂ ਬਿਨਾਂ ਹੀ ਹਜ਼ਾਰਾਂ ਵਿਦਿਆਰਥੀਆਂ ਨੂੰ ਵਿਦਿਆ ਦਾ ਚਾਨਣ ਦਿੱਤਾ ਜਾ ਰਿਹਾ ਹੈ। ਇਨ੍ਹਾਂ 484 ਸਕੂਲਾਂ ਵਿਚੋਂ 150 ਪ੍ਰਾਇਮਰੀ ਸਕੂਲਾਂ ਦੇ ਇਕ ਹਜ਼ਾਰ ਟੀਚਰਾਂ ਤੇ ਨਾਨ-ਟੀਚਿੰਗ ਸਟਾਫ (ਕਲਰਕ, ਦਰਜਾ-4 ਮੁਲਾਜ਼ਮ ਤੇ ਲੈਬ ਸਟਾਫ) ਨੂੰ ਪਿਛਲੇ 10 ਮਹੀਨਿਆਂ ਤੋਂ ਤਨਖਾਹਾਂ ਨਸੀਬ ਨਹੀਂ ਹੋਈਆਂ। ਦੂਜੇ ਪਾਸੇ 334 ਮਿਡਲ, ਹਾਈ ਤੇ ਸੈਕੰਡਰੀ ਸਕੂਲਾਂ ਦੇ ਤਕਰੀਬਨ 3500 ਅਧਿਆਪਕ ਤੇ ਨਾਨ-ਟੀਚਿੰਗ ਸਟਾਫ ਪਿਛਲੇ ਪੰਜ ਮਹੀਨਿਆਂ ਤੋਂ ਤਨਖਾਹਾਂ ਤੋਂ ਵਾਂਝਾ ਹੈ। ਵਿੱਤ ਵਿਭਾਗ ਵੱਲੋਂ ਹਾਲੇ ਤੱਕ ਇਨ੍ਹਾਂ ਅਧਿਆਪਕਾਂ ਦੀਆਂ ਤਨਖਾਹਾਂ ਲਈ ਬਜਟ ਜਾਰੀ ਨਹੀਂ ਕੀਤਾ ਗਿਆ ਹੈ ਤੇ ਨੇੜ ਭਵਿੱਖ ਵਿਚ ਸਟਾਫ ਨੂੰ ਤਨਖਾਹਾਂ ਮਿਲਣ ਦੇ ਕੋਈ ਆਸਾਰ ਨਹੀਂ ਹਨ। ਜ਼ਿਕਰਯੋਗ ਹੈ ਕਿ ਸੂਬਾ ਸਰਕਾਰ ਏਡਿਡ ਸਕੂਲਾਂ ਦੇ ਸਟਾਫ ਦੀਆਂ ਤਨਖਾਹਾਂ ਦੇ ਕੁੱਲ ਖ਼ਰਚੇ ਦੀ 95 ਫ਼ੀਸਦ ਗ੍ਰਾਂਟ ਜਾਰੀ ਕਰਦੀ ਹੈ। ਇਨ੍ਹਾਂ 484 ਏਡਿਡ ਸਕੂਲਾਂ ਵਿਚ ਸਰਕਾਰ ਨੇ ਪਿਛਲੇ 13 ਸਾਲਾਂ ਤੋਂ ਕੋਈ ਨਵੀਂ ਭਰਤੀ ਨਹੀਂ ਕੀਤੀ ਹੈ। ਇਨ੍ਹਾਂ ਸਕੂਲਾਂ ਦੇ ਹੈਡਮਾਸਟਰਾਂ ਤੇ ਪ੍ਰਿੰਸੀਪਲਾਂ ਦੀਆਂ 85 ਫ਼ੀਸਦੀ ਦੇ ਕਰੀਬ ਅਸਾਮੀਆਂ ਖਾਲੀ ਹਨ। ਇਸ ਤੋਂ ਇਲਾਵਾ ਵੱਖ-ਵੱਖ ਵਰਗਾਂ ਦੇ ਅਧਿਆਪਕਾਂ, ਕਲਰਕਾਂ, ਦਰਜਾ-4 ਮੁਲਾਜ਼ਮਾਂ ਤੇ ਲੈਬ ਸਟਾਫ ਦੀਆਂ 60 ਫ਼ੀਸਦ ਦੇ ਕਰੀਬ ਅਸਾਮੀਆਂ ਖਾਲੀ ਹਨ। ਤਨਖਾਹਾਂ ਤੇ ਸਟਾਫ ਦੀ ਵੱਡੀ ਅਣਹੋਂਦ ਕਾਰਨ ਵਿਦਿਆਰਥੀਆਂ ਦੇ ਭਵਿੱਖ ਉਪਰ ਮਾਰੂ ਪ੍ਰਭਾਵ ਪੈ ਰਿਹਾ ਹੈ। ਤਨਖਾਹਾਂ ਰਿਲੀਜ਼ ਕਰਨ ਤੇ ਖਾਸ ਕਰਕੇ ਏਡਿਡ ਸਕੂਲਾਂ ਵਿਚਲੇ ਸਟਾਫ ਨੂੰ ਪੱਕੇ ਤੌਰ 'ਤੇ ਸਿੱਖਿਆ ਵਿਭਾਗ ਵਿਚ ਰਲਾਉਣ ਲਈ ਇਨ੍ਹਾਂ ਵੱਲੋਂ ਸੰਘਰਸ਼ ਵੀ ਕੀਤਾ ਜਾ ਰਿਹਾ ਹੈ। ਏਡਿਡ ਸਕੂਲ ਅਧਿਆਪਕ ਯੂਨੀਅਨ ਵੱਲੋਂ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਤੇ ਸਿੱਖਿਆ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ ਨਾਲ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ ਪਰ ਤਨਖਾਹਾਂ ਰਿਲੀਜ਼ ਨਾ ਹੋਣ ਕਾਰਨ ਹੁਣ ਇਹ ਵਰਗ ਸਿੱਧੀ ਕਾਰਵਾਈ ਉਪਰ ਉਤਰ ਆਇਆ ਹੈ। ਯੂਨੀਅਨ ਨੇ ਸਰਕਾਰ ਨੂੰ 15 ਫਰਵਰੀ ਤੱਕ ਤਨਖਾਹਾਂ ਰਿਲੀਜ਼ ਕਰਨ ਦਾ ਅਲਟੀਮੇਟਮ ਦਿੱਤਾ ਸੀ ਪਰ ਸਰਕਾਰ ਵੱਲੋਂ ਕੋਈ ਹੁੰਗਾਰਾ ਨਹੀਂ ਭਰਿਆ ਗਿਆ। ਯੂਨੀਅਨ ਦੇ ਪ੍ਰੈਸ ਸਕੱਤਰ ਹਰਦੀਪ ਸਿੰਘ ਢੀਂਡਸਾ ਨੇ ਕਿਹਾ ਕਿ ਹੁਣ ਪਾਣੀ ਸਿਰ ਉਪਰੋਂ ਨਿਕਲ ਚੁੱਕਾ ਹੈ। ਜੇਕਰ ਉਨ੍ਹਾਂ ਦੀਆਂ ਮੰਗਾਂ ਦਾ ਕੋਈ ਹੱਲ ਨਾ ਨਿਕਲਿਆ ਤਾਂ ਉਹ ਮੰਤਰੀਆਂ ਦੇ ਘਿਰਾਓ ਕਰਨ ਤੇ ਨਗਰ ਨਿਗਮ ਚੋਣਾਂ ਦੌਰਾਨ ਸੱਤਾਧਾਰੀ ਅਕਾਲੀ ਦਲ-ਭਾਜਪਾ ਗਠਜੋੜ ਨੂੰ ਸਬਕ ਸਿਖਾਉਣ ਦਾ ਫ਼ੈਸਲਾ ਲੈਣ ਲਈ ਵੀ ਮਜਬੂਰ ਹੋ ਸਕਦੇ ਹਨ। ਪੰਜਾਬ ਸਰਕਾਰ ਵੱਲੋਂ ਹੁਣ ਵਿਭਾਗਾਂ ਨੂੰ ਪੂਰੇ ਸਾਲ ਦਾ ਬਜਟ ਜਾਰੀ ਕਰਨ ਦੀ ਥਾਂ ਟੁਟਵੇਂ ਢੰਗ ਨਾਲ ਤਨਖਾਹਾਂ ਆਦਿ ਦੀਆਂ ਗ੍ਰਾਂਟਾਂ ਰਿਲੀਜ਼ ਕੀਤੀਆਂ ਜਾ ਰਹੀਆਂ ਹਨ। ਇਸ ਕਾਰਨ ਕਈ ਜ਼ਿਲ੍ਹਿਆਂ ਦੇ ਸਰਕਾਰੀ ਸਕੂਲਾਂ ਦੇ ਅਧਿਆਪਕ ਵੀ ਤਨਖਾਹਾਂ ਤੋਂ ਵਾਂਝੇ ਹਨ। ਗੌਰਮਿੰਟ ਟੀਚਰ ਯੂਨੀਅਨ ਦੇ ਪ੍ਰੈਸ ਸਕੱਤਰ ਹਰਨੇਕ ਸਿੰਘ ਮਾਵੀ ਨੇ ਦੱਸਿਆ ਕਿ ਬਜਟ ਦੀ ਅਣਹੋਂਦ ਦੀ ਸਮੱਸਿਆ ਪੂਰਾ ਸਾਲ ਹੀ ਕਿਸੇ ਨਾ ਕਿਸੇ ਜ਼ਿਲ੍ਹੇ ਵਿਚ ਨਿਰੰਤਰ ਰਹਿਣ ਕਾਰਨ ਅਧਿਆਪਕਾਂ ਨੂੰ ਤਨਖਾਹਾਂ ਲਈ ਲੰਮੀਆਂ ਉਡੀਕਾਂ ਕਰਨੀਆਂ ਪੈਂਦੀਆਂ ਹਨ। ਹੁਣ ਕਈ ਸਕੂਲਾਂ ਦੇ ਅਧਿਆਪਕ ਤਨਖਾਹਾਂ ਤੋਂ ਵਾਂਝੇ ਹਨ।



## ਸੰਘਰਸ਼ ਵਿੱਢਣ ਵਾਲੇ ਅਧਿਆਪਕ ਮੁਅੱਤਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਰਵ ਸਿੱਖਿਆ ਅਭਿਆਨ/ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਧਿਆਪਕ ਯੂਨੀਅਨ ਦੇ ਸੱਤ ਆਗੂਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਨ੍ਹਾਂ ਅਧਿਆਪਕ ਆਗੂਆਂ ਵਿਰੁੱਧ ਰੂਪਨਗਰ ਪੁਲਿਸ ਨੇ ਪਹਿਲੀ ਫਰਵਰੀ ਨੂੰ ਵੱਖ-ਵੱਖ ਧਰਾਵਾਂ ਤਹਿਤ ਕੇਸ ਦਰਜ ਕੀਤੇ ਸਨ। ਪੁਲਿਸ ਨੇ ਰੋਸ ਮਾਰਚ ਕਰਦੇ ਇਨ੍ਹਾਂ ਅਧਿਆਪਕ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਸੀ। ਸਰਵ ਸਿੱਖਿਆ ਅਭਿਆਨ ਅਥਾਰਟੀ ਦੇ ਸਟੇਟ ਪ੍ਰਾਜੈਕਟ ਡਾਇਰੈਕਟਰ ਨੇ ਮੁਅੱਤਲੀ ਦੇ ਹੁਕਮ ਜਾਰੀ ਕਰਦਿਆਂ ਕਿਹਾ ਹੈ ਕਿ ਇਨ੍ਹਾਂ ਅਧਿਆਪਕਾਂ ਦੇ ਪੁਲਿਸ ਹਿਰਾਸਤ ਵਿਚ ਹੋਣ ਕਾਰਨ ਉਨ੍ਹਾਂ ਨੂੰ ਨੌਕਰੀ ਤੋਂ ਮੁਅੱਤਲ ਕੀਤਾ ਜਾਂਦਾ ਹੈ। ਸੂਤਰਾਂ ਅਨੁਸਾਰ ਅਜਿਹੇ ਹੁਕਮ ਜੇਲ੍ਹ ਵਿਚ ਬੰਦ ਹਰਦੀਪ ਸਿੰਘ ਟੋਡਰਪੁਰ, ਰਾਜਿੰਦਰ ਕੁਮਾਰ ਹੁਸ਼ਿਆਰਪੁਰ, ਨਿਰਭੈ ਸਿੰਘ ਖਾਈ, ਗੁਰਜੰਟ ਸਿੰਘ ਸੰਗਰੂਰ ਤੇ ਪਟਿਆਲਾ ਦੇ ਅਮਿਤ ਜਿੰਦਲ ਤੇ ਭੁਪਿੰਦਰ ਸਿੰਘ ਨੂੰ ਭੇਜੇ ਜਾ ਰਹੇ ਹਨ। ਮਿਲੀ ਜਾਣਕਾਰੀ ਅਨੁਸਾਰ ਰੂਪਨਗਰ ਪੁਲਿਸ ਨੇ ਇਕ ਫਰਵਰੀ ਨੂੰ ਕੁੱਲ 17 ਅਧਿਆਪਕ ਆਗੂਆਂ ਵਿਰੁੱਧ ਕੇਸ ਦਰਜ ਕੀਤੇ।

# ਇੰਦਰਜੀਤ ਸਿੰਘ ਚਾਹਲ ਦਾ ਗੋਲਡ ਮੈਡਲ ਨਾਲ ਸਨਮਾਨ

**ਸੈਨ ਹੋਜ਼ੇ (ਬਿਊਰੋ):** ਇੰਡੀਅਨ ਪੋਸਟਲ ਇੰਪਲਾਈ ਐਸੋਸੀਏਸ਼ਨ ਵਲੋਂ ਲੰਘੀ 15 ਫਰਵਰੀ



ਤਸਵੀਰ ਵਿਚ ਇੰਦਰਜੀਤ ਸਿੰਘ ਚਾਹਲ (ਖੱਬਿਓਂ ਤੀਜੇ) ਨਾਲ ਨਜ਼ਰ ਆ ਰਹੇ ਹਨ ਸੀਨੀਅਰ ਮੈਂਬਰ ਮਹਿੰਗਾ ਸਿੰਘ, ਸੋਨੀ ਸਿੰਗਲ ਅਤੇ ਜੱਸੀ ਗਿੱਲ

ਨੂੰ ਕਰਵਾਏ ਗਏ ਸਾਲਾਨਾ ਸਮਾਗਮ ਮੌਕੇ ਡਾਕ ਮਹਿਕਮੇ ਵਿਚ ਕੰਮ ਕਰਦੇ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਭਰਵੀਂ ਸ਼ਿਰਕਤ ਕੀਤੀ। ਇਸ ਮੌਕੇ ਬੱਚਿਆਂ ਅਤੇ ਵੱਡਿਆਂ ਨੇ ਗਿੱਧੇ, ਭੰਗੜੇ ਅਤੇ ਹੋਰ ਮਨੋਰੰਜਕ ਆਈਟਮਾਂ ਦਾ ਭਰਪੂਰ ਅਨੰਦ ਮਾਣਿਆ।

ਸਮਾਗਮ ਦੌਰਾਨ ਪੋਸਟਲ ਹਿਊਮਨ ਰਿਸੋਰਸ ਮੁਲਾਜ਼ਮ ਇੰਦਰਜੀਤ ਸਿੰਘ ਚਾਹਲ ਦਾ ਉਨ੍ਹਾਂ ਵਲੋਂ ਪਿਛਲੇ 32 ਸਾਲਾਂ ਦੌਰਾਨ ਡਾਕ ਮਹਿਕਮੇ ਦੀ ਪ੍ਰੀਖਿਆ ਦੀ ਤਿਆਰੀ ਲਈ ਭਾਰਤੀ ਤੇ ਪੰਜਾਬੀ ਭਾਈਚਾਰੇ ਨੂੰ ਦਿੱਤੀ ਗਈ ਟਰੇਨਿੰਗ ਬਦਲੇ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ. ਚਾਹਲ ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ ਦੇ ਗਰੈਜੂਏਟ ਹਨ ਅਤੇ ਆਪਣੇ ਵਿਦਿਆਰਥੀ ਜੀਵਨ ਦੌਰਾਨ ਵਧੀਆ ਖਿਡਾਰੀ ਰਹੇ ਹਨ। ਉਨ੍ਹਾਂ ਨੂੰ ਕੌਮੀ ਪੱਧਰ 'ਤੇ ਖੇਡਾਂ ਵਿਚ ਦੋ ਵਾਰ ਗੋਲਡ ਮੈਡਲ ਮਿਲਿਆ। ਉਹ ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਜਥੇਬੰਦੀ ਦੇ ਪਿਛਲੇ ਤੀਹ ਸਾਲਾਂ ਤੋਂ ਸਰਵੇ ਸਰਵਾ ਹਨ। ਗੋਲਡ ਮੈਡਲ ਗੋਲਡਨ ਸਟੇਟ ਰਿਐਲਟੀ ਦੇ ਮਾਲਕ ਸ. ਜਸਵਿੰਦਰ ਸਿੰਘ (ਜੱਸੀ) ਗਿੱਲ ਵਲੋਂ ਸਪਾਂਸਰ ਕੀਤਾ ਗਿਆ।

# ਪਾਕਿ ਮੰਤਰੀ ਵਲੋਂ ਨਾਨਕਸ਼ਾਹੀ ਕੈਲੰਡਰ ਬਾਰੇ ਭਰੋਸਾ

**ਗਲੈਨ ਰਾਕ, ਨਿਊ ਜਰਸੀ (ਬਿਊਰੋ):** ਪਾਕਿਸਤਾਨ ਦੇ ਧਾਰਮਿਕ ਮਾਮਲਿਆਂ ਦੇ ਫੈਡਰਲ ਮਨਿਸਟਰ ਪੀਰ ਮੁਹੰਮਦ ਆਮੀਨ-ਉਲ-ਹਸਨ ਸ਼ਾਹ ਨੇ ਵਿਸ਼ਵਾਸ਼ ਦਿਵਾਇਆ ਕਿ ਪਾਕਿਸਤਾਨ ਵਿਚ ਮੂਲ ਨਾਨਕਸ਼ਾਹੀ ਕੈਲੰਡਰ ਲਾਗੂ ਰਹੇਗਾ। ਉਹ ਇਥੇ ਗੁਰਦੁਆਰਾ ਗਲੈਨ ਰਾਕ ਵਿਖੇ ਸਿੱਖ ਸੰਗਤਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪੂਰਾ ਸਿੱਖ ਜਗਤ ਇਸ 2003 ਦੇ ਕੈਲੰਡਰ ਨੂੰ ਮੂਲ ਰੂਪ 'ਚ ਸਵੀਕਾਰ ਚੁੱਕਾ ਹੈ, ਪਰ ਕੁਝ ਸਿੱਖ ਸੰਸਥਾਵਾਂ ਇਸ ਕੈਲੰਡਰ 'ਚ ਤਬਦੀਲੀਆਂ ਕਰਕੇ ਲਾਗੂ ਕਰ ਰਹੀਆਂ ਹਨ ਜੋ ਕਿ ਪਾਕਿਸਤਾਨ ਦੇ ਸਿੱਖਾਂ ਨੂੰ ਕਦੇ ਵੀ ਮੰਨਣਯੋਗ ਨਹੀਂ ਹੋਵੇਗਾ।

ਮੰਤਰੀ ਪੀਰ ਮੁਹੰਮਦ ਦਾ ਸਿੱਖ ਸੰਗਤਾਂ ਨੇ ਨਿੱਘਾ ਸਵਾਗਤ ਕੀਤਾ। ਮੰਤਰੀ ਨੇ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੀ ਸਾਂਭ ਸੰਭਾਲ, ਵੀਜ਼ੇ ਦੀ ਖੁੱਲ੍ਹ ਅਤੇ ਘੱਟ ਗਿਣਤੀਆਂ, ਖਾਸ ਕਰਕੇ ਸਿੱਖਾਂ ਦੀ ਸੁਰੱਖਿਆ ਨੂੰ ਲੈ ਕੇ ਸਿੱਖ ਸੰਗਤਾਂ ਨਾਲ ਵਿਚਾਰ ਕਰਦਿਆਂ ਕਿਹਾ ਕਿ ਪਾਕਿਸਤਾਨ ਸਰਕਾਰ ਹਮੇਸ਼ਾ ਹੀ ਸਿੱਖਾਂ ਦੀ ਸੁਰੱਖਿਆ ਪ੍ਰਤੀ ਵਚਨਬੱਧ ਹੈ। ਉਨ੍ਹਾਂ ਨੇ ਪਾਕਿਸਤਾਨ ਵਿਚਲੇ ਸਿੱਖ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਸਰਕਾਰ ਦੀ ਵਚਨਬੱਧਤਾ ਵੀ ਦੁਹਰਾਈ।

ਇਸ ਤੋਂ ਪਹਿਲਾਂ ਮੰਤਰੀ ਨੂੰ ਗੁਰਦੁਆਰਾ



ਕਮੇਟੀ ਦੇ ਪ੍ਰਧਾਨ ਜਸਜੀਤ ਸਿੰਘ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਜੀ ਆਇਆਂ ਕਿਹਾ। ਸਿੱਖ ਸੰਗਤਾਂ ਨੇ ਗੁਰੂ ਸਾਹਿਬ ਦੀ ਬਖਸ਼ਿਸ਼ ਸਿਰੋਪਾਓ ਭੇਟ ਕਰਕੇ ਮੰਤਰੀ ਦਾ ਸਨਮਾਨ ਵੀ ਕੀਤਾ। ਇਸ ਮੌਕੇ ਪਾਕਿਸਤਾਨ ਵਿਚ ਸਿੱਖ ਮਸਲਿਆਂ ਦੇ ਉਘੇ ਜਾਣਕਾਰ ਇਕਦਾਰ ਕਰਾਮਾਤ ਚੀਮਾ ਨੇ ਬੋਲਦਿਆਂ ਕਿਹਾ ਕਿ ਮੁਸਲਿਮ ਅਤੇ ਸਿੱਖ ਸਮਾਜ ਦੀ ਆਪਸ 'ਚ ਸਾਂਝ ਜਰੂਰੀ ਹੈ ਅਤੇ ਪਾਕਿਸਤਾਨ ਵਿਖੇ ਗੁਰਦੁਆਰਿਆਂ ਵਿਖੇ ਸਿੱਖ ਸ਼ਰਧਾਲੂਆਂ ਨੂੰ ਦਰਸ਼ਨਾਂ ਲਈ ਵੀਜ਼ੇ ਦੀ ਖੁੱਲ੍ਹ ਦੇਣੀ ਜਰੂਰੀ ਹੈ।

# ਰਾਸ਼ਟਰਪਤੀ ਓਬਾਮਾ ਵਲੋਂ ਅਮਰੀਕਾ ਵਿਚ ਧਾਰਮਿਕ ਤੇ ਨਸਲੀ ਹਿੰਸਾ ਦਾ ਵਿਰੋਧ

**ਵਾਸ਼ਿੰਗਟਨ:** ਉਤਰੀ ਕੈਰੋਲਾਈਨਾ ਵਿਚ ਇਸੇ ਹਫਤੇ ਤਿੰਨ ਮੁਸਲਮਾਨਾਂ ਦੇ ਕਤਲ ਨੂੰ 'ਘਿਨੌਣਾ ਤੇ ਜ਼ਾਲਮਾਨਾ' ਕਰਾਰ ਦਿੰਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਮੁਲਕ ਵਿਚ ਧਾਰਮਿਕ ਤੇ ਨਸਲੀ ਹਿੰਸਾ ਵਿਰੁਧ ਜ਼ੋਰਦਾਰ ਸ਼ਬਦਾਂ ਵਿਚ ਫਿਕਰਮੰਦੀ ਪ੍ਰਗਟ ਕੀਤੀ ਹੈ।

ਸ੍ਰੀ ਓਬਾਮਾ ਨੇ ਇਕ ਬਿਆਨ ਵਿਚ ਕਿਹਾ ਕਿ ਅਮਰੀਕਾ ਵਿਚ ਕਿਸੇ ਨੂੰ ਵੀ ਇਸ ਕਰਕੇ ਨਿਸ਼ਾਨਾ ਨਹੀਂ ਬਣਾਇਆ ਜਾਣਾ ਚਾਹੀਦਾ ਕਿ ਉਹ ਕੌਣ ਹਨ, ਕਿਸ ਤਰ੍ਹਾਂ ਦੀ ਉਨ੍ਹਾਂ ਦੀ ਦਿੱਖ ਹੈ ਤੇ ਉਨ੍ਹਾਂ ਦਾ ਪਾਠ ਪੂਜਾ ਦਾ ਢੰਗ ਕੀ ਹੈ। ਓਬਾਮਾ ਤੇ ਸ੍ਰੀਮਤੀ ਮਿਸ਼ੇਲ ਓਬਾਮਾ ਨੇ ਮ੍ਰਿਤਕਾਂ ਦੇ ਨੇੜਲਿਆਂ ਨਾਲ ਦੁੱਖ ਵੀ ਪ੍ਰਗਟ ਕੀਤਾ।

ਰਾਸ਼ਟਰਪਤੀ ਨੇ ਦੱਸਿਆ ਕਿ ਯੂਸਰ ਮੁਹੰਮਦ ਅੱਬੂ ਸਲਾਹ, ਡੀਹ ਸ਼ੈਡੀ ਬਰਕਤ ਤੇ ਰਜ਼ਲ ਮੁਹੰਮਦ ਅੱਬੂ ਸਲਾਹ ਦੀ ਚੈਪਲ ਹਿੱਲ ਉਤਰੀ ਕੈਰੋਲਾਈਨਾ ਵਿਚ 'ਜ਼ਾਲਮਾਨਾ ਤੇ ਘਿਨੌਣੇ ਢੰਗ ਨਾਲ' ਹੱਤਿਆਵਾਂ ਕੀਤੇ ਜਾਣ ਵਿਰੁਧ ਐਫ.ਬੀ.ਆਈ. ਨੇ ਜਾਂਚ ਸ਼ੁਰੂ ਕੀਤੀ ਹੈ।









# ਮਿਉਂਸਪਲ ਚੋਣਾਂ: ਬਾਗੀਆਂ ਨੇ ਕੀਤਾ ਨੱਕ ਵਿਚ ਦਮ

**ਜਲੰਧਰ:** ਪੰਜਾਬ ਦੀਆਂ 123 ਨਗਰ ਕੌਂਸਲਾਂ ਤੇ ਛੇ ਨਗਰ ਨਿਗਮਾਂ ਲਈ ਚੋਣਾਂ ਵਿਚ ਸੂਬੇ ਦੀਆਂ ਮੁੱਖ ਸਿਆਸੀ ਧਿਰਾਂ ਲਈ 'ਆਪਣੇ' ਹੀ ਸਭ ਤੋਂ ਵੱਡਾ ਖਤਰਾ ਬਣ ਗਏ ਹਨ। ਬਾਗੀਆਂ ਨੇ ਸੂਬੇ ਵਿਚ ਅਕਾਲੀ ਦਲ, ਭਾਜਪਾ ਤੇ ਕਾਂਗਰਸ ਦੇ ਨੱਕ ਵਿਚ ਦਮ ਕਰ ਦਿੱਤਾ ਹੈ। ਪ੍ਰਦੇਸ਼ ਕਾਂਗਰਸ ਦੀ ਪਾਟੋ-ਧਾੜ ਨਗਰ ਕੌਂਸਲ ਚੋਣਾਂ ਵਿਚ ਵੀ ਪਾਰਟੀ ਲਈ ਵੱਡੀ ਸਿਰਦਰਦੀ ਬਣੀ ਹੋਈ ਹੈ। ਫਗਵਾੜਾ, ਬਟਾਲਾ, ਪਠਾਨਕੋਟ, ਖੰਨਾ ਸਮੇਤ ਕਈ ਥਾਵਾਂ ਉੱਪਰ ਕਾਂਗਰਸ ਅੰਦਰ ਹੀ ਘਮਸਾਨ ਮਚਿਆ ਹੋਇਆ ਹੈ। ਜਿਥੇ ਸਥਾਨਕ ਧੜਿਆਂ ਦੇ ਆਪਸੀ ਵਿਰੋਧ ਸਾਹਮਣੇ ਆ ਰਹੇ ਹਨ, ਉਥੇ ਕੈਪਟਨ-ਬਾਜਵਾ ਦੀ ਲੜਾਈ ਦਾ ਪ੍ਰਛਾਵਾਂ ਇਨ੍ਹਾਂ ਚੋਣਾਂ ਉੱਪਰ ਵੀ ਸਾਫ਼ ਝਲਕ ਰਿਹਾ ਹੈ।

ਹਾਕਮ ਧਿਰ ਅਕਾਲੀ ਦਲ ਨੂੰ ਵੀ ਪਾਰਟੀ ਅੰਦਰ ਬਗਾਵਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਵਿਚ ਮਿਉਂਸਪਲ ਚੋਣਾਂ ਲਈ ਗਰਮ ਹੋਏ ਰਾਜਸੀ ਮਾਹੌਲ ਦਰਮਿਆਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਖ਼ਤ ਕਾਰਵਾਈ ਕਰਦਿਆਂ ਸਮੂਹ ਬਾਗ਼ੀ ਉਮੀਦਵਾਰਾਂ ਨੂੰ ਪਾਰਟੀ ਵਿਚੋਂ ਕੱਢਣ ਦਾ ਐਲਾਨ ਕਰ ਦਿੱਤਾ ਹੈ। ਉਂਜ ਪਾਰਟੀ ਨੇ ਕਿਸੇ ਵੀ ਉਮੀਦਵਾਰ ਦਾ




ਨਾਂ ਨਸ਼ਰ ਨਹੀਂ ਕੀਤਾ ਹੈ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਕਈ ਸੀਨੀਅਰ ਲੀਡਰਾਂ ਵੱਲੋਂ ਹੀ ਬਾਗ਼ੀਆਂ ਦੀ ਹਮਾਇਤ ਕੀਤੀ ਜਾ ਰਹੀ ਹੈ। ਮਿਲੀ ਜਾਣਕਾਰੀ ਮੁਤਾਬਕ ਬਲਵੰਤ ਸਿੰਘ ਰਾਮੂਵਾਲੀਆ ਤੇ ਕੁਝ ਹੋਰ ਸੀਨੀਅਰ ਆਗੂਆਂ ਨੇ ਇਸ ਮੁੱਦੇ 'ਤੇ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ। ਸੂਤਰਾਂ ਦਾ ਦੱਸਣਾ ਹੈ ਕਿ ਸ੍ਰੀ ਰਾਮੂਵਾਲੀਆ ਨੇ ਬਿਲਡਰ ਤੇ ਮੁਹਾਲੀ ਦੇ ਸਾਬਕਾ ਐਮਸੀ ਕੁਲਵੰਤ ਸਿੰਘ ਨੂੰ ਪਾਰਟੀ ਵਿਚੋਂ ਕੱਢਣ ਦੀ ਮੰਗ ਕੀਤੀ। ਅਕਾਲੀ ਦਲ ਦੇ ਬੁਲਾਰੇ ਡਾਕਟਰ ਦਲਜੀਤ ਸਿੰਘ ਚੀਮਾ ਨੇ ਕੁਲਵੰਤ ਸਿੰਘ ਨੂੰ ਪਾਰਟੀ ਵਿਚੋਂ ਕੱਢਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਬਾਗ਼ੀਆਂ ਦੀ ਸੂਚੀ ਜਾਰੀ ਕਰ ਦਿੱਤੀ ਜਾਏਗੀ। ਉਨ੍ਹਾਂ ਕਿਹਾ ਕਿ ਹਰ ਸ਼ਹਿਰ ਵਿਚ ਖੜ੍ਹੇ ਬਾਗ਼ੀਆਂ ਬਾਰੇ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ।

ਮਹੱਤਵਪੂਰਨ ਤੱਥ ਇਹ ਵੀ ਹੈ ਕਿ ਕੁਲਵੰਤ ਸਿੰਘ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਫ਼ਤਿਹਗੜ੍ਹ ਸਾਹਿਬ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਸਨ। ਨਗਰ ਨਿਗਮ ਚੋਣਾਂ ਦੌਰਾਨ ਉਨ੍ਹਾਂ ਆਪਣਾ ਗਰੁੱਪ ਬਣਾ ਕੇ ਬਹੁ ਗਿਣਤੀ ਵਾਰਡਾਂ ਤੋਂ ਉਮੀਦਵਾਰ ਖੜ੍ਹੇ ਕਰ ਦਿੱਤੇ ਹਨ ਤੇ ਅਕਾਲੀਆਂ ਲਈ ਖ਼ਤਰਾ ਖੜ੍ਹਾ ਹੋ ਗਿਆ ਹੈ। ਮੋਗਾ ਜ਼ਿਲ੍ਹੇ ਵਿਚ ਵੀ ਪਾਰਟੀ ਵਿਰੁੱਧ ਸਰਗਰਮੀਆਂ ਹੋਣ ਦੀਆਂ ਰਿਪੋਰਟਾਂ ਸਾਹਮਣੇ ਆ ਚੁੱਕੀਆਂ ਹਨ।

ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ ਵੱਲੋਂ ਆਪਣੀ ਹੀ ਪਾਰਟੀ ਦੇ ਵਿਧਾਇਕਾਂ 'ਤੇ ਦੋਸ਼ ਲਾਏ ਗਏ ਹਨ। ਹੋਰ ਥਾਵਾਂ ਤੋਂ ਵੀ ਅਕਾਲੀ ਦਲ ਵਿਚ ਖਿੱਚੋਤਾਣ ਦੀਆਂ ਰਿਪੋਰਟਾਂ ਮਿਲ ਰਹੀਆਂ ਹਨ। ਇਸੇ ਤਰ੍ਹਾਂ ਸੂਬੇ ਦੇ ਤਕਰੀਬਨ ਅੱਧੀ ਦਰਜਨ ਸ਼ਹਿਰਾਂ ਵਿਚ ਅਕਾਲੀ-ਭਾਜਪਾ ਗਠਜੋੜ ਤਾਂ ਟੁੱਟ ਹੀ ਗਿਆ ਹੈ। ਬਹੁਗਿਣਤੀ ਸ਼ਹਿਰਾਂ ਵਿਚ ਦੋਹਾਂ ਪਾਰਟੀਆਂ ਦੇ ਬਾਗ਼ੀਆਂ ਵੱਲੋਂ ਅਧਿਕਾਰਤ ਉਮੀਦਵਾਰਾਂ ਨੂੰ ਟੱਕਰ ਦਿੱਤੀ ਜਾ ਰਹੀ ਹੈ। ਅਕਾਲੀ-ਭਾਜਪਾ ਗਠਜੋੜ ਦਰਮਿਆਨ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਵਿਚ ਖਿੱਚੀ ਜਾ ਰਹੀ ਲਕੀਰ ਤੇ ਬਾਗ਼ੀਆਂ ਦੀਆਂ ਸਰਗਰਮੀਆਂ ਅਕਾਲੀ ਦਲ ਲਈ ਨੁਕਸਾਨਦੇਹ ਸਾਬਤ ਹੋ ਸਕਦੀਆਂ ਹਨ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਦੱਸਿਆ ਕਿ ਕਾਂਗਰਸੀ ਆਗੂਆਂ ਨੂੰ ਅਕਾਲੀ ਦਲ ਵਿਚ ਸ਼ਾਮਲ ਕਰਨ ਨਾਲ ਵੀ ਅਕਾਲੀ ਦਲ ਵਿਚ ਧੜੇਬੰਦੀ ਵੱਧ ਰਹੀ ਹੈ। ਕਾਂਗਰਸੀ ਆਗੂਆਂ ਨਾਲ ਉਨ੍ਹਾਂ ਦੇ ਕੱਟੜ ਸਮਰਥਕ ਵੀ ਅਕਾਲੀ ਦਲ ਵਿਚ ਆ ਗਏ ਹਨ ਤੇ ਉਹ ਸੱਤਾ ਵਿਚ ਹਿੱਸੇਦਾਰੀ ਮੰਗ ਰਹੇ ਹਨ। ਕਾਂਗਰਸ ਲੀਡਰਸ਼ਿਪ ਵੀ ਇਨ੍ਹਾਂ ਚੋਣਾਂ ਵਿਚ ਪਾਰਟੀ ਦੀ ਇਕਜੁਟਤਾ ਕਾਇਮ ਕਰਨ ਵਿਚ ਅਸਫ਼ਲ ਰਹੀ ਹੈ। ਕਾਂਗਰਸ ਅੰਦਰ ਆ ਰਿਹਾ ਨਿਘਾਰ ਇਸ ਹੱਦ ਤੱਕ ਵਧ ਰਿਹਾ ਹੈ ਕਿ ਬੀਬੀ ਰਾਜਿੰਦਰ ਕੌਰ ਭੱਠਲ ਦੇ ਜੱਦੀ ਕਸਬਾ ਲਹਿਰਾਗਾਗਾ ਵਿਚ ਪੂਰੇ ਉਮੀਦਵਾਰ ਲੱਭਣਾ ਹੀ ਮੁਸ਼ਕਿਲ ਹੋ ਗਿਆ। ਉਥੇ ਦੋ ਵਾਰਡਾਂ ਵਿਚ ਕਾਂਗਰਸ ਉਮੀਦਵਾਰ ਹੀ ਖੜ੍ਹੇ ਨਹੀਂ ਕਰ ਸਕੀ। ਗੁਰੂ ਹਰਸਹਾਏ ਕੌਂਸਲ ਵਿਚ ਕਾਂਗਰਸ ਉਮੀਦਵਾਰ ਅਕਾਲੀ ਆਗੂਆਂ ਦੀ ਹੁੱਲੜਬਾਜ਼ੀ ਕਾਰਨ ਕਾਗ਼ਜ਼ ਹੀ ਦਾਖ਼ਲ ਨਹੀਂ ਕਰਵਾ ਸਕੇ ਤੇ ਇਸ ਕੌਂਸਲ ਉੱਪਰ ਬਿਨਾਂ ਮੁਕਾਬਲਾ ਅਕਾਲੀ ਦਲ ਦਾ ਕਬਜ਼ਾ ਹੋ ਗਿਆ ਹੈ।

## ਐਡੀਲੇਡ ਪੁਲਿਸ ਵਿਚ ਸਿੱਖ ਤਾਇਨਾਤ



**ਐਡੀਲੇਡ:** ਪਰਵਾਸੀ ਪੰਜਾਬੀਆਂ ਨੇ ਐਡੀਲੇਡ ਦੀ ਸੁਰੱਖਿਆ ਦਾ ਜ਼ਿੰਮਾ ਵੀ ਆਪਣੇ ਮੋਢਿਆਂ 'ਤੇ ਲਿਆ ਹੈ। ਐਡੀਲੇਡ ਪੁਲਿਸ ਵਿਚ ਸ਼ਾਮਲ ਮੂਲ ਰੂਪ ਵਿਚ ਦੇਹਰਾਦੂਨ ਦੇ ਵਸਨੀਕ ਤੇਜ ਵਰਿੰਦਰ ਨੇ ਕਿਹਾ ਕਿ ਉਹ ਪਹਿਲਾ ਸਿੱਖ ਪੁਲਿਸ ਕਰਮਚਾਰੀ ਹੈ ਜੋ ਐਡੀਲੇਡ ਪੁਲਿਸ ਵਿਚ ਸ਼ਾਮਲ ਕੀਤਾ ਗਿਆ ਹੈ। ਉਸ ਨੂੰ ਇਥੋਂ ਦੇ ਕ੍ਰਿਕਟ ਗਰਾਊਂਡ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੋਰਨਾਂ ਪੁਲਿਸ ਕਰਮਚਾਰੀਆਂ ਸਮੇਤ ਤਾਇਨਾਤ ਕੀਤਾ ਗਿਆ ਸੀ। ਇਸੇ ਤਰ੍ਹਾਂ ਗੁਰਦਾਸਪੁਰ ਦਾ ਜਗਮੋਹਨ ਵੀ ਐਡੀਲੇਡ ਪੁਲਿਸ ਵਿਚ ਤਾਇਨਾਤ ਹੈ। ਐਡੀਲੇਡ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਚਹੇਤਿਆਂ ਦੀ ਘਾਟ ਨਹੀਂ ਹੈ। ਅਜਿਹੇ ਵਿਅਕਤੀਆਂ ਵਿਚ ਭਾਰਤ ਤੋਂ ਆਏ ਕ੍ਰਿਕਟ ਪ੍ਰੇਮੀ ਵੀ ਸ਼ਾਮਲ ਹਨ ਜੋ ਭਾਰਤ-ਪਾਕਿਸਤਾਨ ਦਰਮਿਆਨ ਮੈਚ ਦੇਖਣ ਆਏ ਸਨ। ਇਨ੍ਹਾਂ ਵਿਚੋਂ ਚਾਰ ਵਿਅਕਤੀ ਮੁੰਬਈ ਤੋਂ ਆਏ ਸਨ ਜੋ ਹੀਰੇ ਦੇ ਵਪਾਰੀ ਹਨ। ਇਨ੍ਹਾਂ ਦੀਆਂ ਚਿੱਟੀਆਂ ਟੀ-ਸ਼ਰਟਾਂ 'ਤੇ 'ਮੇਕ ਇਨ ਇੰਡੀਆ' ਦੇ ਨਾਅਰੇ ਲਿਖੇ ਹੋਏ ਸਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਚੰਗਾ ਕੰਮ ਕਰ ਰਹੇ ਹਨ ਤੇ ਅਸੀਂ ਮੋਦੀ ਦਾ ਸਮਰਥਨ ਕਰਦੇ ਹਾਂ।

## ਕੇਂਦਰੀ ਗ੍ਰਾਂਟਾਂ ਦਾ ਹਿਸਾਬ ਦੇਣਾ ਔਖਾ ਹੋਇਆ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਪੰਜਾਬ ਪੁਲਿਸ ਨੂੰ ਆਧੁਨਿਕ ਬਣਾਉਣ ਤੇ ਸਿਖਲਾਈ ਦੇ ਦਾਅਵਿਆਂ ਉਪਰ ਇਤਰਾਜ਼ ਕਰਦਿਆਂ 100 ਕਰੋੜ ਰੁਪਏ ਦੀ ਗਰਾਂਟ ਦਾ ਹਿਸਾਬ ਮੰਗਿਆ ਹੈ। ਕੇਂਦਰ ਨੇ ਪੰਜਾਬ ਪੁਲਿਸ ਵੱਲੋਂ ਭੇਜੇ ਗਏ ਬਿਲਾਂ 'ਤੇ ਅਸੰਤੁਸ਼ਟੀ ਜ਼ਾਹਿਰ ਕਰਦਿਆਂ ਉਨ੍ਹਾਂ ਨੂੰ ਕੰਮਾਂ ਦੇ ਵੇਰਵੇ ਤੇ ਰਿਪੋਰਟ ਭੇਜਣ ਲਈ ਕਿਹਾ ਹੈ। ਕੇਂਦਰੀ ਵਿੱਤ ਵਿਭਾਗ ਵੱਲੋਂ ਭੇਜੀ ਗਈ ਚਿੱਠੀ ਵਿਚ ਖਰਚੇ ਦੇ ਹਿਸਾਬ ਦੀ ਠੋਸ ਰਿਪੋਰਟ ਨਾਲ ਕੰਮ ਬਾਰੇ ਵੇਰਵਾ ਵੀ ਮੰਗਿਆ ਹੈ।

ਰਾਜ ਦੇ ਵਿੱਤ ਮਹਿਕਮੇ ਦੀ ਦਸੰਬਰ ਮਹੀਨੇ ਦੀ ਰਿਪੋਰਟ ਵਿਚ ਕੇਂਦਰ ਸਰਕਾਰ ਵੱਲੋਂ ਭੇਜੀ ਗਰਾਂਟ ਦੀ ਵਰਤੋਂ ਨਹੀਂ ਦਿਖਾਈ ਗਈ। ਦਸਤਾਵੇਜ਼ਾਂ ਮੁਤਾਬਕ ਕੇਂਦਰ ਤੋਂ ਦੋ ਕਿਸ਼ਤਾਂ ਵਿਚ ਮਿਲੀ 55 ਕਰੋੜ ਰੁਪਏ ਦੀ ਗਰਾਂਟ ਨੂੰ ਪਿਛਲੇ ਸਾਲ ਵਰਤਿਆ ਹੀ ਨਹੀਂ ਗਿਆ। 13ਵੇਂ ਵਿੱਤ ਕਮਿਸ਼ਨ ਨੇ 2010-11 ਤੋਂ ਚਾਰ ਸਾਲਾਂ ਲਈ 50-50 ਕਰੋੜ ਰੁਪਏ ਦੀਆਂ ਸਾਲਾਨਾ ਕਿਸ਼ਤਾਂ ਦੇਣ ਦਾ ਫੈਸਲਾ ਲਿਆ ਸੀ। 11 ਸੂਬਿਆਂ ਨੇ 200 ਕਰੋੜ ਰੁਪਏ ਦੀ ਗਰਾਂਟ ਚਾਰ ਸਾਲਾਂ ਵਿਚ ਵਰਤ ਲਈ ਪਰ ਪੰਜਾਬ ਨੇ 2014 ਦੇ ਅੱਧ ਵਿਚ 50 ਕਰੋੜ ਖਰਚਣ ਦਾ ਦਾਅਵਾ ਕੀਤਾ। ਪੰਜਾਬ ਨੂੰ ਕਾਫੀ ਮਿਹਨਤ ਬਾਅਦ 2014 ਵਿਚ 50 ਕਰੋੜ ਰੁਪਏ ਦੀ ਹੋਰ ਗਰਾਂਟ ਮਿਲੀ।

ਵਿੱਤ ਵਿਭਾਗ ਦੇ ਸੂਤਰਾਂ ਮੁਤਾਬਕ ਪੁਲਿਸ ਮਹਿਕਮੇ ਨੇ ਪ੍ਰਸਤਾਵਿਤ ਕੰਮਾਂ ਲਈ ਟੈਂਡਰ ਮੰਗੇ ਦਿਖਾਏ ਹਨ ਪਰ ਇਨ੍ਹਾਂ ਨੂੰ ਮੰਨਿਆ ਨਹੀਂ ਗਿਆ। ਦਿਲਚਸਪ ਗੱਲ ਇਹ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 22 ਦਸੰਬਰ ਨੂੰ ਅੰਮ੍ਰਿਤਸਰ ਵਿਚ ਹੋਈ ਪਹਿਲੀ ਸਰਬ ਹਿੰਦ ਪੁਲਿਸ ਕਮਿਸ਼ਨਰ ਕਾਨਫਰੰਸ ਦੌਰਾਨ ਦਾਅਵਾ ਕੀਤਾ ਸੀ ਕਿ ਉਨ੍ਹਾਂ ਪੰਜਾਬ ਪੁਲਿਸ ਦੇ ਆਧੁਨਿਕੀਕਰਨ ਲਈ 100 ਕਰੋੜ ਰੁਪਏ ਮਨਜ਼ੂਰ ਕੀਤੇ ਹਨ ਤੇ ਇਸ ਤਹਿਤ ਸਾਰੇ ਰਾਜ ਮਾਰਗਾਂ 'ਤੇ ਸੁਰੱਖਿਆ ਕੈਮਰਿਆਂ ਨੂੰ ਲਾਉਣ ਸਮੇਤ ਹੋਰ ਉਪਰਾਲੇ ਕੀਤੇ ਜਾਣੇ ਸਨ ਪਰ ਪੁਲਿਸ ਨੂੰ ਇਕ ਵੀ ਪੈਸਾ ਨਸੀਬ ਨਹੀਂ ਹੋਇਆ।

ਫੰਡ ਨਾ ਮਿਲਣ ਕਰਕੇ ਸਪੈਸ਼ਲ ਸਕਿਉਰਿਟੀ ਗਰੁੱਪ ਤੇ ਸੂਚਨਾ ਤਕਨਾਲੋਜੀ ਤੇ ਖੁਫੀਆ ਕੇਂਦਰ ਬਨੂੜ ਦੀਆਂ ਇਮਾਰਤਾਂ ਦੀ ਉਸਾਰੀ ਤੇ ਆਧੁਨਿਕ ਸਿਖਲਾਈ ਦੇ ਕੰਮ ਨੂੰ ਅੱਧ ਵਿਚਾਲੇ ਹੀ ਰੋਕਣਾ ਪਿਆ। ਫੰਡ ਰੁਕਣ ਕਰਕੇ ਫਿਲੌਰ ਦੇ ਪੁਲਿਸ ਸਿਖਲਾਈ ਕੇਂਦਰ ਦੀ ਵਿਸਥਾਰ ਯੋਜਨਾ ਨੂੰ ਵੀ ਝਟਕਾ ਲੱਗਿਆ ਹੈ। ਸੀਨੀਅਰ ਪੁਲਿਸ ਅਧਿਕਾਰੀ ਨੇ ਮੰਨਿਆ ਕਿ ਬਾਕੀ ਬਚਦੇ 100 ਕਰੋੜ ਰੁਪਏ ਦੀ ਗ੍ਰਾਂਟ ਮਿਲਣ ਦੀ ਕੋਈ ਆਸ ਨਹੀਂ ਹੈ। ਉਨ੍ਹਾਂ ਕਿਹਾ ਕਿ ਫੰਡ ਹੋਰ ਕੰਮਾਂ ਲਈ ਵਰਤ ਲਏ ਗਏ ਤੇ 50 ਕਰੋੜ ਰੁਪਏ ਦੀ ਕਿਸ਼ਤ ਦੀ ਤਿੰਨ ਸਾਲਾਂ ਤੱਕ ਵਰਤੋਂ ਨਹੀਂ ਕੀਤੀ ਜਾ ਸਕੀ ਕਿਉਂਕਿ ਰਾਜ ਸਰਕਾਰ ਨੇ ਆਪਣਾ ਹਿੱਸਾ ਨਹੀਂ ਪਾਇਆ। ਅਧਿਕਾਰੀ ਮੁਤਾਬਕ ਪੁਲਿਸ ਦੇ ਸਾਲਾਨਾ ਬਜਟ ਦਾ 4600 ਕਰੋੜ ਰੁਪਇਆ ਤਨਖਾਹਾਂ, ਬਾਲਣ ਤੇ ਹੋਰ ਕੰਮਾਂ ਉਪਰ ਖਰਚ ਹੋ ਜਾਂਦਾ ਹੈ ਤੇ ਪੁਲਿਸ ਜਾਵਨਾਂ ਦੀ ਸਿਖਲਾਈ ਤੇ ਆਧੁਨਿਕੀਕਰਨ ਲਈ ਕੇਂਦਰ ਸਰਕਾਰ ਦੇ ਫੰਡਾਂ 'ਤੇ ਨਿਰਭਰ ਕਰਨਾ ਪੈਂਦਾ ਹੈ। ਡੀ.ਜੀ.ਪੀ. ਸਿਖਲਾਈ ਤੇ ਫਿਲੌਰ ਪੁਲਿਸ ਅਕੈਡਮੀ ਦੇ ਡਾਇਰੈਕਟਰ ਐਸ ਕੇ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਮਿਲੀ ਗ੍ਰਾਂਟ ਦੀ ਢੁਕਵੀਂ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ ਹੈ।

## ਪ੍ਰਧਾਨ ਮੰਤਰੀ ਦੀ ਨਾਰਾਜ਼ਗੀ ਪਿੱਛੋਂ ਮੋਦੀ ਮੰਦਿਰ ਤੋੜਿਆ

**ਰਾਜਕੋਟ:** ਰਾਜਕੋਟ ਵਿਚ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਬਣਾਇਆ ਗਿਆ ਮੰਦਿਰ ਗੁਜਰਾਤ ਸਰਕਾਰ ਦੇ ਅਧਿਕਾਰੀਆਂ ਨੇ ਤੋੜ ਦਿੱਤਾ। ਇਸ ਤੋਂ ਪਹਿਲਾਂ ਸ੍ਰੀ ਮੋਦੀ ਨੇ ਇਸ ਕਾਰਵਾਈ ਨੂੰ ਭਾਰਤੀ ਸਭਿਆਚਾਰ ਦੇ ਖਿਲਾਫ ਕਰਾਰ ਦਿੰਦਿਆਂ ਇਸ 'ਤੇ ਨਰਾਜ਼ਗੀ ਪ੍ਰਗਟ ਕੀਤੀ ਸੀ। ਮੋਦੀ ਨੇ ਟਵਿਟਰ ਸੰਦੇਸ਼ ਵਿਚ ਕਿਹਾ ਸੀ ਕਿ ਮੈਂ ਆਪਣੇ ਨਾਂ 'ਤੇ ਮੰਦਿਰ ਬਣਾਉਣ ਦੀ ਖ਼ਬਰ ਦੇਖੀ ਤੇ ਹੈਰਾਨ ਰਹਿ ਗਿਆ ਕਿਉਂਕਿ ਇਹ ਭਾਰਤ ਦੇ ਮਹਾਨ ਸੱਭਿਆਚਾਰ ਦੇ ਖਿਲਾਫ ਹੈ। ਮੋਦੀ ਨੇ ਆਪਣੇ ਸਮਰਥਕਾਂ ਨੂੰ ਮੰਦਿਰ ਬਣਾਉਣ ਨਾਲੋਂ



ਸਵੱਛ ਭਾਰਤ ਮੁਹਿੰਮ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਸੀ। ਜ਼ਿਕਰਯੋਗ ਹੈ ਕਿ ਮੋਦੀ ਦੇ ਪ੍ਰਸ਼ੰਸਕ 300 ਲੋਕਾਂ ਨੇ ਇਸ ਮੰਦਿਰ ਦੀ ਉਸਾਰੀ ਕਰਵਾਈ ਸੀ ਤੇ ਉਸ ਵਿਚ ਮੋਦੀ ਇਕ ਮੂਰਤੀ ਵਿਚ ਸਥਾਪਤ ਕੀਤੀ ਸੀ। ਇਸ ਮੰਦਿਰ ਦਾ ਉਦਘਾਟਨੀ ਸਮਾਗਮ 15 ਫਰਵਰੀ ਨੂੰ ਰੱਖਿਆ ਗਿਆ ਸੀ ਪਰ ਮੋਦੀ ਦੀ ਨਰਾਜ਼ਗੀ ਤੋਂ ਬਾਅਦ ਪ੍ਰਬੰਧਕਾਂ ਨੇ ਮੋਦੀ ਦੀ ਮੂਰਤੀ ਹਟਾ ਦਿੱਤੀ ਤੇ ਮੰਦਿਰ ਦਾ ਨਾਂ ਵੀ ਭਾਰਤ ਮਾਤਾ ਮੰਦਿਰ ਰੱਖਣ ਦੀ ਗੱਲ ਕਹੀ, ਪਰ ਦੇਰ ਸ਼ਾਮ ਗੁਜਰਾਤ ਸਰਕਾਰ ਨੇ ਇਹ ਮੰਦਿਰ ਤੁੜਵਾ ਦਿੱਤਾ। ਇਸ ਮੰਦਿਰ ਦੀ ਉਸਾਰੀ ਨੂੰ ਦੋ ਸਾਲ ਲੱਗੇ ਸਨ ਤੇ ਇਸ ਵਿਚ ਉਡੀਸ਼ਾ ਦੇ ਇਕ ਕਾਰੀਗਰ ਵੱਲੋਂ ਦੋ ਲੱਖ ਦੀ ਲਾਗਤ ਨਾਲ ਤਿਆਰ ਕੀਤੀ ਗਈ ਮੋਦੀ ਦੀ ਮੂਰਤੀ ਰੱਖੀ ਗਈ ਸੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਕਾਂਗਰਸੀ ਵਰਕਰਾਂ ਨੇ ਆਂਧਰਾ ਪ੍ਰਦੇਸ਼ ਵਿਚ ਸੋਨੀਆ ਗਾਂਧੀ ਦੇ ਨਾਂ 'ਤੇ ਮੰਦਿਰ ਬਣਾਇਆ ਸੀ।

## ਪੰਜਾਬ ਵਿਚ ਪੰਜ ਸਾਲਾ ਛੁੱਟੀ ਦੀ ਸਹੂਲਤ ਖ਼ਤਮ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਮੁਲਾਜ਼ਮਾਂ ਤੇ ਅਫ਼ਸਰਾਂ ਨੂੰ ਸਵੈ ਰੁਜ਼ਗਾਰ ਲਈ ਦਿੱਤੀ ਪੰਜ ਸਾਲਾ ਛੁੱਟੀ ਦੀ ਸਹੂਲਤ ਖ਼ਤਮ ਕਰਨ 'ਤੇ ਮੋਹਰ ਲਗਾ ਦਿੱਤੀ ਹੈ। ਇਸ ਛੁੱਟੀ ਦੇ ਸਹਾਰੇ ਅਫ਼ਸਰਾਂ ਤੇ ਮੁਲਾਜ਼ਮਾਂ ਨੇ ਵਿਦੇਸ਼ਾਂ ਵਿਚ ਇਮੀਗਰੇਸ਼ਨ ਹਾਸਲ ਕਰਕੇ ਕਾਨੂੰਨ ਦੀ ਵੱਡੇ ਪੱਧਰ 'ਤੇ ਉਲੰਘਣਾ ਕੀਤੀ ਹੈ।

ਸਰਕਾਰ ਨੇ ਸਮੂਹ ਵਿਭਾਗਾਂ ਦੇ ਲੰਮੀਆਂ ਛੁੱਟੀਆਂ 'ਤੇ ਚੱਲ ਰਹੇ ਅਧਿਕਾਰੀਆਂ/ਮੁਲਾਜ਼ਮਾਂ ਨੂੰ ਨੌਕਰੀਓਂ ਫਾਰਗ ਕਰਨ ਲਈ ਵਿਭਾਗਾਂ ਨੂੰ ਉਨ੍ਹਾਂ ਦੇ ਵੇਰਵੇ ਇਕੱਤਰ ਕਰਨ ਦੇ ਹੁਕਮ ਜਾਰੀ ਕੀਤੇ ਸਨ। ਇਸੇ ਦੌਰਾਨ ਮੰਤਰੀ ਮੰਡਲ ਨੇ ਸਿਹਤ ਵਿਭਾਗ ਦੇ ਇਕ ਹੋਰ ਮਾਮਲੇ 'ਤੇ ਮੋਹਰ ਲਾਉਂਦਿਆਂ 'ਫੂਡ ਸੇਫਟੀ ਐਂਡ ਸਟੈਂਡਰਡ ਐਕਟ ਆਫ ਇੰਡੀਆ-2006 ਨੂੰ ਲਾਗੂ ਕਰਨ ਵਾਸਤੇ ਸਟੇਟ ਡਰੱਗ ਕੰਟਰੋਲਿੰਗ ਅਥਾਰਟੀ, ਫੂਡ ਸੇਫਟੀ ਅਫ਼ਸਰ ਦੀਆਂ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿਚ 25 ਮੌਜੂਦਾ ਅਸਾਮੀਆਂ ਦਾ ਰੁਤਬਾ ਵਧਾਉਣ ਤੇ 48 ਨਵੀਆਂ ਅਸਾਮੀਆਂ ਪੈਦਾ ਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।

## ਪੰਜਾਬ ਲਈ ਕਰੋੜਾਂ ਦੇ ਸੂਰਜੀ ਊਰਜਾ ਪ੍ਰਾਜੈਕਟਾਂ ਦੇ ਸਮਝੌਤੇ

**ਨਵੀਂ ਦਿੱਲੀ:** ਦਿੱਲੀ ਦੇ ਵਿਗਿਆਨ ਭਵਨ ਵਿਖੇ ਨਵਿਆਉਣਯੋਗ ਊਰਜਾ ਵਿਸ਼ਵ ਨਿਵੇਸ਼ਕ ਮਿਲਣੀ-2015 ਵਿਚ ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਹੇਠ ਰਾਜ ਅੰਦਰ ਅਮਰੀਕਾ, ਇੰਗਲੈਂਡ ਤੇ ਇਟਲੀ ਦੀਆਂ ਨਾਮੀ ਕੌਮਾਂਤਰੀ ਕੰਪਨੀਆਂ ਵੱਲੋਂ 13,500 ਕਰੋੜ ਰੁਪਏ ਦੀ ਲਾਗਤ ਨਾਲ ਲਾਏ ਜਾਣ ਵਾਲੇ ਸੂਰਜੀ ਊਰਜਾ ਪ੍ਰਾਜੈਕਟਾਂ ਲਈ ਸਮਝੌਤਿਆਂ 'ਤੇ ਸਹੀ ਪਾਈ ਗਈ। ਇਸ ਤੋਂ ਇਲਾਵਾ ਇਟਲੀ ਦੀ ਇਕ ਨਾਮੀ ਕੰਪਨੀ ਸੀ.ਵੀ.ਸੀ. ਇੰਫਰਾਸਟ੍ਰਕਚਰ ਨਾਲ ਪੰਜ ਬਾਇਓ ਈਥਾਨੌਲ ਪ੍ਰਾਜੈਕਟਾਂ ਦੀ ਸਥਾਪਨਾ ਲਈ ਵੀ ਕਰਾਰ ਕੀਤਾ ਗਿਆ।

ਬਿਕਰਮ ਸਿੰਘ ਮਜੀਠੀਆ ਵੱਲੋਂ ਸੀ.ਵੀ.ਸੀ. ਇੰਫਰਾਸਟ੍ਰਕਚਰ, ਇਟਲੀ ਨਾਲ ਝੋਨੇ ਦੀ ਪਰਾਲੀ, ਨੇਪੀਅਰ ਘਾਹ ਤੇ ਕਪਾਹ ਦੀਆਂ ਛਟੀਆਂ 'ਤੇ ਅਧਾਰਿਤ ਪੰਜ ਬਾਇਓ ਈਥਾਨੌਲ ਰਿਫਾਇਨਰੀਆਂ ਦੀ ਸਥਾਪਨਾ ਲਈ ਵੀ ਕਰਾਰ ਨੂੰ ਵੀ ਅੰਤਿਮ ਰੂਪ ਦਿੱਤਾ ਗਿਆ। ਸੀ.ਵੀ.ਸੀ.



ਅਧਿਕਾਰੀਆਂ ਨੇ ਦੱਸਿਆ ਕਿ ਉਹ 1200 ਕਰੋੜ ਰੁਪਏ ਦੇ ਨਿਵੇਸ਼ ਨਾਲ ਪਹਿਲੀ ਬਾਇਓ ਰਿਫਾਇਨਰੀ ਤੋਂ ਦਸੰਬਰ 2017 ਤੱਕ ਵਪਾਰਕ ਉਤਪਾਦਨ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੇ ਹਨ। ਮਜੀਠੀਆ ਨੇ ਨਿਵੇਸ਼ਕਾਂ ਨਾਲ ਗਲਬਾਤ ਦੌਰਾਨ ਲਾਈਟ ਸੋਰਸ ਰਿਨੀਊਏਬਲ ਡਿਵੈਲਪਮੈਂਟ ਵੱਲੋਂ ਰਾਜ ਦੀਆਂ ਨਹਿਰਾਂ 'ਤੇ ਸੂਰਜੀ ਊਰਜਾ ਪੈਨਲ ਲਾਉਣ ਸਬੰਧੀ ਢੁੱਕਵੀਂ ਤਕਨਾਲੋਜੀ ਲਿਆਉਣ ਦੇ ਵਾਅਦੇ ਦੀ ਸ਼ਲਾਘਾ ਕੀਤੀ। ਨਵੀਂ ਤੇ ਨਵਿਆਉਣਯੋਗ ਊਰਜਾ ਮੰਤਰੀ ਨੇ ਬਾਅਦ ਵਿਚ ਰਾਜਾਂ ਵੱਲੋਂ ਨਵਿਆਉਣਯੋਗ ਊਰਜਾ ਖੇਤਰ ਵਿਚ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਪੇਸ਼ਕਾਰੀਆਂ ਦੇਣ ਸਬੰਧੀ ਵਿਸ਼ੇਸ਼ ਸੈਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ, ਇਸ ਲਈ ਸੂਰਜੀ ਊਰਜਾ ਪ੍ਰਾਜੈਕਟਾਂ ਨੂੰ ਵੀ ਪੰਜ ਵਰਗਾਂ ਵਿਚ ਵੰਡਿਆ ਜਾਣਾ ਚਾਹੀਦਾ ਹੈ। ਉਨ੍ਹਾਂ ਖੇਤੀ ਰਹਿੰਦ ਖੂਹੰਦ ਤੋਂ ਬਿਜਲੀ ਪੈਦਾ ਕੀਤੇ ਜਾਣ 'ਤੇ ਵੀ ਜ਼ੋਰ ਦਿੱਤਾ।

ਉਨ੍ਹਾਂ ਕਿਹਾ ਕਿ ਇਸ ਸਮਰੱਥਾ ਦੀ ਵਰਤੋਂ ਨਾ ਹੋਣ ਕਾਰਨ ਪੰਜਾਬ ਵਿਚ ਹਰ ਸਾਲ 20 ਮਿਲੀਅਨ ਟਨ ਖੇਤੀ ਰਹਿੰਦ ਖੂੰਹਦ ਨੂੰ ਸਾੜਿਆ ਜਾਂਦਾ ਹੈ। ਬਾਇਓਮਾਸ ਪ੍ਰਾਜੈਕਟਾਂ ਦੀ ਸਫਲਤਾ ਲਈ ਕੌਮੀ ਨੀਤੀ ਘਾੜਿਆਂ ਨੂੰ ਦਰਾਂ ਵਿਚ ਸੋਧ ਕਰਨੀ ਚਾਹੀਦੀ ਹੈ। ਇਸ ਖੇਤਰ ਵਿਚ ਪ੍ਰਗਤੀ ਸਦਕਾ ਇਨ੍ਹਾਂ ਦੀਆਂ ਦਰਾਂ ਵੀ ਸੂਰਜੀ ਊਰਜਾ ਪ੍ਰਾਜੈਕਟਾਂ ਦੀਆਂ ਦਰਾਂ ਵਾਂਗ ਘੱਟ ਜਾਣਗੀਆਂ। ਪੰਜਾਬ ਵਿਚ ਸੱਤ ਮੈਗਾਵਾਟ ਸਮਰੱਥਾ ਦਾ ਰੂਫ ਟਾਪ ਸੂਰਜੀ ਊਰਜਾ ਪ੍ਰਾਜੈਕਟ ਬਿਆਸ ਵਿਖੇ ਸਫਲਤਾਪੂਰਵਕ ਸ਼ੁਰੂ ਹੋ ਗਿਆ ਹੈ ਤੇ ਇਸ ਨੂੰ 35 ਮੈਗਾਵਾਟ ਤੱਕ ਵਧਾ ਕੇ ਦੁਨੀਆਂ ਦਾ ਸਭ ਤੋਂ ਵੱਡਾ ਪ੍ਰਾਜੈਕਟਾ ਬਣਾਉਣ ਦਾ ਟੀਚਾ ਹੈ।



# ਬਾਬ ਢਿੱਲੋਂ ਦੀ ਹਮਾਇਤ ਵਿਚ ਇਕੱਠ

**ਹੇਵਰਡ (ਬਿਊਰੋ):** ਸੈਨ ਹੋਜ਼ੇ ਦੇ ਡਿਸਟ੍ਰਿਕਟ 4 ਤੋਂ ਸਿਟੀ ਕੌਂਸਲ ਦੀ ਚੋਣ ਲੜ ਰਹੇ ਸ. ਭੁਪਿੰਦਰ (ਬਾਬ) ਸਿੰਘ ਢਿੱਲੋਂ ਦੀ ਹਮਾਇਤ ਵਿਚ ਇਥੇ ਮਾਊਨਟੇਨ ਮਾਈਕ ਪੀਜ਼ਾ ਵਿਚ ਇਕ ਭਰਵਾਂ ਇਕੱਠ ਕੀਤਾ ਗਿਆ। ਚੇਤੇ ਰਹੇ, ਵੋਟਾਂ 7 ਅਪਰੈਲ ਨੂੰ ਪੈਣੀਆਂ ਹਨ। ਸ. ਢਿੱਲੋਂ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਸਕੱਤਰ ਹਨ।

ਸਟੇਜ ਸੰਭਾਲਦਿਆਂ ਸ. ਅਵਤਾਰ ਸਿੰਘ ਤਾਰੀ ਨੇ ਸ. ਬਾਬ ਢਿੱਲੋਂ ਦੇ ਪਿਛਲੇ 38 ਸਾਲਾਂ ਦੇ ਉਦਮੀ ਉਪਰਾਲਿਆਂ ਅਤੇ ਸ਼ਲਾਘਾਯੋਗ ਕੰਮਾਂ ਬਾਰੇ ਚਾਨਣਾ ਪਾਉਂਦਿਆਂ ਉਨ੍ਹਾਂ ਨੂੰ ਭਾਰੀ ਬਹੁਮੱਤ ਨਾਲ ਜਿਤਾਉਣ ਦੀ ਅਪੀਲ ਕੀਤੀ। ਇਸ ਮੌਕੇ ਸੇਵਾ ਮੁਕਤ ਪ੍ਰਿੰਸੀਪਲ ਰਾਜ ਸਿੰਘ, ਬਲਬੀਰ ਸਿੰਘ ਰੇਡੀਓ ਚੜ੍ਹਦੀ ਕਲਾ, ਇਕਬਾਲ ਸਿੰਘ ਹੁੰਦਲ, ਐਡਵੋਕੇਟ ਭੁਪਿੰਦਰ ਸਿੰਘ ਰੰਧਾਵਾ, ਕੁਲਦੀਪ ਸਿੰਘ ਬਾਜਵਾ ਤੇ ਭੁਪਿੰਦਰ ਸਿੰਘ ਪਰਮਾਰ ਨੇ ਵੀ ਸ. ਢਿੱਲੋਂ ਦੀ ਡਟ ਕੇ ਹਮਾਇਤ ਕਰਨ ਦਾ ਭਰੋਸਾ ਪ੍ਰਗਟਾਇਆ। ਇਸ ਮੌਕੇ ਸ. ਢਿੱਲੋਂ ਦੀ ਚੋਣ ਮਹਿੰਮ ਦੇ ਪ੍ਰਬੰਧਕ ਜਸਵਿੰਦਰ ਸਿੰਘ ਸੋਹਲ ਨੇ ਚੋਣ ਪ੍ਰਚਾਰ ਕਰਨ ਦੀ ਪੂਰੀ ਯੋਜਨਾਬੰਦੀ ਬਾਰੇ ਦੱਸਿਆ।

## ਵਿਗਿਆਨੀ ਗੁਰਪ੍ਰੀਤ ਸਿੰਘ ਨੇ ਜਿੱਤਿਆ ਪੰਜ ਲੱਖ ਡਾਲਰ ਦਾ ਅਮਰੀਕੀ ਪੁਰਸਕਾਰ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਇਕ ਵਿਗਿਆਨੀ ਨੂੰ ਬਿਹਤਰ ਰਿਚਾਰਜ ਬੈਟਰੀਆਂ ਬਣਾਉਣ ਵਿਚ ਸਹਾਈ ਬਹੁਤ ਹੀ ਪਤਲੀਆਂ ਧਾਤੂ ਸ਼ੀਟਾਂ ਬਣਾਉਣ ਲਈ ਪੰਜ ਲੱਖ ਡਾਲਰ ਦਾ ਖੋਜ ਪੁਰਸਕਾਰ ਮਿਲਿਆ ਹੈ।

ਪੰਜ ਲੱਖ ਅਮਰੀਕੀ ਡਾਲਰ ਦਾ ਨੈਸ਼ਨਲ ਸਾਇੰਸ ਫਾਊਂਡੇਸ਼ਨ ਸੀ.ਏ.ਆਰ.ਈ. ਈ.ਆਰ. ਪੁਰਸਕਾਰ ਜਿੱਤਣ ਵਾਲਾ ਭਾਰਤੀ ਮੂਲ ਦਾ ਗੁਰਪ੍ਰੀਤ ਸਿੰਘ, ਕੈਂਸਸ ਸਟੇਟ ਯੂਨੀਵਰਸਿਟੀ ਵਿਚ ਮਕੈਨੀਕਲ ਤੇ ਨਿਊਕਲੀਅਰ ਇੰਜੀਨੀਅਰਿੰਗ ਵਿਚ ਅਸਿਸਟੈਂਟ ਪ੍ਰੋਫੈਸਰ ਹੈ। ਉਹ ਪੁਰਸਕਾਰ ਦੀ ਇਸ ਰਾਸ਼ੀ ਨਾਲ ਬੇਹੱਦ ਪਤਲੀਆਂ ਸ਼ੀਟਾਂ ਤਿਆਰ ਕਰੇਗਾ, ਜੋ ਬਿਹਤਰ ਰਿਚਾਰਜ ਬੈਟਰੀਆਂ ਬਣਾਉਣ ਵਿਚ ਸਹਾਈ ਹੋਣਗੀਆਂ।

## ਚੀਨ ਵਲੋਂ ਸੰਯੁਕਤ ਰਾਸ਼ਟਰ 'ਚ ਭਾਰਤ ਦੀ ਅਹਿਮ ਭੂਮਿਕਾ ਦਾ ਸਮਰਥਨ

**ਪੇਇਚਿੰਗ:** ਚੀਨ ਨੇ ਕਿਹਾ ਹੈ ਕਿ ਉਹ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਭਾਰਤ ਤੇ ਬਰਾਜ਼ੀਲ ਵਲੋਂ ਅਹਿਮ ਭੂਮਿਕਾ ਨਿਭਾਉਣ ਦੀ ਉਨ੍ਹਾਂ ਦੀ ਇੱਛਾ ਦੀ ਕਦਰ ਕਰਦਾ ਹੈ ਪਰ ਸੁਰੱਖਿਆ ਕੌਂਸਲ ਵਿਚ ਜਪਾਨ ਦੀ ਸਥਾਈ ਮੈਂਬਰੀ ਦੇ ਦਾਅਵੇ ਬਾਰੇ ਚੀਨ ਨੇ ਕੁਝ ਨਹੀਂ ਕਿਹਾ।

ਚੀਨ ਦੇ ਵਿਦੇਸ਼ ਮੰਤਰਾਲੇ ਦੀ ਤਰਜਮਾਨ ਹੂਆ ਚੁਨੇਇੰਗ ਨੇ ਕਿਹਾ ਕਿ ਚੀਨ ਚਾਹੁੰਦਾ ਹੈ ਕਿ ਭਾਰਤ ਤੇ ਬਰਾਜ਼ੀਲ ਸੁਰੱਖਿਆ ਕੌਂਸਲ ਵਿਚ ਅਹਿਮ ਭੂਮਿਕਾ ਨਿਭਾਉਣ। ਸੁਰੱਖਿਆ ਕੌਂਸਲ ਵਿਚ ਸਥਾਈ ਮੈਂਬਰੀ ਲਈ ਭਾਰਤ ਤੋਂ ਇਲਾਵਾ ਬਰਾਜ਼ੀਲ, ਜਰਮਨੀ ਤੇ ਜਪਾਨ ਦਾਅਵੇਦਾਰ ਹਨ।

# ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਵਲੋਂ ਖਡੂਰ ਸਾਹਿਬ ਸਕੂਲ ਦੇ ਬੱਚਿਆਂ ਨੂੰ ਇਨਾਮ

**ਖਡੂਰ ਸਾਹਿਬ (ਬਿਊਰੋ):** ਸੇਵਾ ਦੇ ਪੁੰਜ ਸੰਤ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਵਲੋਂ ਖਡੂਰ ਸਾਹਿਬ ਵਿਚ ਸਿੱਖੀ ਦੇ ਪ੍ਰਚਾਰ ਪਸਾਰ ਲਈ ਚਲਾਏ ਜਾ ਰਹੇ ਬਾਬਾ



*ਇਨਾਮ ਹਾਸਲ ਕਰਨ ਵਾਲੇ ਬੱਚੇ ਬਾਬਾ ਸੇਵਾ ਸਿੰਘ ਅਤੇ ਹੋਰਨਾਂ ਨਾਲ*

ਉਤਮ ਸਿੰਘ ਹਾਇਰ ਸੈਕੰਡਰੀ ਸਕੂਲ ਵਿਚ ਪੜ੍ਹ ਰਹੇ 90% ਤੋਂ ਵੱਧ ਨੰਬਰ ਹਾਸਲ ਕਰਨ ਵਾਲੇ ਬੱਚਿਆਂ ਨੂੰ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਵਲੋਂ ਇਨਾਮ ਦਿੱਤੇ ਗਏ। ਪਿਛਲੇ ਸਾਲ ਬੱਚਿਆਂ ਨੂੰ ਲੈਪਟਾਪ ਦਿੱਤੇ ਗਏ ਸਨ ਪਰ ਇਸ ਵਾਰ ਨਕਦ ਪੈਸੇ ਦਿੱਤੇ ਗਏ।

ਉਥੇ ਸਮਾਜ ਸੇਵੀ ਅਤੇ ਬਿਜਨਸਮੈਨ ਇੰਦਰਜੀਤ ਸਿੰਘ ਥਿੰਦ, ਜੋ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧ ਵਿਚ ਭਾਈਵਾਲ ਹਨ, ਵਲੋਂ ਸੰਗਤਾਂ ਦੇ ਸਹਿਯੋਗ ਨਾਲ ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਸ਼ੁਰੂ ਕੀਤੇ ਗਏ ਇਸ ਉਦਮ ਦੀ ਸੰਤ ਬਾਬਾ ਸੇਵਾ ਸਿੰਘ ਨੇ ਸ਼ਲਾਘਾ ਕੀਤੀ। ਇਸ ਇਨਾਮ ਵੰਡ ਸਮਾਰੋਹ ਵਿਚ ਤਰਨਜੀਤ ਸਿੰਘ ਥਿੰਦ, ਪ੍ਰਿੰਸੀਪਲ ਗੁਰਦਿਆਲ ਸਿੰਘ ਢਿੱਲੋਂ ਤੋਂ ਇਲਾਵਾ ਸਕੂਲ ਸਟਾਫ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਭਾਰਤ ਨਾਲ 2018 ਤੱਕ ਜਾਣਕਾਰੀ ਦੀ ਸਾਂਝ ਸੰਭਵ: ਸਵਿਟਜ਼ਰਲੈਂਡ

**ਨਵੀਂ ਦਿੱਲੀ:** ਕਾਲੇ ਧਨ ਖ਼ਿਲਾਫ਼ ਸਵਿਟਜ਼ਰਲੈਂਡ ਤੋਂ ਭਾਰਤੀਆਂ ਦੇ ਬੈਂਕ ਖਾਤਿਆਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਭਾਰਤ ਨੂੰ ਸਾਲ 2018 ਤੱਕ ਇੰਤਜ਼ਾਰ ਕਰਨਾ ਪਵੇਗਾ। ਓ.ਈ.ਸੀ.ਡੀ. ਨੇ ਜਾਣਕਾਰੀ ਸਾਂਝੀ ਕਰਨ ਦਾ ਢਾਂਚਾ ਤਿਆਰ ਕੀਤਾ ਹੈ ਤੇ ਇਸ ਢਾਂਚੇ ਤਹਿਤ ਭਾਰਤ ਸਮੇਤ ਤਕਰੀਬਨ 40 ਦੇਸ਼ਾਂ ਨੇ ਇਸ ਨੂੰ ਜਲਦ ਤੋਂ ਜਲਦ ਅਪਣਾਉਣ ਦੀ ਸਹਿਮਤੀ ਦਿੱਤੀ ਹੈ।

ਸਵਿਟਜ਼ਰਲੈਂਡ ਸਰਕਾਰ ਦੀ ਨਵੀਂ ਰਿਪੋਰਟ ਅਨੁਸਾਰ ਪਹਿਲੀ ਵਾਰ ਉਨ੍ਹਾਂ ਦੀ ਸਤੰਬਰ 2017 ਵਿਚ ਜਾਣਕਾਰੀ ਸਾਂਝੀ ਕਰਨ ਦੀ ਯੋਜਨਾ ਹੈ, ਹਾਲਾਂਕਿ ਇਸ ਢਾਂਚੇ ਤਹਿਤ ਉਹ ਪਹਿਲੀ ਵਾਰ ਜਾਣਕਾਰੀ ਦੀ ਸਾਂਝ ਸਾਲ 2018 ਵਿਚ ਕਰੇਗਾ। ਢਾਂਚੇ ਅਨੁਸਾਰ 58 ਦੇਸ਼ ਪਹਿਲੀ ਵਾਰ 2017 ਤੇ 35 ਦੇਸ਼ 2018 ਵਿਚ ਜਾਣਕਾਰੀ ਸਾਂਝੀ ਕਰਨਗੇ। ਭਾਰਤ ਪਹਿਲੇ 2017 ਦੇ ਸਮੂਹ ਦਾ ਹਿੱਸਾ ਹੈ। ਉਸ ਨੂੰ ਸਵਿਟਜ਼ਰਲੈਂਡ ਨਾਲ ਗੱਲਬਾਤ ਕਰਨ ਲਈ 2018 ਤੱਕ ਇੰਤਜ਼ਾਰ ਕਰਨਾ ਹੋਵੇਗਾ।


ਟਰੱਕਿੰਗ ਦੀ ਦੁਨੀਆਂ ਵਿਚ ਨਵੀਂ ਪਹਿਲਕਦਮੀ

ਟਰੱਕਿੰਗ ਬਿਜਨਸ ਵਿਚ ਛਾਏ ਹੋਏ ਓਨਰ ਅਪਰੇਟਰਾਂ ਲਈ ਖੁਸ਼ਖਬਰੀ !

ਹੁਣ ਤੁਹਾਨੂੰ ਆਪਣੇ ਟਰੱਕ ਕਿਸੇ ਕੰਪਨੀ ਨੂੰ ਲੀਜ਼ ਕਰਨ ਦੀ ਜ਼ਰੂਰਤ ਨਹੀਂ।

ਅਸੀਂ ਤੁਹਾਡੇ ਵਾਸਤੇ ਤੁਹਾਡੇ ਪਰਮਿਟਾਂ ਉਤੇ ਲੋਡ ਲੱਭ ਕੇ ਦਿਆਂਗੇ।



- ਤੁਹਾਡੇ ਲੋਡ ਦਾ ਚੈਕ ਤੁਹਾਡੇ ਹੀ ਨਾਂ ਉਤੇ ਹੋਵੇਗਾ।
- ਡਿਸਪੈਚ ਦੇ ਨਾਂ 'ਤੇ ਹੁੰਦੀ ਲੁੱਟ ਤੋਂ ਛੁਟਕਾਰਾ।
- ਧੱਕੇ ਨਾਲ ਚੁਕਾਏ ਜਾਂਦੇ ਲੋਡਾਂ ਤੋਂ ਬਚਾਅ।
- ਅਸੀਂ ਤੁਹਾਡੇ ਲਈ ਕੰਮ ਕਰਾਂਗੇ, ਨਾ ਕਿ ਤੁਸੀਂ ਸਾਡੇ ਲਈ।
- ਇਕ ਜਾਂ ਦੋ ਟਰੱਕਾਂ ਦੇ ਮਾਲਕਾਂ ਲਈ ਪੈਸੇ ਕਮਾਉਣ ਦਾ ਸੁਨਹਿਰੀ ਮੌਕਾ।

ਹਰ ਤਰ੍ਹਾਂ ਦੀ ਜਾਣਕਾਰੀ ਲਈ ਕਾਲ ਕਰੋ ਫੋਨ: 209-910-9731

## ਅਜੋਕਾ ਥੀਏਟਰ ਦਾ ਵਿਅੰਗ ਬਾਣ...

# ਅਮਰੀਕਾ ਚਲੋ




ਨਾਟਕ 'ਅਮਰੀਕਾ ਚਲੋ' ਦੀ ਝਲਕ।

**ਕਲਾ ਪਰਿਕਰਮਾ**

ਪਾਕਿਸਤਾਨ ਦੀ ਪ੍ਰਸਿੱਧ ਰੰਗਕਰਮੀ ਮਦੀਹਾ ਗੌਹਰ ਵਲੋਂ ਤਿਆਰ ਅਤੇ ਉਸ ਦੇ ਖਾਵੰਦ ਸ਼ਾਹਿਦ ਨਦੀਮ ਵਲੋਂ ਲਿਖਿਆ ਨਾਟਕ 'ਅਮਰੀਕਾ ਚਲੋ' ਪਾਕਿਸਤਾਨ ਅਤੇ ਹੋਰ ਕਈ ਦੇਸ਼ਾਂ ਵਿਚ ਖੇਡਣ ਤੋਂ ਬਾਅਦ ਪਿਛਲੇ ਮਹੀਨੇ ਅਮਰੀਕਾ ਵਿਚ ਖੇਡਿਆ ਗਿਆ। ਇਹ ਨਾਟਕ ਅਮਰੀਕਾ ਅਤੇ ਪਾਕਿਸਤਾਨ ਵਿਚਕਾਰ ਚੱਲ ਰਹੇ ਨਫ਼ਰਤ ਅਤੇ ਪਿਆਰ ਦੇ ਰਿਸ਼ਤੇ ਉਤੇ ਖੂਬ ਵਿਅੰਗ ਬਾਣ ਚਲਾਉਂਦਾ ਹੈ। ਨਾਟਕ ਦਾ ਇਕ ਸੀਨ ਵੇਖੋ: ਲਾਹੌਰ ਵਿਚ ਅਮਰੀਕਨ ਕੌਂਸਲੇਟ ਵਿਚ ਇਕ ਮੌਲਵੀ ਅਮਰੀਕਾ ਜਾਣ ਲਈ ਇੰਟਰਵਿਊ ਦੇ ਰਿਹਾ ਹੈ। ਇਮੀਗਰੇਸ਼ਨ ਅਫ਼ਸਰ ਪੁੱਛਦਾ ਹੈ ਕਿ ਉਹ ਅਮਰੀਕਾ ਕਿਉਂ ਜਾਣਾ ਚਾਹੁੰਦਾ ਹੈ? ਮੌਲਵੀ ਦਾ ਬਿਆਨ ਹੈ ਕਿ ਅਮਰੀਕਾ ਵਿਚ ਜਿਹੜੇ ਸਮੋਸੇ ਬਣਦੇ ਹਨ, ਉਹ ਤਿਕੋਣੇ ਹੁੰਦੇ ਹਨ, ਮੈਂ ਚਹੁੰਦਾ ਹਾਂ ਕਿ ਉਥੇ ਜਾ ਕੇ ਚੌਰਸ ਸਮੋਸੇ ਬਣਾਵਾਂ ਤੇ ਵੇਚਾਂ।... ਨਾਟਕ ਵਿਚ ਨਦੀਮ ਨੇ ਅਜਿਹੀਆਂ ਕਈ ਲੜੀਆਂ ਜੋੜੀਆਂ ਹਨ ਅਤੇ ਮਦੀਹਾ ਗੌਹਰ ਨੇ ਇਨ੍ਹਾਂ ਲੜੀਆਂ ਨੂੰ ਸਟੇਜ ਉਤੇ ਬਹੁਤ ਜਾਨ ਨਾਲ ਪੇਸ਼ ਕੀਤਾ ਹੈ ਕਿ ਇਸ ਨਾਟਕ ਵਿਚ ਪਾਕਿਸਤਾਨ ਅਤੇ ਅਮਰੀਕਾ ਰਿਸ਼ਤਿਆਂ ਦੀ ਸਮਝ ਪੈਣ ਲੱਗਦੀ ਹੈ। ਇਹ ਨਾਟਕ ਇਸਲਾਮ ਬਾਰੇ ਅੱਜ ਕੱਲ੍ਹ ਸੰਸਾਰ ਭਰ ਵਿਚ ਅਪਨਾਈ ਜਾ ਰਹੀ ਉਲਾਰ ਪਹੁੰਚ 'ਤੇ ਵੀ ਵਿਅੰਗ ਕੱਸਦਾ ਹੈ।

ਸਾਰਾ ਨਾਟਕ 'ਅਮਰੀਕਾ ਚਲੋ' ਕੌਂਸਲੇਟ ਵਿਚ ਹੀ ਵਾਪਰਦਾ ਹੈ ਜਿਥੇ ਇਕ ਕਾਰੋਬਾਰੀ, ਇਕ ਵਿਦਿਆਰਥੀ, ਇਕ ਕਲਾਕਾਰ, ਇਕ ਮੌਲਵੀ, ਇਕ ਸਿਆਸਤਦਾਨ ਅਤੇ ਅਮਰੀਕਾ ਵਸਦੇ ਇਕ ਪਾਕਿਸਤਾਨੀ ਦੇ ਬੁੱਢੇ ਮਾਪੇ ਇੰਟਰਵਿਊ ਦੇਣ ਪੁੱਜੇ ਹੋਏ ਹਨ। ਥੋੜ੍ਹੀ ਦੇਰ ਬਾਅਦ ਸਭ ਨੂੰ ਸੁਣਾ ਦਿੱਤਾ ਜਾਂਦਾ ਹੈ ਕਿ ਵੀਜ਼ੇ ਦੇਣ ਦਾ ਕੋਟਾ ਖਤਮ ਹੋ ਗਿਆ, ਹੁਣ ਵਾਰੀ ਅਗਲੀ ਵਾਰ ਆਵੇਗੀ। ਇਸੇ ਦੌਰਾਨ ਆਤਮਘਾਤੀ ਹਮਲਾਵਰ ਕੌਂਸਲੇਟ ਵਿਚ ਆਣ ਵੜਦੇ ਹਨ ਅਤੇ ਸਾਰਿਆਂ ਨੂੰ ਬੰਦੀ ਬਣਾ ਲੈਂਦੇ ਹਨ। ਕੌਂਸਲੇਟ ਦੇ ਬਾਹਰ ਲੱਗਿਆ ਬੋਰਡ 'ਵੈਲਕਮ ਟੂ ਅਮੈਰਿਕਾ' ਦੀ ਥਾਂ 'ਵੈਲਕਮ ਟੂ ਵਜ਼ੀਰਸਤਾਨ' ਵਿਚ ਬਦਲ ਜਾਂਦਾ ਹੈ। ਆਖਰਕਾਰ ਹਮਲਾਵਰਾਂ ਦੇ ਕਮਾਂਡਰ ਦੀਆਂ ਚਾਰ ਪਤਨੀਆਂ ਅਤੇ 37 ਬੱਚਿਆਂ ਦੇ ਵੀਜ਼ੇ ਲਾਉਣ ਦੇ ਸਮਝੌਤੇ ਨਾਲ ਮਾਮਲਾ ਨਜਿੱਠਿਆ ਜਾਂਦਾ ਹੈ। ਇਸ ਨਾਟਕ ਦੀ ਮੁੱਖ ਕਹਾਣੀ ਬੱਸ ਇੰਨੀ ਕੁ ਹੀ ਹੈ, ਪਰ ਮਦੀਹਾ ਅਤੇ ਸ਼ਾਹਿਦ ਨੇ ਨਾਟਕ ਵਿਚ ਇੰਨਾ ਨਾਟਕ ਭਰਿਆ ਹੈ ਕਿ ਧਰਮ, ਸਿਆਸਤ, ਪਰਵਾਸ ਤੇ ਆਰਥਿਕਤਾ ਨਾਲ ਜੁੜੀਆਂ ਪਰਤਾਂ ਇਕ-ਇਕ ਕਰ ਕੇ ਖੁੱਲ੍ਹਦੀਆਂ ਜਾਂਦੀਆਂ ਹਨ।



**ਅਜੋਕਾ ਥੀਏਟਰ ਦੀ ਕਰਤਾ-ਧਰਤਾ ਸ਼ਾਹਿਦ ਨਦੀਮ ਅਤੇ ਮਦੀਹਾ ਗੌਹਰ ਦੀ ਜੋੜੀ ਦੀ ਇਕ ਤਸਵੀਰ**

ਅਜੋਕਾ ਥੀਏਟਰ ਹੁਣ ਤੱਕ ਤਿੰਨ ਦਰਜਨ ਤੋਂ ਵੱਧ ਨਾਟਕ ਖੇਡ ਚੁੱਕਾ ਹੈ। ਇਸ ਵਲੋਂ ਪੇਸ਼ ਅਹਿਮ ਨਾਟਕਾਂ ਵਿਚ ਲੋ ਫਿਰ ਬਸੰਤ ਆਈ, ਕੌਣ ਹੈ ਇਹ ਗੁਸਤਾਖ਼, ਮੇਰਾ ਰੰਗ ਦੇ ਬਸੰਤੀ ਚੋਲਾ, ਬੁੱਲ੍ਹਾ, ਦਾਰਾ, ਰਾਜਾ ਰਸਾਲੂ, ਮਾਓਂ ਕੇ ਨਾਮ, ਦੁਸ਼ਮਨ, ਸੁਰਖ ਗੁਲਾਬੋਂ ਕਾ ਮੌਸਮ, ਦੁੱਖ ਦਰਿਆ, ਬਾਰਡਰ-ਬਾਰਡਰ, ਪੀਰੋ ਪ੍ਰੇਮਣ, ਦੁਖਨੀ, ਚੱਲ ਮੇਲੇ ਨੂੰ ਚੱਲੀਏ, ਦੇਖ ਤਮਾਸ਼ਾ ਚਲਤਾ ਬਨ, ਜਲੂਸ, ਝੱਲੀ ਕਿੱਥੇ ਜਾਵੇ, ਟੋਭਾ ਟੇਕ ਸਿੰਘ, ਏਕ ਥੀ ਨਾਨੀ ਆਦਿ ਸ਼ਾਮਲ ਹਨ। ਕੁਝ ਸਮੱਸਿਆਵਾਂ ਕਾਰਨ ਅਜੋਕਾ ਥੀਏਟਰ ਨਾਲ ਜੁੜੇ ਕੁਝ ਸੀਨੀਅਰ ਕਲਾਕਾਰ ਭਾਵੇਂ ਸਾਥ ਛੱਡ ਗਏ ਸਨ, ਪਰ 'ਦਾਰਾ' ਨਾਟਕ ਨਵੇਂ ਕਲਾਕਾਰਾਂ ਨਾਲ ਸਫ਼ਲਤਾਪੂਰਵਕ ਖੇਡ ਕੇ ਅਜੋਕਾ ਥੀਏਟਰ ਇਕ ਵਾਰ ਫਿਰ ਲੀਹ ਉਤੇ ਆ ਗਿਆ ਹੈ। ਮਦੀਹਾ ਅਤੇ ਸ਼ਾਹਿਦ ਦਾ ਕਹਿਣਾ ਹੈ ਕਿ ਉਹ ਆਪਣੀ ਮੁਹਿੰਮ ਹਰ ਹੀਲੇ ਜਾਰੀ ਰੱਖਣਗੇ, ਨਾਟਕ ਤੋਂ ਬਗੈਰ ਤਾਂ ਉਹ ਕੁਝ ਵੀ ਨਹੀਂ ਹਨ।

**-ਸਨੋਬਰ ਸਾਰਾ**





ਅਜੋਕਾ ਥੀਏਟਰ ਵਲੋਂ ਅਮਰੀਕਾ ਵਿਚ ਖੇਡੇ ਗਏ ਨਾਟਕ 'ਅਮਰੀਕਾ ਚਲੋ' ਦੇ ਦੋ ਦ੍ਰਿਸ਼

## ਅਜੋਕਾ ਦਾ ਵਿਅੰਗ ਬਾਣ ਅਜੋਕਾ ਦਾ ਵਿਅੰਗ ਬਾਣ

ਅਜੋਕਾ ਥੀਏਟਰ ਦਾ ਲੋਗੋ

*'ਅਜੋਕਾ ਥੀਏਟਰ' ਗਰੁੱਪ 1984 ਵਿਚ ਅਰੰਭ ਕੀਤਾ ਗਿਆ ਸੀ। ਇਹ ਉਹ ਸਮਾਂ ਸੀ ਜਦੋਂ ਜਨਰਲ ਜ਼ਿਆ-ਉਲ ਹੱਕ ਦੀ ਪੂਰੀ ਚੜ੍ਹਤ ਸੀ ਅਤੇ ਸਰਕਾਰ ਦੀ ਆਲੋਚਨਾ ਕਰਨ ਵਾਲੇ ਨੂੰ ਸੀਖਾਂ ਪਿੱਛੇ ਡੱਕ ਦਿੱਤਾ ਜਾਂਦਾ ਸੀ। ਉਸ ਵੇਲੇ ਵੱਖ-ਵੱਖ ਖੇਤਰਾਂ ਨਾਲ ਜੁੜੇ ਕਲਾਕਾਰਾਂ ਨੇ ਆਪੋ-ਆਪਣੇ ਢੰਗ ਨਾਲ ਸਰਕਾਰ ਦੀਆਂ ਇਨ੍ਹਾਂ ਜ਼ਿਆਤਦੀਆਂ ਬਾਰੇ ਗੱਲ ਕੀਤੀ। 'ਅਜੋਕਾ ਥੀਏਟਰ' ਨੇ ਇਹ ਗੱਲਾਂ ਪਾਕਿਸਤਾਨ ਵਿਚ ਹੀ ਨਹੀਂ; ਭਾਰਤ, ਬੰਗਲਾਦੇਸ਼, ਨੇਪਾਲ ਤੇ ਸ੍ਰੀ ਲੰਕਾ ਦੇ ਨਾਲ-ਨਾਲ ਯੂਰਪੀ ਦੇਸ਼ਾਂ ਵਿਚ ਵੀ ਜਾ ਕੇ ਕੀਤੀਆਂ। 'ਅਜੋਕਾ ਥੀਏਟਰ' ਦੀ ਹਰ ਕਿਰਤ ਮਨੁੱਖਤਾਵਾਦ, ਨਿਆਂ, ਧਰਮ ਨਿਰਪੱਖਤਾ ਅਤੇ ਬਰਾਬਰੀ ਵਾਲੇ ਸਮਾਜ ਨੂੰ ਸਮਰਪਿਤ ਸੀ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਫਰਵਰੀ 2015 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-157



*ਫੌਜ ਗੁਰੂ ਦੀ ਲਾਡਲੀ ਧੁੱਪੇ ਬੈਠੀ ਆਣ।*
*ਏਸ ਬਾਣੇ ਵਿਚ ਰਹੇਗੀ ਵੱਖਰੀ ਸਦਾ ਪਛਾਣ।*
*ਐਵੇਂ ਤਾਂ ਨਹੀਂ ਆਖਦੇ ਜੱਗ 'ਤੇ ਸਾਨੂੰ ਕਿੰਗ।*
*ਕੇਸਰੀ ਰੰਗ ਵਿਚ ਜਚੇ ਨੇ ਪੂਰੇ ਕੌਰ ਤੇ ਸਿੰਘ।*

### ਕੈਪਸ਼ਨ ਮੁਕਾਬਲਾ-155



ਮੇਲ਼ ਤਾਂ ਆਊ ਭਾਰੀ ਅੜ੍ਹੀਓ,
ਆਪੋ ਆਪਣਾ ਫਰਜ਼ ਨਿਭਾਓ।
ਧਾਲ ਭਾਜੀ ਦੀ ਕਰੀਏ ਤਿਆਰੀ,
ਫੁਰਤੀ ਦੇ ਨਾਲ ਹੱਥ ਹਿਲਾਓ।
ਰਲ-ਮਿਲ ਕਾਰਜ ਸਿਰੇ ਚੜ੍ਹਾਈਏ,
ਸ਼ਗਨਾਂ ਦਾ ਕੋਈ ਗੀਤ ਵੀ ਗਾਓ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਪੇਂਡੂ ਸਭਿਆਚਾਰ ਦੀ ਝਲਕੀ
ਜਦੋਂ ਵਿਆਹ ਕਮਾਵਣ ਲੱਗੇ।
ਆਂਢ-ਗੁਆਂਢ ਤੇ ਦੂਰ-ਦੁਰਾਡੇ
ਕੰਮੀ ਦੇ ਆਏ ਨੇ ਸੱਦੇ।
ਮਾਈਆਂ ਲਾਣ ਤੇ ਲੰਗਰ ਦੀ ਤਿਆਰੀ
ਨਾਲੇ ਵਿਆਹ ਦੇ ਗੀਤ ਸੁਣਾਵਣ।
ਸ਼ਗਨਾਂ ਵਾਲੇ ਵਿਹੜੇ ਵੇ ਲੋਕੋ!
ਸਦਾ ਖੁਸ਼ੀਆਂ ਨਾਲ ਸੁਹਾਵਣ।

**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਲੱਗ ਗਿਆ ਮਾਈਆਂ
ਵਿਆਹ ਪੱਕਾ ਹੋ ਗਿਆ।
ਚੜ੍ਹ'ਗੀ ਭੱਠੀ ਆਹਰ ਕਰਨ
ਸਭ ਪਕਾਵਣ ਦਾ।
ਖੁਸ਼ੀਆਂ ਦੀ ਭਰਮਾਰ
ਕਿਸੇ ਦੇ ਨਾ ਪੈਰ ਥੱਲੇ ਲੱਗਦੇ।

**-ਦਰਸ਼ਨ ਪਾਲ ਦੋਸਾਂਝ**
*darshanpaldo@oal.com*

---

ਛਿੱਲ ਲਏ ਆਲੂ, ਕੱਟ ਲਏ ਪਿਆਜ
ਹੁਣ ਲਈਏ ਟਮਾਟਰ ਕੱਟ ਬੀਬੀਓ।
ਕੱਠੀਆਂ ਹੋ ਕੇ ਵਿਆਹ ਵਿਚ ਕਰੀਏ
ਰੋਟੀ-ਪਾਣੀ ਦਾ ਹੀਲਾ ਝੱਟ ਬੀਬੀਓ।

**-ਪਰਸ਼ੋਤਮ ਸਿੰਘ ਯੂਬਾ ਸਿਟੀ**

## ਕਹੋ ਨਹੀਂ

ਕਹੋ ਨਹੀਂ, ਯਤਨ ਐਵੇਂ ਗਿਆ
ਉਮੀਦਾਂ ਦਾ ਨਾ ਮਰਦਾ ਕਾਫਲਾ।

ਕੀ ਹੋਇਆ ਜੇ ਦਰਿਆ ਵਹਿਣ ਵਿਚ
ਹਿੰਮਤਾਂ ਦਾ ਚੱਪੂ ਨਾ ਸਕਿਆ ਚਲਾ।

ਕੀ ਹੋਇਆ ਜੇ ਆਸਾਂ ਦੇ ਪਰਛਾਵੇਂ
ਕੋਸ਼ਿਸ਼ਾਂ ਦੇ ਹੱਥ ਨਾ ਆਏ ਜ਼ਰਾ।

ਕੀ ਹੋਇਆ ਜੇ ਔਕੜ ਦਾ ਡਰ
ਜੋਸ਼ਾਂ ਦਾ ਹਾਲੇ ਜੇਰਾ ਬੜਾ।

ਤੌਖਲੇ ਕਦੇ ਨਾ ਸੱਚ ਆਖਦੇ
ਟਿਕਣਾ ਜ਼ਰਾ ਇਨ੍ਹਾਂ ਦੀ ਅਦਾ।

ਰਾਤ ਸਿਆਹ ਲੰਮੀ ਸਹੀ
ਹੋਣੀ ਸ਼ਹਿਰ, ਤੂੰ ਨਾ ਘਬਰਾ।

ਚੱਲਣਾ ਰਵਾਨੀ ਜ਼ਿੰਦਗੀ
ਰੁਕ ਨਾ ਕਦੇ, ਚਲਦਾ ਤੂੰ ਜਾ।

**-ਪ੍ਰੋ. ਮਨਜੀਤ, ਸ਼ਿਕਾਗੋ**
**ਫੋਨ: 940-603-7294**



# Thank You Sadh Sangat!

After 309 years

the divine prophecy of Guru Gobind Singh Ji

ਇਹ ਹੈ ਪ੍ਰਗਟ ਹਮਾਰੀ ਕਾਸੀ। ਪੜ੍ਹਹੈਂ ਇਹਾਂ ਢੋਰ ਮਤਿਰਾਸੀ।
ਲੇਖਕ ਗੁਨੀ ਕਵਿੰਦ ਗਿਆਨੀ। ਬੁੱਧਿਸਿੰਧੁ ਹੋਹੈਂ ਇਤ ਆਨੀ॥






has been manifested with

## Akal University - Guru Ki Kashi

The Responsibility of this Divine Mission was undertaken by Baba Iqbal Singh, The Kalgidhar Society, Baru Sahib sufficing it through bank loans & generous support of Sadh Sangat.

With the blessings of Akal Purakh & altruistic support by Sadh Sangat, we have reached successfully the 1st Phase of Construction with APPROVAL by the Punjab Cabinet on 16th Feb'15.

**First Phase Completed**

- Department of Administration
- Department of Science
- Department of Commerce
- Department of Humanities
- Department of Economics
- Department of Divine Music
- Department of Religious & Guru Granth Sahib ji Studies




**Proposed Work For Phase – II**

• Sri Guru Granth Sahib Research Center • Sikh Museum • Divinity Center
• Hostel • Residence Quarter • Power Grid • Outer Infrastucture & Landscaping

**Donate Through Bank**
"ETERNAL CHARITABLE FOUNDATION" Chase Bank A/c in USA#: 988517371
Baru Sahib Charities of N. America

#BaruSahibHP

For More Details, Please contact Ravideep Kaur : 972 693 1077, mukta@barusahib.org

@kalgidhartrust

# ਹਰ ਵਰ੍ਹੇ ਹਜ਼ਾਰਾਂ ਜਾਨਾਂ ਨਿਗਲ ਜਾਂਦੀਆਂ ਨੇ ਪੰਜਾਬ ਦੀਆਂ ਖੂਨੀ ਸੜਕਾਂ



**ਚੰਡੀਗੜ੍ਹ:** ਪੰਜਾਬ ਵਿਚ ਸੜਕ ਹਾਦਸਿਆਂ ਕਾਰਨ ਹਰ ਦੋ ਘੰਟਿਆਂ ਬਾਅਦ ਇਕ ਵਿਅਕਤੀ ਦੀ ਜਾਨ ਜਾਂਦੀ ਹੈ। ਸੂਬੇ ਵਿਚ 2013 ਵਿਚ ਕੁੱਲ 5426 ਸੜਕ ਹਾਦਸੇ ਹੋਏ ਹਨ, ਜਿਨ੍ਹਾਂ ਵਿਚ 3357 ਵਿਅਕਤੀ ਮਾਰੇ ਗਏ ਤੇ 4647 ਜ਼ਖ਼ਮੀ ਹੋਏ ਹਨ, ਜਦ ਕਿ 2014 ਵਿਚ 30 ਸਤੰਬਰ ਤੱਕ 3908 ਸੜਕ ਹਾਦਸਿਆਂ ਵਿਚ 2380 ਵਿਅਕਤੀ ਮਾਰੇ ਗਏ ਹਨ ਤੇ 3144 ਵਿਅਕਤੀ ਜ਼ਖ਼ਮੀ ਹੋਏ ਹਨ। ਪੰਜਾਬ ਵਿਚ ਵਧ ਰਹੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਦੇ ਮਾਮਲੇ ਵੇਖ ਕੇ ਜਾਪਦਾ ਹੈ ਕਿ ਲੋਕ ਟ੍ਰੈਫਿਕ ਨਿਯਮਾਂ ਤੋਂ ਜਾਣੂ ਹੋਣ ਦੀ ਬਜਾਏ ਅਣਜਾਣ ਹੋ ਰਹੇ ਹਨ ਤੇ ਸਰਕਾਰ ਦਾ ਟ੍ਰੈਫਿਕ ਨਿਯਮਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦਾ ਪ੍ਰੋਗਰਾਮ ਸਫ਼ਲ ਨਹੀਂ ਹੋ ਰਿਹਾ ਹੈ।

ਪੁਲਿਸ ਹਲਕਿਆਂ ਅਨੁਸਾਰ ਜ਼ਿਆਦਾਤਰ ਸੜਕ ਹਾਦਸਿਆਂ ਦੇ ਮਾਮਲਿਆਂ ਵਿਚ ਪੁਲਿਸ ਐਫ.ਆਈ.ਆਰ. ਦਰਜ ਕਰਨ ਦੀ ਥਾਂ ਸਮਝੌਤੇ ਕਰਵਾਉਂਦੀ ਹੈ, ਜਿਸ ਕਾਰਨ ਸੜਕ ਹਾਦਸਿਆਂ ਦੀ ਅਸਲ ਗਿਣਤੀ ਕਿਤੇ ਵੱਧ ਹੈ ਤੇ ਜ਼ਖ਼ਮੀਆਂ ਦੀਆਂ ਗਿਣਤੀ ਵੀ ਇਨ੍ਹਾਂ ਅੰਕੜਿਆਂ ਤੋਂ ਜ਼ਿਆਦਾ ਹੈ। ਪੰਜਾਬ ਪੁਲਿਸ ਵੱਲੋਂ ਪਿਛਲੇ ਸਾਲ ਸ਼ਰਾਬ ਪੀ ਕੇ ਵਾਹਨ ਚਲਾਉਣ ਸਬੰਧੀ 2625 ਤੇ ਤੇਜ਼ ਰਫਤਾਰ ਵਾਹਨ ਚਲਾਉਣ ਵਾਲਿਆਂ ਦੇ 3066 ਚਲਾਨ ਕੱਟੇ ਗਏ। ਇਸੇ ਤਰ੍ਹਾਂ ਮੋਬਾਈਲ ਫੋਨ ਦੀ ਵਰਤੋਂ ਕਰਦਿਆਂ ਵਾਹਨ ਚਲਾਉਣ ਵਾਲੇ 11,914 ਵਿਅਕਤੀਆਂ ਦੇ ਚਲਾਨ ਕੱਟੇ ਗਏ। ਪੰਜਾਬ ਪੁਲਿਸ ਨੇ ਬਿਨਾਂ ਹੈਲਮਟ ਵਾਹਨ ਚਲਾਉਣ ਦੇ 1,82,381, ਬਿਨਾਂ ਸੀਟ ਬੈਲਟ ਵਾਹਨ ਚਲਾਉਣ ਦੇ 1,74,550, ਗਲਤ ਪਾਰਕਿੰਗ ਦੇ 85,235, ਸਿਗਰਟ ਪੀਂਦਿਆਂ ਵਾਹਨ ਚਲਾਉਣ ਦੇ 931 ਤੇ ਲਾਲ ਬੱਤੀ ਦੀ ਉਲੰਘਣਾ ਕਰਨ ਦੇ 2,40,404 ਚਲਾਨ ਕੱਟੇ ਹਨ। ਏ.ਡੀ.ਜੀ.ਪੀ./ਟਰੈਫਿਕ ਪੰਜਾਬ ਨੂੰ ਜ਼ੈਬਰਾ ਕਰਾਸਿੰਗ ਤੇ ਹਾਈ ਬੀਮ ਤਹਿਤ ਚਲਾਨ ਕੱਟਣ ਦੀ ਕੋਈ ਜਾਣਕਾਰੀ ਨਹੀਂ ਹੈ। ਏ.ਡੀ.ਜੀ.ਪੀ. ਅਨੁਸਾਰ ਪੁਲਿਸ ਦਾ ਟਰੈਫਿਕ ਵਿੰਗ ਸੜਕ ਹਾਦਸਿਆਂ ਦੀ ਰੋਕਥਾਮ ਤੇ ਹਾਦਸਿਆਂ ਦੇ ਕਾਰਨ ਜਾਣਨ ਲਈ ਆਪਣੇ ਪੱਧਰ 'ਤੇ ਕੋਈ ਸਟੱਡੀ, ਪੜਚੋਲ ਜਾਂ ਸਰਵੇਖ ਨਹੀਂ ਕਰਵਾਉਂਦਾ। ਟਰੈਫਿਕ ਵਿੰਗ ਪੂਰੀ ਤਰ੍ਹਾਂ ਰੋਡ ਬ੍ਰਿਜ਼ਜ ਡਿਵੈਲਪਮੈਂਟ ਬੋਰਡ, ਸਿਹਤ ਵਿਭਾਗ, ਟਰਾਂਸਪੋਰਟ ਵਿਭਾਗ ਤੇ ਗਵਰਨੈਂਸ ਰਿਫੋਰਮਜ਼ ਕਮਿਸ਼ਨ ਦੀ ਸਟੱਡੀ 'ਤੇ ਹੀ ਨਿਰਭਰ ਕਰਦਾ ਹੈ।

ਵਿਸ਼ਵ ਵਿਚ 80 ਫ਼ੀਸਦੀ ਮੌਤਾਂ ਘੱਟ ਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਵਿਚ ਹੁੰਦੀਆਂ ਹਨ, ਜਿਨ੍ਹਾਂ ਦੀ ਆਬਾਦੀ ਕੁੱਲ ਵਿਸ਼ਵ ਦੀ ਆਬਾਦੀ ਦਾ 72 ਫ਼ੀਸਦੀ ਹੈ ਪਰ ਵਿਸ਼ਵ ਦੇ ਵਾਹਨਾਂ ਵਿਚੋਂ 52 ਫ਼ੀਸਦੀ ਰਜਿਸਟਰਡ ਹਨ। ਭਾਰਤ ਵਿਚ ਇਕ ਲੱਖ ਪਿੱਛੇ 19.9 ਹਾਦਸੇ ਹੁੰਦੇ ਹਨ ਤੇ ਇਕ ਲੱਖ ਮੋਟਰ ਵਾਹਨਾਂ ਵਿਚੋਂ 211.8 ਵਾਹਨ ਸੜਕ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ। ਸਾਡੀਆਂ ਸਰਕਾਰਾਂ ਅਜੇ ਤੱਕ ਇਸ ਪ੍ਰਤੀ ਗੰਭੀਰ ਨਜ਼ਰ ਨਹੀਂ ਆ ਰਹੀਆਂ ਹਨ, ਜਿਸ ਕਾਰਨ ਟ੍ਰੈਫਿਕ ਨਿਯਮਾਂ ਪ੍ਰਤੀ ਜਨਤਾ ਦੀ ਲਾਪ੍ਰਵਾਹੀ ਅਕਸਰ ਸਾਹਮਣੇ ਆਉਂਦੀ ਹੈ। ਹਰ ਵੱਡੇ ਸੜਕ ਹਾਦਸੇ ਤੋਂ ਬਾਅਦ ਸਾਡੇ ਆਗੂ ਤੇ ਪ੍ਰਸ਼ਾਸਨਿਕ ਅਧਿਕਾਰੀ ਦੇਸ਼ ਦੀਆਂ ਸੜਕਾਂ ਨੂੰ ਹਾਦਸਾ ਮੁਕਤ ਬਣਾਉਣ ਦੇ ਵੱਡੇ-ਵੱਡੇ ਦਾਅਵੇ ਕਰਦੇ ਹਨ, ਪਰ ਕੁਝ ਸਮੇਂ ਬਾਅਦ ਹੀ ਇਹ ਦਾਅਵੇ ਹਵਾ ਵਿਚ ਗੁੰਮ ਹੋ ਜਾਂਦੇ ਹਨ।

## ਟ੍ਰੈਫਿਕ ਨਿਯਮ ਸਿਰਫ ਕਮਾਈ ਦਾ ਜ਼ਰੀਆ

ਪੰਜਾਬ ਦੀਆਂ ਸੜਕਾਂ 'ਤੇ ਹਰ ਤਿੰਨ ਘੰਟਿਆਂ ਬਾਅਦ ਦੋ ਸੜਕ ਹਾਦਸੇ ਵਾਪਰਦੇ ਹਨ ਤੇ ਪੁਲਿਸ ਹਰ ਘੰਟੇ ਵਿਚ 127 ਚਲਾਨ ਕੱਟਦੀ ਹੈ। ਪੰਜਾਬ ਪੁਲਿਸ ਨੂੰ ਸੜਕ ਹਾਦਸੇ ਰੋਕਣ ਲਈ ਕੋਈ ਰਾਹ ਨਹੀਂ ਲੱਭ ਰਿਹਾ ਤੇ ਹਰ ਵਰ੍ਹੇ ਸੜਕ ਹਾਦਸਿਆਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ। ਪੰਜਾਬ ਪੁਲਿਸ ਤੇਜ਼ ਰਫਤਾਰ, ਸ਼ਰਾਬ ਪੀ ਕੇ ਤੇ ਮੋਬਾਈਲ ਫੋਨ ਸੁਣਦਿਆਂ ਵਾਹਨ ਚਲਾਉਣ ਵਾਲਿਆਂ ਨੂੰ ਰੋਕਣ ਵਿਚ ਫੇਲ੍ਹ ਰਹੀ ਹੈ। ਦੂਸਰੇ ਪਾਸੇ ਪੁਲਿਸ ਨੇ ਕੁੱਲ 11,08,025 ਚਲਾਨ ਕੱਟ ਕੇ 36,07,70,016 ਰੁਪਏ ਜੁਰਮਾਨਾ ਵਸੂਲਿਆ। ਪੁਲਿਸ ਵੱਲੋਂ ਰੋਜ਼ਾਨਾ ਔਸਤਨ 3036 ਵਾਹਨ ਚਾਲਕਾਂ ਦੇ ਚਲਾਨ ਕੱਟ ਕੇ 9,88,411 ਰੁਪਏ ਜੁਰਮਾਨਾ ਵਸੂਲਿਆ ਜਾ ਰਿਹਾ ਹੈ। ਇਸ ਦੇ ਬਾਵਜੂਦ ਸੜਕ ਹਾਦਸਿਆਂ ਵਿਚ ਰੋਜ਼ਾਨਾ 12 ਦੇ ਕਰੀਬ ਮੌਤਾਂ ਹੋ ਰਹੀਆਂ ਹਨ। ਬੇਸ਼ੱਕ ਚਲਾਨਾਂ ਦੀ ਗਿਣਤੀ ਵਧਣ ਨਾਲ ਸਰਕਾਰ ਨੂੰ ਵੀ ਕਰੋੜਾਂ ਰੁਪਏ ਦੀ ਆਮਦਨ ਹੋ ਰਹੀ ਹੈ ਪਰ ਇਸ ਦੌਰਾਨ ਵਾਪਰਨ ਵਾਲੇ ਸੜਕ ਹਾਦਸਿਆਂ ਵਿਚ ਕੋਈ ਕਮੀ ਨਹੀਂ ਆ ਰਹੀ।

## ਖਾਨਾਪੂਰਤੀ ਤੋਂ ਵੱਧ ਕੁਝ ਨਹੀਂ ਜਾਗਰੂਕ ਮੁਹਿੰਮਾਂ

ਲੋਕਾਂ ਨੂੰ ਜਾਗਰੂਕ ਕਰਨ ਲਈ ਹਰ ਸਾਲ 11 ਜਨਵਰੀ ਤੋਂ ਲੈ ਕੇ 17 ਜਨਵਰੀ ਤੱਕ ਸੜਕ ਸੁਰੱਖਿਆ ਸਪਤਾਹ ਮਨਾਇਆ ਜਾਂਦਾ ਹੈ। ਇਸ ਸਪਤਾਹ ਵਿਚ ਸੜਕ ਸੁਰੱਖਿਆ ਬਾਰੇ ਜਾਗਰੂਕ ਕਰਨ ਲਈ ਵੱਖ-ਵੱਖ ਤਰੀਕੇ ਜਿਵੇਂ ਕਿ ਸੜਕ ਸੁਰੱਖਿਆ ਬਾਰੇ ਸਿੱਖਿਆਦਾਇਕ ਬੈਨਰ ਲਗਾਉਣੇ, ਸੜਕ ਸੁਰੱਖਿਆ ਬਾਰੇ ਪੋਸਟਰ, ਸੜਕ ਸੁਰੱਖਿਆ ਬਾਰੇ ਫ਼ਿਲਮਾਂ ਤੇ ਹੋਰ ਇਸ਼ਤਿਹਾਰ ਸੜਕਾਂ 'ਤੇ ਵਾਹਨ ਚਲਾਉਣ ਵਾਲੇ ਲੋਕਾਂ ਨੂੰ ਵੰਡੇ ਜਾਂਦੇ ਹਨ, ਪਰ ਅਜਿਹੀਆਂ ਮੁਹਿੰਮਾਂ ਦਾ ਕੋਈ ਖਾਸ ਅਸਰ ਨਜ਼ਰ ਨਹੀਂ ਆ ਰਿਹਾ ਹੈ। ਪੰਜਾਬ ਵਿਚ ਸਾਲ 2013 ਵਿਚ 10801 ਤੇ 2014 ਵਿਚ 30 ਸਤੰਬਰ ਤੱਕ 7834 ਟਰੈਫਿਕ ਐਜੂਕੇਸ਼ਨ ਸੈੱਲ ਸਥਾਪਤ ਕੀਤੇ ਗਏ ਹਨ। ਹਰ ਸਾਲ ਵਧ ਰਹੇ ਸੜਕ ਹਾਦਸਿਆਂ ਦੀ ਗਿਣਤੀ ਲੋਕਾਂ ਨੂੰ ਟਰੈਫਿਕ ਨਿਯਮਾਂ ਬਾਰੇ ਜਾਣਕਾਰੀ ਦੇਣ 'ਤੇ ਪ੍ਰਸ਼ਨ ਚਿੰਨ੍ਹ ਲਾਉਂਦੀ ਹੈ। ਹੈਰਾਨੀ ਦੀ ਗੱਲ ਹੈ ਕਿ ਕਈ ਵਾਰ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦੇਣ ਲਈ ਕੈਂਪ ਲਾਇਆ ਜਾਂਦਾ ਹੈ, ਪਰ ਇਸ ਵਿਚ ਬੱਚਿਆਂ ਨੂੰ ਲਿਆਉਣ ਵਾਲੇ ਵਾਹਨਾਂ ਦੇ ਡਰਾਈਵਰ, ਕੰਡਕਟਰ ਸ਼ਾਮਲ ਨਹੀਂ ਹੁੰਦੇ ਹਨ।

# ਵਿਦੇਸ਼ੀ ਪਾੜ੍ਹਿਆਂ ਦੇ ਕੈਨੇਡਾ ਪੱਕੇ ਹੋਣ ਦੇ ਸੁਪਨੇ ਟੁੱਟੇ



**ਟੋਰਾਂਟੋ:** ਕੈਨੇਡਾ ਵਿਚ ਕੰਜ਼ਰਵੇਟਿਵ ਸਰਕਾਰ ਵੱਲੋਂ ਆਵਾਸ ਢਾਂਚੇ ਵਿਚ ਹਾਲ ਹੀ ਵਿਚ ਲਾਗੂ ਕੀਤੇ ਕਾਨੂੰਨ ਤਹਿਤ ਦੇਸ਼ ਦੀਆਂ ਯੂਨੀਵਰਸਿਟੀਆਂ ਤੋਂ ਡਿਗਰੀਆਂ ਪ੍ਰਾਪਤ ਵਿਦੇਸ਼ੀ ਪਾੜ੍ਹਿਆਂ ਨੂੰ ਪਰਮਾਨੈਂਟ ਰੈਜ਼ੀਡੈਂਸੀ (ਪੀਆਰ) ਹਾਸਲ ਕਰਨ ਵਿਚ ਦਿੱਕਤਾਂ ਆਉਣ ਲੱਗੀਆਂ ਹਨ। ਸੂਤਰਾਂ ਮੁਤਾਬਕ ਪਹਿਲੀ ਜਨਵਰੀ ਤੋਂ ਲਾਗੂ ਹੋਇਆ ਨਵਾਂ ਕਾਨੂੰਨ ਇਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਨੂੰ ਕੈਨੇਡੀਆਈ ਸਹੂਲਤ ਪ੍ਰਦਾਨ ਨਹੀਂ ਕਰਦਾ। ਅੰਕੜਿਆਂ ਮੁਤਾਬਕ ਪਿਛਲੇ ਸਾਲ ਮੁਲਕ ਦੀਆਂ 'ਵਰਸਿਟੀਆਂ ਵਿਚ ਤਿੰਨ ਲੱਖ ਦੇ ਕਰੀਬ ਵਿਦੇਸ਼ੀ ਪਾੜ੍ਹੇ ਦਾਖਲ ਹੋਏ ਹਨ। ਨਵੇਂ ਕਾਨੂੰਨ ਅੰਦਰ ਕੈਨੇਡੀਆਈ ਅਦਾਰੇ ਤੋਂ ਡਿਗਰੀ ਜਾਂ ਡਿਪਲੋਮਾ ਪ੍ਰਾਪਤ ਵਿਦਿਆਰਥੀ ਨੂੰ 'ਨਿਪੁੰਨ ਕਾਮਿਆਂ' ਦੇ (ਪੂਲ) ਗਰੁੱਪ ਵਿਚ ਹੀ ਰੱਖ ਲਿਆ ਜਾਂਦਾ ਹੈ ਜਿਥੋਂ ਅੱਗੇ ਆਵਾਸ ਮਹਿਕਮਾ ਪਰਮਾਨੈਂਟ ਰੈਜ਼ੀਡੈਂਸੀ (ਪੀਆਰ) ਵਾਸਤੇ ਦਰਖਾਸਤੀ ਚੁਣਦਾ ਹੈ। ਇਸ ਤੋਂ ਪਹਿਲਾਂ ਇਨ੍ਹਾਂ ਵਿਦਿਆਰਥੀਆਂ ਨੂੰ ਨਿਪੁੰਨਤਾ ਸ਼੍ਰੇਣੀ ਤੋਂ ਅਲੱਗ ਰੱਖਿਆ ਜਾਂਦਾ ਸੀ।

ਸਰਕਾਰ ਦਾ ਦਾਅਵਾ ਹੈ ਕਿ ਇਸ 'ਐਕਸਪ੍ਰੈਸ ਐਂਟਰੀ' ਪੂਲ ਰਾਹੀਂ ਦਰਖਾਸਤੀ ਨਿਬੇੜੇ ਲਈ ਘੱਟ ਸਮਾਂ ਲੱਗੇਗਾ। ਮਹਿਕਮੇ ਨੇ ਹੁਣ ਤੱਕ ਇਸ ਪੂਲ ਵਿਚੋਂ ਦੋ ਗੁਰੱਪ ਪੀ ਆਰ ਲਈ ਸੱਦੇ ਹਨ ਤੇ ਇਹ ਚੋਣ ਪੁਆਇੰਟ ਸਿਸਟਮ ਰਾਹੀਂ ਹੁੰਦੀ ਹੈ। ਲੇਬਰ ਮਾਰਕਿਟ ਅਸੈਸਮੈਂਟ (ਜੋ ਦੱਸਦੀ ਹੈ ਕਿ ਕੰਮ ਲਈ ਕੈਨੇਡੀਆਈ ਕਾਮਾ ਨਹੀਂ) ਦੇ 600 ਪੁਆਇੰਟ ਹਨ ਤੇ 600 ਪੁਆਇੰਟ ਪੜ੍ਹਾਈ ਤੇ ਉਮਰ ਲਈ ਹਨ। ਆਵਾਸ ਵਕੀਲ ਇਵਾਨ ਗਰੀਨ ਮੁਤਾਬਕ ਵਿਦਿਆਰਥੀ ਇਸ ਐਕਸਪ੍ਰੈਸ ਐਂਟਰੀ ਦੇ ਚੱਕਰ ਵਿਚ ਫਸੇ ਹਨ। ਮੁਲਕ ਅੰਦਰ ਕੰਮ ਬਾਰੇ ਘੱਟ ਤਜਰਬੇ ਵਾਲੇ ਬੰਦੇ ਲਈ ਕੈਨੇਡੀਆਈ ਕਾਮੇ ਦੀ ਅਣਹੋਂਦ ਸਾਬਤ ਕਰਨਾ ਔਖਾ ਹੈ। ਹਾਲਾਂਕਿ ਇਹ ਵਿਦਿਆਰਥੀ ਸੂਬਾਈ ਨੌਮਿਨੀ ਪ੍ਰੋਗਰਾਮ ਤਹਿਤ ਪੀਆਰ ਲਈ ਦਰਖਾਸਤ ਦੇ ਸਕਦੇ ਹਨ, ਪਰ ਉਨ੍ਹਾਂ ਦਾ ਸੂਬਾਈ ਕੈਟੇਗਰੀ ਵਿਚ ਆਉਣਾ ਆਸਾਨ ਨਹੀਂ ਹੈ।

ਉਨਟਾਰੀਓ ਦੇ ਨਾਮਿਨੀ ਪ੍ਰੋਗਰਾਮ ਦੀਆਂ 2500 ਅਸਾਮੀਆਂ ਜ਼ਿਆਦਾਤਰ ਵਿਦੇਸ਼ੀ ਪਾੜ੍ਹੇ ਹੀ ਪੂਰਦੇ ਹਨ। ਸੂਤਰਾਂ ਅਨੁਸਾਰ ਅਨੇਕਾਂ ਗਰੈਜੂਏਟ ਬੱਚਿਆਂ ਨੇ ਨਵੇਂ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਅਰਜ਼ੀਆਂ ਭਰੀਆਂ, ਪਰ ਬਹੁਤਿਆਂ ਦੀਆਂ ਅਰਜ਼ੀਆਂ ਇਹ ਕਹਿ ਕੇ ਮੋੜ ਦਿੱਤੀਆਂ ਕਿ ਤਜਰਬਾ ਸ਼੍ਰੇਣੀ ਦਾ 8000 ਅਰਜ਼ੀਆਂ ਦਾ ਕੋਟਾ ਭਰ ਚੁੱਕਾ ਹੈ। ਹੁਣ ਇਨ੍ਹਾਂ ਸਾਰਿਆਂ ਨੂੰ ਨਵੇਂ ਸਿਰਿਓਂ ਅਰਜ਼ੀਆਂ ਦੇਣੀਆਂ ਪੈਣਗੀਆਂ। ਸਰਕਾਰ ਦੀਆਂ ਇਹ ਨੀਤੀਆਂ ਵਿਦੇਸ਼ੀ ਵਿਦਿਆਰਥੀਆਂ ਲਈ ਮੁਸੀਬਤ ਬਣ ਰਹੀਆਂ ਹਨ।

# ਜਗਤਾਰ ਸਿੰਘ ਤਾਰਾ ਦਾ ਸਾਥੀ ਗ੍ਰਿਫ਼ਤਾਰ

**ਬਠਿੰਡਾ:** ਬਠਿੰਡਾ ਪੁਲਿਸ ਨੇ ਜਗਤਾਰ ਸਿੰਘ ਤਾਰਾ ਦੇ ਨੇੜਲੇ ਸਾਥੀ ਅਮਰਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ ਜੋ ਵਿਦੇਸ਼ਾਂ ਵਿਚੋਂ ਖਾਲਿਸਤਾਨ ਟਾਈਗਰ ਫੋਰਸ ਦੇ ਖਾੜਕੂਆਂ ਨੂੰ ਦਹਿਸ਼ਤੀ ਸਰਗਰਮੀਆਂ ਲਈ ਪੈਸਾ ਭੇਜਦਾ ਸੀ। ਪੁਲਿਸ ਮੁਤਾਬਕ, ਇਹ ਸੁਰਾਗ ਤਾਰਾ ਦੀ ਪੁੱਛਗਿੱਛ ਦੌਰਾਨ ਮਿਲਿਆ। ਇਸ ਸੂਹ ਦੇ ਆਧਾਰ 'ਤੇ ਪੁਲਿਸ ਨੇ ਅਮਰਜੀਤ ਸਿੰਘ ਉਰਫ਼ ਜਗਜੀਤ ਸਿੰਘ ਵਾਸੀ ਦੁਸਾਰਨਾ ਜ਼ਿਲ੍ਹਾ ਮੁਹਾਲੀ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਕੋਲੋਂ ਟਾਟਾ ਸਫਾਰੀ ਗੱਡੀ ਵੀ ਬਰਾਮਦ ਕੀਤੀ ਹੈ।

ਪੁਲਿਸ ਸੂਤਰਾਂ ਅਨੁਸਾਰ, ਪੁਲਿਸ ਨੇ ਬਠਿੰਡਾ ਜੇਲ੍ਹ ਵਿਚੋਂ ਪੁੱਛਗਿੱਛ ਵਾਸਤੇ ਸੰਨੀ ਖਾਲਸਾ ਨੂੰ ਵੀ ਲਿਆਂਦਾ ਜਿਸ ਦੇ ਸਬੰਧ ਤਾਰਾ ਨਾਲ ਫੇਸਬੁੱਕ ਰਾਹੀਂ ਬਣੇ ਸਨ। ਅਮਰਜੀਤ ਸਿੰਘ ਤੋਂ ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਉਹ ਵਿਦੇਸ਼ ਵਿਚੋਂ ਭਾਰਤ ਵਿਚ ਦਰਜਨ ਦੇ ਕਰੀਬ ਲੋਕਾਂ ਨੂੰ ਪੈਸਾ ਭੇਜਦਾ ਸੀ। ਸੰਨੀ ਖਾਲਸਾ ਨੂੰ ਵੀ ਅਮਰਜੀਤ ਸਿੰਘ ਨੇ ਪੈਸਾ ਭੇਜਣ ਦੀ ਗੱਲ ਕਬੂਲੀ ਹੈ। ਜ਼ਿਲ੍ਹਾ ਪੁਲਿਸ ਨੇ ਪਿਛਲੇ ਸਾਲ ਅੱਠ ਨਵੰਬਰ ਨੂੰ ਸੰਨੀ ਖਾਲਸਾ ਖ਼ਿਲਾਫ਼ ਕੇਸ ਦਰਜ ਕੀਤਾ ਸੀ ਤੇ ਇਸੇ ਬਾਰੇ ਤਾਰੇ ਨੂੰ ਟਰਾਂਜ਼ਿਟ ਵਾਰੰਟ 'ਤੇ ਬਠਿੰਡਾ ਪੁਲਿਸ ਨੇ ਜਲੰਧਰ ਤੋਂ ਇਥੇ ਲਿਆਂਦਾ ਹੈ। ਐਸ.ਐਸ.ਪੀ. ਇੰਦਰਮੋਹਨ ਸਿੰਘ ਭੱਟੀ ਨੇ ਦੱਸਿਆ ਕਿ ਅਮਰਜੀਤ ਨੇ ਤਾਰੇ ਤੇ ਰੇਸ਼ਮ ਸਿੰਘ ਨਾਲ ਸਬੰਧ ਹੋਣ ਦੀ ਗੱਲ ਮੰਨੀ ਹੈ। ਅਮਰਜੀਤ ਤਾਰੇ ਨਾਲ ਮਿਲ ਕੇ ਦੇਸ਼ ਵਿਚ ਮੁੜ ਗਤੀਵਿਧੀਆਂ ਸ਼ੁਰੂ ਕਰਨ ਦੀ ਤਾਕ ਵਿਚ ਸੀ। ਅਮਰਜੀਤ ਪਿਛਲੇ ਮਹੀਨੇ ਲਿਬਨਾਨ ਤੋਂ ਪਰਤਿਆ ਸੀ ਤੇ ਉਹ 1988 ਤੋਂ ਲਿਬੀਆ ਤੇ ਲਿਬਨਾਨ ਵਿਖੇ ਰਹਿ ਰਿਹਾ ਸੀ।

# ਸਿੱਖ ਕੈਦੀਆਂ ਦੀ ਰਿਹਾਈ ਵਿਚ ਰਾਜੀਵ ਕੇਸ ਬਣਿਆ ਅੜਿੱਕਾ

**ਚੰਡੀਗੜ੍ਹ:** ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਹੱਤਿਆ ਕੇਸ ਦੇ ਮੁਲਜ਼ਮਾਂ ਨੂੰ ਰਾਹਤ ਦੇਣ ਵਿਰੁੱਧ ਸੁਪਰੀਮ ਕੋਰਟ ਵੱਲੋਂ ਸਮੂਹ ਰਾਜਾਂ ਬਾਰੇ ਅੰਤਰਿਮ ਰੋਕ ਦੇ ਹੁਕਮਾਂ ਦਾ ਅਸਰ ਸਿਆਸੀ ਸਿੱਖ ਕੈਦੀਆਂ ਦੀ ਰਿਹਾਈ 'ਤੇ ਲਗਾਤਾਰ ਪੈ ਰਿਹਾ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਇਸ ਵੇਲੇ ਪਿਛਲੇ ਤਕਰੀਬਨ 18 ਸਾਲਾਂ ਤੋਂ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਬੰਦ ਭਾਈ ਸ਼ਮਸ਼ੇਰ ਸਿੰਘ ਤੇ ਭਾਈ ਗੁਰਮੀਤ ਸਿੰਘ ਮੀਤਾ (ਬੇਅੰਤ ਸਿੰਘ ਹੱਤਿਆ ਕੇਸ) ਦੀ ਪੱਕੀ ਰਿਹਾਈ ਦੀਆਂ ਪਟੀਸ਼ਨਾਂ 'ਤੇ ਸੁਣਵਾਈ ਤੇ ਅਗਲੀ ਕਾਰਵਾਈ ਇਕ ਵਾਰ ਫਿਰ ਇਹ ਕਹਿੰਦਿਆਂ ਅੱਗੇ ਪਾ ਦਿੱਤੀ ਹੈ ਕਿ ਕਤਲ ਕੇਸਾਂ ਦੇ ਕੈਦੀਆਂ ਨੂੰ ਸਜ਼ਾ ਮੁਆਫ਼ੀ ਬਾਰੇ ਮਾਮਲਾ ਸੁਪਰੀਮ ਕੋਰਟ ਵਿਚ ਵਿਚਾਰ ਅਧੀਨ ਹੈ।

ਕਾਬਲੇਗੌਰ ਹੈ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਸ਼ਮਸ਼ੇਰ ਸਿੰਘ ਤੇ ਗੁਰਮੀਤ ਸਿੰਘ ਮੀਤਾ ਦੀਆਂ ਅਪੀਲਾਂ 'ਤੇ 28 ਅਗਸਤ ਤੇ 11 ਨਵੰਬਰ 2014 ਵਾਲੀਆਂ ਸੁਣਵਾਈਆਂ ਦੌਰਾਨ ਸੁਪਰੀਮ ਕੋਰਟ ਦੇ ਉਕਤ ਹੁਕਮਾਂ ਦਾ ਹਵਾਲਾ ਲੈਂਦਿਆਂ ਹੀ ਸੁਣਵਾਈ ਪਹਿਲਾਂ ਹੀ ਤਕਰੀਬਨ ਢਾਈ-ਢਾਈ ਮਹੀਨੇ ਦੇ ਵਕਫ਼ੇ 'ਤੇ ਦੋ ਵਾਰ ਅੱਗੇ ਪਾਈ ਜਾ ਚੁੱਕੀ ਹੈ।

ਐਡਵੋਕੇਟ ਹਰਨਾਮ ਸਿੰਘ ਭੁੱਲਰ ਮੁਤਾਬਕ ਬੀਤੀ 11 ਨਵੰਬਰ ਵਾਲੀ ਸੁਣਵਾਈ ਮੌਕੇ ਮੁਰੁਗਨ ਕੇਸ ਦੇ ਹਵਾਲੇ ਨਾਲ ਹੀ ਹਾਈਕੋਰਟ ਨੇ ਸੁਣਵਾਈ 9 ਫਰਵਰੀ 2015 ਤੱਕ ਅੱਗੇ ਪਾ ਦਿੱਤੀ। ਇਸ ਦੌਰਾਨ ਚੀਫ ਜਸਟਿਸ ਆਫ਼ ਇੰਡੀਆ ਦੀ ਅਗਵਾਈ ਹੇਠ ਉਕਤ ਕੋਰਮ ਵਾਲਾ ਸੰਵਿਧਾਨਕ ਬੈਂਚ ਮੁੜ ਬੈਠਣ ਦੀ ਉਮੀਦ ਕੀਤੀ ਜਾ ਰਹੀ ਸੀ, ਪਰ ਹਾਲੇ ਤੱਕ ਅਜਿਹਾ ਸੰਭਵ ਨਹੀਂ ਹੋ ਸਕਿਆ। ਹੁਣ ਹਾਲੀਆ ਸੁਣਵਾਈ ਮੌਕੇ ਪੰਜਾਬ ਤੇ ਹਰਿਆਣਾ ਹਾਈਕੋਰਟ ਜਸਟਿਸ ਆਸ਼ੂਤੋਸ਼ ਮੋਹੰਤਾ ਤੇ ਜਸਟਿਸ ਰਾਜ ਰਾਹੁਲ ਗਰਗ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਵੱਲੋਂ ਯੂ.ਟੀ. ਦੇ ਸਰਕਾਰੀ ਵਕੀਲ ਦੀ ਅਪੀਲ 'ਤੇ ਇਨ੍ਹਾਂ ਪਟੀਸ਼ਨਾਂ ਉਤੇ ਸੁਣਵਾਈ ਆਉਂਦੀ 20 ਮਾਰਚ ਤੱਕ ਅੱਗੇ ਪਾ ਦਿੱਤੀ ਗਈ ਹੈ।

# ਸਿੱਖ ਕਤਲੇਆਮ ਜਾਂਚ ਲਈ ਵਿਸ਼ੇਸ਼ ਟੀਮ ਕਾਇਮ




**ਨਵੀਂ ਦਿੱਲੀ:** ਸਰਕਾਰ ਨੇ ਦਿੱਲੀ ਤੇ ਹੋਰ ਰਾਜਾਂ ਵਿਚ 1984 ਦੇ ਸਿੱਖ ਕਤਲ-ਏ-ਆਮ ਦੀ ਨਵੀਂ ਜਾਂਚ ਟੀਮ (ਐਸ.ਆਈ.ਟੀ.) ਬਣਾ ਦਿੱਤੀ ਹੈ। ਸੂਤਰਾਂ ਅਨੁਸਾਰ ਇਸ ਟੀਮ ਨੂੰ ਬਣਾਉਣ ਦਾ ਹੁਕਮ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤਾ ਗਿਆ। ਇਹ ਟੀਮ ਛੇ ਮਹੀਨਿਆਂ ਵਿਚ ਆਪਣੀ ਰਿਪੋਰਟ ਦੇਵੇਗੀ। ਟੀਮ ਦੇ ਮੁਖੀ ਸ੍ਰੀ ਅਸਥਾਨਾ 1986 ਬੈਚ ਦੇ ਮਨੀਪੁਰ-ਤ੍ਰਿਪੁਰਾ ਕੇਡਰ ਨਾਲ ਸਬੰਧਤ ਹਨ। ਦਿੱਲੀ ਪੁਲਿਸ ਦੇ ਏ.ਡੀ.ਸੀ. ਕੁਮਾਰ ਗਿਆਨੇਸ਼ ਤੇ ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਕੇਸ਼ ਕਪੂਰ ਦੂਜੇ ਦੋ ਮੈਂਬਰ ਹਨ।

ਵਿਸ਼ੇਸ਼ ਜਾਂਚ ਟੀਮ ਦਾ ਗਠਨ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਜੀ.ਪੀ. ਮਾਥੁਰ ਦੀ ਅਗਵਾਈ ਵਾਲੀ ਕਮੇਟੀ ਦੀ ਸਿਫਾਰਸ਼ ਮਗਰੋਂ ਕੀਤਾ ਹੈ। ਇਸ ਕਮੇਟੀ ਦਾ ਗਠਨ 1984 ਦੇ ਕਤਲ-ਏ-ਆਮ ਮਾਮਲਿਆਂ ਦੀ ਮੁੜ ਤੋਂ ਜਾਂਚ ਦੀ ਸੰਭਾਵਨਾ ਉਪਰ ਗੌਰ ਕਰਨ ਲਈ ਕੀਤਾ ਗਿਆ ਸੀ। ਇਸ ਕਮੇਟੀ ਨੇ ਪਿਛਲੇ ਮਹੀਨੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਆਪਣੀ ਰਿਪੋਰਟ ਸੌਂਪੀ ਸੀ। ਇਸ ਵਿਚ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ 31 ਅਕਤੂਬਰ 1984 ਨੂੰ ਹੋਈ ਹੱਤਿਆ ਮਗਰੋਂ ਭੜਕੇ ਦੰਗਿਆਂ ਦੀ ਨਵੇਂ ਸਿਰੇ ਤੋਂ ਜਾਂਚ ਕਰਾਉਣ ਦੀ ਸਿਫਾਰਸ਼ ਕੀਤੀ ਗਈ ਸੀ। ਇਸ ਕਤਲ-ਏ-ਆਮ ਵਿਚ 3325 ਮੌਤਾਂ ਹੋਈਆਂ ਸਨ। ਦਿੱਲੀ ਵਿਚ 2733 ਸਿੱਖਾਂ ਦਾ ਕਤਲ ਕੀਤਾ ਗਿਆ ਤੇ ਬਾਕੀ ਕਤਲ ਉੱਤਰ ਪ੍ਰਦੇਸ਼, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਹੋਰ ਰਾਜਾਂ ਵਿਚ ਹੋਏ ਸਨ। ਭਾਜਪਾ ਪਹਿਲਾਂ ਵੀ ਸਾਰੇ ਸਿੱਖ ਵਿਰੋਧੀ ਦੰਗਿਆਂ ਦੀ ਮੁੜ ਤੋਂ ਜਾਂਚ ਕਰਾਉਣ ਦੀ ਮੰਗ ਕਰ ਚੁੱਕੀ ਹੈ। ਜਸਟਿਸ ਨਾਨਾਵਤੀ ਕਮਿਸ਼ਨ ਨੇ ਪੁਲਿਸ ਵੱਲੋਂ ਬੰਦ ਕੀਤੇ ਗਏ 241 ਮਾਮਲਿਆਂ ਵਿਚੋਂ ਸਿਰਫ਼ ਚਾਰ ਨੂੰ ਮੁੜ ਤੋਂ ਖੋਲ੍ਹਣ ਦੀ ਸਿਫਾਰਸ਼ ਕੀਤੀ ਸੀ, ਪਰ ਭਾਜਪਾ ਚਾਹੁੰਦੀ ਹੈ ਕਿ ਸਾਰੇ 237 ਮਾਮਲਿਆਂ ਦੀ ਜਾਂਚ ਕਰਵਾਈ ਜਾਵੇ। ਹਾਲੇ ਤੱਕ ਇਹ ਸਪੱਸ਼ਟ ਨਹੀਂ ਹੋਇਆ ਕਿ ਜਸਟਿਸ ਮਾਥੁਰ ਕਮੇਟੀ ਨੇ ਸਿੱਖ ਕਤਲ-ਏ-ਆਮ ਦੇ ਕਿੰਨੇ ਮਾਮਲੇ ਮੁੜ ਤੋਂ ਖੋਲ੍ਹਣ ਦੀ ਸਿਫਾਰਸ਼ ਕੀਤੀ ਹੈ।

## ਦਿੱਲੀ ਗੁਰਦੁਆਰਾ ਕਮੇਟੀ ਵਲੋਂ ਸਵਾਗਤ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ 1984 ਸਿੱਖ ਕਤਲੇਆਮ ਦੇ ਮੁਕੱਦਮਿਆਂ ਦੀ ਜਾਂਚ ਲਈ ਐਸ.ਆਈ.ਟੀ. ਬਣਾਉਣ ਦੇ ਫੈਸਲੇ ਦਾ ਦਿੱਲੀ ਗੁਰਦੁਆਰਾ ਕਮੇਟੀ ਨੇ ਸਵਾਗਤ ਕੀਤਾ ਹੈ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਇਕ ਹਫਤੇ ਵਿਚ ਐਸ.ਆਈ.ਟੀ. ਬਣਨ ਦੀਆਂ ਮੀਡੀਆ ਵਿਚ ਆ ਰਹੀਆਂ ਖ਼ਬਰਾਂ 'ਤੇ ਆਪਣਾ ਪ੍ਰਤੀਕ੍ਰਮ ਦਿੰਦੇ ਹੋਏ ਕਿਹਾ ਕਿ ਅਕਾਲੀ ਦਲ ਬਾਦਲ ਨੇ ਇਸ ਮਸਲੇ 'ਤੇ ਬੜੀ ਲੰਬੀ ਲੜਾਈ ਲੜੀ ਹੈ ਪਰ ਕਾਂਗਰਸ ਸਰਕਾਰ ਦੇ ਹੁੰਦਿਆਂ ਇਹ ਮਸਲਾ ਕਦੇ ਵੀ ਹੱਲ ਹੋਣ ਦੇ ਕਰੀਬ ਨਹੀਂ ਪੁੱਜ ਸਕਿਆ ਸੀ। ਮੌਜੂਦਾ ਭਾਰਤ ਸਰਕਾਰ ਨੇ ਇਸ ਵਿਸ਼ੇ 'ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਮੰਗਾਂ ਨੂੰ ਪੂਰੀ ਤਵੱਜੋ ਦਿੱਤੀ ਹੈ। ਉਨ੍ਹਾਂ ਇਸ ਫੈਸਲੇ ਵਾਸਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਗ੍ਰਹਿ ਮੰਤਰੀ ਰਾਜਨਾਥ ਸਿੰਘ ਤੇ ਖ਼ਜ਼ਾਨਾ ਮੰਤਰੀ ਅਰੁਣ ਜੇਤਲੀ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਐਸ.ਆਈ.ਟੀ. ਬਣਨ ਨਾਲ ਕਾਂਗਰਸੀ ਆਗੂਆਂ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਨੂੰ ਸਜ਼ਾਵਾਂ ਮਿਲਣ ਸਮੇਤ ਕਤਲੇਆਮ ਦੇ ਸਮੂਹ ਪੀੜਤ ਪਰਿਵਾਰਾਂ ਨੂੰ ਇਨਸਾਫ ਮਿਲ ਸਕੇਗਾ।

# ਏਅਰ ਇੰਡੀਆ ਦੀ ਘਾਟੇ ਵੱਲ ਉਡਾਣ!

25 ਨਵੰਬਰ 2014 ਨੂੰ ਲੋਕ ਸਭਾ ਨੂੰ ਲਿਖਤੀ ਜੁਆਬ ਵਿਚ ਰਾਜ ਮੰਤਰੀ ਸ੍ਰੀ ਮਹੇਸ਼ ਸ਼ਰਮਾ ਨੇ ਜੋ ਏਅਰ ਇੰਡੀਆ ਬਾਰੇ ਬਿਆਨ ਦਿੱਤਾ, ਉਹ ਬੜਾ ਹੈਰਾਨ ਕਰਨ ਵਾਲਾ ਹੈ। ਉਨ੍ਹਾਂ ਅਨੁਸਾਰ ਏਅਰ ਇੰਡੀਆ ਰੋਜ਼ਾਨਾ 370 ਉਡਾਣਾਂ ਭਰਦੀ ਹੈ, ਜਿਨ੍ਹਾਂ ਵਿਚੋਂ 120 ਉਡਾਣਾਂ ਅੰਤਰਰਾਸ਼ਟਰੀ ਹਨ। ਇਨ੍ਹਾਂ ਵਿਚੋਂ ਕੇਵਲ 3 ਅੰਤਰਰਾਸ਼ਟਰੀ ਤੇ 6 ਰਾਸ਼ਟਰੀ ਉਡਾਣਾਂ ਲਾਭ ਕਮਾ ਰਹੀਆਂ ਹਨ ਤੇ ਬਾਕੀ 361 ਉਡਾਣਾਂ ਘਾਟੇ ਵਿਚ ਜਾ ਰਹੀਆਂ ਹਨ। ਤਿੰਨ ਅੰਤਰਰਾਸ਼ਟਰੀ ਉਡਾਣਾਂ ਕੋਚੀਨ-ਕੋਜ਼ੀਕੋਡਾ-ਜੱਦਾਅ, ਕੋਜ਼ੀਕੋਡਾ-ਸ਼ਾਰਜਾਹ ਅਤੇ ਕਲਕੱਤਾ-ਯਾਗੋਂਨ (ਰੰਗੂਨ) ਹੀ ਲਾਭ ਕਮਾ ਰਹੀਆਂ ਹਨ, ਬਾਕੀ ਯੂਰਪ, ਏਸ਼ੀਆ, ਅਮਰੀਕਾ ਦੀਆਂ ਸਭ ਉਡਾਣਾਂ ਘਾਟੇ ਵਿਚ ਹਨ।



ਡਾ. ਚਰਨਜੀਤ ਸਿੰਘ ਗੁਮਟਾਲਾ
ਡੇਅਟਨ, ਓਹਾਇਓ
ਫੋਨ: 937-573-9812

ਪਹਿਲੀ ਅਪਰੈਲ 2013 ਤੋਂ 31 ਮਾਰਚ 2014 ਨੂੰ ਖਤਮ ਹੋਏ ਸਾਲ ਵਿਚ ਏਅਰ ਇੰਡੀਆ ਦੇ 59 ਅੰਤਰ-ਰਾਸ਼ਟਰੀ ਰੂਟਾਂ ਵਿਚੋਂ 57 ਰੂਟ ਘਾਟੇ ਵਿਚ ਗਏ, ਜਿਨ੍ਹਾਂ ਦੇ ਘਾਟੇ ਦੀ ਰਕਮ 4273.35 ਕਰੋੜ ਰੁਪਏ ਬਣਦੀ ਹੈ। ਇਸ ਦੇ ਉਲਟ ਜੈਟ ਏਅਰਵੇਜ਼ ਦੀਆਂ ਅੰਤਰਰਾਸ਼ਟਰੀ ਉਡਾਣਾਂ ਲਾਭ ਕਮਾ ਰਹੀਆਂ ਹਨ ਪਰ ਏਅਰ ਇੰਡੀਆ ਦੀਆਂ 55 ਪ੍ਰਤੀਸ਼ਤ ਅੰਤਰਰਾਸ਼ਟਰੀ ਉਡਾਣਾਂ ਆਪਣੀ ਲਾਗਤ ਵੀ ਨਹੀਂ ਕੱਢ ਰਹੀਆਂ। ਜਿਹੜਾ ਘਾਟਾ ਏਅਰ ਇੰਡੀਆ ਨੂੰ ਪੈ ਰਿਹਾ ਹੈ, ਉਸ ਵਿਚੋਂ 80 ਪ੍ਰਤੀਸ਼ਤ ਵਿਦੇਸ਼ਾਂ ਨੂੰ ਜਾਣ ਵਾਲੀਆਂ ਉਡਾਣਾਂ ਕਰਕੇ ਹੈ ਤੇ ਕੇਵਲ 20 ਪ੍ਰਤੀਸ਼ਤ ਦੇਸ਼ ਵਿਚਲੀਆਂ ਉਡਾਣਾਂ ਕਰਕੇ ਹੈ।

ਕੁਲ 4273.35 ਕਰੋੜ ਰੁਪਏ ਘਾਟੇ ਵਿਚੋਂ 1080 ਕਰੋੜ ਰੁਪਏ ਦਾ ਘਾਟਾ ਕੇਵਲ ਤਿੰਨ ਉਡਾਣਾਂ ਕਰਕੇ ਹੈ। ਅਹਿਮਦਾਬਾਦ-ਮੁੰਬਈ-ਨਵਾਰਕ (ਅਮਰੀਕਾ) ਰੂਟ 470 ਕਰੋੜ ਘਾਟੇ ਵਿਚ ਸੀ ਜੋ ਸਭ ਤੋਂ ਵੱਧ ਘਾਟੇ ਵਾਲਾ ਰੂਟ ਸੀ ਤੇ ਇਥੇ ਯਾਤਰੂਆਂ ਦੀ ਔਸਤ 74.37% ਸੀ। ਮੁੰਬਈ-ਦਿੱਲੀ-ਨਿਊ ਯਾਰਕ ਰੂਟ 'ਤੇ ਯਾਤਰੂਆਂ ਦੀ ਔਸਤ 72.10% ਸੀ ਤੇ ਘਾਟਾ 350 ਕਰੋੜ ਰੁਪਏ ਸੀ। ਤੀਜਾ ਰੂਟ ਅਹਿਮਦਾਬਾਦ-ਮੁੰਬਈ-ਲੰਡਨ ਸੀ ਜਿਸ ਦਾ ਘਾਟਾ 260 ਕਰੋੜ ਰੁਪਏ ਸੀ ਤੇ ਯਾਤਰੂਆਂ ਦੀ ਔਸਤ 69.49% ਸੀ। ਬਾਕੀ ਦੇ 7 ਚੋਟੀ ਦੇ ਅੰਤਰਰਾਸ਼ਟਰੀ ਰੂਟ ਜੋ ਘਾਟੇ ਵਿਚ ਸਨ, ਉਨ੍ਹਾਂ ਵਿਚ ਸ਼ਾਮਲ ਸਨ, ਹੈਦਰਾਬਾਦ-ਦਿੱਲੀ-ਸ਼ਿਕਾਗੋ, ਘਾਟਾ 254 ਕਰੋੜ; ਅੰਮ੍ਰਿਤਸਰ-ਦਿੱਲੀ-ਲੰਡਨ (ਉਡਾਣ ਨੰਬਰ-112) ਘਾਟਾ 226 ਕਰੋੜ; ਦਿੱਲੀ-ਸਿਡਨੀ-ਮੈਲਬੌਰਨ, ਘਾਟਾ 183 ਕਰੋੜ; ਅੰਮ੍ਰਿਤਸਰ-ਦਿੱਲੀ-ਲੰਡਨ (ਉਡਾਣ ਨੰਬਰ-115/116) ਘਾਟਾ 154 ਕਰੋੜ; ਚੇਨੱਈ-ਦਿੱਲੀ-ਪੈਰਿਸ, ਘਾਟਾ 142 ਕਰੋੜ; ਮੁੰਬਈ-ਚੇਨੱਈ-ਸਿੰਗਾਪੁਰ ਘਾਟਾ, 136 ਕਰੋੜ ਅਤੇ ਮੁੰਬਈ-ਦਿੱਲੀ-ਸ਼ੰਘਾਈ, ਘਾਟਾ 123 ਕਰੋੜ ਰੁਪਏ। ਇਸ ਤਰ੍ਹਾਂ ਇਨ੍ਹਾਂ 10 ਰੂਟਾਂ ਦਾ ਘਾਟਾ 3299 ਕਰੋੜ ਤੋਂ ਉਪਰ ਬਣਦਾ ਹੈ। ਜੇ ਪਹਿਲੀਆਂ 3 ਉਡਾਣਾਂ ਬੰਦ ਕਰ ਦਿੱਤੀਆਂ ਜਾਣ ਤਾਂ ਇਸ ਨਾਲ 1080 ਕਰੋੜ (25.27%), ਪਹਿਲੀਆਂ 5 ਬੰਦ ਕਰਨ ਨਾਲ 1561 ਕਰੋੜ (36.5%) ਤੇ 10 ਬੰਦ ਕਰਨ ਨਾਲ 2299 ਕਰੋੜ (54%) ਭਾਵ ਅੱਧਾ ਘਾਟਾ ਘਟ ਸਕਦਾ ਹੈ।

1997 ਤੀਕ ਸ੍ਰੀ ਜੇ. ਆਰ. ਡੀ. ਟਾਟਾ ਚੇਅਰਮੈਨ ਸਨ ਤਾਂ ਏਅਰ ਇੰਡੀਆ ਦੁਨੀਆਂ ਦੀਆਂ ਚੋਟੀ ਦੀਆਂ 5 ਏਅਰਲਾਈਨਾਂ (ਫਾਈਵ ਸਟਾਰਸ) ਵਿਚੋਂ ਇਕ ਸੀ ਤੇ ਇਹ ਦੁਨੀਆਂ ਭਰ ਵਿਚ ਮਹਾਰਾਜਾ ਨਾਂ ਨਾਲ ਮਸ਼ਹੂਰ ਸੀ। ਇਸ ਦੇ ਆਪਣੇ ਹੋਟਲ ਸਨ। ਦੇਸ਼-ਵਿਦੇਸ਼ਾਂ ਵਿਚ ਜਾਇਦਾਦਾਂ ਸਨ। 1997 ਵਿਚ ਇਸ ਦੀ ਕਮਾਨ ਪੇਸ਼ੇਵਰ ਵਿਅਕਤੀਆਂ ਦੀ ਥਾਂ ਅਫ਼ਸਰਸ਼ਾਹੀ ਭਾਵ ਆਈ. ਏ. ਐਸ. ਅਫ਼ਸਰਾਂ ਹੱਥ ਆ ਗਈ, ਜਿਸ ਨਾਲ ਇਸ ਦੇ ਮਾੜੇ ਦਿਨ ਸ਼ੁਰੂ ਹੋ ਗਏ। ਇਸ ਸਮੇਂ ਏਅਰ ਇੰਡੀਆ 49,000 ਕਰੋੜ ਰੁਪਏ ਦੇ ਕਰਜ਼ੇ ਹੇਠ ਹੈ। ਇਸ ਤੋਂ ਇਸ ਆਰਥਕ ਸਿਹਤ ਦਾ ਪਤਾ ਲਗਦਾ ਹੈ।




ਸਭ ਤੋਂ ਮਾੜੀ ਗੱਲ ਇਹ ਹੋਈ ਕਿ 2007 ਵਿਚ ਏਅਰ ਇੰਡੀਆ ਤੇ ਇੰਡੀਅਨ ਏਅਰਲਾਈਨਜ਼ ਨੂੰ ਮਿਲਾ ਕੇ ਐਨ. ਏ. ਸੀ. ਆਈ. ਐਲ. (ਨੈਸ਼ਨਲ ਏਵੀਏਸ਼ਨ ਕੰਪਨੀ ਆਫ਼ ਇੰਡੀਆ ਲਿਮਿਟਿਡ) ਬਣਾ ਦਿੱਤੀ ਗਈ, ਜਿਸ ਨਾਲ ਇਹ ਹਵਾਈ ਕੰਪਨੀ ਘਾਟੇ ਵਿਚ ਜਾਣ ਲੱਗੀ। ਇਸ ਮਿਲਾਪ ਤੋਂ ਪਹਿਲਾਂ 31 ਮਾਰਚ 2007 ਤੀਕ ਏਅਰ ਇੰਡੀਆ ਨੇ ਲਾਭ ਕਮਾਇਆ। ਇੰਡੀਅਨ ਏਅਰਲਾਈਨਜ਼ ਨੇ ਵੀ 2001 ਤੋਂ 2007 ਵਿਚਲੇ 6 ਸਾਲਾਂ ਵਿਚੋਂ 3 ਸਾਲ ਲਾਭ ਕਮਾਇਆ। ਘਾਟਾ ਇਸ ਲਈ ਪਿਆ ਕਿ ਦੋਵਾਂ ਕੰਪਨੀਆਂ ਦੇ ਮਿਲਾਉਣ ਦੇ ਬਾਅਦ ਇਨ੍ਹਾਂ ਦੇ 80 ਰੂਟ ਪ੍ਰਾਈਵੇਟ ਕੰਪਨੀਆਂ ਨੂੰ ਦਿੱਤੇ ਗਏ, ਜਿਨ੍ਹਾਂ ਵਿਚੋਂ ਬਹੁਤੇ ਲਾਭ ਕਮਾ ਰਹੇ ਸਨ। ਕਈ ਲਾਭ ਵਾਲੇ ਰੂਟ ਬੰਦ ਕਰਕੇ ਘਾਟੇ ਵਾਲੇ ਰੂਟਾਂ



'ਤੇ ਜਹਾਜ ਚਲਾਏ ਗਏ। ਇੰਜ ਏਅਰ ਇੰਡੀਆ ਦੀ ਕੀਮਤ 'ਤੇ ਪ੍ਰਾਈਵੇਟ ਕੰਪਨੀਆਂ ਨੂੰ ਲਾਭ ਪਹੁੰਚਾਇਆ ਗਿਆ। ਸਿੰਗਾਪੁਰ ਲਈ 16 ਉਡਾਣਾਂ ਏਅਰ ਇੰਡੀਆ ਅਤੇ 16 ਹੀ ਇੰਡੀਅਨ ਏਅਰਲਾਈਨਜ਼ ਦੀਆਂ ਸਨ। ਏਕੀਕਰਨ ਪਿਛੋਂ 32 ਵਿਚੋਂ 16 ਲਾਹੇਵੰਦ ਰੂਟ ਕਿੰਗਫਿਸ਼ਰ ਨੂੰ ਦੇ ਦਿੱਤੇ ਗਏ। ਏਅਰ ਇੰਡੀਆ ਪਾਸ ਕੇਵਲ 16 ਉਡਾਣਾਂ ਰਹਿ ਗਈਆਂ। ਕਿੰਗਫਿਸ਼ਰ ਨੂੰ ਏਅਰ ਇੰਡੀਆ ਦੀ ਕੀਮਤ 'ਤੇ ਲਾਭ ਪਹੁੰਚਾਉਣ ਦੀਆਂ ਹੋਰ ਬਹੁਤ ਸਾਰੀਆਂ ਮਿਸਾਲਾਂ ਹਨ।

ਕੈਗ ਅਨੁਸਾਰ ਘਾਟੇ ਦਾ ਦੂਜਾ ਵੱਡਾ ਕਾਰਨ ਏਅਰ ਇੰਡੀਆ ਵਲੋਂ 2005 ਵਿਚ 68 ਬੋਇੰਗ ਜਹਾਜ ਖਰੀਦਣ ਦਾ ਫੈਸਲਾ ਗਲਤ ਸੀ। ਇਹ ਰਿਪੋਰਟ 9 ਸਤੰਬਰ 2011 ਨੂੰ ਪਾਰਲੀਮੈਂਟ ਵਿਚ ਪੇਸ਼ ਕੀਤੀ ਗਈ। ਇਸ ਨਾਲ ਏਅਰ ਇੰਡੀਆ 40,000 ਕਰੋੜ ਰੁਪਏ ਦੇ ਕਰਜ਼ੇ ਥੱਲੇ ਆ ਗਈ ਜਿੱਥੋਂ ਉਹ ਅਜੇ ਉਠ ਨਹੀਂ ਸਕੀ। ਇਸ ਨੂੰ ਦਿਵਾਲੀਆ ਹੋਣ ਤੋਂ ਬਚਾਉਣ ਲਈ ਪਿਛਲੀ ਸਰਕਾਰ ਨੇ ਇਸ ਨੂੰ 2020 ਤੀਕ 30,231 ਕਰੋੜ ਰੁਪਏ ਦੇਣ ਦਾ ਵਾਅਦਾ ਕੀਤਾ ਸੀ। 31 ਜਨਵਰੀ 2014 ਤੀਕ ਇਸ ਨੂੰ 12,200 ਕਰੋੜ ਰੁਪਏ ਦਿੱਤੇ ਗਏ ਪਰ ਇਸ ਦੀ ਹਾਲਤ ਸੁਧਰ ਨਹੀਂ ਰਹੀ।

ਕੁਝ ਲੋਕਾਂ ਦਾ ਕਹਿਣਾ ਹੈ ਕਿ ਇਸ ਨੂੰ ਪ੍ਰਾਈਵੇਟ ਹੱਥਾਂ ਵਿਚ ਦੇ ਦਿੱਤਾ ਜਾਵੇ। ਪਰ ਇਹ ਇਸ ਦਾ ਬਦਲ ਨਹੀਂ। ਭਾਰਤ ਦੀਆਂ ਕਈ ਪ੍ਰਾਈਵੇਟ ਕੰਪਨੀਆਂ ਜਿਵੇਂ ਕਿੰਗਫਿਸ਼ਰ, ਏਅਰ ਦਖਨ, ਏਅਰ ਸਹਾਰਾ ਬੁਰੀ ਤਰ੍ਹਾਂ ਫੇਲ੍ਹ ਹੋਈਆਂ। ਦੁਨੀਆਂ ਦੀ ਸਭ ਤੋਂ ਪ੍ਰਸਿੱਧ ਪੈਨ ਐਮ 20 ਸਾਲ ਪਹਿਲਾਂ ਦੁਆਲੀਆ ਹੋ ਕੇ ਬੰਦ ਹੋ ਗਈ। ਇਸ ਦੇ ਟਾਕਰੇ 'ਤੇ ਸਿੰਗਾਪੁਰ ਏਅਰਲਾਈਨਜ਼ ਤੇ ਕਈ ਹੋਰ ਸਰਕਾਰੀ ਹਵਾਈ ਕੰਪਨੀਆਂ ਲਾਭ ਕਮਾ ਰਹੀਆਂ ਹਨ। ਇਕ ਸੁਝਾਅ ਆਇਆ ਹੈ ਕਿ ਇਸ ਦੇ ਸ਼ੇਅਰ ਏਅਰ ਇੰਡੀਆ ਦੇ ਕਰਮਚਾਰੀਆਂ ਅਤੇ ਲੋਕਾਂ ਨੂੰ ਜਾਰੀ ਕੀਤੇ ਜਾਣ ਤਾਂ ਇਸ ਨਾਲ ਅੱਧ ਪਚੱਧੀ ਏਅਰ ਇੰਡੀਆ ਪ੍ਰਾਈਵੇਟ ਹੋ ਜਾਵੇਗੀ ਤੇ ਇਸ ਨਾਲ ਸੁਧਾਰ ਵੀ ਆਵੇਗਾ।

ਸਭ ਤੋਂ ਜ਼ਰੂਰੀ ਹੈ ਕਿ ਏਅਰ ਇੰਡੀਆ ਦਾ ਚੇਅਰਮੈਨ ਤੇ ਪ੍ਰਬੰਧਕੀ ਬੋਰਡ ਦੇ ਮੈਂਬਰ ਟਾਟਾ ਵਰਗੇ ਇਸ ਪੇਸ਼ੇ ਨਾਲ ਜੁੜੇ ਵਿਅਕਤੀ ਲਏ ਜਾਣ। ਪ੍ਰਧਾਨ ਮੰਤਰੀ ਤੇ ਮੰਤਰੀਆਂ ਦਾ ਇਸ ਦੇ ਕੰਮ ਕਾਜ ਵਿਚ ਦਖਲ ਬਿਲਕੁਲ ਬੰਦ ਕੀਤਾ ਜਾਵੇ। ਜਪਾਨ ਏਅਰ ਲਾਈਨਜ਼ ਦੀ ਉਦਾਹਰਣ ਸਾਡੇ ਸਾਹਮਣੇ ਹੈ। ਇਸ ਏਅਰ ਲਾਈਨਜ਼ ਨੇ 1,28,000 ਕਰੋੜ ਰੁਪਏ ਦੇ ਕਰਜ਼ੇ ਕਾਰਨ ਦਿਵਾਲੀਆਪਣ ਦਾ ਕੇਸ ਪਾਇਆ ਸੀ ਪਰ ਇਕ ਸੁਝਵਾਨ ਵਪਾਰੀ ਨੂੰ ਇਸ ਦਾ ਚੇਅਰਮੈਨ ਲਾਇਆ ਗਿਆ, ਜਿਸ ਨੇ 9 ਮਹੀਨੇ ਵਿਚ ਹੀ ਇਸ ਨੂੰ ਲਾਭ ਕਮਾਉਣ ਵਾਲੀ ਕੰਪਨੀ ਬਣਾ ਦਿੱਤਾ। ਭਾਰਤ ਵਿਚ ਸਤਿਅਮ ਕੰਪਿਊਟਰਜ਼ ਸਿਸਟਮ ਜੋ ਕਿ ਵੱਡੇ ਘਪਲੇ ਦਾ ਸ਼ਿਕਾਰ ਸੀ, ਨੂੰ ਟੈਕ ਮਹਿੰਦਰਾ ਨੇ ਆਪਣੇ ਹੱਥ ਲੈ ਕੇ ਮਹਿੰਦਰਾ ਸਤਿਅਮ ਦੇ ਨਾਂ ਹੇਠ ਚਲਾ ਕੇ 2009-10 ਦੇ ਪਹਿਲੇ 6 ਮਹੀਨਿਆਂ 'ਚ 2500 ਕਰੋੜ ਲਾਭ ਕਮਾਇਆ ਜਦ ਕਿ ਇਹ ਕੰਪਨੀ 2008-09 ਵਿਚ 10 ਹਜ਼ਾਰ ਕਰੋੜ ਰੁਪਏ ਦੇ ਘਾਟੇ ਵਿਚ ਸੀ।

ਦੂਜਾ ਬਦਲ ਇਹ ਹੈ ਕਿ ਸ੍ਰੀ ਲੰਕਾ ਵਾਂਗ ਏਅਰ ਇੰਡੀਆ ਨੂੰ ਕਿਸੇ ਦੂਜੀ ਏਅਰ ਲਾਈਨ ਦੇ ਕੰਟਰੋਲ ਹੇਠ ਦੇ ਦਿੱਤਾ ਜਾਵੇ। 1998 ਵਿਚ ਸ੍ਰੀ ਲੰਕਾ ਸਰਕਾਰ ਨੇ ਦੁਬਈ ਦੀ ਏਮੀਰੇਟਸ ਏਅਰ ਲਾਈਨਜ਼ ਨਾਲ ਸਮਝੌਤਾ ਕਰਕੇ ਸ੍ਰੀ ਲੰਕਨ ਏਅਰਲਾਈਨਜ਼ ਨੂੰ 10 ਸਾਲ ਲਈ ਚਲਾਉਣ ਲਈ ਦੇ ਦਿੱਤਾ। ਏਮੀਰੇਟਸ ਨੇ 40 ਪ੍ਰਤੀਸ਼ਤ ਸ਼ੇਅਰ ਜੋ ਬਾਅਦ ਵਿਚ 43.6 ਪ੍ਰਤੀਸ਼ਤ ਕਰ ਦਿੱਤੇ ਗਏ, ਖਰੀਦੇ। 2008 ਵਿਚ ਇਹ ਮੁੜ ਸ੍ਰੀ ਲੰਕਾ ਸਰਕਾਰ ਦੇ ਅਧੀਨ ਆ ਗਈ। ਹੁਣ ਇਹ ਏਅਰ ਲਾਈਨ ਬਹੁਤ ਵਧੀਆ ਚੱਲ ਰਹੀ ਹੈ। ਸ੍ਰੀ ਲੰਕਾ ਸਰਕਾਰ ਨੇ ਸ਼ੇਅਰ ਵੀ ਮੁੜ ਵਾਪਸ ਖਰੀਦ ਲਏ ਹਨ। ਭਾਰਤ ਸਰਕਾਰ ਵੀ ਇਸੇ ਤਰ੍ਹਾਂ 10 ਸਾਲ ਏਅਰ ਇੰਡੀਆ ਕਿਸੇ ਹੋਰ ਏਅਰ ਲਾਈਨ ਨੂੰ ਦੇ ਕੇ ਇਸ ਦੇ ਸੰਕਟ ਵਿਚੋਂ ਨਿਕਲ ਸਕਦੀ ਹੈ।

ਸੀਨੀਅਰ ਕਾਂਗਰਸੀ ਐਮ. ਪੀ. ਸ੍ਰੀ ਵੀ. ਕਿਸ਼ੋਰ ਚੰਦਰਾ ਦੀ ਪ੍ਰਧਾਨਗੀ ਹੇਠ ਇਕ ਪਾਰਲੀਮੈਂਟ ਕਮੇਟੀ ਬਣੀ ਸੀ ਜਿਸ ਨੇ 12 ਮਾਰਚ 2010 ਨੂੰ ਆਪਣੀ ਰਿਪੋਰਟ ਪੇਸ਼ ਕੀਤੀ। ਕਾਮਰੇਡ ਸੀਤਾ ਰਾਮ ਯੈਚੁਰੀ ਦੀ ਅਗਵਾਈ ਵਿਚ ਬਣੀ ਇਕ 31 ਮੈਂਬਰੀ ਪਾਰਲੀਮੈਂਟ ਸਟੈਂਡਿੰਗ ਕਮੇਟੀ ਨੇ ਇਸ ਕਮੇਟੀ ਦੀ ਰਿਪੋਰਟ ਦੀਆਂ ਦਲੀਲਾਂ ਤੇ ਸਿਫਾਰਸ਼ਾਂ ਦੀ ਪ੍ਰੋੜ੍ਹਤਾ ਕੀਤੀ ਸੀ। ਇਸ ਕਮੇਟੀ ਨੇ ਸਰਕਾਰ ਨੂੰ ਸੁਝਾਅ ਦਿੱਤੇ ਸਨ ਕਿ ਜਿੱਥੇ ਰੂਟ ਤਰਕਸੰਗਤ ਕੀਤੇ ਜਾਣ, ਉਥੇ ਜਿਹੜੇ ਅਧਿਕਾਰੀ ਇਸ ਘਾਟੇ ਲਈ ਜ਼ਿੰਮੇਵਾਰ ਹਨ, ਉਨ੍ਹਾਂ ਵਿਰੁਧ ਕਾਰਵਾਈ ਕੀਤੀ ਜਾਵੇ। ਏਅਰ ਇੰਡੀਆ ਦੀਆਂ ਦੋ ਯੂਨੀਅਨਾਂ ਨੇ ਪਿਛਲੇ ਸਾਲ ਅਗਸਤ ਵਿਚ ਪ੍ਰਧਾਨ ਮੰਤਰੀ ਨੂੰ ਏਅਰ ਇੰਡੀਆ ਦੇ ਘਾਟੇ ਦੀ ਸੀ. ਬੀ. ਆਈ. ਤੋਂ ਪੜਤਾਲ ਕਰਾਉਣ ਦੀ ਮੰਗ ਕੀਤੀ ਹੈ।

ਉਪਰੋਕਤ ਸੁਝਾਵਾਂ ਨੂੰ ਧਿਆਨ ਵਿਚ ਰਖ ਕੇ ਏਅਰ ਇੰਡੀਆ ਦੇ ਚੰਗੇ ਦਿਨ ਆ ਸਕਦੇ ਹਨ, ਜਿਸ ਦਾ ਵਾਅਦਾ ਪ੍ਰਧਾਨ ਮੰਤਰੀ ਨੇ ਚੋਣਾਂ ਤੋਂ ਪਹਿਲਾਂ ਕੀਤਾ ਸੀ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਇਹ ਧਰਤੀ ਹੈ ਦਿਲਦਾਰਾਂ ਦੀ...

## ਬਜ਼ੁਰਗ ਸ਼ਾਇਰ ਮੁਲਖ ਰਾਜ ਨਾਲ ਮੁਲਾਕਾਤ

ਬਜ਼ੁਰਗ ਕਾਮਰੇਡ ਮੁਲਖ ਰਾਜ ਆਪਣੀ ਬੁਲੰਦ ਆਵਾਜ਼ ਤੇ ਨਿਡੱਰ ਕਲਮ ਨਾਲ ਮਿਹਨਤਕਸ਼ਾਂ ਲਈ ਪਹਿਰੇਦਾਰੀ ਕਰਦੇ ਆ ਰਹੇ ਹਨ। ਉਨ੍ਹਾਂ ਦਾ ਜਨਮ ਸਾਂਝੇ ਪੰਜਾਬ ਦੇ ਪਿੰਡ ਮਲਕਪੁਰ (ਤਹਿਸੀਲ ਸ਼ੱਕਰਗੜ੍ਹ, ਹੁਣ ਪਾਕਿਸਤਾਨ ਵਿਚ) ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ। ਉਨ੍ਹਾਂ ਦਾ ਵਿਆਹ 1945 ਵਿਚ ਲਾਜਵੰਤੀ ਨਾਲ ਹੋਇਆ। ਵਟਣਾ ਮਲਦੀਆਂ ਔਰਤਾਂ ਨੇ ਬੇਬੇ ਨੂੰ ਮਖੌਲ ਕੀਤਾ, "ਨੀ ਧੰਨੀਏ, ਮੁੰਡਾ ਤੇਰਾ ਹਾਲੇ ਜੁਆਕ ਜਿਹਾ ਏ!" ਬੇਬੇ ਨੇ ਫਖਰ ਨਾਲ ਕਿਹਾ, "ਸੁੱਖ ਨਾਲ ਅੱਸੂ ਦੇ ਨਰਾਤਿਆਂ ਵਿਚ 20ਵਾਂ ਵਰ੍ਹਾ ਲੱਗਿਆ ਮੇਰੇ ਮੁਲਖੇ ਨੂੰ।" ਇਸ ਹਿਸਾਬ ਨਾਲ ਹਿਸਾਬ ਲਾ ਕੇ ਉਨ੍ਹਾਂ ਦਾ ਜਨਮ 1925 ਦਾ ਬਣਿਆ। ਉਨ੍ਹਾਂ ਨਾਲ ਸਾਹਿਤ ਅਤੇ ਸਮਾਜ ਬਾਰੇ ਬੜੀਆਂ ਦਿਲਚਸਪ

**ਧਰਮ ਸਿੰਘ ਗੋਰਾਇਆ**
**ਫੋਨ: 301-653-7029**

ਗੱਲਾਂ ਹੋਈਆਂ ਜਿਨ੍ਹਾਂ ਵਿਚੋਂ ਕੁਝ ਖਾਸ ਇਉਂ ਹਨ:

**ਸੁਆਲ: ਪੜ੍ਹਾਈ ਬਾਰੇ ਦੱਸੋ?**

**ਜੁਆਬ:** ਕੋਰਾ ਅਨਪੜ੍ਹ ਹਾਂ, ਕਿਰਤੀ ਤੇ ਦਿਹਾੜੀਦਾਰ ਮਨੁੱਖ; ਪਰ ਜ਼ਿੰਦਗੀ ਤੇ ਆਮ ਲੋਕਾਂ ਦੀਆਂ ਮਜਬੂਰੀਆਂ ਨੂੰ ਬਹੁਤ ਨੇੜੇ ਹੋ ਕੇ ਵੇਖਿਆ ਤੇ ਪੜ੍ਹਿਆ ਹੈ।

**ਸੁਆਲ: ਜ਼ਿੰਦਗੀ ਦੀ ਮੁਹਾਰ ਅਗਾਂਹਵਧੂ ਕਮਿਊਨਿਸਟ ਵਿਚਾਰਧਾਰਾ ਵੱਲ ਕਿਵੇਂ ਮੁੜੀ?**

**ਜੁਆਬ:** ਗੁਰਦਾਸਪੁਰ ਲਾਗੇ ਪਿੰਡ ਬੱਬਰੀ, ਮੇਰੀ ਸਾਲੀ ਦੀ ਸ਼ਾਦੀ 1945 ਵਿਚ ਹੋਈ। ਉਥੇ ਕਾਮਰੇਡ ਬਖਸ਼ੀਸ਼ ਸਿੰਘ ਨਾਲ ਮੁਲਾਕਾਤ ਹੋਈ। ਇਸ ਮੁਲਾਕਾਤ ਦਾ ਮੇਰੇ ਉਪਰ ਬਹੁਤ ਗਹਿਰਾ ਪ੍ਰਭਾਵ ਪਿਆ। ਪਾਰਟੀ ਦੇ ਦੂਰ-ਦਰਾਜ ਦੇ ਸਮਾਗਮਾਂ ਵਿਚ ਆਉਣ-ਜਾਣ ਸ਼ੁਰੂ ਹੋ ਗਿਆ। 1949 ਵਿਚ ਗੁਰਦਾਸਪੁਰ ਵਿਚ ਪਾਰਟੀ ਦਾ ਵੱਡਾ ਜਲਸਾ ਹੋਇਆ ਜਿਥੇ ਮੈਂ ਕਿਸੇ ਦਾ ਲਿਖਿਆ ਇਨਕਲਾਬੀ ਗੀਤ ਝਕਦੇ-ਝਕਦੇ ਬੋਲਿਆ। ਮੇਰੀ ਟੁਣਕਵੀਂ ਆਵਾਜ਼ ਲੋਕਾਂ ਨੇ ਬਹੁਤ ਪਸੰਦ ਕੀਤੀ। ਇਨ੍ਹਾਂ ਸਮਿਆਂ ਵਿਚ ਮੁਜਾਰਾ ਲਹਿਰ ਵੀ ਜ਼ੋਰ-ਸ਼ੋਰ ਨਾਲ ਚੱਲ ਰਹੀ ਸੀ। ਜਲਸੇ ਜਲੂਸਾਂ ਵਿਚ ਲੋਕਾਂ ਨੂੰ ਬੰਨ੍ਹ ਕੇ ਰੱਖਣ ਲਈ ਪਾਰਟੀ ਨੂੰ ਚੰਗੀ ਆਵਾਜ਼ ਵਾਲੇ ਕਲਾਕਾਰਾਂ ਦੀ ਜ਼ਰੂਰਤ ਸੀ। ਸ਼ੁਰੂ ਵਿਚ ਇਹ ਘਾਟ ਡੇਰਾ ਬਾਬਾ ਨਾਨਕ ਦੇ ਜਸਵੰਤ ਸਿੰਘ ਰਾਹੀ, ਦਲੀਪ ਸਿੰਘ ਸ਼ਿਕਾਰ ਮਾਛੀਆ ਅਤੇ ਅਮਰਜੀਤ ਗੁਰਦਾਸਪੁਰੀ ਨੇ ਪੂਰੀ ਕੀਤੀ, ਫਿਰ ਮੇਰੀ ਵਾਰੀ ਆ ਗਈ।

**ਸੁਆਲ: ਪਹਿਲਾ ਲਿਖਿਆ ਗੀਤ ਕਿਹੜਾ ਸੀ?**

**ਜੁਆਬ:** 1947 ਵਿਚ ਅੰਗਰੇਜ਼ ਸਾਮਰਾਜ ਦੇਸ਼ ਦੇ ਟੋਟੇ ਕਰਨ ਦੇ ਨਾਲ-ਨਾਲ ਰਾਜ, ਆਮ ਲੋਕਾਂ ਦੀ ਬਜਾਇ ਸਰਮਾਏਦਾਰਾਂ ਦੇ ਹੱਥ ਦੇ ਗਿਆ। ਇਹੀ ਸਰਮਾਏਦਾਰ 1951-52 ਵਿਚ ਪਹਿਲੀਆਂ ਸੰਸਦੀ ਅਤੇ ਵਿਧਾਨ ਸਭਾ ਚੋਣਾਂ ਕਰਵਾ ਕੇ ਸਰਮਾਏਦਾਰੀ ਰਾਜ 'ਤੇ ਮੋਹਰ ਲਗਵਾਉਣਾ ਚਾਹੁੰਦੇ ਸਨ। ਲੋਕ ਰਾਜ ਲਈ ਲੋਕਾਂ ਨੂੰ ਜਾਗਰੂਕ ਅਤੇ ਲਾਮਬੰਦ ਕਰਨ ਲਈ ਪਾਰਟੀ ਵਲੋਂ ਜਲਸੇ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ। ਨਵੇਂ ਗੀਤਾਂ ਦੇ ਕੁਝ ਬੋਲ ਇਵੇਂ ਸਨ:

ਓ ਜੱਗੂ, ਓ ਫੱਗੂ
ਜਦੋਂ ਟੈਕਸ ਵਧਾਏ
ਇਨ੍ਹਾਂ ਦੇਸ਼ ਦਿਆਂ ਰਾਖਿਆਂ ਨੇ
ਵਟਣਾ ਚੜੂ ਤੇ ਪਤਾ ਲੱਗੂ।
ਓ ਜੱਗੂ, ਓ ਫੱਗੂ...
ਸੋਹਣੇ ਜਿਹੇ ਦੇਸ਼ ਮੇਰੇ ਰਾਂਗਲੇ ਪੰਜਾਬ ਵਿਚ
ਥਾਂ-ਥਾਂ ਉਤੇ ਹੋਈਆਂ ਨੇ ਬੇਕਾਰੀਆਂ।
ਕਾਰਖਾਨੇ ਵਿਚ ਮਜ਼ਦੂਰ ਰੋਂਦੇ ਮਾਲਕਾਂ ਨੂੰ
ਕੀਤੀ ਹੜਤਾਲ ਪਟਵਾਰੀਆਂ।
ਧੋਤੀ ਟੋਪੀ ਛੱਡੀ
ਨਾ ਕਮੀਜ਼ ਗਲ ਰਹਿਬਰਾਂ ਨੇ
ਸਿਰ ਉਤੇ ਛੱਡਿਆ ਨਾ ਪੱਗੂ...
ਓ ਜੱਗੂ! ਓ ਫੱਗੂ!

---

ਸੁਣ ਕੌਮੀ ਸਰਕਾਰੇ,
ਤੈਨੂੰ ਰੋਵਣ ਲੋਕੀਂ ਸਾਰੇ।
ਗੋਰੇ ਦੀ ਥਾਂ ਕਾਲਾ ਆਇਆ,
ਉਹ ਵੀ ਛੜੀਆਂ ਮਾਰੇ।

---

ਇਹ ਧਰਤੀ ਹੈ ਦਿਲਦਾਰਾਂ ਦੀ,
ਸਾਧ, ਫਕੀਰ, ਅਵਤਾਰਾਂ ਦੀ,
ਸਵਰਗ ਤੋਂ ਨਿੱਘੀ ਧਰਤੀ ਨੂੰ
ਤੁਸੀਂ ਨਰਕ ਬਣਾ ਕੇ ਕੀ ਲੈਣਾ।
ਬਸ ਰਹਿਣ ਦਿਓ ਫਰਮਾਨਾਂ ਨੂੰ
ਤੁਸੀਂ ਭੇੜ ਕਰਾ ਕੇ ਕੀ ਲੈਣਾ।
ਇਹ ਝਗੜੇ ਛੂਤ ਪਲੀਤਾਂ ਦੇ,
ਕਿਤੇ ਮੰਦਰ ਅਤੇ ਮਸੀਤਾਂ ਦੇ,
ਇਥੇ ਅੱਗੇ ਹੀ ਕਬਰਾਂ ਬੜੀਆਂ ਨੇ
ਤੁਸੀਂ ਹੋਰ ਬਣਾ ਕੇ ਕੀ ਲੈਣਾ।

...ਇਸ ਤਰ੍ਹਾਂ ਅਨੇਕਾਂ ਹੀ ਅਜਿਹੇ ਗੀਤ ਲਿਖੇ ਤੇ ਲੋਕਾਂ ਵਲੋਂ ਬਹੁਤ ਸਲਾਹੇ ਗਏ। ਇਨ੍ਹਾਂ ਵਿਚ ਆਮ ਲੋਕਾਂ ਦੀ ਗੱਲ ਸੀ।

**ਸੁਆਲ: ਕੁਝ ਅਜਿਹੇ ਨਾਂ ਜਿਨ੍ਹਾਂ ਦਾ ਪ੍ਰਭਾਵ ਅਜੇ ਤੱਕ ਵੀ ਰਿਹਾ ਹੋਵੇ?**

**ਜੁਆਬ:** ਲਾਗੇ-ਬੰਨੇ ਨਜ਼ਰ ਮਾਰਦਾ ਹਾਂ...ਕਾਮਰੇਡ ਬਿਸ਼ਨ ਸਿੰਘ ਜ਼ਿਲ੍ਹਾ ਸੈਕਟਰੀ ਹੁੰਦੇ ਸਨ। ਗੁਰਦਾਸਪੁਰ ਕਮੇਟੀ ਦੇ ਮੈਂਬਰਾਂ ਵਿਚ ਕਾਮਰੇਡ ਅਮਰਜੀਤ, ਕਾਮਰੇਡ ਚੰਨਣ ਸਿੰਘ ਤੁਗਲਵਾਲਾ ਜਿਨ੍ਹਾਂ ਦੀ ਸਕੂਲਿੰਗ ਸਦਕਾ ਮੈਂ ਪਾਰਟੀ ਦੀ ਵਿਚਾਰਧਾਰਾ ਤੋਂ ਜਾਣੂ ਹੋਇਆ। ਸਾਰੇ ਕਿਰਤੀ ਵਰਗ ਦੀ ਲੁੱਟ ਦੀ ਗੱਲ ਕਰਦੇ, ਮੈਂ ਖੁਦ ਵੀ ਕਿਰਤੀ ਪਰਿਵਾਰ ਵਿਚੋਂ ਸਾਂ। ਕਾਮਰੇਡ ਅੱਛਰ ਸਿੰਘ ਛੀਨਾ, ਕਾਮਰੇਡ ਸੱਤਪਾਲ ਡਾਂਗ, ਹਰਕਿਸ਼ਨ ਸੁਰਜੀਤ, ਕਾਮਰੇਡ ਦਲੀਪ ਸਿੰਘ ਟਪਿਆਲਾ, ਨਬੂੰਦਰੀਪਾਦ, ਕੇਰਲਾ ਤੋਂ ਏ.ਕੇ. ਗੋਪਾਲਨ, ਬਿਮਲਾ ਡਾਂਗ, ਡਾ. ਭਾਗ ਸਿੰਘ, ਮੱਖਣ ਸਿੰਘ ਤਰਸਿੱਕਾ, ਫੌਜਾ ਸਿੰਘ ਭੁੱਲਰ, ਰਾਜੇਸ਼ਵਰ ਸਿੰਘ ਰੰਧਾਵਾ, ਰਾਮ ਸਿੰਘ ਦੱਤ, ਮੀਰ ਕਾਸਮ, ਰਾਮ ਪਿਆਰਾ ਸਰਾਫ਼, ਕ੍ਰਿਸ਼ਨ ਦੇਵ ਸੇਠੀ ਤੇ ਹੋਰ ਬਹੁਤ ਸਾਰੇ ਨਾਮ ਜੋ ਹੁਣ ਯਾਦ ਵਿਚ ਨਹੀਂ ਹਨ।

**ਸੁਆਲ: ਮੈਂ ਵੀ ਤਿੰਨ ਸਾਲ ਗੁਰੂ ਨਾਨਕ ਕਾਲਜ ਗੁਰਦਾਸਪੁਰ ਪੜ੍ਹਿਆਂ, ਇਸ ਕਾਲਜ ਦੇ ਬਾਨੀ ਤੇ ਪ੍ਰਿੰਸੀਪਲ ਸੁਜਾਨ ਸਿੰਘ ਸਨ। ਉਨ੍ਹਾਂ ਦੇ ਵਿਚਾਰਾਂ ਅਤੇ ਜ਼ਿੰਦਗੀ ਜਿਉਣ ਦੇ ਤਰੀਕੇ ਤੋਂ ਖੁਦ ਵੀ ਪ੍ਰਭਾਵਤ ਰਿਹਾ ਹਾਂ। ਤੁਹਾਡਾ ਉਨ੍ਹਾਂ ਬਾਰੇ ਕੀ ਪ੍ਰਭਾਵ ਹੈ?**

**ਜੁਆਬ:** ਸੁਜਾਨ ਸਿੰਘ ਹੁਰੀਂ ਸਹੀ ਅਰਥਾਂ ਵਿਚ 'ਸੁਜਾਨ' ਸਨ। ਉਹ ਆਪਣੇ ਵਰਗੇ ਆਪ ਹੀ ਸਨ। ਮੈਂ ਤਾਂ ਕੋਰਾ ਅਨਪੜ੍ਹ ਸਾਂ, ਪਰ ਪ੍ਰੋਫੈਸਰ ਕ੍ਰਿਪਾਲ ਸਿੰਘ ਯੋਗੀ ਦੀ ਬਦੌਲਤ ਉਨ੍ਹਾਂ ਨਾਲ ਮੁਲਾਕਾਤ ਹੋਈ। ਸਾਰੇ ਉਨ੍ਹਾਂ ਨੂੰ 'ਬਾਊ ਜੀ' ਕਹਿੰਦੇ ਸਨ। ਉਹ ਮੇਰੇ ਗੀਤਾਂ ਨੂੰ ਬਹੁਤ ਪਸੰਦ ਕਰਦੇ। ਗੁਰਦਾਸਪੁਰ ਮੇਰੀ ਜੁੱਤੀਆਂ ਦੀ ਦੁਕਾਨ ਪ੍ਰੀਤਮ ਸਿੰਘ ਦਰਦੀ, ਪ੍ਰਿੰਸੀਪਲ ਸੁਜਾਨ ਸਿੰਘ ਅਤੇ ਕ੍ਰਿਪਾਲ ਸਿੰਘ ਯੋਗੀ ਲਈ ਸਮਝੋ ਜਲੰਧਰ ਦਾ ਕਾਫ਼ੀ ਹਾਊਸ ਹੋ ਗਈ। ਉਥੇ ਬੈਠ ਕੇ ਅਸੀਂ ਗੀਤ, ਗ਼ਜ਼ਲਾਂ ਤੇ ਕਹਾਣੀਆਂ ਇਕ-ਦੂਜੇ ਨਾਲ ਸਾਂਝੀਆਂ ਕਰਦੇ। ਬਾਊ ਜੀ ਮੈਨੂੰ ਅੰਦਰ ਤੱਕ ਸਮਝਦੇ ਸਨ। ਇਕ ਵਾਰ ਗੀਤ ਸੁਣਨ ਮਗਰੋਂ ਥਾਪੀ ਦਿੰਦਿਆਂ ਕਹਿੰਦੇ, "ਯਾਰ ਕਾਮਰੇਡ, ਐਨੀ ਵਧੀਆ ਕਵਿਤਾ ਲਿਖਦਾ ਏਂ, ਔਖਾ-ਸੌਖਾ ਹੋ ਕੇ ਕਿਤਾਬ ਛਪਵਾ ਛੱਡ।" ਕਿਤਾਬ ਛਪਵਾਉਣ ਦਾ ਕੰਮ ਉਨ੍ਹਾਂ ਦੇ ਜਿਉਂਦੇ ਜੀਅ ਤਾਂ ਨਾ ਹੋ ਸਕਿਆ, ਕਿਉਂਕਿ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਸੀ, ਪਰ ਬਾਊ ਜੀ ਹੁਰਾਂ ਦੇ ਤੁਰ ਜਾਣ ਮਗਰੋਂ ਇਹ ਉਪਰਾਲਾ ਪ੍ਰੋ. ਕ੍ਰਿਪਾਲ ਸਿੰਘ ਯੋਗੀ ਅਤੇ ਪ੍ਰੀਤਮ ਸਿੰਘ ਦਰਦੀ ਨੇ ਕੀਤਾ। ਸਾਹਿਤ ਸਭਾ ਵਲੋਂ ਮੇਰੇ ਗੀਤਾਂ ਦੀ ਕਿਤਾਬ 'ਮੇਰੇ ਗੀਤ ਤੇਰੇ ਨਾਂ' 1994 ਵਿਚ ਛਪੀ।

**ਸੁਆਲ: 'ਮੇਰੇ ਗੀਤ ਤੇਰੇ ਨਾਂ' ਤੋਂ ਯਾਦ ਆਇਆ...ਕਿਉਂ ਨਾ ਤੁਹਾਡੇ ਦਿਲ ਦੇ ਅੰਦਰਲੇ ਦਰਵਾਜ਼ੇ ਨੂੰ ਵੀ ਖੋਲ੍ਹ ਵੇਖੀਏ। ਕੋਈ ਅਜਿਹਾ ਸੀ ਜਿਸ ਤੋਂ ਸਾਰੇ ਗੀਤ ਹੀ ਵਾਰ ਦਿੱਤੇ ਹੋਣ?**

**ਜੁਆਬ:** ਬਿਲਕੁਲ ਠੀਕ ਕਿਹਾ, ਐਸੇ ਬਹੁਤ ਸਾਰੇ ਨਾਂ ਸਨ ਜਿਨ੍ਹਾਂ ਨੂੰ ਮੈਂ ਹਮੇਸ਼ਾ ਆਪਣੇ ਦਿਲੋਂ, ਦਿਮਾਗ਼ ਅੰਦਰ ਰੱਖਦਾ ਸਾਂ। ਕਿਰਤ ਕਰਨ ਵਾਲੇ ਸਾਰੀ ਕਾਇਨਾਤ ਦੇ ਨਾਂ ਹੀ ਤਾਂ ਸਨ ਜੋ ਹਮੇਸ਼ਾ ਮੇਰੀ ਜ਼ਿੰਦਗੀ ਦਾ ਮਕਸਦ ਬਣੇ ਰਹੇ। ਕਿੰਜ ਇਨ੍ਹਾਂ ਨੂੰ ਇਨ੍ਹਾਂ ਦਾ ਬਣਦਾ ਹੱਕ ਹਾਸਲ ਹੋਵੇ, ਮੇਰੇ ਸਾਰੇ ਗੀਤ ਵੀ ਇਨ੍ਹਾਂ ਨੂੰ ਹੀ ਸਮਰਪਿਤ ਰਹੇ।

**ਸੁਆਲ: ਕੋਈ ਖਾਸ ਘਟਨਾ?**


**ਜੁਆਬ:** ਅਤਿਵਾਦ ਦਾ ਦੌਰ ਸੀ। ਇਸੇ ਹੀ ਵਿਸ਼ੇ ਉਤੇ ਕਾਲਜ ਵਿਚ ਸੈਮੀਨਾਰ ਸੀ। ਬਾਊ ਜੀ ਤੇ ਪ੍ਰੋ. ਯੋਗੀ ਜਿਥੇ ਵੀ ਜਾਂਦੇ, ਮੈਨੂੰ ਵੀ ਨਾਲ ਲੈ ਜਾਂਦੇ। ਮੈਂ ਕਿਸੇ ਨਾਲ ਗੱਲਾਂ ਕਰਦਾ-ਕਰਦਾ ਪਿਛੇ ਰਹਿ ਗਿਆ। ਲੋਈ ਦੀ ਬੁੱਕਲ ਮਾਰੀ ਹੋਈ ਸੀ। ਬਾਊ ਜੀ, ਪ੍ਰੋ. ਯੋਗੀ ਤੇ ਬਲਵਿੰਦਰ ਬਾਲਮ ਤਾਂ ਸਟੇਜ 'ਤੇ ਚਲੇ ਗਏ, ਪਰ ਪ੍ਰਬੰਧਕਾਂ ਨੇ ਮੈਨੂੰ ਆਮ ਪੇਂਡੂ ਜਿਹਾ ਸਮਝ ਕੇ ਅੱਗੇ ਜਾਣ ਤੋਂ ਰੋਕ ਦਿੱਤਾ। ਮੈਂ ਕਿਸੇ ਤਰ੍ਹਾਂ ਪੰਡਾਲ ਵਿਚ ਹੀ ਪਿਛੇ ਜਾ ਕੇ ਬੈਠ ਗਿਆ। ਪ੍ਰੋਗਰਾਮ ਵਿਚ ਮੇਰਾ ਨਾਂ ਲੈ ਕੇ ਗੀਤ ਬੋਲਣ ਲਈ ਹੁਕਮ ਹੋਇਆ। ਬੁੱਕਲ ਮਾਰੀ ਜਦੋਂ ਮੈਂ ਪੰਡਾਲ ਵਿਚੋਂ ਉਠ ਕੇ ਸਟੇਜ ਵੱਲ ਕਦਮ ਪੁੱਟੇ ਤਾਂ ਵਿਦਿਆਰਥੀਆਂ ਨੇ ਮੈਨੂੰ ਐਵੇਂ ਜਿਹਾ ਸਮਝ ਕੇ ਤਾੜੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਨਾਲ ਹੀ ਸੀਟੀਆਂ ਵਜਾਉਣ ਲੱਗੇ। ਮੈਂ ਆਪਣੀ ਗੱਲ ਸ਼ੁਰੂ ਕੀਤੀ-ਦੋਸਤੋ, ਕੁਝ ਲੋਕ ਰੱਬ ਨੂੰ ਮੰਨਦੇ ਹਨ, ਕੁਝ ਜੱਗ ਨੂੰ। ਸੋ, ਮੇਰਾ ਗੀਤ ਵੀ ਇਸੇ ਵਿਸ਼ੇ 'ਤੇ ਹੈ:

ਪੁੱਛੋ ਰੱਬ ਨੂੰ ਜ਼ਰੂਰ,
ਪੁੱਛੋ ਜੱਗ ਨੂੰ ਜ਼ਰੂਰ,
ਜਿਹੜਾ ਖ਼ੂਨ ਵਹਿ ਰਿਹਾ ਹੈ,
ਦੱਸੋ ਕਿਹਦਾ ਏ ਕਸੂਰ।
ਭੁੱਖ, ਨੰਗ ਤੇ ਬੇਕਾਰੀ,
ਸਾਡੇ ਵਿਹੜਿਆਂ ਦੀ ਗੱਲ,
ਤੁਸੀਂ ਕਰਦੇ ਓ ਅੱਗੋਂ
ਕੰਦੂਖੇੜਿਆਂ ਦੀ ਗੱਲ।
ਕੋਈ ਲੈ ਲਏ ਖਾਂ ਅੰਬਾਲਾ,
ਕੋਈ ਲੈ ਲਏ ਸੰਗਰੂਰ...।
ਜਿਹੜਾ ਖ਼ੂਨ ਵਹਿ ਰਿਹਾ ਹੈ,
ਦੱਸੋ ਕਿਹਦਾ ਏ ਕਸੂਰ।

ਤਰੰਨੁਮ ਵਿਚ ਗਾਏ ਇਸ ਗੀਤ ਨੇ ਸਾਰੇ ਪੰਡਾਲ ਵਿਚ ਅਜਬ ਕਿਸਮ ਦਾ ਮਾਹੌਲ ਬਣਾ ਦਿੱਤਾ। ਹੁਣ ਤਾੜੀਆਂ ਤੇ ਸੀਟੀਆਂ ਮਾਰਨ ਵਾਲੇ 'ਇਕ ਹੋਰ, ਇਕ ਹੋਰ' ਕਹਿ ਰਹੇ ਸਨ। ਇਕ ਹੋਰ ਇਨਕਲਾਬੀ ਗੀਤ ਨੇ ਸਭ ਨੂੰ ਖੜ੍ਹੇ ਹੋ ਕੇ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ।

**ਸੁਆਲ: ਤੁਸਾਂ 1947 ਦੀ ਵੰਡ ਤੇ ਕਤਲੋਗਾਰਤ ਵੇਖੀ, ਇਸ ਬਾਰੇ ਕੁਝ?**

**ਜੁਆਬ:** ਉਦੋਂ ਹੈਵਾਨੀਅਤ ਸਿਖ਼ਰਾਂ ਤੱਕ ਪਹੁੰਚ ਚੁੱਕੀ ਸੀ। ਅੰਗਰੇਜ਼ ਸਾਮਰਾਜ ਧਰਮ ਦੇ ਨਾਂ 'ਤੇ ਭਾਰਤ ਦੇ ਟੋਟੇ ਕਰ ਕੇ ਚਲਾ ਗਿਆ। ਸਿਆਸਤ, ਧਰਮਾਂ ਨੂੰ ਆਪਣੇ ਨਿੱਜੀ ਸੁਆਰਥਾਂ ਵਿਚ ਵਰਤਣ ਵਿਚ ਕਾਮਯਾਬ ਹੋ ਗਈ, ਪਰ ਇਸ ਕਲੇਸ਼ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪਿਆ। ਮੇਰਾ ਨਵਾਂ-ਨਵਾਂ ਵਿਆਹ ਹੋਇਆ ਸੀ। 1946 ਦੇ ਅਖੀਰ ਵਿਚ ਕਿਧਰੇ-ਕਿਧਰੇ ਹਲਚਲ ਸ਼ੁਰੂ ਹੋਈ ਤਾਂ ਪਤਨੀ ਕਹਿਣ ਲੱਗੀ-ਮੈਨੂੰ ਮੇਰੇ ਪੇਕੇ ਛੱਡ ਆ। ਮੈਂ ਛੱਡ ਆਇਆ। ਜਦ ਜਨੂੰਨੀ ਅੱਗ ਸਿਖ਼ਰ 'ਤੇ ਪਹੁੰਚੀ, ਤਾਂ ਵੀ ਕਈ ਥਾਵਾਂ 'ਤੇ ਇਨਸਾਨੀਅਤ ਜਿਉਂਦੀ ਸੀ। ਮੇਰੇ ਸਹੁਰੇ ਪਿੰਡ ਬਰੋਟੀ (ਤਹਿਸੀਲ ਸ਼ੱਕਰਗੜ੍ਹ) ਵਿਚ ਮੁਸਲਮਾਨ ਬਹੁ-ਗਿਣਤੀ ਵਿਚ ਸਨ। ਇਸ ਦੇ ਬਾਵਜੂਦ ਕਿਸੇ ਵੀ ਹਿੰਦੂ ਦਾ ਨੁਕਸਾਨ ਨਹੀਂ ਹੋਇਆ। ਇਵੇਂ ਇਧਰ ਵੀ ਚੰਗੇ ਤੇ ਦਾਨੇ ਲੋਕਾਂ ਨੇ ਮਨੁੱਖਤਾ ਦੀ ਰਖਵਾਲੀ ਕੀਤੀ, ਪਰ ਦੁਨੀਆਂ ਦੇ ਇਤਿਹਾਸ ਵਿਚ ਏਡੀ ਵੱਡੀ ਅਦਲਾ-ਬਦਲੀ ਤੇ ਕਤਲੇਆਮ ਨੇ ਚੰਗੀ ਸੋਚ ਰੱਖਣ ਵਾਲੇ ਹਰ ਬੰਦੇ ਦਾ ਸਿਰ ਸਦਾ ਲਈ ਝੁਕਾ ਦਿੱਤਾ।



*ਮੁਲਖ ਰਾਜ ਅਤੇ ਉਨ੍ਹਾਂ ਦੇ ਪੋਤਰੇ ਸਨਦੀਪ ਅੱਤਰੀ ਨਾਲ ਲੇਖਕ (ਐਨ ਖੱਬੇ)*

**ਸੁਆਲ: ਇਕ ਪਾਸੇ ਪਾਰਟੀ ਕੰਮਾਂ ਦੀ ਜ਼ਿੰਮੇਵਾਰੀ ਤੇ ਦੂਜਾ ਦੁਕਾਨਦਾਰੀ, ਗੀਤਾਂ-ਗਜ਼ਲਾਂ ਲਈ ਵਕਤ ਕਿਵੇਂ ਨਿਕਲਦਾ ਸੀ?**

**ਜੁਆਬ:** ਲਿਖਣ ਤੇ ਗੁਣ-ਗੁਣਾਉਣ ਲਈ ਸਮੇਂ ਦੀ ਪਾਬੰਦੀ ਨਹੀਂ ਹੁੰਦੀ। ਮੈਂ ਅਕਸਰ ਦੁਕਾਨ 'ਤੇ ਜੁੱਤੀਆਂ ਬਣਾਉਂਦਾ ਹੋਇਆ ਵੀ ਲਿਖਣ ਪੜ੍ਹਨ ਦਾ ਕੰਮ ਕਰ ਲੈਂਦਾ ਸਾਂ। ਇਕ ਵਾਕਿਆ ਬੜਾ ਰੌਚਕ ਵਾਪਰਿਆ। ਬਹਿਰਾਮਪੁਰ ਕਸਬੇ ਵਿਚ ਇਕ ਕਾਲਜ ਦਾ ਲੜਕਾ ਜਿਸ ਨੂੰ ਸਟੇਜਾਂ 'ਤੇ ਗਾਉਣ ਦਾ ਸ਼ੌਕ ਸੀ, ਕਦੇ-ਕਦੇ ਮੇਰੀ ਦੁਕਾਨ 'ਤੇ ਆ ਜਾਂਦਾ। ਇਕ ਦਿਨ ਉਹ ਆਇਆ, ਪਰ ਮੈਂ ਦੁਕਾਨ ਤੋਂ ਕਿਧਰੇ ਬਾਹਰ ਸਾਂ। ਥੋੜ੍ਹੀ ਉਡੀਕ ਤੋਂ ਬਾਅਦ ਉਹ ਦੁਕਾਨ ਵਿਚ ਬਕਸੇ ਉਪਰ ਪਿਆ ਮੇਰਾ ਕੋਈ ਗੀਤ ਚੁੱਕ ਕੇ ਲੈ ਗਿਆ। ਵਕਤ ਨੇ ਸਭ ਕੁਝ ਭੁਲਾ ਦਿੱਤਾ। ਉਸ ਲੜਕੇ ਨੂੰ ਕਿਧਰੇ ਵਿਦੇਸ਼ ਮੰਤਰਾਲੇ ਵਿਚ ਨੌਕਰੀ ਮਿਲ ਗਈ। ਇਕ ਦਿਨ ਦੁਕਾਨ 'ਤੇ ਆਮ ਵਾਂਗ ਕੰਮ ਕਰ ਰਿਹਾ ਸਾਂ ਕਿ ਬੜਾ ਸੂਟਡ-ਬੂਟਡ ਗੱਭਰੂ ਆਇਆ, ਨਮਸਕਾਰ ਕੀਤੀ। ਮੈਂ ਚਾਹ-ਪਾਣੀ ਪੁੱਛਿਆ। ਅੱਗਿਉਂ ਬੋਲਿਆ-ਚਾਹ-ਪਾਣੀ ਹੀ ਪੁੱਛੋਗੇ, ਜਾਂ ਕੁਝ ਹੋਰ ਵੀ? ਮੈਂ ਪਛਾਣਨ ਦਾ ਯਤਨ ਕਰ ਰਿਹਾ ਸਾਂ ਕਿ ਉਸ ਵਲੋਂ ਇਕ ਹੋਰ ਸੁਆਲ ਆ ਗਿਆ, 'ਕਾਮਰੇਡ ਜੀ, ਕੁਝ ਹੋਰ ਵੀ ਨਵਾਂ ਲਿਖਿਆ ਹੈ ਜਾਂ ਨਹੀਂ?' ਮੈਂ ਸਮਝ ਗਿਆ ਕਿ ਇਹ ਕੋਈ ਸਾਹਿਤ ਪ੍ਰੇਮੀ ਹੋਵੇਗਾ। ਗੱਲਾਂ-ਬਾਤਾਂ ਕਰਦਿਆਂ ਉਹਨੇ ਗੀਤ ਸੁਣਾਇਆ, ਤੇ ਮੈਂ ਵਾਹ-ਵਾਹ ਕਰ ਉਠਿਆ। ਉਹਨੇ ਦੱਸਿਆ ਕਿ 'ਇਹ ਗੀਤ ਤੁਹਾਡਾ ਹੀ ਹੈ, ਮੈਂ ਇਸੇ ਦੁਕਾਨ ਤੋਂ ਚੁੱਕਿਆ ਸੀ।'

**ਸੁਆਲ: ਮਾਣ-ਸਨਮਾਨ ਬਾਰੇ ਜੇ ਕੁਝ ਕਹਿਣਾ ਹੋਵੇ?**

**ਜੁਆਬ:** ਜੋ ਮਾਣ-ਸਤਿਕਾਰ ਮੈਨੂੰ ਮੇਰੇ ਕਿਰਤੀ ਮਜ਼ਦੂਰ ਭਰਾਵਾਂ-ਭੈਣਾਂ ਵਲੋਂ ਮਿਲਿਆ, ਉਹ ਮੈਂ ਕਦੇ ਨਹੀਂ ਭੁਲਾ ਸਕਦਾ। ਹਕੂਮਤ ਦੇ ਸਨਮਾਨ ਨੂੰ ਮੈਂ ਸਨਮਾਨ ਨਹੀਂ ਸਮਝਦਾ। ਹਾਂ, ਇਕ ਵਾਰ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਗੁਰਦਾਸਪੁਰ ਦੇ ਰਾਮ ਸਿੰਘ ਦੱਤ ਹਾਲ ਵਿਚ ਕਾਮਰੇਡ ਜਗਜੀਤ ਸਿੰਘ ਆਨੰਦ ਅਤੇ ਉਰਮਿਲਾ ਆਨੰਦ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਬਾਊ ਜੀ ਸੁਜਾਨ ਸਿੰਘ ਪ੍ਰੋਗਰਾਮ ਵਿਚ ਕਰਤਾ-ਧਰਤਾ ਸਨ। ਇਸ ਪ੍ਰੋਗਰਾਮ ਵਿਚ ਮੈਂ 'ਓ ਜੱਗੂ, ਓ ਫੱਗੂ' ਗਾਇਆ। ਖੁਸ਼ ਹੋ ਕੇ ਬੀਬੀ ਉਰਮਿਲਾ ਆਨੰਦ ਨੇ ਘੜੀ, ਇਕ ਜੋੜਾ ਕਲਮਾਂ ਦਾ ਅਤੇ 500 ਰੁਪਏ ਭੇਟ ਕੀਤੇ। ਮੇਰੇ ਲਈ ਇਹ ਮੇਰੀ ਜ਼ਿੰਦਗੀ ਦਾ ਬਹੁਤ ਵੱਡਾ ਸਨਮਾਨ ਸੀ।

**ਸੁਆਲ: ਘਰ ਪਰਿਵਾਰ ਬਾਰੇ ਦੱਸੋ?**

**ਜੁਆਬ:** ਪਰਿਵਾਰ ਵੱਡਾ ਹੈ। ਪੰਜ ਲੜਕੀਆਂ ਤੇ ਤਿੰਨ ਲੜਕੇ। ਪੰਜ ਸਾਲ ਪਹਿਲਾਂ ਜੀਵਨ ਸਾਥਣ ਸਾਥ ਛੱਡ ਗਈ। ਬਾਕੀ ਭਰਾਵਾਂ ਦੇ ਪਰਿਵਾਰ ਵੀ ਨੇੜੇ-ਨੇੜੇ ਰਹਿੰਦੇ ਹਨ। ਆਪਸੀ ਪਿਆਰ ਇੰਨਾ ਹੈ ਕਿ ਕੋਈ ਕਿਸੇ ਘਰੋਂ ਵੀ ਰੋਟੀ-ਪਾਣੀ ਛਕ ਲਵੇ, ਕੋਈ ਫਰਕ ਨਹੀਂ।

**ਸੁਆਲ: ਅੱਜ ਦੇ ਨੌਜਵਾਨਾਂ ਲਈ ਕੋਈ ਸੁਨੇਹਾ?**

**ਜੁਆਬ:** ਚੰਗੀ ਵਿਦਿਆ ਹਾਸਲ ਕਰੋ। ਚੰਗੀ ਸੋਚ 'ਤੇ ਪਹਿਰਾ ਦਿਓ। ਫਜ਼ੂਲ ਦੀਆਂ ਲੜਾਈਆਂ ਅਤੇ ਨਸ਼ੇ-ਪੱਤੇ ਤੋਂ ਦੂਰ ਰਹੋ। ਹੱਕ ਸੱਚ ਲਈ ਹਮੇਸ਼ਾ ਲੜਦੇ ਰਹਿਣਾ ਹੀ ਜ਼ਿੰਦਗੀ ਦਾ ਮਕਸਦ ਹੋਣਾ ਚਾਹੀਦਾ ਹੈ। ਧੀਆਂ ਨੂੰ ਪੁੱਤਰਾਂ ਦੇ ਬਰਾਬਰ ਰੱਖ ਕੇ ਹੀ ਨਰੋਏ ਸਮਾਜ ਦੀ ਸਿਰਜਣਾ ਹੋ ਸਕਦੀ ਹੈ।

**ਸੁਆਲ: ਅੱਜ ਕੱਲ੍ਹ ਕੀ ਕੁਝ ਕਰਦੇ ਹੋ?**

**ਜੁਆਬ:** ਮੈਂ ਪਿੰਡ ਲਿੱਤਰਾਂ ਦਾ ਲਗਾਤਾਰ 34 ਸਾਲ (1957-91) ਸਰਪੰਚ ਰਿਹਾ ਹਾਂ। ਕੋਈ ਕਿਸੇ ਵੀ ਮਾਮਲੇ 'ਤੇ ਮੇਰੇ ਉਪਰ ਉਂਗਲ ਨਹੀਂ ਕਰ ਸਕਦਾ। ਕਦੇ ਕਿਸੇ ਦਾ ਮਾੜਾ ਕਰਨਾ ਤਾਂ ਕੀ, ਸੋਚਿਆ ਤੱਕ ਨਹੀਂ। ਇਸ ਉਮਰ ਵਿਚ ਮੇਰੀ ਰੂਹ ਦੀ ਖੁਰਾਕ ਪੰਜਾਬੀ ਸਾਹਿਤ ਸਭਾ ਗੁਰਦਾਸਪੁਰ ਹੀ ਹੈ, ਤੇ ਇਸ ਨੂੰ ਮੈਂ ਆਪਣਾ ਪਰਿਵਾਰ ਮੰਨਦਾ ਹਾਂ।

## ਮਿੰਨੀ ਕਹਾਣੀ

### ਅਮਰੀਕਾ ਦੇ ਰੰਗ

ਬਚਿੱਤਰ ਆਪਣੇ ਭਰਾਵਾਂ ਨਾਲ ਰੋਜ਼ ਗਾਲੋ-ਗਾਲੀ ਹੁੰਦਾ ਤੇ ਇਕ ਹੀ ਜ਼ਿੱਦ 'ਤੇ ਅੜਿਆ ਰਹਿੰਦਾ ਕਿ ਮੈਂ ਛੇਤੀ ਤੋਂ ਛੇਤੀ ਅਮਰੀਕਾ ਜਾਣਾ ਚਾਹੁੰਦਾ ਹਾਂ, ਭਾਵੇਂ ਇਸ ਪਿਛੇ ਮੇਰੇ ਹਿੱਸੇ ਦੀ ਜ਼ਮੀਨ ਵਿਕ ਜਾਵੇ।

ਉਸ ਦੇ ਭਰਾ ਉਸ ਨੂੰ ਲੱਖ ਸਮਝਾਉਂਦੇ ਪਰ ਉਹ ਨਾ ਸਮਝਦਾ ਤੇ ਇਕ ਦਿਨ ਐਸਾ ਆਇਆ ਕਿ ਉਹ ਆਪਣੇ ਹਿੱਸੇ ਆਉਂਦੇ ਸੱਤ ਕਿੱਲੇ ਵੇਚ ਕੇ ਏਜੰਟਾਂ ਰਾਹੀਂ ਅਮਰੀਕਾ ਪਹੁੰਚ ਗਿਆ। ਅਮਰੀਕਾ ਵਿਚ ਸਖਤ ਮਿਹਨਤ ਕਰਕੇ ਪੱਕੇ ਹੋਣ ਲਈ ਉਸ ਨੂੰ ਮਜਬੂਰੀ ਵਿਚ ਵਿਆਹ ਕਰਵਾਉਣਾ ਪੈਂਦਾ ਹੈ ਜਿਸ ਤੋਂ ਉਸ ਦੇ ਤਿੰਨ ਬੱਚੇ ਹੁੰਦੇ ਹਨ। ਜ਼ਿਆਦਾ ਸਮਾਂ ਕੰਮਾਂ-ਕਾਰਾਂ ਵਿਚ ਬਿਤਾਉਣ ਕਰਕੇ ਉਸ ਨੂੰ ਪਤਾ ਹੀ ਨਾ ਲੱਗਾ ਕਿ ਕਦ ਬੱਚੇ ਜਵਾਨ ਹੋ ਗਏ ਹਨ।

ਪਿਓ ਦਾ ਡਰ ਨਾ ਹੋਣ ਕਰਕੇ ਉਸ ਦਾ ਵੱਡਾ ਮੁੰਡਾ ਨਸ਼ੇ ਕਰਨ ਲੱਗਦਾ ਹੈ ਅਤੇ ਭਰ ਜਵਾਨੀ ਵਿਚ ਰੱਬ ਨੂੰ ਪਿਆਰਾ ਹੋ ਜਾਂਦਾ ਹੈ। ਛੋਟਾ ਮੁੰਡਾ ਡਰੱਗ ਸਮਗਲਿੰਗ ਦੇ ਕੇਸ ਵਿਚ ਅੰਦਰ ਹੋ ਜਾਂਦਾ ਹੈ। ਬਚਿੱਤਰ ਦੀ ਲਾਡਾਂ ਨਾਲ ਪਾਲੀ ਧੀ ਅਫਰੀਕਨ ਮੂਲ ਦੇ ਇਕ ਸ਼ਖਸ ਨਾਲ ਵਿਆਹ ਕਰ ਲੈਂਦੀ ਹੈ। ਬਚਿੱਤਰ ਹੁਣ ਬੁਢਾਪੇ ਵਿਚ ਕੱਲਾ ਬੈਠਾ ਇਕ ਹੀ ਗੱਲ ਸੋਚ ਰਿਹਾ ਹੁੰਦਾ ਹੈ ਕਿ ਅਮਰੀਕਾ ਨੇ ਆਪਣੇ ਰੰਗ ਵਿਖਾ'ਤੇ।

*-ਹਰਜੋਤ ਗਿੱਲ, ਫਰਿਜ਼ਨੋ*
*ਫੋਨ: 559-374-4500*

### ਦੀਵਾਲੀ ਦੂਰ ਏ

ਸੇਠ ਦੀਨ ਦਿਆਲ ਨਵੇਂ ਸਿਰਿਉਂ ਆਪਣੇ ਘਰ ਦੀ ਮੁਰੰਮਤ ਕਰਵਾਉਣੀ ਚਾਹੁੰਦੇ ਸਨ। ਮੁਰੰਮਤ ਦਾ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਕੁਝ ਤੋੜ-ਤੁੜਵਾਈ ਦਾ ਕੰਮ ਚਲ ਰਿਹਾ ਸੀ, ਜੋ ਦੀਪਕ ਨਾਂ ਦਾ ਮਜ਼ਦੂਰ ਕਰ ਰਿਹਾ ਸੀ। ਦੀਵਾਲੀ ਵਾਲੇ ਦਿਨ ਜਦੋਂ ਦੀਪਕ ਕੰਮ ਖਤਮ ਕਰਕੇ ਜਾਣ ਦੀ ਤਿਆਰੀ ਕਰਨ ਲੱਗਿਆ ਤਾਂ ਸੇਠ ਦੀਨ ਦਿਆਲ ਇਕ ਪਲੇਟ ਵਿਚ ਇਕ ਰਸਗੁੱਲਾ ਤੇ ਇਕ ਗੁਲਾਬ-ਜਾਮਣ ਰੱਖ ਕੇ ਉਹਦੇ ਕੋਲ ਆ ਕੇ ਬੋਲੇ, 'ਆਹ ਲੈ, ਮਠਿਆਈ ਖਾ ਲੈ! ਅੱਜ ਦੀਵਾਲੀ ਦਾ ਸ਼ੁਭ ਦਿਹਾੜਾ ਏ। ਤੂੰ ਵੀ ਕੀ ਯਾਦ ਕਰੇਂਗਾ?'

'ਨਹੀਂ, ਸੇਠ ਜੀ! ਮੈਂ ਮਠਿਆਈ ਨਹੀਂ ਖਾਣੀ।' ਉਹਨੇ ਨਾਂਹ ਕਰਦਿਆਂ ਆਖਿਆ।

'ਪਰ ਕਿਉਂ?' ਸੇਠ ਜੀ ਹੈਰਾਨ ਹੋਏ।

'ਤੁਸੀਂ ਮੇਰੀ ਮਜ਼ਦੂਰੀ ਦੇ ਪੂਰੇ ਪੈਸੇ ਹੀ ਮੈਨੂੰ ਦੇ ਦਿਆ ਕਰੋ, ਮੇਰੇ ਲਈ ਇਨਾ ਹੀ ਕਾਫੀ ਏ।'

*-ਨੂਰ ਸੰਤੋਖਪੁਰੀ, ਜਲੰਧਰ*

### ਤਾਸ਼ ਦੇ ਪੱਤੇ

ਅੱਜ ਫਿਰ ਉਸ ਨੇ ਮੇਰੇ ਕੋਲੋਂ ਸੌ ਰੁਪਿਆ ਮੰਗਿਆ ਸੀ ਪਰ ਮੈਂ ਉਸ ਨੂੰ ਪੈਸੇ ਦੇਣੇ ਨਹੀਂ ਸਾਂ ਚਾਹੁੰਦਾ ਕਿਉਂਕਿ ਅੱਜ ਤੱਕ ਉਸ ਨੇ ਨਾ ਤਾਂ ਉਧਾਰ ਲਏ ਪੈਸੇ ਵਾਪਸ ਕੀਤੇ ਸਨ ਤੇ ਨਾ ਹੀ ਕਦੇ ਕੋਈ ਚੱਜ ਦਾ ਕੰਮ ਕੀਤਾ ਸੀ। ਅੱਜ ਫਿਰ ਜਦੋਂ ਉਸ ਨੇ ਪੈਸੇ ਮੰਗੇ ਤਾਂ ਉਸ ਦੀ ਆਵਾਜ਼ ਵਿਚ ਇਕ ਤਰਲਾ ਸੀ, ਚਿਹਰੇ 'ਤੇ ਘੋਰ ਉਦਾਸੀ ਤੇ ਅੱਖਾਂ ਵਿਚ ਹੰਝੂਆਂ ਦਾ ਹੜ੍ਹ। ਉਸ ਦੀ ਹਾਲਤ ਤੋਂ ਜਾਪਦਾ ਸੀ ਕਿ ਵਾਕਿਆ ਹੀ ਉਸ ਦੀ ਮਾਂ ਬਿਮਾਰ ਹੋਵੇਗੀ ਤੇ ਉਸ ਨੂੰ ਦਵਾਈ ਲਈ ਪੈਸੇ ਚਾਹੀਦੇ ਹੋਣਗੇ। ਹਮਦਰਦੀ ਪ੍ਰਗਟ ਕਰਦਿਆਂ ਮੈਂ ਉਸ ਨੂੰ ਪੈਸੇ ਦੇ ਦਿੱਤੇ ਪਰ ਅਗਲੇ ਹੀ ਪਲ ਮੈਂ ਦੇਖਿਆ ਕਿ ਉਹ ਮੁੰਡਿਆਂ ਦੀ ਢਾਣੀ 'ਚ ਬੈਠਾ ਤਾਸ਼ ਦੇ ਪੱਤੇ ਖੇਡ ਰਿਹਾ ਸੀ।

*-ਭਜਨ ਕਮਲ ਵਿੱਜ, ਕਪੂਰਥਲਾ*

## ਨੋਕ-ਝੋਕ



ਐਸ. ਅਸ਼ੋਕ ਭੌਰਾ

# ਬੀਬੀਆਂ ਨੇ ਸੱਥ ਵਿਚ ਲਾਈਆਂ ਰੌਣਕਾਂ

*ਪੁਰਾਣੇ ਸਮਿਆਂ ਦੀ ਇਕ ਕਹਾਵਤ ਹੈ ਕਿ ਘੱਗਰੇ ਦੀ ਲੌਣ ਅਤੇ ਬੱਕਰੇ ਦੀ ਧੌਣ ਕਦੇ ਵੀ ਗਿੱਲੀ ਹੋ ਸਕਦੀ ਹੈ। ਚਲੋ ਘੱਗਰੇ ਮੁੱਕ ਜਾਣ ਕਰ ਕੇ ਤਾਂ ਇਹ ਗੱਲ ਵਜ਼ਨ ਵਾਲੀ ਨਹੀਂ ਵੀ ਰਹੀ, ਪਰ ਅੱਜ ਦੇ ਜ਼ਮਾਨੇ ਵਿਚ ਨਵੀਂ ਅਖੌਤ ਸੱਚੀ ਨਹੀਂ ਲੱਗੇਗੀ ਕਿ 'ਸਾਧ ਦਾ ਕੁਟਾਪਾ ਤੇ ਲੀਡਰ ਦਾ ਸਿਆਪਾ' ਹੁਣ ਲੋਕ ਕਦੇ ਵੀ ਕਰ ਸਕਦੇ ਹਨ; ਕਿਉਂਕਿ ਸਾਧ ਦੀਆਂ ਸ਼ੈਤਾਨੀਆਂ ਤੇ ਲੀਡਰ ਦੀਆਂ ਬੇਈਮਾਨੀਆਂ ਨੂੰ ਦੁਨੀਆਂ ਦੀ ਬਹੁ-ਗਿਣਤੀ ਸਮਝਣ ਲੱਗ ਪਈ ਹੈ, ਖਾਸ ਤੌਰ 'ਤੇ ਹਿੰਦੋਸਤਾਨ ਵਿਚ। ਵਿਗਿਆਨ ਵੀ ਅਰਥ ਸ਼ਾਸਤਰ ਦੇ ਇਸ ਸਿਧਾਂਤ ਨੂੰ ਮੰਨਦਾ ਹੈ ਕਿ ਜਦੋਂ ਮੰਗ ਵਧੇਗੀ, ਤਾਂ ਪੈਦਾਵਾਰ ਵੀ ਵਧੇਗੀ ਹੀ। ਇਸੇ ਲਈ ਜੇ ਧਾਰਮਿਕ ਥਾਵਾਂ 'ਤੇ ਅਖੌਤੀ ਸਾਧਾਂ ਦੀ ਗਿਣਤੀ ਵਧੀ ਹੈ ਤਾਂ ਇਸ ਦਾ ਕਾਰਨ ਇਹ ਵੀ ਹੈ ਕਿ ਲੋਕ ਸਮਝਣ ਲੱਗੇ ਹਨ, ਰੱਬ ਵੀ ਸ਼ਾਇਦ ਇਕ ਨਹੀਂ। ਇਸੇ ਲਈ ਜੇ ਕੋਈ ਮਨੋਕਾਮਨਾ ਇਕ ਥਾਂ ਪੂਰੀ ਨਹੀਂ ਹੁੰਦੀ, ਤਾਂ ਲੋਕ ਕੱਪੜੇ ਬਦਲਣ ਵਾਂਗ ਰੱਬ ਵੀ ਬਦਲਣ ਲੱਗ ਪਏ ਹਨ। ਜਨਤਾ ਨੂੰ ਗਿਆਨਵਾਨ ਕਹੀਏ ਕਿ ਅ-ਗਿਆਨਵਾਨ, ਕਿਉਂਕਿ ਸਾਨ੍ਹ ਘਟ ਰਹੇ ਹਨ ਤੇ ਸਾਧ ਵਧ ਰਹੇ ਹਨ। ਕੁੱਤੇ ਹੋਰ ਵਧੇਰੇ ਸਿਆਣੇ ਹੋ ਗਏ ਹਨ। ਇਸੇ ਕਰ ਕੇ ਉਹ ਵਿਆਹ ਵਾਲੀਆਂ ਥਾਂਵਾਂ 'ਤੇ ਵਧੇਰੇ ਇਕੱਠੇ ਹੋਣ ਲੱਗ ਪਏ ਹਨ। ਉਨ੍ਹਾਂ ਨੂੰ ਸਮਝ ਆ ਗਈ ਹੈ ਕਿ ਸ਼ਰਾਬੀ ਮਨੁੱਖ ਅਕਸਰ ਖਾਣਾ ਖਾਣ ਜੋਗਾ ਰਹਿੰਦਾ ਹੀ ਕਿਥੇ ਹੈ! ਕਦੇ ਯੁਧਿਸ਼ਟਰ, ਕੁੱਤੇ ਨੂੰ ਸਵਰਗ ਲੈ ਕੇ ਗਿਆ ਸੀ, ਹੁਣ ਸਮਾਂ ਆ ਰਿਹਾ ਹੈ ਕਿ ਕੁੱਤਾ ਯੁਧਿਸ਼ਟਰਾਂ ਦੇ ਨਾਲ ਜਾਣ ਦੀ ਪੇਸ਼ਕਸ਼ ਵੀ ਸ਼ਾਇਦ ਠੁਕਰਾਉਣ ਲੱਗ ਪਵੇ। ਲਗਦੈ ਕਿ ਸਰਕਾਰਾਂ ਛੇਤੀ ਹੀ ਕੈਬਨਿਟ ਦੀ ਮੀਟਿੰਗ ਵਿਚ ਵਿਚਾਰਨਗੀਆਂ ਕਿ ਰਾਂਝਾ ਤਾਂ ਚਲੋ, ਹੁਣ ਹੀਰ ਲੱਭਣ ਜੋਗਾ ਰਿਹਾ ਨਹੀਂ; ਭਲਾ ਜੇ ਹੀਰ ਰਾਂਝਾ ਲੱਭਣ ਨਿਕਲ ਪਈ, ਤੇ ਇਹ ਜੇ ਲੱਭ ਵੀ ਪਿਆ, ਤਾਂ ਕਿਥੋਂ ਲੱਭਣ ਦਾ ਅਨੁਮਾਨ ਹੋਵੇਗਾ। ਸੋਚੋ! ਜਿਹੜੇ ਕਹਿੰਦੇ ਸੀ ਰੱਬ ਕਿਸੇ ਨੂੰ ਭੇਤ ਨਹੀਂ ਦਿੰਦਾ, ਫਿਰ ਵਿਗਿਆਨੀਆਂ ਨੂੰ ਮੌਸਮ ਤੇ ਭਵਿੱਖ ਵਾਣੀਆਂ ਬਾਰੇ ਕਿਵੇਂ ਪਤਾ ਲੱਗ ਰਿਹੈ? ਗੁੱਡੀ ਘਰ ਪਈ ਹੈ, ਫੂਕਣ ਪਤਾ ਨਹੀਂ ਕੀ ਤੁਰ ਪਏ ਹਾਂ?*

"ਏ ਠਾਕਰੀਏ, ਆ ਜਾ ਕੇਰਾਂ ਆਪਾਂ ਵੀ ਬਹਿ ਲਈਏ ਬੋਹੜ ਹੇਠਾਂ ਘੜੀ ਪਲ।" ਬਾਬਿਆਂ ਦੀ ਸੁੰਨੀ ਪਈ ਸੱਥ ਵੇਖ ਨੇ ਪ੍ਰੀਤੋ ਨੇ ਸੁਲ੍ਹਾ ਮਾਰੀ।

"ਨੀ ਅੱਜ ਇਹ ਸਾਰੇ ਵਿਹਲੜ ਕਿੱਥੇ ਗਏ ਆ, ਦੁਪਹਿਰੇ ਕੁੱਟਣ ਲੱਗ ਪੈਂਦੇ ਸੀ ਤਾਸ਼ ਜਿਹੜੇ?...ਲੈ ਆ ਗਈ ਧੰਨੋ ਵੀ।" ਪ੍ਰੀਤੋ ਨੇ ਵੀ ਪੱਲੀ-ਦਾਤੀ ਥੜ੍ਹੇ 'ਤੇ ਰੱਖਦਿਆਂ ਰੱਖ'ਤਾ ਸੁਆਲ।

"ਨੀ ਜਾਣਾ ਇਨ੍ਹਾਂ ਨੇ ਕਿਥੇ ਨੂੰ ਆਂ, ਸਵੇਰੇ ਧੂਰੀ ਆਲੇ ਟੈਂਪੂ ਚੜ੍ਹੇ'ਤੀ।"

"ਮਿੱਤਰਾਂ ਦੀ ਲੂਣ ਦੀ ਡਲੀ ਸੁਣਨ?"

"ਨੀ ਧੰਨੋ, ਹਾਅ ਲੂਣ ਦੀ ਡਲੀ ਦੀ ਕੀ ਖਿੱਲ ਸੁੱਟ'ਤੀ ਭੱਠੀ 'ਚ?"

"ਲੈ ਜਿੱਦਾਂ ਕਿਤੇ ਪਤਾ ਈ ਨ੍ਹੀਂ ਹੁੰਦਾ। ਕਾਕਾ ਨਹੀਂ ਗਾਉਂਦਾ ਜੀਹਨੂੰ ਧੂਰੀ ਆਲਾ ਕਰਮਜੀਤ ਆਂਹਦੇ 'ਤੀ। ਲੰਬੜਾਂ ਦੇ ਪੱਪੂ ਦੇ ਵਿਆਹ 'ਤੇ 'ਖਾੜਾ ਲਾਉਣ ਆਇਆ ਤੀਗਾ।"

"ਠਾਕਰੀਏ ਦੇਖ ਲੈ, ਉਧਰ ਅੰਬ ਪੱਕੇ ਪਏ ਆ, ਤੇ ਇਹ ਨਿੰਬੂ ਨਚੋੜਦੀ ਫਿਰਦੀ ਆ।"

"ਕਹਾਵਤਾਂ ਜਿਹੀਆਂ ਨਾ ਪਾ, ਪਹਿਲਾਂ ਮੈਨੂੰ ਬਹਿ ਲੈਣ ਦੇ...ਆਹ ਜਾਗਰ ਅਮਲੀ ਆਲੀ ਇੱਟਾਂ ਦੀ ਕੁਰਸੀ 'ਤੇ।"

"ਮੁਸ਼ਟੰਡਾ ਬੁੜ੍ਹਾ ਅਮਲੀ ਪੂਰਾ।"

"ਨੀ ਕਾਹਨੂੰ ਧੌਲੇ ਝਾਟੇ ਦੇ ਵਾਲ ਖਿੱਚਦੀ ਆਂ?"

"ਬੜਾ ਤੜਿੰਗ ਲੱਗਦੈ। ਸਿਰ ਸਾਰਾ ਗੰਜਾ, ਤੇ ਮੂੰਹ 'ਚ ਭਾਵੇਂ ਇਕ ਦੰਦ ਨ੍ਹੀਂ, ਪਰ ਬਲੇਡ ਰੋਜ਼ ਨਵਾਂ ਵਰਤਦਾ। ਵਾਲ ਨ੍ਹੀਂ ਦਿਸਣ ਦਿੰਦਾ ਦਾੜ੍ਹੀ ਦਾ। ਲੰਘਦੀ-ਵੜਦੀ ਹਰ ਇਕ ਤੱਕਦਾ ਅੱਖਾਂ ਪਾੜ-ਪਾੜ।"

"ਨ੍ਹੀਂ ਛੱਡ, ਹੋਰ ਗੱਲ ਕਰ ਤੂੰ...ਇਹ ਬੁੜ੍ਹੇ ਮਾੜੇ-ਮੋਟੇ ਸਾਰੇ ਈ ਠਰਕੀ ਹੁੰਦੇ ਆ।"

ਧੰਨੋ ਵਿਚ ਦੀ ਪੈ ਗਈ ਉਲਰ ਕੇ,"ਚੱਲ ਨੀ ਚੱਲ, ਠਰਕੀ ਤਾਂ ਰਹੇ, ਪਰ ਕੰਜਰ ਨੇ ਸਾਰੀ ਉਮਰ ਅਮਲ ਨ੍ਹੀਂ ਛੱਡਿਆ।"

"ਨੀ ਗੱਲ ਸੁਣ, ਤੇਰਾ ਛੰਨਾ ਵੇਖ ਕੇ ਪੀਂਦਾ। ਭੁੱਕੀ ਦਾ ਭੋਰਾ ਲੈ ਲੈਂਦਾ, ਸਾਰੀ ਉਮਰ 'ਕੱਲੇ ਨੇ ਪੀਤਾ ਆ। ਕੋਈ ਹੋਰ ਤਾਂ ਨ੍ਹੀਂ ਪੀਣ ਲਾਇਆ...ਆਹ ਲੁੱਚੇ ਜਿਹੜੇ ਪਾ ਕੇ ਘੁੰਮਦੇ ਆ ਚਿੱਟੇ ਲੀੜਿਆਂ ਦੇ ਉਪਰ ਦੀ ਬੋਸਕੀ ਦੀਆਂ ਜਾਕਟਾਂ, ਆਂਹਦੇ ਆ ਅਸੀ ਤਾਂ ਕੀ, ਕਦੇ ਸਾਡੇ ਦਾਦੇ-ਪੜਦਾਦੇ ਨੇ ਨ੍ਹੀਂ ਨਸ਼ਾ ਕੀਤਾ ਹੋਣਾ ਕੋਈ। ਇਨ੍ਹਾਂ ਨੂੰ ਕੋਈ ਨੀਵੇਂ ਥਾਂ ਬਿਠਾ ਕੇ ਜੁੱਤੀ ਲਾਹ ਲਵੇ, ਫਿਰ ਪੁੱਛੇ ਪਈ ਹਰਾਮਜਾਦਿਓ...ਜਾਕਟਾਂ ਦੀਆਂ ਜੇਬਾਂ ਭਰ ਲੋ ਥੋੜ੍ਹੀਆਂ? ਆਹ ਸਮੈਕਾਂ ਸਮੂਕਾਂ ਵੇਚ ਕੇ ਡੋਬ'ਤੀਆਂ ਜਵਾਨੀਆਂ। ਖਾ ਲਏ ਮਾਵਾਂ ਦੇ ਪੁੱਤ। ਠਹਿਰ ਜੋ ਹੁਣ ਕੇਰਾਂ...ਫੰਦੇ ਪੈਣ ਈ ਆਲੇ ਆ ਗਲ 'ਚ ਹੁਣ।"

"ਏ ਠਾਕਰੀਏ ਸਾਹ ਲੈ ਲੈ। ਤੂੰ ਤਾਂ ਕਾਮਰੇਡ ਬੰਤੇ ਤੋਂ ਵੀ ਤਿੱਖੀ ਹੋਈ ਪਈ ਆਂ।"

"ਹੋਵਾਂ ਨਾ...ਨਸ਼ੇ ਨੇ ਮਾਹਟਰ ਦਿਆਲ ਦਾ ਵੀਹ ਸਾਲਾਂ ਦਾ ਪੁੱਤ ਨਿਗਲ ਲਿਆ। ਭਜਨਾ ਵੀ ਸਮੈਕ ਨੇ ਖਾਧਾ। ਮੱਖਣ ਦਾ ਕੈਲੀ ਮਰਨ ਕਿਨਾਰੇ। ਸੰਤੂ ਮਾਹਟਰ ਖਬਰਾਂ ਪੜ੍ਹ-ਪੜ੍ਹ ਸੁਣਾਉਂਦਾ ਪਈ...ਗਿਆ ਹੁਣ ਪੰਜਾਬ। ਫਿਰ ਹੋਰ ਇਨ੍ਹਾਂ ਦੇ ਕੀਰਨੇ ਨਾ ਪਾਵਾਂ ਤਾਂ ਕੀ ਕਰਾਂ...ਜਾਗਰ ਨੇ ਕੋਈ ਲਾਇਆ ਤਾਂ ਨ੍ਹੀਂ? ਚਾਲੀ ਸਾਲ ਹੋ ਗਏ ਪੀਂਦੇ ਨੂੰ ਭੁੱਕੀ, ਮਰਿਆ ਤਾਂ ਨਹੀਂ ਨਾ? ਬੇੜਾ ਗਰਕੇ ਇਨ੍ਹਾਂ ਦਾ, ਨੀਲੀਆਂ-ਚਿੱਟੀਆਂ ਬੰਨ੍ਹ ਕੇ ਸੁੱਟ ਗਏ ਘਰ-ਘਰ ਕੱਫਣ...।"

"ਨੀ ਠੰਢੀ ਹੋ ਠੰਢੀ।"

"ਪੈ ਜੇ ਦਗਾੜਾ ਬਿਮਾਰੀ ਪੈਣਿਆਂ ਦੇ...ਜਦੋਂ ਇਨ੍ਹਾਂ ਦੇ ਪੀਣ ਲੱਗੇ ਤਾਂ ਪਤਾ ਲੱਗੂ। ਖਰਬੂਜੇ ਥਾਂ ਤੁੰਮੇ ਲੱਗੇ...ਆਵੇ ਅੱਗ ਲੱਗਣਾ ਸਾਹਮਣੇ, ਮਾਰਾਂ ਇਹਦੇ ਦਾਤੀ ਸਿੱਧੀ ਢਿੱਡ 'ਚ।"

"ਆ ਨੀ ਪ੍ਰੀਤੋ ਚੱਲੀਏ, ਹਟਦੀ ਨ੍ਹੀਂ ਮੋਦੀ ਆਗੂੰ ਭਾਈਓ ਭੈਣੋਂ ਕਹਿਣੋਂ...ਚੰਗੀ ਸ਼ੁਰੂ ਹੋਈ ਆ...।"

"ਚੱਲ ਨੀ ਕਰੋ ਕੋਈ ਹੋਰ ਗੱਲ, ਕੱਢ'ਲੀ ਭੜਾਸ। ਮੇਰੇ ਤਾਂ ਪੈ ਗਈ ਕਾਲਜੇ ਠੰਢ। ਤੂੰ ਸੁਣਾ ਕੀ ਕਹਿਣਾ ਪ੍ਰੀਤੋ ਹੁਣ?"

"ਨੀ ਸਾਰੀ ਰਾਤ ਨੀਂਦ ਨ੍ਹੀਂ ਆਈ। ਕਦੇ ਐਧਰ ਨੂੰ ਬੱਖ, ਕਦੇ ਐਧਰ ਨੂੰ...ਭੁੰਜੇ ਭਲਾ ਕਿਤੇ ਅੱਖ ਲੱਗਦੀ ਐ?"

"ਨੀ ਕਿਥੇ ਗਿਆ ਤੇਰਾ ਦਾਜ ਆਲਾ ਨਵਾਰੀ ਪਲੰਘ? ਗੱਲਾਂ ਤਾਂ ਬੜੀਆਂ ਚੱਬ-ਚੱਬ ਕਰਦੀ ਆ।"



"ਢਕੀ ਰਹਿ ਵੱਡੀ ਅੰਬਾਨੀ ਦੀ ਸਾਲੀ।"

"ਦੇਖ ਲੋ ਦੇਖ ਲੋ, ਬੁੜ੍ਹੀ ਕਿੱਦਾਂ ਛਟੀ ਪਈ ਆ, ਅੰਬਾਨੀ ਨੂੰ ਵੀ ਜਾਣਦੀ ਆ।"

"ਮੇਰਾ ਹੈਗਾ ਕਿਤੇ ਭੂਆ ਦਾ ਪੁੱਤ...ਉਹ ਤਾਂ ਪਟਵਾਰੀ ਕਿਹਰ ਸਿੰਹੁ ਸਾਡੇ ਘਰੇ ਆ ਕੇ ਕਦੇ-ਕਦੇ ਖ਼ਬਰ ਪੜ੍ਹ ਕੇ ਸੁਣਾਉਂਦਾ ਹੁੰਦਾ...ਤਾਂ ਮੈਨੂੰ ਪਤਾ ਪਈ, ਉਨ੍ਹਾਂ ਪਿੱਛੇ ਲੱਗ ਕੇ ਮੋਦੀ ਦਸ ਲੱਖ ਦਾ ਕੋਟ ਪਾਉਣ ਲੱਗ ਪਿਆ।"

"ਚੱਲ ਤੂੰ ਭੁੰਜੇ ਪੈਣ ਆਲੀ ਗੱਲ ਦੱਸ।"

"ਨੀ ਆਹ ਜਿਹੜੀ ਬੁਢਾਪਾ ਪੈਨਸ਼ਨ ਮਿਲਦੀ ਐ, ਉਹਨੂੰ ਜੋੜ-ਜਾੜ ਕੇ ਰੁਲਦੂ ਟੈਲੀਵਿਜ਼ਨ ਲੈ ਆਇਆ, ਮਹੀਨਾ ਕੁ ਹੋ ਗਿਐ।"

"ਤਾਂ ਹੀ ਤਾਂ ਦਿੱਲੀ ਦੀਆਂ ਗੱਲਾਂ ਕਰਦੀ ਐ।"

"ਨੀ ਹੁਣ ਸੁਣ ਤਾਂ ਲੈ...ਜਿਹੜੀਆਂ ਦਿੱਲੀ ਵਿਚ ਵੋਟਾਂ ਪਈਆਂ, ਉਨ੍ਹਾਂ ਦੇ ਕੱਲ੍ਹ ਸਿੱਟੇ ਨਿਕਲਣੇ ਸੀ। ਪਟਵਾਰੀ ਕਿਹਰ ਸਿੰਹੁ ਵੀ ਸੁਣਨ ਬਹਿ ਗਿਆ ਖ਼ਬਰਾਂ।"

"ਠਾਕਰੀਏ, ਪੁੱਛਿਆ ਤਾਂ ਤੈਨੂੰ ਇਹ ਐ, ਭੁੰਜੇ ਕਾਹਤੋਂ ਪਈ। ਗੱਲਾਂ ਤੂੰ ਹੋਰ ਈ ਕਰੀ ਜਾਨੀ ਆਂ।"

"ਹੈ ਹੈ ਸਬਰੇ ਨ੍ਹੀਂ ਭੋਰਾ, ਉਸੇ ਟੇਸ਼ਣ 'ਤੇ ਚੱਲੀ ਆਂ।"

"ਚੱਲ ਦੱਸ।"

"ਹਾਲੇ ਮੈਂ ਚਾਹ ਦੇ ਗਲਾਸ ਦੋਹਾਂ ਦੇ ਹੱਥ ਵਿਚ ਈ ਫੜਾਏ ਸੀ, ਨੀ ਖਿੱਦੋ ਆਗੂੰ ਪਹਿਲਾਂ ਛੇ ਗਿੱਠਾਂ ਰੁਲਦੂ ਉਲਰਿਆ, ਪਈ ਜਿੱਤ ਗਏ ਚਾਰੇ...ਹਾਲੇ ਉਹਦੀ ਗੱਲ ਮੂੰਹ 'ਚ ਈ ਸੀ, ਚੁਬਾਰੇ ਜਿੱਡੀ ਛਾਲ ਟੁੱਟ ਪੈਣੇ ਢਿੱਡਲ ਪਟਵਾਰੀ ਨੇ ਮਾਰੀ- ਅਖੇ ਹਾਰ ਗਏ ਚਾਰੇ। ਆਹ ਦੜਾਕਾ ਪਿਆ ਬਾਹੀ ਨੂੰ ਕਿ ਵਿਚਾਲਿਓਂ ਪੈ ਗਿਆ ਮੋਛਾ।"

"ਅੱਛਾ ਇੱਦਾਂ ਟੁੱਟੀ ਬਾਹੀ। ਊਂ ਭਲਾ ਇਹ ਚਹੁੰਆਂ ਦਾ ਕੀ ਰੌਲਾ ਸੀ?"

"ਚਾਰ ਝਾੜੂ ਆਲੇ ਸਿੱਖ ਖੜ੍ਹੇ ਸੀ, ਰੁਲਦੂ ਤਾਂ ਖੁਸ਼ ਤੀ।"

"ਚੱਲ ਉਹ ਤਾਂ ਜਿੱਤਣ 'ਤੇ ਖੁਸ਼'ਤੀ, ਇਹ ਪਟਵਾਰੀ ਅੱਗ ਲਗਣਾ ਹਾਰਨ 'ਤੇ ਹੀ ਲੁੱਡੀਆਂ ਪਾਉਣ ਲੱਗ ਪਿਆ...ਉਹ ਕਾਹਤੋਂ?"

"ਹਾਰਨ ਆਲੇ ਚਾਰੇ 'ਕਾਲੀਆਂ ਦੇ ਤਿਗੇ।"

"ਹਾਏ ਮੈਂ ਮਰ'ਜਾਂ! ਹਾਅ ਕਹਾਣੀ ਸੀ...ਚੱਲ ਬਾਹੀ ਤਾਂ ਲਿਆ ਦਊ ਨਵੀਂ ਪਟਵਾਰੀ, ਬਿਮਾਰੀ ਪੈਣਾ ਫਰਦ ਦਾ ਹਜ਼ਾਰ ਮੰਗਣ ਲੱਗ ਪਿਐ...ਬਥੇਰੇ ਐ ਹਰਾਮ ਦੇ ਪੈਸੇ ਉਹਦੇ ਕੋਲ, ਪਰ ਠਾਕਰੀਏ ਲੋਕ 'ਕਾਲੀਆਂ ਦੇ ਇੰਨੇ ਮਗਰ ਕਾਹਨੂੰ ਪੈ ਗਏ ਆ?"

"ਪੈਣਾ ਈ ਆ ਮਗਰ ਲੋਕਾਂ ਨੇ...ਇਨ੍ਹਾਂ ਨੇ ਦੰਦ ਲੁਆ ਲਏ ਆ ਲੋਹੇ ਦੇ...ਹਰ ਚੀਜ਼ ਛਕੀ-ਛਕਾਈ ਜਾਂਦੇ ਆ।"

"ਦੰਦ ਲੋਹੇ ਦੇ...ਗੱਲ ਖਾਨੇ ਪਈ ਨ੍ਹੀਂ?"

"ਆਪਣੇ ਪਿੰਡ ਆਲੀ ਖੱਡ ਨ੍ਹੀਂ ਹੈਗੀ ਚੜ੍ਹਦੇ ਪਾਸੇ?"

"ਆਹੋ, ਜਿਥੋਂ ਰੇਤਾ ਤੇ ਬਜਰੀ ਨਿਕਲਦੈ?"

"ਜੱਜ ਨੇ ਪਹਿਰਾ ਲੁਆ'ਤਾ ਉਥੇ?"

"ਨੀ ਕਾਹਤੋਂ?"

"ਕਹਿੰਦਾ ਇਹ ਤਾਂ ਇਹ ਵੀ ਖਾਣ ਲੱਗ ਪਏ ਆ।"

"ਨੀ ਚੱਲ ਨਖਸਮੀ...ਤੂੰ ਤਾਂ ਮਰਾਸੀਆਂ ਆਗੂੰ, ਵਿਚਾਰਿਆਂ ਨਾਲ ਮਸ਼ਕੂਲੇ ਕਰਨ ਲੱਗ ਪਈ ਆਂ।"

"ਜੀਭ ਦੇ ਲੈ ਮਾੜੀ ਕੁ ਦੰਦਾਂ ਹੇਠ, ਲੋਕ ਨਿਆਣੇ ਪਾਉਂਦੇ ਦੇਖੀਂ ਹਾਲੇ।"

"ਚੱਲ ਜਿਨ੍ਹਾਂ ਚੋਪੜੀਆਂ ਵੀ ਦੋ-ਦੋ ਜੋੜ ਕੇ ਖਾਧੀਆਂ ਨੇ, ਸੁੱਕੀ ਵੀ ਸੰਘ 'ਚ ਅੜੇ ਜਾਂਦੀ ਐ ਕਿਤੇ।"

"ਨੀ ਪ੍ਰੀਤੋ! ਚਲੀਏ, ਲੈ ਆਈਏ ਰੁੱਗ ਪੱਠਿਆਂ ਦਾ?"

"ਲੈ ਆਉਨੇ ਆਂ, ਬਹਿ ਲੈ ਦੋ ਘੜੀਆਂ। ਇਹ ਬੁੜ੍ਹੇ ਕਿਥੇ ਬਹਿਣ ਦਿੰਦੇ ਆ ਕਿਸੇ ਨੂੰ।"

"ਨੀ ਧੰਨੋ ਹਾਅ ਭਲਾ ਲਾਰੀ ਵਿਚੋਂ ਉਤਰ ਕੇ ਕੌਣ ਆਉਂਦੀ ਆ।"

"ਰਾਮ ਆਸਰੇ ਦੀ ਸ਼ਿੰਦੋ ਲਗਦੀ ਆ।"

"ਇਹ ਤਾਂ ਬਾਦਲਾਂ ਦੀ ਬੱਸ ਆਗੂੰ ਬੜੀ ਨਿਖਰੀ ਪਈ ਐ ਸੁਰਖੀ ਬਿੰਦੀ ਲਾ ਕੇ...ਪਤਾ ਨ੍ਹੀਂ ਪਈ ਕੀ ਕਰਦੀ ਆ, ਸਵੇਰੇ ਨਿਕਲ ਜਾਂਦੀ ਆ ਬਣ-ਠਣ ਕੇ, ਐਸ ਵੇਲੇ ਆਉਂਦੀ ਆ। ਲੋਕਾਂ ਨੇ ਤਾਂ ਆਪੇ ਈ ਗੱਲਾਂ ਕਰਨੀਆਂ।"

"ਇਹ ਠਾਕਰੀਏ, ਕਾਮਰੇਡਾਂ ਆਲੀਆਂ ਗੱਲਾਂ ਨਾ ਕਰ। ਛੱਡ ਵੀ ਦੇ ਕਿਸੇ ਨੂੰ, ਵਿਚਾਰੀ ਕਿਸਮਤ ਦੀ ਮਾਰੀ ਪਈ ਐ...ਤੂੰ ਉਪਰੋਂ ਹੋਰ ਤੇਜ਼ਾਬ ਸੁੱਟੀ ਜਾਨੀ ਆਂ।"

"ਤੇਰੇ ਬੜੀ ਲੱਗੀ ਸੱਤੀਂ ਕੱਪੜੀਂ!"

"ਨੀ ਠਾਕਰੀਏ, ਰਾਮ ਆਸਰਾ ਚਿੱਟਾ ਪੀ-ਪੀ ਸ਼ੁਦਾਈ ਹੋਇਆ ਪਿਐ। ਦੋ ਕਨਾਲ ਜ਼ਮੀਨ ਤਿਗੀ...ਊਂ ਵੇਚ-ਵੱਟ ਕੇ ਖਾ ਗਿਆ। ਹੀਰ ਅਰਗੀ ਤੀ ਸ਼ਿੰਦੋ ਜਿੱਦਣ ਵਿਆਹੀ ਆਈ ਤੀ, ਸੁਆਹ ਅਰਗੀ ਹੋ ਗਈ ਹੁਣ। ਗਰੀਬ ਘਰੋਂ ਤੀ, ਮਾਂ-ਬਾਪ ਵਾਹਰੀ...ਉਹ ਹਰਾਮਜਾਦਾ ਤਾਂ ਚਿੱਟੇ 'ਚ ਗੁੱਟ ਹੋ ਕੇ ਮੰਜੇ 'ਚ ਫਸਿਆ ਹੋਣੈ ਕਿਤੇ...ਇਹ ਵਿਚਾਰੀ 'ਕੱਲੇ ਪੁੱਤ ਨੂੰ ਡਾਕਦਾਰ ਬਣਾਉਣ ਲਈ ਮਰਦੀ ਆ ਦਿਨ ਰਾਤ। ਕਿਸੇ ਡਾਕਦਾਰ ਦੇ ਸ਼ਹਿਰ ਝਾੜੂ-ਪੋਚਾ ਕਰਨ ਜਾਂਦੀ ਆ...ਕੁਛ ਮੂੰਹੋਂ ਕੱਢਣ ਤੋਂ ਪਹਿਲਾਂ ਸੋਚ ਲਿਆ ਕਰੋ ਕੁਛ...ਪਤਾ ਨ੍ਹੀਂ ਘਰ-ਘਰ ਕਿੰਨੀਆਂ ਕੁ ਦੁਖੀ ਹੋਈਆਂ ਪਈਆਂ ਇੱਦਾਂ ਦੀਆਂ ਸ਼ਿੰਦੋ।"

"ਬੱਸ ਕਰ ਧੰਨੋ ਹੁਣ...ਰੋਕ ਲੈ ਸਤਸੰਗ...ਬੀਕਾਨੇਰ ਆਲਾ ਘੱਗਰਾ ਪਾ ਕੇ ਈ ਹਟਦੀ ਆ ਫੇ...।"

"ਦੰਦ ਤੇਰੇ ਉਪਰਲੇ ਬਚਦੇ ਆ ਹੁੱਡਾਂ ਅਰਗੇ ਦੋ...ਗੰਦੀ ਹਵਾ ਨਾ ਮਾਰਿਆ ਕਰ ਬਾਹਰ ਨੂੰ ਮੂੰਹ ਵਿਚੋਂ, ਬਚਨੇ ਦੇ ਹੁੱਕੇ ਆਂਗੂੰ।"

"ਨੀ ਠਾਕਰੀਏ...ਨੀ ਪ੍ਰੀਤੋ...ਆਹ ਵੇਖ ਲਾਰੀ ਵਿਚੋਂ ਕਾਮਰੇਡ ਦਲੇਰ ਸਿੰਹੁ ਦੀ ਜਗੀਰੋ ਵੀ ਉਤਰ ਕੇ ਤੁਰੀ ਆਉਂਦੀ ਆ...ਮਾਰ 'ਵਾਜ ਕਰੀਏ ਇਹਨੂੰ ਵੀ ਚਾਰ ਟਿੱਚਰਾਂ।"

"ਮਾਰ 'ਵਾਜ...ਮਾਰ 'ਵਾਜ ਠਾਕਰੀਏ।"

"ਏ ਜਗੀਰੋ...ਆ ਜਾ ਬਹਿ ਲੈ ਦੋ ਘੜੀਆਂ ਸਾਡੇ ਕੋਲ ਨੀ।"

"ਆ ਗਈ ਆ ਗਈ। ਅੱਜ ਬਾਬੇ...? ਪਹਿਲੀ ਵਾਰ ਦੇਖਿਆ ਪ੍ਰੀਤੋ ਧੰਨੋ ਤੁਹਾਨੂੰ ਤਾਂ...।"

"ਨੀ ਜਦ ਮੌਕਾ ਈ ਅੱਜ ਮਿਲਿਆ...ਚੱਲ ਆਏਂ ਦੱਸ, ਆਈ ਕਿਧਰੋਂ ਆਂ।"

"ਰੱਬ ਵੇਖ ਕੇ...ਸੱਚੀਂ ਰੱਬ ਵੇਖ ਕੇ।"

"ਹੈ-ਹਾ...ਹੱਸੀ ਕਾਹਨੂੰ ਜਾਨੀ ਆਂ...ਸਹੀ-ਸਹੀ ਦੱਸ...ਕਾਮਰੇਡ ਤਾਂ ਮੰਨਦੇ ਈ ਨ੍ਹੀਂ ਰੱਬ ਨੂੰ...ਤੇਰਾ ਦਲੇਰ ਸਿੰਹੁ ਤਾਂ ਹਿੱਕ ਠੋਕ ਏ ਆਂਹਦਾ ਹੁੰਦਾ, ਪਈ ਰੱਬ ਹੈ ਈ ਨ੍ਹੀਂ।"

"ਉਹ ਕਹੀ ਜਾਵੇ, ਪਰ ਮੈਂ ਅੱਜ ਰੱਬ ਵੇਖ ਕੇ ਆਈ ਆਂ ਚੰਡੀਗੜ੍ਹ।"

"ਧਰਨਾ ਦੇਣ ਗਈ ਹੋਣੀ ਆ ਲੱਸੀ ਆਲੇ ਭਾਂਡਾ ਚੌਂਕ 'ਚ...।"

"ਚੰਡੀਗੜ੍ਹ ਤਾਂ ਭਾਂਡਾ ਚੌਂਕ ਹੈ ਈ ਨ੍ਹੀਂ...ਮਟਕਾ ਚੌਂਕ ਆ।"

"ਉਹੀ...ਲੱਸੀ ਆਲੇ ਭਾਂਡੇ ਨੂੰ ਮਟਕਾ ਈ ਤਾਂ ਆਂਹਦੇ ਆ।"

"ਨਾ, ਨਾ...ਮੈਂ ਤਾਂ ਫਿਲਮ ਵੇਖ ਕੇ ਆਈ ਆਂ ਰੱਬ ਆਲੀ।"

"ਨੀ ਮੈਂ ਮਰ'ਜਾਂ ਠਾਕਰੀਏ...ਜਗੀਰੋ...ਹੁਣ ਪਤਾ ਲੱਗਾ ਕਿਹੜੇ ਰੱਬ ਦੀ ਗੱਲ ਕਰਦੀ ਆ...ਮੈਂ ਵੀ ਸੋਚਾਂ, ਪਈ ਕਾਮਰੇਡ ਤਾਂ ਮੰਨਦੇ ਈ ਨ੍ਹੀਂ ਰੱਬ ਨੂੰ...।"

"ਇਹ ਧੰਨੋ ਫੇ' ਕਿਹੜੇ ਰੱਬ ਨੂੰ ਵੇਖ ਕੇ ਆਈ ਆ?"

"ਕਮਲੀਏ ਸਾਧ ਪਹਿਲਾਂ ਕੁੜੀਆਂ-ਚਿੜੀਆਂ ਤਾਂ ਛੇੜਨ ਲੱਗੇ ਹੀ ਸੀ...ਹੁਣ ਬੰਬੇ ਆਲਾ ਵੀ ਕੰਮ ਕਰਨ ਲੱਗ ਪਏ...ਫਿਲਮਾਂ 'ਚ ਹੀਰੋ...ਇਹ ਜਿਹੜਾ ਸਾਧ ਬਣਿਆ ਫਿਲਮਾਂ 'ਚ, ਉਹਦੀ ਗੱਲ ਕਰਦੀ ਆ। ਨੀ ਜਗੀਰੋ ਤੂੰ ਕੀ ਦੇਖਣਾ ਸੀ ਉਹਦਾ?"

"ਮੈਂ ਲੁੱਚ-ਪਹੁ ਦੇਖਦੀ ਆਂ ਅੱਗੇ ਕਿਤੇ...ਉਹ ਤਾਂ ਦਲੇਰ ਸਿੰਹੁ ਕਹਿੰਦਾ, ਤੂੰ ਦੇਖ ਕੇ ਆ ਸਾਧ ਦੇ ਕਾਰਨਾਮੇ...ਤੇਰਾ ਪਤਾ ਨ੍ਹੀਂ ਲੱਗਣਾ, ਮੈਂ ਗਿਆ ਤਾਂ ਲੋਕਾਂ ਨੇ ਚੇਲਾ ਸਮਝਣ ਲੱਗ ਪੈਣਾ...ਹੁਣ ਉਹਨੂੰ ਦੱਸੂ ਸਾਰੀਆਂ ਕਰਤੂਤਾਂ ਰੱਬ ਦੀਆਂ ਫਿਲਮਾਂ 'ਚ।"

"ਬੜੀ ਸਿਆਣੀ ਆ ਜਗੀਰੋ। ਐਵੇਂ ਤਾਂ ਨ੍ਹੀਂ ਮੰਨਦੇ ਲੋਕ ਕਾਮਰੇਡਾਂ ਨੂੰ...ਕੁਛ ਸਾਨੂੰ ਵੀ ਦੱਸ ਜਾ ਭੈਣੇ...।"

"ਇਹ ਤਾਂ ਹੁਣ ਧਰਨਿਆਂ 'ਚ ਈ ਚੱਕਾਂਗੇ ਫੱਟੇ ਇੱਦਾਂ ਦੇ ਲੁੱਚੇ ਸਾਧਾਂ ਦੇ। ਮੈਂ ਚੱਲੀ ਆਂ।"

"ਨੀ ਪ੍ਰੀਤੋ ਹੁਣ ਇਹ ਤਾਂ ਦੱਸ ਜਾ...ਆਹ ਜਾਗਰ-ਨਾਜਰ ਹੁਰੀਂ ਧੂਰੀ ਕੀ ਕਰਨ ਗਏ ਆ?"

"ਵੋਟਾਂ ਪੈਣ ਲੱਗੀਆਂ ਭੈਣੇ...ਬਾਦਲ ਗੱਫੇ ਵੰਡਦੈ ਉਥੇ।"

"ਅੱਛਾ! ਹੋ ਗਏ ਕਮਲੇ ਬੁੜ੍ਹੇ...ਠਾਕਰੀਏ ਪਾੜ੍ਹਿਆਂ ਦੇ ਤਾਂ ਪੈਂਦੀਆਂ ਡਾਂਗਾਂ।"

"... ਤੇ ਇਨ੍ਹਾਂ ਨੂੰ ਕੀ ਮਿਲੇਗਾ?"

"ਇਨ੍ਹਾਂ ਨੂੰ ਦੇਣਗੇ ਛੁਣਛੁਣਾ, ਪਈ ਬੋਹੜ ਥੱਲੇ ਬਹਿ ਕੇ ਵਜਾਈ ਜਾਇਓ।"

"ਨਾ ਜਾਗਰ ਦੀ ਤਾਂ ਪੈਨਸ਼ਨ ਨ੍ਹੀਂ ਲੱਗੀ ਹਾਲੇ, ਉਹ ਤਾਂ ਲੁਆਉਣ ਗਿਐ।"

"ਅਪ੍ਰੇਸ਼ਨ ਕਰਾ ਕੇ ਬੱਚੇ ਨ੍ਹੀਂ ਜੰਮਦੇ ਹੁੰਦੇ ਕਮਲੀਏ...ਖਜ਼ਾਨੇ 'ਚ ਟਕਾ ਨ੍ਹੀਂ, ਪੈਨਸ਼ਨ ਭਾਲਦੈ ਜਾਗਰ?"

...ਤੇ ਹਾਸਿਆਂ ਦੀਆਂ ਚੁਟਕੀਆਂ ਵਜਾਉਂਦੀਆਂ ਬੀਬੀਆਂ ਨਾਲ ਹੀ ਪੱਲੀ ਚੁੱਕ ਸੱਥ ਖਾਲੀ ਕਰ ਗਈਆਂ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਪੱਟ ਸੁੱਕੇ ਮਹੀਂਵਾਲ ਦੇ

ਗਰਦ ਚੜ੍ਹੀ ਹੈ ਕੁਫਰ ਦੀ, ਆਉਂਦਾ ਔਖਾ ਸਾਹ।
ਸੁੱਤਾ ਜੇ ਨਾ ਜਾਗਿਆ, ਸਭ ਕੁਝ ਹੋਊ ਫਨਾਹ।
ਘੜੀਆਂ ਪੁੱਠੀਆਂ ਘੁੰਮੀਆਂ, ਆਇਆ ਵਕਤ ਬੁਰਾ।
ਕੀ-ਕੀ ਦੱਸਾਂ ਕਰ ਰਹੇ, ਭੈਣਾਂ ਨਾਲ ਭਰਾ।
ਪੱਟ ਸੁੱਕੇ ਮਹੀਂਵਾਲ ਦੇ, ਚੀਰ ਕੀ ਦਊ ਖੁਆ?
ਘੜਾ ਸੋਹਣੀ ਨੇ ਭੰਨ'ਤਾ, ਸੁੱਕਾ ਪਿਆ ਝਨਾਅ।
ਗਾਇਕ ਸੁਰਾਂ ਦੇ ਨਾਂ 'ਤੇ, ਲੱਗੇ ਧਨ ਕਮਾਉਣ।
ਵਿਰਸਾ ਛੇਤੀ ਬਣਨਗੇ, ਫੇਸਬੁੱਕ ਦੇ ਗੌਣ।
ਦਰ-ਦਰ ਧੱਕੇ ਖਾਂਵਦੀ, ਵੈਲੀ ਪੁੱਤ ਦੀ ਮਾਂ।
ਢਿੱਡ ਸਾਨ੍ਹ ਦਾ ਪਾੜ ਦਊ, ਅੱਕੀ ਪਈ ਏ ਗਾਂ।
ਕਰ ਕੇ ਕਤਲ ਜ਼ਮੀਰ ਦਾ, ਖੋਹ ਲਈ ਜੜ੍ਹੀ-ਜ਼ਮੀਨ।
ਇੱਦਾਂ ਦੇ ਪੁੱਤ ਜੰਮ ਕੇ, ਬਾਪੂ ਹੈ ਆਫ਼ਰੀਨ।
ਘੋੜੀ ਕਿੱਦਾਂ ਹਿਣਕਦੀ, ਮਿਰਜ਼ਾ ਆਇਆ ਨਾਲ।
ਚਿੱਟਾ ਪੀ ਲਿਆ ਰੱਜ ਕੇ, ਸਾਹਿਬਾਂ ਮਾਰੀ ਛਾਲ।
ਸੱਪਣੀ ਬੱਚੇ ਛੱਡ ਗਈ, ਬੰਦੇ ਲੱਗੇ ਖਾਣ।
ਔਖੀ 'ਭੌਰੇ' ਹੋ ਗਈ, ਕਰਨੀ ਹੁਣ ਪਛਾਣ।

ਗੁਰਮਤਿ ਗਿਆਨ

# ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ



ਡਾ. ਗੁਰਨਾਮ ਕੌਰ, ਕੈਨੇਡਾ

ਪਹਿਲਾਂ ਵੀ ਇਸ ਗੱਲ ਦੀ ਚਰਚਾ ਹੋ ਚੁੱਕੀ ਹੈ ਕਿ ਸਿੱਖ ਧਰਮ ਵਿਚ ਜੀਵਨ ਮੁਕਤੀ ਦਾ ਸਿਧਾਂਤ ਪ੍ਰਾਪਤ ਹੈ। ਮਨੁੱਖ ਨੇ ਇਸ ਜੀਵਨ ਕਾਲ ਵਿਚ ਹੀ ਅਕਾਲ ਪੁਰਖ ਦੇ ਨਾਮ ਸਿਮਰਨ ਰਾਹੀਂ ਪਰਮਾਤਮ ਜੋਤਿ ਆਪਣੇ ਅੰਦਰ ਅਨੁਭਵ ਕਰਕੇ ਉਸ ਅਨੁਭਵ ਦੇ ਅਨੁਸਾਰ ਆਪਣਾ ਜੀਵਨ ਜਿਉਣਾ ਹੈ। ਗੁਰੂ ਅਰਜਨ ਦੇਵ ਜੀ ਜੀਵਨ ਮੁਕਤੀ ਬਾਰੇ ਫਰਮਾਉਂਦੇ ਹਨ ਕਿ ਜਿਹੜੇ ਮਨੁੱਖ ਅਕਾਲ ਪੁਰਖ ਦੇ ਲੜ ਲੱਗ ਜਾਂਦੇ ਹਨ, ਉਸ ਦੇ ਚਰਨ-ਕੰਵਲਾਂ ਦਾ ਓਟ-ਆਸਰਾ ਤੱਕ ਕੇ ਜਿਉਂਦੇ ਹਨ, ਉਹ ਜਨਮ-ਮਰਨ ਦੇ ਚੱਕਰ ਤੋਂ ਛੁੱਟ ਜਾਂਦੇ ਹਨ। ਉਹ ਇਸੇ ਜੀਵਨ ਵਿਚ ਹੀ ਅਕਾਲ ਪੁਰਖ ਦੇ ਦਰ 'ਤੇ ਪਰਵਾਨ ਹੋ ਜਾਂਦੇ ਹਨ ਕਿਉਂਕਿ ਅਕਾਲ ਪੁਰਖ ਦੇ ਨਾਮ ਸਿਮਰਨ ਰਾਹੀਂ ਆਪਣੇ ਮਨ ਨੂੰ ਸੰਸਾਰਕ ਵਿਕਾਰਾਂ ਵਲੋਂ ਜਾਗ੍ਰਿਤ ਕਰ ਲੈਂਦੇ ਹਨ, ਅਕਾਲ ਪੁਰਖ ਦੀ ਸਿਫਤਿ-ਸਾਲਾਹ ਰਾਹੀਂ ਮਾਇਆਵੀ ਵਿਕਾਰਾਂ ਤੋਂ ਬਚੇ ਰਹਿੰਦੇ ਹਨ। ਜਿਨ੍ਹਾਂ ਮਨੁੱਖਾਂ ਨੂੰ ਗੁਰਮੁਖਾਂ ਦੀ ਸੰਗਤਿ ਮਿਲ ਜਾਂਦੀ ਹੈ, ਜਿਸ ਰਾਹੀਂ ਉਸ ਅਕਾਲ ਪੁਰਖ ਦਾ ਨਾਮ ਸਿਮਰਨ ਕਰਦੇ ਹਨ, ਉਹ ਵਡਭਾਗੇ ਹਨ ਪਰ ਜਿਨ੍ਹਾਂ ਮਨੁੱਖਾਂ ਨੂੰ ਅਕਾਲ ਪੁਰਖ ਦਾ ਨਾਮ ਵਿਸਰ ਜਾਂਦਾ ਹੈ, ਉਨ੍ਹਾਂ ਦਾ ਜਿਉਣਾ ਧ੍ਰਿਗ ਹੈ, ਸੰਸਾਰ 'ਤੇ ਜਨਮ ਲੈਣਾ ਹੀ ਬੇਕਾਰ ਜਾਂਦਾ ਹੈ। ਉਨ੍ਹਾਂ ਦਾ ਜੀਵਨ ਟੁੱਟੇ ਹੋਏ ਕੱਚੇ ਧਾਗੇ ਵਾਂਗ ਬੇਕਾਰ ਹੋ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਗੁਰਮੁਖਾਂ ਦੇ ਚਰਨਾਂ ਦੀ ਧੂੜ ਪ੍ਰਾਪਤ ਹੋਣੀ ਲੱਖਾਂ-ਹਜ਼ਾਰਾਂ ਪ੍ਰਯਾਗ ਵਰਗੇ ਤੀਰਥਾਂ ਨਾਲੋਂ ਵੀ ਵੱਧ ਪਵਿੱਤਰ ਹੈ,

ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ॥
ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ॥
ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ॥
ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ॥
ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ॥
(ਪੰਨਾ ੩੨੨)

ਇਸ ਸਲੋਕ ਵਿਚ ਮਨੁੱਖੀ ਮਨ ਦੀ ਧਰਤੀ ਨਾਲ ਤੁਲਨਾ ਕੀਤੀ ਹੈ ਜਦੋਂ ਉਸ ਵਿਚ ਅਕਾਲ ਪੁਰਖ ਦਾ ਪ੍ਰੇਮ ਵਸਿਆ ਹੁੰਦਾ ਹੈ। ਜਦੋਂ ਧਰਤੀ ਉਤੇ ਹਰਾ-ਹਰਾ ਘਾਹ ਉਗਿਆ ਹੁੰਦਾ ਹੈ ਅਤੇ ਉਸ ਉਤੇ ਤ੍ਰੇਲ ਤੁਪਕੇ ਇਉਂ ਜਾਪਦੇ ਹਨ ਜਿਵੇਂ ਮੋਤੀ ਜੜੇ ਹੋਏ ਹੋਣ, ਅਜਿਹਾ ਨਜ਼ਾਰਾ ਅੱਖਾਂ ਨੂੰ ਬੜਾ ਸੋਹਣਾ ਲੱਗਦਾ ਹੈ। ਗੁਰੂ ਜੀ ਫਰਮਾਉਂਦੇ ਹਨ, ਜਿਸ ਮਨ ਵਿਚ ਪ੍ਰੇਮ ਸਰੂਪ ਅਕਾਲ ਪੁਰਖ ਆ ਕੇ ਵੱਸ ਪੈਂਦਾ ਹੈ, ਉਹ ਮਨ ਇੰਜ ਜਾਪਦਾ ਹੈ, ਜਿਵੇਂ ਉਹ ਧਰਤੀ ਸੋਹਣੀ ਦਿੱਖ ਵਾਲੀ ਹੋ ਜਾਂਦੀ ਹੈ, ਜਿਸ ਉਤੇ ਉਗਿਆ ਹਰਾ-ਹਰਾ ਘਾਹ ਤ੍ਰੇਲ-ਤੁਪਕਿਆਂ ਨਾਲ ਜੜਿਆ ਮੋਤੀਆਂ ਵਾਂਗ ਚਮਕਦਾ ਹੈ। ਜਿਸ ਮਨੁੱਖ ਉਤੇ ਸਤਿਗੁਰੂ ਮਿਹਰ ਕਰਦਾ ਹੈ, ਉਸ ਦੇ ਸਾਰੇ ਕਾਰਜ ਸੌਖੇ ਹੋ ਜਾਂਦੇ ਹਨ,

ਧਰਣਿ ਸੁਵੰਨੀ ਖੜ ਰਤਨ ਜੜਾਵੀ
ਹਰਿ ਪ੍ਰੇਮ ਪੁਰਖੁ ਮਨਿ ਵੁਠਾ॥
ਸਭੇ ਕਾਜ ਸੁਹੇਲੜੇ ਥੀਏ
ਗੁਰੁ ਨਾਨਕੁ ਸਤਿਗੁਰੁ ਤੁਠਾ॥੧॥
(ਪੰਨਾ ੩੨੨)

ਮਨੁੱਖੀ ਮਨ ਦੀ ਤੁਲਨਾ ਜੋ ਵਿਕਾਰਾਂ ਵਿਚ ਫਸਿਆ ਹੁੰਦਾ ਹੈ, ਇੱਕ ਇੱਲ ਨਾਲ ਕੀਤੀ ਗਈ ਹੈ ਜੋ ਸਦਾ ਹੀ ਉਥੇ ਡੇਰਾ ਲਾਉਂਦੀ ਹੈ, ਜਿੱਥੇ ਮੁਰਦਾ ਪਿਆ ਹੁੰਦਾ ਹੈ ਕਿਉਂਕਿ ਆਪਣੀ ਬਿਰਤੀ ਅਨੁਸਾਰ ਉਸ ਨੇ ਮੁਰਦੇ ਦਾ ਮਾਸ ਖਾਣਾ ਹੁੰਦਾ ਹੈ। ਗੁਰੂ ਅਰਜਨ ਦੇਵ ਬਿਆਨ ਕਰਦੇ ਹਨ ਕਿ ਇੱਲ ਦਸਾਂ ਦਿਸ਼ਾਵਾਂ ਵਿਚ ਦਰਿਆਵਾਂ (ਜਲ), ਪਹਾੜਾਂ, ਬ੍ਰਿਛ-ਬੂਟਿਆਂ (ਜੰਗਲਾਂ)- ਸਭ ਥਾਂਵਾਂ 'ਤੇ ਉਡਦੀ ਫਿਰਦੀ ਹੈ ਅਤੇ ਜਿਥੇ ਕਿਤੇ ਮੁਰਦਾ ਪਿਆ ਦੇਖਦੀ ਹੈ, ਉਥੇ ਹੀ ਉਤਰ ਕੇ ਬੈਠ ਜਾਂਦੀ ਹੈ। ਇਸੇ ਤਰ੍ਹਾਂ ਉਹ ਮਨੁੱਖੀ ਮਨ ਹੈ ਜੋ ਅਕਾਲ ਪੁਰਖ ਨੂੰ ਛੱਡ ਕੇ ਵਿਕਾਰਾਂ ਵੱਲ ਲੱਗ ਜਾਂਦਾ ਹੈ,

ਫਿਰਦੀ ਫਿਰਦੀ ਦਹਦਿਸਾ
ਜਲ ਪਰਬਤ ਬਨਰਾਇ॥
ਜਿਥੈ ਡਿਠਾ ਮਿਰਤਕੋ
ਇਲ ਬਹਿਠੀ ਆਇ॥੨॥ (ਪੰਨਾ ੩੨੨)

ਗੁਰੂ ਸਾਹਿਬ ਉਸ ਸੱਚੇ ਪਰਵਰਦਗਾਰ ਦਾ ਸਿਮਰਨ ਕਰਨ ਦੀ ਗੱਲ ਕਰਦੇ ਹਨ, ਜਿਸ ਪਾਸੋਂ ਮਨੁੱਖ ਹਰ ਤਰ੍ਹਾਂ ਦੇ ਸੁੱਖ ਮੰਗਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਅਕਾਲ ਪੁਰਖ ਦਾ ਸਿਮਰਨ ਕਰੀਏ ਜਿਸ ਪਾਸੋਂ ਹਰ ਤਰ੍ਹਾਂ ਦੇ ਸੁੱਖ ਮੰਗਦੇ ਹਾਂ। ਉਸ ਪਾਰਬ੍ਰਹਮ ਨੂੰ ਸਦਾ ਅੰਗ-ਸੰਗ ਵੇਖਾਂ ਅਤੇ ਸਦਾ ਉਸ ਦੇ ਨਾਮ ਦਾ ਸਿਮਰਨ ਕਰਾਂ। ਮਨੁੱਖ ਦੇ ਹਲੀਮੀ ਗੁਣ ਲਈ ਅਰਦਾਸ ਕੀਤੀ ਗਈ ਹੈ ਕਿ ਸਭ ਦੇ ਚਰਨਾਂ ਦੀ ਧੂੜ ਹੋ ਕੇ ਮੈਂ ਅਕਾਲ ਪੁਰਖ ਵਿਚ ਲੀਨ ਹੋ ਜਾਵਾਂ। ਅੱਗੇ ਕਿਹਾ ਗਿਆ ਹੈ ਕਿ ਮੈਂ ਕਿਸੇ ਵੀ ਜੀਵ ਨੂੰ ਦੁੱਖ ਨਾ ਦੇਵਾਂ ਅਤੇ ਇੱਜ਼ਤ-ਮਾਣ ਨਾਲ ਅਕਾਲ ਪੁਰਖ ਦੇ ਦਰਵਾਜ਼ੇ, ਉਸ ਦੀ ਹਜ਼ੂਰੀ ਵਿਚ ਜਾਵਾਂ। ਗੁਰੂ ਜੀ ਕਹਿੰਦੇ ਹਨ ਕਿ ਮੈਂ ਦੂਸਰਿਆਂ ਨੂੰ ਵੀ ਇਹੀ ਸੁਨੇਹਾ ਦੇਵਾਂ ਕਿ ਉਹ ਅਕਾਲ ਪੁਰਖ ਸਭ ਦਾ ਸਿਰਜਣਹਾਰ ਹੈ, ਵਿਕਾਰਾਂ ਦੀ ਮੈਲ ਵਿਚ ਡਿਗ ਚੁੱਕੇ ਮਨੁੱਖਾਂ ਨੂੰ ਵੀ ਤਾਰਨ ਵਾਲਾ ਹੈ, ਸਭ 'ਤੇ ਕਿਰਪਾ ਕਰਨ ਤੇ ਸਭ ਦੀ ਬਾਂਹ ਫੜਨ ਵਾਲਾ ਹੈ,

ਜਿਸੁ ਸਰਬ ਸੁਖਾ ਫਲ ਲੋੜੀਅਹਿ
ਸੋ ਸਚੁ ਕਮਾਵਉ॥
ਨੇੜੈ ਦੇਖਉ ਪਾਰਬ੍ਰਹਮੁ
ਇਕੁ ਨਾਮੁ ਧਿਆਵਉ॥
ਹੋਇ ਸਗਲ ਕੀ ਰੇਣੁਕਾ
ਹਰਿ ਸੰਗਿ ਸਮਾਵਉ॥
ਦੂਖੁ ਨ ਦੇਈ ਕਿਸੈ ਜੀਅ
ਪਤਿ ਸਿਉ ਘਰਿ ਜਾਵਉ॥
ਪਤਿਤ ਪੁਨੀਤ ਕਰਤਾ ਪੁਰਖੁ
ਨਾਨਕ ਸੁਣਾਵਉ॥੧੭॥ (ਪੰਨਾ ੩੨੨)

ਅੱਗੇ ਸਲੋਕ ਵਿਚ ਵੀ ਉਸ ਅਕਾਲ ਪੁਰਖ ਨਾਲ ਮੁਹੱਬਤ ਦੀ ਗੱਲ ਕੀਤੀ ਹੈ ਜੋ ਸਭ ਕੁਝ ਕਰਨ ਕਰਾਵਣਹਾਰ ਹੈ, ਸਰਬ ਕਲਾ ਸਮਰੱਥ ਹੈ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਉਨ੍ਹਾਂ ਨੇ ਉਸ ਅਕਾਲ ਪੁਰਖ ਨੂੰ ਆਪਣਾ ਸੱਜਣ, ਮਿੱਤਰ ਬਣਾਇਆ ਹੈ ਜੋ ਸਭ ਕੁਝ ਕਰ ਸਕਣ ਦੇ ਸਮਰੱਥ ਹੈ। ਉਹ ਉਸ ਅਕਾਲ ਪੁਰਖ ਤੋਂ ਆਪਣੇ ਜੀਅ, ਜਾਨ ਤੋਂ ਸਦਕੇ ਜਾਂਦੇ ਹਨ ਜੋ ਮਨ ਅਤੇ ਤਨ ਦੇ ਕੰਮ ਆਉਣ ਵਾਲੀ ਅਸਲੀ ਚੀਜ਼ ਹੈ,

ਏਕੁ ਜਿ ਸਾਜਨੁ ਮੈ ਕੀਆ
ਸਰਬ ਕਲਾ ਸਮਰਥੁ॥
ਜੀਉ ਹਮਾਰਾ ਖੰਨੀਐ
ਹਰਿ ਮਨ ਤਨ ਸੰਦੜੀ ਵਥੁ॥ (ਪੰਨਾ ੩੨੨)

ਉਸ ਅਕਾਲ ਪੁਰਖ ਦੇ ਸਾਥ ਦੀ ਗੱਲ ਕਰਦਿਆਂ ਗੁਰੂ ਸਾਹਿਬ ਅਰਦਾਸ ਕਰਦੇ ਹਨ ਕਿ ਜੇ ਪਰਮਾਤਮਾ ਉਨ੍ਹਾਂ ਦਾ ਹੱਥ ਫੜ ਲਵੇ, ਫਿਰ ਉਹ ਕਦੀ ਵੀ ਪਰਮਾਤਮਾ ਦੇ ਆਸਰੇ ਤੋਂ ਦੂਰ ਨਾ ਹੋਣ, ਕਦੀ ਵੀ ਅਕਾਲ ਪੁਰਖ ਨੂੰ ਨਾ ਛੱਡਣ। ਜਿਹੜੇ ਮੰਦੇ ਕਰਮ ਕਰਨ ਵਾਲੇ ਮਨੁੱਖ ਅਕਾਲ ਪੁਰਖ ਤੋਂ ਦੂਰ ਹੋ ਜਾਂਦੇ ਹਨ, ਉਸ ਦਾ ਓਟ ਆਸਰਾ ਛੱਡ ਦਿੰਦੇ ਹਨ, ਉਹ ਅਲੱਗ ਹੋ ਕੇ ਨਰਕਾਂ ਦੀ ਅਸਹਿ ਪੀੜ ਬਰਦਾਸ਼ਤ ਕਰਦੇ ਹਨ,

ਜੇ ਕਰੁ ਗਹਹਿ ਪਿਆਰੜੇ
ਤੁਧੁ ਨ ਛੋਡਾ ਮੂਲਿ॥
ਹਰਿ ਛੋਡਨਿ ਸੇ ਦੁਰਜਨਾ
ਪੜਹਿ ਦੋਜਕ ਕੈ ਸੂਲਿ॥ (ਪੰਨਾ ੩੨੨)

ਇਸ ਪਉੜੀ ਵਿਚ ਦੱਸਿਆ ਗਿਆ ਹੈ ਕਿ ਉਸ ਅਕਾਲ ਪੁਰਖ ਦੇ ਘਰ ਹਰ ਤਰ੍ਹਾਂ ਦੇ ਖਜ਼ਾਨੇ ਹਨ ਅਤੇ ਇਸ ਲਈ ਜੋ ਕੁਝ ਅਕਾਲ ਪੁਰਖ ਚਾਹੁੰਦਾ ਹੈ, ਸੰਸਾਰ ਵਿਚ ਉਹੀ ਕੁਝ ਵਾਪਰਦਾ ਹੈ। ਉਸ ਦੇ ਭਗਤ ਜਨ ਉਸ ਦਾ ਜਾਪ ਕਰਕੇ, ਉਸ ਦੇ ਨਾਮ ਦਾ ਸਿਮਰਨ ਕਰਕੇ ਜਿਉਂਦੇ ਹਨ, ਨਾਮ ਨੂੰ ਆਪਣੇ ਜੀਵਨ ਦਾ ਆਸਰਾ ਬਣਾਉਂਦੇ ਹਨ ਅਤੇ ਨਾਮ ਸਿਮਰਨ ਰਾਹੀਂ ਉਨ੍ਹਾਂ ਦੇ ਵਿਕਾਰਾਂ ਦੀ ਮੈਲ ਧੋਤੀ ਜਾਂਦੀ ਹੈ। ਗੁਰਮੁਖਾਂ ਦੇ ਮਨ ਵਿਚ ਉਸ ਅਕਾਲ ਪੁਰਖ ਦੇ ਚਰਨ ਕੰਵਲ ਵਸ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦੇ ਹਰ ਤਰ੍ਹਾਂ ਦੇ ਦੁੱਖ ਦੂਰ ਹੋ ਜਾਂਦੇ ਹਨ। ਜਿਨ੍ਹਾਂ ਦਾ ਪੂਰੇ ਗੁਰੂ ਨਾਲ ਮੇਲ ਹੋ ਜਾਂਦਾ ਹੈ, ਉਹ ਫਿਰ ਨਾਮ ਸਿਮਰਨ ਰਾਹੀਂ ਜੀਵਨ ਮੁਕਤ ਹੋ ਜਾਂਦੇ ਹਨ ਅਤੇ ਜਨਮ ਮਰਨ ਦਾ ਗੇੜ ਖਤਮ ਹੋ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਨੂੰ ਅਕਾਲ ਪੁਰਖ ਦੇ ਦਰਸ਼ਨਾਂ ਦੀ ਬਹੁਤ ਜ਼ਿਆਦਾ ਸਿੱਕ ਹੈ, ਮਨ ਵਿਚ ਤਾਂਘ ਹੈ-ਪਰਮਾਤਮਾ ਨੂੰ ਮਿਲਣ ਦੀ, ਅਤੇ ਵਾਹਿਗੁਰੂ ਦੀ ਮਿਹਰ ਜਿਸ 'ਤੇ ਹੁੰਦੀ ਹੈ ਉਸ ਨੂੰ ਦਰਸ਼ਨ ਹੋ ਜਾਂਦੇ ਹਨ ਅਤੇ ਇਹ ਪਿਆਸ ਸ਼ਾਂਤ ਹੋ ਜਾਂਦੀ ਹੈ,

ਸਭਿ ਨਿਧਾਨ ਘਰਿ ਜਿਸ ਦੈ ਹਰਿ ਕਰੇ ਸੁ ਹੋਵੈ॥
ਜਪਿ ਜਪਿ ਜੀਵਹਿ ਸੰਤ ਜਨ ਪਾਪਾ ਮਲੁ ਧੋਵੈ॥
ਚਰਨ ਕਮਲ ਹਿਰਦੈ ਵਸਹਿ ਸੰਕਟ ਸਭਿ ਖੋਵੈ॥
ਗੁਰੁ ਪੂਰਾ ਜਿਸੁ ਭੇਟੀਐ ਮਰਿ ਜਨਮਿ ਨ ਰੋਵੈ॥
ਪ੍ਰਭ ਦਰਸ ਪਿਆਸ ਨਾਨਕ ਘਣੀ ਕਿਰਪਾ ਕਰਿ ਦੇਵੈ॥
(ਪੰਨਾ ੩੨੨)

ਅਕਾਲ ਪੁਰਖ ਨੂੰ ਪਾਉਣ ਲਈ, ਉਸ ਦੀ ਸਰਬਵਿਆਪਕਤਾ ਨੂੰ ਅਨੁਭਵ ਕਰਨ ਲਈ ਮਨ ਦੀ ਭਟਕਣਾ ਨੂੰ ਦੂਰ ਕਰਕੇ ਉਸ ਨੂੰ ਸਹਿਜ ਵਿਚ ਲਿਆ ਕੇ ਪਰਮਾਤਮਾ ਦੇ ਪ੍ਰੇਮ ਵਿਚ ਟਿਕਾਉਣ ਦੀ ਜ਼ਰੂਰਤ ਹੈ। ਜਦੋਂ ਮਨ ਦੀਆਂ ਭਟਕਣਾਂ ਮੁੱਕ ਜਾਂਦੀਆਂ ਹਨ, ਮਨ ਉਸ ਅਕਾਲ ਪੁਰਖ ਦੇ ਪ੍ਰੇਮ ਵਿਚ ਟਿਕ ਜਾਂਦਾ ਹੈ ਤਾਂ ਅਕਾਲ ਪੁਰਖ ਦੀ ਮੌਜੂਦਗੀ ਹਰ ਥਾਂ ਨਜ਼ਰ ਆਉਂਦੀ ਹੈ,

ਭੋਰੀ ਭਰਮੁ ਵਞਾਇ ਪਿਰੀ ਮੁਹਬਤਿ ਹਿਕੁ ਤੂ॥
ਜਿਥਹੁ ਵੰਞੈ ਜਾਇ ਤਿਥਾਊ ਮਉਜੂਦੁ ਸੋਇ॥
(ਪੰਨਾ ੩੨੨)

ਇਸ ਸਲੋਕ ਵਿਚ ਮਨ ਦੇ ਪਿੱਛੇ ਲੱਗ ਕੇ ਤੁਰਨ ਵਾਲੇ ਉਨ੍ਹਾਂ ਮਨੁੱਖਾਂ ਦੀ ਗੱਲ ਕੀਤੀ ਗਈ ਹੈ ਜੋ ਗੁਰੂ ਦੇ ਰਸਤੇ 'ਤੇ ਨਹੀਂ ਚੱਲਦੇ ਪਰ ਰੀਸ ਗੁਰਮੁਖਾਂ ਦੀ ਕਰਦੇ ਹਨ। ਗੁਰੂ ਸਾਹਿਬ ਅਜਿਹੇ ਲੋਕਾਂ ਦੀ ਹਾਲਤ ਦਾ ਬਿਆਨ ਕਰਦੇ ਹਨ ਕਿ ਘੋੜੇ 'ਤੇ ਚੜ੍ਹ ਕੇ ਖੇਡਦੇ ਤਾਂ ਹਨ ਖੂੰਡੀ ਦੀ ਖੇਡ ਪਰ ਕਾਠੀ ਦੀ ਕੰਨੀ ਫੜ ਲੈਂਦੇ ਹਨ। ਉਨ੍ਹਾਂ ਦੀ ਯੋਗਤਾ ਤਾਂ ਕੁੱਕੜ ਦੀ ਉਡਾਰੀ ਜੋਗੀ ਹੁੰਦੀ ਹੈ ਪਰ ਹੰਸਾਂ ਨਾਲ ਉਡਣ ਲਈ ਆਪਣੇ ਮਨ ਨੂੰ ਉਤਸ਼ਾਹ ਦਿੰਦੇ ਹਨ,

ਚੜਿ ਕੈ ਘੋੜੜੈ ਕੁੰਦੇ ਪਕੜਹਿ
ਖੂੰਡੀ ਦੀ ਖੇਡਾਰੀ॥
ਹੰਸਾ ਸੇਤੀ ਚਿਤੁ ਉਲਾਸਹਿ
ਕੁਕੜ ਦੀ ਓਡਾਰੀ॥੨॥ (ਪੰਨਾ ੩੨੨)

ਅੱਗੇ ਪਉੜੀ ਵਿਚ ਅਕਾਲ ਪੁਰਖ ਦੇ ਨਾਮ ਨੂੰ ਉਚਾਰਨ ਤੇ ਸੁਣਨ ਦਾ ਮਹੱਤਵ ਦੱਸਿਆ ਹੈ ਕਿ ਜਿਹੜੇ ਮਨੁੱਖ ਆਪਣੀ ਜੀਭ ਨਾਲ ਪਰਮਾਤਮਾ ਦੇ ਨਾਮ ਦਾ ਉਚਾਰਨ ਕਰਦੇ ਹਨ ਅਤੇ ਕੰਨਾਂ ਨਾਲ ਉਸ ਦੇ ਨਾਮ ਨੂੰ ਸੁਣਦੇ ਹਨ, ਉਹ ਸੰਸਾਰ ਸਾਗਰ ਤੋਂ ਤਰ ਜਾਂਦੇ ਹਨ। ਜਿਹੜੇ ਹੱਥ ਸ਼ਰਧਾ ਨਾਲ ਅਕਾਲ ਪੁਰਖ ਦੀ ਸਿਫਤਿ-ਸਾਲਾਹ ਲਿਖਦੇ ਹਨ, ਉਹ ਪਵਿੱਤਰ ਹਨ। ਅਜਿਹੇ ਮਨੁੱਖਾਂ ਨੇ ਸਮਝੋ ਅਠਾਹਠ ਤੀਰਥਾਂ 'ਤੇ ਇਸ਼ਨਾਨ ਕਰਨ ਜਿੰਨਾ ਪੁੰਨ ਖੱਟ ਲਿਆ ਹੈ। ਉਹ ਸੰਸਾਰ ਰੂਪੀ ਭਵ ਸਾਗਰ ਤੋਂ ਪਾਰ ਲੰਘ ਜਾਂਦੇ ਹਨ ਅਤੇ ਉਨ੍ਹਾਂ ਨੇ ਮਾਇਆ ਦੇ ਕਿਲ੍ਹੇ ਨੂੰ ਜਿੱਤ ਲਿਆ ਹੈ। ਗੁਰੂ ਸਾਹਿਬ ਕਹਿੰਦੇ ਹਨ, ਹੇ ਮਨ! ਅਜਿਹੇ ਅਸੀਮ, ਬੇਅੰਤ ਅਕਾਲ ਪੁਰਖ ਦਾ ਸਿਮਰਨ ਕਰ ਜਿਸ ਨੇ ਆਪਣੇ ਲੜ ਲਾ ਕੇ ਅਨੇਕਾਂ ਨੂੰ ਬਚਾ ਲਿਆ ਹੈ,

ਰਸਨਾ ਉਚਰੈ ਹਰਿ ਸ੍ਰਵਣੀ
ਸੁਣੈ ਸੋ ਉਧਰੈ ਮਿਤਾ॥
ਹਰਿ ਜਸੁ ਲਿਖਹਿ ਲਾਇ ਭਾਵਨੀ
ਸੇ ਹਸਤ ਪਵਿਤਾ॥
ਅਠਸਠਿ ਤੀਰਥ ਮਜਨਾ
ਸਭਿ ਪੁੰਨ ਤਿਨਿ ਕਿਤਾ॥
ਸੰਸਾਰ ਸਾਗਰ ਤੇ ਉਧਰੇ
ਬਿਖਿਆ ਗੜੁ ਜਿਤਾ॥
ਨਾਨਕ ਲੜਿ ਲਾਇ ਉਧਾਰਿਅਨੁ
ਦਯੁ ਸੇਵਿ ਅਮਿਤਾ॥ (ਪੰਨਾ ੩੨੨-੨੩)

ਮਨੁੱਖ ਮਾਇਆਵੀ ਧੰਦਿਆਂ 'ਚ ਪੈ ਕੇ ਅਕਾਲ ਪੁਰਖ ਨੂੰ ਭੁੱਲ ਜਾਂਦਾ ਹੈ ਪਰ ਇਹ ਧੰਦੇ ਘਾਟੇ ਵਾਲੇ ਹਨ ਕਿਉਂਕਿ ਪ੍ਰਭੂ ਨੂੰ ਵਿਸਰ ਜਾਣ ਨਾਲ ਸਰੀਰ ਵਿਕਾਰਾਂ ਦੀ ਮੈਲ ਨਾਲ ਗੰਦਾ ਹੋ ਜਾਂਦਾ ਹੈ,

ਧੰਧੜੇ ਕੁਲਾਹ ਚਿਤਿ ਨ ਆਵੈ ਹੇਕੜੋ॥
ਨਾਨਕ ਸੇਈ ਤੰਨ ਫੁਟੰਨਿ
ਜਿਨਾ ਸਾਂਈ ਵਿਸਰੈ॥ (ਪੰਨਾ ੩੨੩)

ਉਸ ਕਰਤਾਰ ਨੇ ਪਰੇਤਾਂ ਨੂੰ ਦੇਵਤੇ ਬਣਾ ਦਿੱਤਾ ਹੈ ਅਤੇ ਮਾਲਕ ਨੇ ਆਪ ਗੁਰੂ ਦੀ ਸਿੱਖਿਆ 'ਤੇ ਚੱਲਣ ਵਾਲਿਆਂ ਨੂੰ ਵਿਕਾਰਾਂ ਤੋਂ ਬਚਾ ਲਿਆ ਹੈ, ਉਨ੍ਹਾਂ ਦੇ ਕਾਰਜ ਸਵਾਰ ਦਿੱਤੇ ਹਨ। ਅਕਾਲ ਪੁਰਖ ਨੇ ਝੂਠੇ ਨਿੰਦਕਾਂ ਨੂੰ ਫੜ ਕੇ ਧਰਤੀ 'ਤੇ ਪਟਕਾ ਮਾਰਿਆ ਹੈ। ਨਾਨਕ ਦਾ ਅਕਾਲ ਪੁਰਖ ਸਭ ਤੋਂ ਵੱਡਾ ਹੈ ਜਿਸ ਨੇ ਮਨੁੱਖਾਂ ਦੀ ਸਾਜਨਾ ਕਰਕੇ ਫਿਰ ਆਪ ਹੀ ਉਨ੍ਹਾਂ ਨੂੰ ਸਵਾਰ ਦਿੱਤਾ ਹੈ,

ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ॥
ਸਭੇ ਸਿਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ॥
ਨਿੰਦਕ ਪਕੜਿ ਪਛਾੜਿਅਨੁ ਝੂਠੇ ਦਰਬਾਰੇ॥
ਨਾਨਕ ਕਾ ਪ੍ਰਭੁ ਵਡਾ ਹੈ ਆਪਿ ਸਾਜਿ ਸਵਾਰੇ॥
(ਪੰਨਾ ੩੨੩)

ਅੱਗੇ ਪਉੜੀ ਵਿਚ ਫਰਮਾਇਆ ਗਿਆ ਹੈ ਕਿ ਅਕਾਲ ਪੁਰਖ ਅਸੀਮ ਅਤੇ ਬੇਅੰਤ ਹੈ ਜਿਸ ਦੀ ਕੋਈ ਥਾਹ ਨਹੀਂ ਪਾਈ ਜਾ ਸਕਦੀ ਅਤੇ ਇਹ ਦੁਨੀਆਂ ਉਸੇ ਨੇ ਸਾਜੀ ਹੈ। ਉਹ ਅਪਹੁੰਚ ਹੈ, ਜੀਵਾਂ ਦੇ ਇੰਦ੍ਰਿਆਂ ਦੀ ਪਹੁੰਚ ਤੋਂ ਉਪਰ ਹੈ ਅਤੇ ਉਹ ਹੀ ਸਾਰੇ ਜੀਵਾਂ ਦਾ ਆਸਰਾ ਹੈ। ਉਹ ਹੱਥ ਦੇ ਕੇ ਸਭ ਨੂੰ ਪਾਲਦਾ ਹੈ ਅਤੇ ਸਭ ਦੀ ਰੱਖਿਆ ਕਰਦਾ ਹੈ। ਉਹ ਸਾਰਿਆਂ 'ਤੇ ਮਿਹਰ ਕਰਨ ਵਾਲਾ ਅਤੇ ਬਖਸ਼ਿਸ਼ ਕਰਨ ਵਾਲਾ ਹੈ, ਉਸ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖ ਦਾ ਸਿਮਰਨ ਕਰਨ ਨਾਲ ਜੀਵ ਤਰ ਜਾਂਦੇ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਅਕਾਲ ਪੁਰਖ ਦੀ ਰਜ਼ਾ ਵਿਚ ਜੋ ਹੋ ਰਿਹਾ ਹੈ, ਸਭ ਭਲਾ ਹੈ ਅਤੇ ਜੀਵਾਂ ਨੇ ਉਸ ਦਾ ਹੀ ਓਟ ਆਸਰਾ ਲਿਆ ਹੈ,

ਪ੍ਰਭੁ ਬੇਅੰਤੁ ਕਿਛੁ ਅੰਤੁ ਨਾਹਿ
ਸਭੁ ਤਿਸੈ ਕਰਣਾ॥
ਅਗਮ ਅਗੋਚਰੁ ਸਾਹਿਬੋ
ਜੀਆਂ ਕਾ ਪਰਣਾ॥
ਹਸਤ ਦੇਇ ਪ੍ਰਤਿਪਾਲਦਾ
ਭਰਣ ਪੋਖਣੁ ਕਰਣਾ॥
ਮਿਹਰਵਾਨੁ ਬਖਸਿੰਦੁ ਆਪਿ
ਜਪਿ ਸਚੇ ਤਰਣਾ॥
ਜੋ ਤੁਧੁ ਭਾਵੈ ਸੋ ਭਲਾ
ਨਾਨਕ ਦਾਸ ਸਰਣਾ॥੨੦॥ (ਪੰਨਾ ੩੨੩)

ਜਿਨ੍ਹਾਂ ਮਨੁੱਖਾਂ ਦੇ ਸਿਰ 'ਤੇ ਉਸ ਅਕਾਲ ਪੁਰਖ ਦੀ ਛਤਰ ਛਾਇਆ ਹੁੰਦੀ ਹੈ, ਉਨ੍ਹਾਂ ਨੂੰ ਮਾਇਆਵੀ ਭੁੱਖ ਨਹੀਂ ਰਹਿੰਦੀ। ਉਸ ਅਕਾਲ ਪੁਰਖ ਦੇ ਚਰਨੀਂ ਲੱਗਿਆਂ ਸਾਰੇ ਤਰ ਜਾਂਦੇ ਹਨ, ਮਾਇਆ ਦੀ ਭੁੱਖ ਤੋਂ ਬਚ ਜਾਂਦੇ ਹਨ,

ਤਿੰਨਾ ਭੁਖ ਨ ਕਾ ਰਹੀ
ਜਿਸ ਦਾ ਪ੍ਰਭੁ ਹੈ ਸੋਇ॥
ਨਾਨਕ ਚਰਣੀ ਲਗਿਆ
ਉਧਰੈ ਸਭੋ ਕੋਇ॥੧॥ (ਪੰਨਾ ੩੨੩)

ਅਗਲੇ ਸਲੋਕ ਵਿਚ ਵੀ ਉਸ ਅਕਾਲ ਪੁਰਖ ਦੇ ਓਟ ਆਸਰੇ ਦੀ ਗੱਲ ਕੀਤੀ ਗਈ ਹੈ ਕਿ ਜੋ ਮਨੁੱਖ ਅਕਾਲ ਪੁਰਖ ਤੋਂ ਜਾਚਕ ਬਣ ਕੇ ਨਾਮ ਦੀ ਦਾਤ ਮੰਗਦਾ ਹੈ, ਸਾਹਿਬ ਉਸ ਨੂੰ ਦਾਤ ਦੇ ਦਿੰਦਾ ਹੈ, ਉਸ ਦੀ ਜਾਚਨਾ ਕਬੂਲ ਹੋ ਜਾਂਦੀ ਹੈ। ਜਿਸ ਮਨੁੱਖ ਦਾ ਜਜਮਾਨ ਆਪ ਅਕਾਲ ਪੁਰਖ ਹੈ, ਉਸ ਨੂੰ ਜ਼ਰਾ ਵੀ ਭੁੱਖ ਨਹੀਂ ਰਹਿਣੀ,

ਜਾਚਿਕੁ ਮੰਗੈ ਨਿਤ ਨਾਮੁ
ਸਾਹਿਬੁ ਕਰੇ ਕਬੂਲੁ॥
ਨਾਨਕ ਪਰਮੇਸਰੁ ਜਜਮਾਨੁ
ਤਿਸਹਿ ਭੁਖ ਨ ਮੂਲਿ॥੨॥ (ਪੰਨਾ ੩੨੩)

ਆਖਰੀ ਪਉੜੀ ਵਿਚ ਨਾਮ ਸਿਮਰਨ ਕਰਨ ਵਾਲੇ ਭਗਤ ਜਨਾਂ ਦੀ ਮਾਨਸਿਕਤਾ ਦਾ ਬਿਆਨ ਕੀਤਾ ਗਿਆ ਹੈ ਕਿ ਜਿਨ੍ਹਾਂ ਦਾ ਮਨ ਅਕਾਲ ਪੁਰਖ ਦੇ ਪ੍ਰੇਮ ਵਿਚ ਰੰਗਿਆ ਜਾਂਦਾ ਹੈ, ਉਨ੍ਹਾਂ ਲਈ ਉਸ ਦਾ ਨਾਮ ਹੀ ਚੰਗੀ ਪੁਸ਼ਾਕ ਅਤੇ ਭੋਜਨ ਹੈ। ਉਸ ਦੇ ਨਾਮ ਨਾਲ ਜਦੋਂ ਪ੍ਰੇਮ ਹੋ ਜਾਂਦਾ ਹੈ ਤਾਂ ਇਹੀ ਉਸ ਲਈ ਹਾਥੀ ਅਤੇ ਘੋੜੇ ਹਨ। ਜਿਹੜਾ ਹਰ ਵਕਤ ਉਸ ਦਾ ਧਿਆਨ ਧਰਦਾ ਹੈ, ਕਦੇ ਆਪਣਾ ਮੂੰਹ ਨਹੀਂ ਮੋੜਦਾ, ਉਸ ਲਈ ਇਹੀ ਰਾਜ ਭਾਗ ਅਤੇ ਜ਼ਮੀਨਾਂ, ਖੁਸ਼ੀਆਂ ਹਨ। ਉਹ ਢਾਡੀ ਸਦਾ ਉਸ ਪਰਵਰਦਗਾਰ ਦੇ ਦਰਵਾਜ਼ੇ ਤੋਂ ਨਾਮ ਦੀ ਦਾਤ ਮੰਗਦਾ ਹੈ ਅਤੇ ਉਸ ਦੇ ਦਰ ਨੂੰ ਕਦੀ ਛੱਡਦਾ ਨਹੀਂ। ਪ੍ਰਭੂ ਦਾ ਸਿਮਰਨ ਕਰਨ ਵਾਲੇ ਦੇ ਮਨ-ਤਨ ਵਿਚ ਸਦਾ ਇਹ ਹੀ ਚਾਅ ਬਣਿਆ ਰਹਿੰਦਾ ਹੈ ਕਿ ਉਹ ਉਸ ਅਕਾਲ ਪੁਰਖ ਦੇ ਮਿਲਾਪ ਲਈ ਤਾਂਘਦਾ ਹੈ,

ਮਨੁ ਰਤਾ ਗੋਵਿੰਦ ਸੰਗਿ ਸਚੁ ਭੋਜਨੁ ਜੋੜੇ॥
ਪ੍ਰੀਤਿ ਲਗੀ ਹਰਿ ਨਾਮ ਸਿਉ
ਏ ਹਸਤੀ ਘੋੜੇ॥
ਰਾਜ ਮਿਲਖ ਖੁਸੀਆ ਘਣੀ
ਧਿਆਇ ਮੁਖੁ ਨ ਮੋੜੇ॥
ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋਡੇ॥
ਨਾਨਕ ਮਨਿ ਤਨਿ ਚਾਉ ਏਹੁ
ਨਿਤ ਪ੍ਰਭ ਕਉ ਲੋੜੇ॥ (ਪੰਨਾ ੩੨੩)

## ਰਾਖੁ ਪਿਤਾ ਪ੍ਰਭ ਮੇਰੇ

ਗੁਰਬਾਣੀ ਗਿਆਨ

ਗਉੜੀ ਮਹਲਾ ੫
ਰਾਖੁ ਪਿਤਾ ਪ੍ਰਭ ਮੇਰੇ॥
ਮੋਹਿ ਨਿਰਗੁਨੁ ਸਭ ਗੁਨ ਤੇਰੇ॥੧॥ ਰਹਾਉ॥
ਪੰਚ ਬਿਖਾਦੀ ਏਕੁ ਗਰੀਬਾ
ਰਾਖਹੁ ਰਾਖਨਹਾਰੇ॥
ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ
ਆਇਓ ਸਰਨਿ ਤੁਹਾਰੇ॥੧॥
ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ
ਛੋਡਹਿ ਕਤਹੂੰ ਨਾਹੀ॥
ਏਕ ਬਾਤ ਸੁਨਿ ਤਾਕੀ ਓਟਾ
ਸਾਧਸੰਗਿ ਮਿਟਿ ਜਾਹੀ॥੨॥
ਕਰਿ ਕਿਰਪਾ ਸੰਤ ਮਿਲੇ ਮੋਹਿ
ਤਿਨ ਤੇ ਧੀਰਜੁ ਪਾਇਆ॥
ਸੰਤੀ ਮੰਤੁ ਦੀਓ ਮੋਹਿ ਨਿਰਭਉ
ਗੁਰ ਕਾ ਸਬਦੁ ਕਮਾਇਆ॥੩॥
ਜੀਤਿ ਲਏ ਓਇ ਮਹਾ ਬਿਖਾਦੀ
ਸਹਜ ਸੁਹੇਲੀ ਬਾਣੀ॥
ਕਹੁ ਨਾਨਕ ਮਨਿ ਭਇਆ ਪਰਗਾਸਾ
ਪਾਇਆ ਪਦੁ ਨਿਰਬਾਣੀ॥੪॥

ਗੁਰੂ ਅਰਜਨ ਦੇਵ ਜੀ ਉਸ ਮਿਹਰਵਾਨ ਪ੍ਰਭੂ ਪਿਤਾ ਅੱਗੇ ਅਰਦਾਸ ਕਰਦੇ ਆਖਦੇ ਹਨ- ਰਾਖੁ ਪਿਤਾ ਪ੍ਰਭ ਮੇਰੇ, ਹੇ ਮੇਰੇ ਪਿਤਾ ਪ੍ਰਭ ਜੀਉ! ਮੈਂ ਤੇਰੀ ਸ਼ਰਨ ਆਇਆ ਹਾਂ! ਮੈਨੂੰ ਆਪਣੀ ਸ਼ਰਨ ਵਿਚ ਰੱਖ ਲੈ; ਮੈਂ ਤਾਂ ਅਉਗਣਾਂ ਨਾਲ ਭਰਿਆ ਹੋਇਆ ਹਾਂ, ਪ੍ਰਭੂ ਜੀਉ! ਸਾਰੇ ਗੁਣ ਤਾਂ ਤੇਰੇ ਕੋਲ ਹਨ। ਜਿਸ 'ਤੇ ਤੂੰ ਆਪਣੀ ਮਿਹਰ ਕਰੇਂ, ਉਸੇ ਨੂੰ ਗੁਣ ਦੇ ਦਿੰਦਾ ਹੈਂ, ਮੈਨੂੰ ਵੀ ਗੁਣ ਦੇਹ ਤੇ ਅਉਗੁਣਾਂ ਤੋਂ ਬਚਾ ਲੈ।

ਪੰਚ ਬਿਖਾਦੀ ਏਕੁ ਗਰੀਬਾ
ਰਾਖਹੁ ਰਾਖਨਹਾਰੇ॥
ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ
ਆਇਓ ਸਰਨਿ ਤੁਹਾਰੇ॥੧॥

ਗੁਰਦੇਵ ਜੀ ਆਖਦੇ ਹਨ, ਮਿਹਰਵਾਨ ਪਿਤਾ ਜੀਉ! ਮੈਂ ਗਰੀਬ ਜੀਵ ਤਾਂ ਇਕੱਲਾ ਹੀ ਹਾਂ, ਪਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ- ਇਹ ਪੰਜੇ ਮੇਰੇ ਵੈਰੀ ਹਨ; ਪ੍ਰਭੂ ਜੀਉ! ਮੇਰੀ ਸਹਾਇਤਾ ਕਰੋ, ਤੂੰ ਤਾਂ ਸਭ ਦੀ ਰੱਖਿਆ ਕਰਨ ਵਾਲਾ ਹੈਂ। ਹੇ ਪਿਤਾ ਜੀਉ! ਇਹ ਪੰਜੇ ਚੋਰ ਮੈਨੂੰ ਬਹੁਤ ਦੁੱਖ ਦਿੰਦੇ ਹਨ ਤੇ ਬਹੁਤ ਸਤਾਉਂਦੇ ਹਨ, ਇਸੇ ਲਈ ਮੈਂ ਤੇਰੀ ਸ਼ਰਨ ਆ ਗਿਆ ਹਾਂ, ਮੇਰੀ ਲਾਜ ਰੱਖ ਲਵੋ।

ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ
ਛੋਡਹਿ ਕਤਹੂੰ ਨਾਹੀ॥
ਏਕ ਬਾਤ ਸੁਨਿ ਤਾਕੀ ਓਟਾ
ਸਾਧਸੰਗਿ ਮਿਟਿ ਜਾਹੀ॥੨॥

ਹੇ ਮਿਹਰਵਾਨ ਪਿਤਾ ਜੀਉ! ਇਨ੍ਹਾਂ ਪੰਜਾਂ ਬਿਖਾਦੀਆਂ ਤੋਂ ਬਚਣ ਲਈ ਮੈਂ ਅਨੇਕਾਂ ਅਤੇ ਤਰ੍ਹਾਂ-ਤਰ੍ਹਾਂ ਦੇ ਯਤਨ ਕਰ ਕੇ ਥੱਕ ਤੇ ਹਾਰ ਗਿਆ ਹਾਂ ਪਰ ਇਹ ਪੰਜੇ ਚੋਰ ਕਿਸੇ ਤਰ੍ਹਾਂ ਮੇਰਾ ਪਿੱਛਾ ਨਹੀਂ ਛੱਡਦੇ; ਇਕ ਗੱਲ ਸੁਣ ਕੇ, ਕਿ ਸਾਧ-ਸੰਗਤ ਵਿਚ ਬੈਠਿਆਂ ਇਹ ਪੰਜੇ ਚੋਰ ਮਰ ਮੁੱਕ ਜਾਂਦੇ ਹਨ, ਪ੍ਰਭੂ! ਮੈਂ ਤੇਰੀ ਸ਼ਰਨ ਵਿਚ ਆ ਗਿਆ ਹਾਂ, ਤੇ ਸਾਧ-ਸੰਗਤ ਦਾ ਆਸਰਾ ਲਿਆ ਹੈ।

ਕਰਿ ਕਿਰਪਾ ਸੰਤ ਮਿਲੇ ਮੋਹਿ
ਤਿਨ ਤੇ ਧੀਰਜੁ ਪਾਇਆ॥
ਸੰਤੀ ਮੰਤੁ ਦੀਓ ਮੋਹਿ ਨਿਰਭਉ
ਗੁਰ ਕਾ ਸਬਦੁ ਕਮਾਇਆ॥੩॥

ਗੁਰਦੇਵ ਜੀ ਬਚਨ ਕਰਦੇ ਹਨ, ਹੇ ਪ੍ਰਭ ਜੀਉ! ਤੇਰੀ ਕ੍ਰਿਪਾ ਨਾਲ ਸਾਧ-ਸੰਗਤ ਵਿਚ ਤੇਰੇ ਸੰਤ ਜਨ ਮਿਲ ਪਏ; ਤੇ ਤੇਰੇ ਉਨ੍ਹਾਂ ਪਿਆਰਿਆਂ ਦੀ ਸੰਗਤ ਵਿਚ ਰਹਿ ਕੇ ਮੈਨੂੰ ਧੀਰਜ ਮਿਲਿਆ ਹੈ; ਉਨ੍ਹਾਂ ਸੰਤਾਂ ਨੇ ਇਨ੍ਹਾਂ ਪੰਜਾਂ ਚੋਰਾਂ ਦੇ ਡਰ ਤੋਂ ਬਚਾਉਣ ਲਈ, ਨਿਡਰ ਕਰਨ ਵਾਲਾ ਉਪਦੇਸ਼ ਦਿੱਤਾ ਹੈ; ਮੈਂ ਗੁਰੂ ਦੇ ਉਸ ਸ਼ਬਦ ਨੂੰ ਆਪਣੇ ਜੀਵਨ 'ਚ ਧਾਰ ਲਿਆ ਹੈ।

ਜੀਤਿ ਲਏ ਓਇ ਮਹਾ ਬਿਖਾਦੀ
ਸਹਜ ਸੁਹੇਲੀ ਬਾਣੀ॥
ਕਹੁ ਨਾਨਕ ਮਨਿ ਭਇਆ ਪਰਗਾਸਾ
ਪਾਇਆ ਪਦੁ ਨਿਰਬਾਣੀ॥੪॥

ਸ਼ਬਦ ਦੇ ਅਖੀਰ ਵਿਚ ਸੰਸਾਰ ਨੂੰ ਗੁਰਬਾਣੀ ਦਾ ਬੋਹਿਥ ਦੇਣ ਵਾਲੇ ਸਤਿਗੁਰੂ ਆਖਦੇ ਹਨ, ਆਤਮਾ ਨੂੰ ਅਡੋਲ ਰੱਖਣ ਵਾਲੀ ਅਤੇ ਸੁੱਖ ਦੇਣ ਵਾਲੀ ਗੁਰੂ ਦੀ ਬਾਣੀ ਦੀ ਬਖਸ਼ਿਸ਼ ਨਾਲ ਮੈਂ ਉਨ੍ਹਾਂ ਪੰਜੇ ਵੱਡੇ ਚੋਰਾਂ ਉਤੇ ਜਿੱਤ ਪ੍ਰਾਪਤ ਕਰ ਲਈ ਹੈ; ਨਾਨਕ ਆਖਦਾ ਹੈ, ਹੁਣ ਮੇਰੇ ਮਨ ਵਿਚ ਚਾਨਣ ਹੋ ਗਿਆ ਹੈ; ਤੇ ਮੈਂ ਗੁਰੂ ਦੀ ਕ੍ਰਿਪਾ ਨਾਲ ਹੁਣ ਉਹ ਉਚਾ ਪਦੁ ਪ੍ਰਾਪਤ ਕਰ ਲਿਆ ਹੈ, ਜਿਥੇ ਦੁਨੀਆਂ ਦੀ ਕੋਈ ਵੀ ਵਾਸ਼ਨਾ ਖੋਹ ਨਹੀਂ ਸਕਦੀ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਪਾਲਕ ਪੁੱਤਰ ਅਜੀਤ ਸਿੰਘ

## ਕ੍ਰਮ-ਪ੍ਰਤੀਕ੍ਰਮ

'ਪੰਜਾਬ ਟਾਈਮਜ਼' ਦੇ 24 ਜਨਵਰੀ 2015 ਦੇ ਅੰਕ ਵਿਚ ਮੇਰੇ ਲੇਖ 'ਅਨੰਦਪੁਰ ਸਾਹਿਬ ਤੋਂ ਸਰਹਿੰਦ ਤੱਕ' ਬਾਰੇ ਪ੍ਰੋ. ਜਗਿੰਦਰ ਸਿੰਘ ਰਮਦੇਵ ਅਤੇ ਸ. ਮੁਹਿੰਦਰ ਸਿੰਘ ਘੱਗ ਦੇ ਪ੍ਰਤੀਕਰਮ ਛਪੇ ਹਨ। ਪ੍ਰੋ. ਰਮਦੇਵ ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਦੇ ਹਵਾਲੇ ਨਾਲ ਲਿਖਦੇ ਹਨ, "ਇਕ ਸੁਨਿਆਰੇ ਦਾ ਪੁੱਤਰ ਜਿਸ ਨੂੰ ਮਾਤਾ ਸੁੰਦਰੀ ਜੀ ਨੇ ਸ੍ਰੀ ਅਜੀਤ ਸਿੰਘ ਜਿਹੀ ਸ਼ਕਲ ਦਾ ਦੇਖ ਕੇ ਪੁੱਤਰ ਬਣਾਇਆ।" ਕੀ ਇਸ ਤੋਂ ਅਜੀਤ ਸਿੰਘ ਦੇ ਜਨਮ ਦੀ ਮਿਤੀ ਜਾਂ ਉਮਰ ਦਾ ਪਤਾ ਲਗਦਾ ਹੈ, ਜਦੋਂ ਉਸ ਨੂੰ ਮਾਤਾ ਸੁੰਦਰੀ ਜੀ ਨੇ ਪੁੱਤਰ ਬਣਾਇਆ?

ਅਜੀਤ ਸਿੰਘ ਸੁਨਿਆਰੇ ਦਾ ਪੁੱਤਰ ਨਹੀਂ ਸੀ: 'ਗੁਰਪ੍ਰਤਾਪ ਸੂਰਜ ਪ੍ਰਕਾਸ਼' ਦੇ ਲੇਖਕ ਭਾਈ ਸੰਤੋਖ ਸਿੰਘ ਚੂੜਾਮਣੀ ਲਿਖਦੇ ਹਨ, "ਜਦੋਂ ਗੁਰੂ ਜੀ ਦਿੱਲੀ ਵਿਚ ਸਨ ਤਾਂ ਇਕ ਸੁਨਿਆਰਾ, ਪੁੱਤਰ ਦੀ ਦਾਤ ਲਈ ਬੇਨਤੀ ਕਰਦਾ ਰਹਿੰਦਾ ਸੀ। ਉਹ

**ਸੁਰਜੀਤ ਸਿੰਘ ਪੰਧੀ, ਬੇਕਰਜ਼ਫੀਲਡ**

ਬਹੁਤ ਵਾਰੀ ਗੁਰੂ ਜੀ ਦਾ ਰਾਹ ਵੇਖਦਾ ਰਹਿੰਦਾ ਸੀ। ਇਕ ਦਿਨ ਗੁਰੂ ਜੀ ਨੇੜੇ ਦੇ ਜੰਗਲ ਵਿਚ ਸ਼ਿਕਾਰ ਨੂੰ ਜਾ ਰਹੇ ਸਨ ਤਾਂ ਸੁਨਿਆਰਾ ਬਹੁਤ ਸਾਰੇ ਸਿੱਖਾਂ ਦੇ ਨਾਲ ਉਨ੍ਹਾਂ ਦੇ ਪਿਛੇ ਜਾ ਰਿਹਾ ਸੀ। ਉਹ ਬਹੁਤ ਦੂਰ ਨਹੀਂ ਗਏ ਸਨ ਜਦੋਂ ਉਨ੍ਹਾਂ ਇਕ ਇਸਤਰੀ ਨੂੰ ਨਵ-ਜਨਮੇ ਬੱਚੇ ਨੂੰ ਝਾੜੀਆਂ ਵਿਚ ਛੱਡ ਕੇ ਜਾਂਦੇ ਦੇਖਿਆ। ਗੁਰੂ ਜੀ ਨੇ ਸੁਨਿਆਰੇ ਨੂੰ ਉਸ ਬੱਚੇ ਨੂੰ ਮੁਤਬੰਨਾ ਬਣਾਉਣ ਲਈ ਕਿਹਾ।" ਜਦੋਂ ਸੁਨਿਆਰੇ ਦੀ ਆਪਣੀ ਪੁੱਤਰ ਪਾਉਣ ਦੀ ਇੱਛਾ ਸੀ ਅਤੇ ਗੁਰੂ ਜੀ ਨੇ ਉਸ ਨੂੰ ਮੁਤਬੰਨਾ ਬਣਾਉਣ ਲਈ ਦਿੱਤਾ ਸੀ, ਤਾਂ ਗੁਰੂ ਜੀ ਨੇ ਬੱਚੇ ਨੂੰ ਸੁਨਿਆਰੇ ਤੋਂ ਲੈ ਕੇ ਮਾਤਾ ਸੁੰਦਰੀ ਨੂੰ ਸੌਂਪ ਦਿੱਤਾ ਅਤੇ ਇਸੇ ਬੱਚੇ ਨੂੰ ਮੁਤਬੰਨਾ ਬਣਾਇਆ।

ਇਸ ਕਹਾਣੀ ਅਨੁਸਾਰ ਬੱਚਾ ਇਕ ਦਿਨ ਦਾ ਸੀ। ਭਾਈ ਵੀਰ ਸਿੰਘ, ਮੈਕਾਲਫ਼, ਪ੍ਰਿੰਸੀਪਲ ਸਤਬੀਰ ਸਿੰਘ ਵੀ 'ਗੁਰਪ੍ਰਤਾਪ ਸੂਰਜ ਪ੍ਰਕਾਸ਼' ਵਾਲੀ ਕਹਾਣੀ ਹੀ ਲਿਖਦੇ ਹਨ। ਪੁਰਾਣੇ ਸਮਿਆਂ ਵਿਚ ਜਦੋਂ ਕੁੜੀ ਜਨਮ ਲੈਂਦੀ, ਤਾਂ ਉਸ ਦਾ ਗਲਾ ਘੁੱਟ ਕੇ, ਕੋਈ ਜ਼ਹਿਰ ਦੇ ਕੇ, ਘੜੇ ਵਿਚ ਬੰਦ ਕਰ ਕੇ ਜ਼ਮੀਨ ਵਿਚ ਦੱਬ ਦਿੰਦੇ। ਬਾਹਰ ਝਾੜੀਆਂ ਵਿਚ ਜਨਵਰਾਂ ਦੇ ਖਾਣ ਲਈ ਸੁੱਟ ਕੇ, ਮਾਰ ਦਿੰਦੇ ਸਨ। ਇਹ ਕਦੇ ਨਹੀਂ ਸੁਣਿਆ ਕਿ ਮੁੰਡੇ ਨੂੰ ਇਸ ਤਰ੍ਹਾਂ ਝਾੜੀਆਂ ਵਿਚ ਸੁੱਟ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਨਵ-ਜਨਮੇ ਮੁੰਡੇ ਨੂੰ ਸੁੱਟਣ ਵਾਲੀ ਵਿਆਹੁਤਾ ਇਸਤਰੀ ਨਹੀਂ ਹੋਣੀ। ਇਸ ਕਹਾਣੀ ਅਨੁਸਾਰ ਬੱਚੇ ਦਾ ਜਨਮ 1707 ਈਸਵੀ ਵਿਚ ਹੋਇਆ।

'ਸ੍ਰੀ ਦਸਮ ਗੁਰੂ ਚਮਤਕਾਰ', 'ਸੂਰਜ ਪ੍ਰਕਾਸ਼', 'ਤਵਾਰੀਖ ਗੁਰੂ ਖਾਲਸਾ', 'ਜੀਵਨ ਬਿਰਤਾਂਤ ਦਸ ਪਾਤਸ਼ਾਹੀਆਂ' ਅਤੇ 'ਗੁਰਪ੍ਰਤਾਪ ਸੂਰਜ ਪ੍ਰਕਾਸ਼' ਦਾ ਰਲਵਾਂ ਟੀਕਾ ਸੋਢੀ ਤੇਜਾ ਸਿੰਘ ਦਾ ਕੀਤਾ ਹੋਇਆ ਹੈ। ਉਹ ਲਿਖਦੇ ਹਨ, "ਜਦੋਂ ਗੁਰੂ ਜੀ ਦਿੱਲੀ ਤੋਂ ਜਾਣ ਲੱਗੇ ਤਾਂ ਮਾਤਾ ਸੁੰਦਰੀ ਜੀ ਨੇ ਬੇਨਤੀ ਕੀਤੀ ਕਿ ਇਕ ਸਿੱਖ ਸੁਨਿਆਰੇ ਦੇ ਲੜਕੇ ਦਾ ਮੁਹਾਂਦਰਾ ਮੇਰੇ ਪੁੱਤਰ ਅਜੀਤ ਸਿੰਘ ਵਰਗਾ ਹੈ। ਜੇ ਉਸ ਦਾ ਪਿਤਾ ਇਹ ਲੜਕਾ ਮੈਨੂੰ ਦੇ ਦੇਵੇ ਤਾਂ ਮੈਂ ਉਸ ਨੂੰ ਆਪਣਾ ਪਾਲਤੂ ਪੁੱਤਰ ਬਣਾ ਲਵਾਂ। ਉਸ ਦੇ ਨਾਲ ਦਿਲ ਲੱਗਿਆ ਰਹੇਗਾ।" ਗੁਰੂ ਜੀ ਨੇ ਸਿੱਖ ਤੋਂ ਬੱਚਾ ਦਿਵਾ ਦਿੱਤਾ। ਇਸ ਬੱਚੇ ਨੂੰ ਪੰਜ ਸਾਲ ਦਾ ਲਿਖਿਆ ਮਿਲਦਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਬੱਚਾ ਝਾੜੀਆਂ ਵਿਚੋਂ ਚੁੱਕਿਆ ਗਿਆ ਸੀ? ਵਿਚਾਰਨ ਵਾਲੀ ਗੱਲ ਇਹ ਹੈ ਕਿ ਗੁਰੂ ਜੀ ਜੰਜੂ ਦੀ ਲੜਾਈ ਵਿਚ ਬਹਾਦਰ ਸ਼ਾਹ ਦੀ ਸਹਾਇਤਾ ਕਰਨ ਪਿਛੋਂ 20 ਜੂਨ 1707 ਈਸਵੀ ਨੂੰ ਦਿੱਲੀ ਗਏ। ਇਸ ਤੋਂ ਪਹਿਲਾਂ ਗੁਰੂ ਜੀ ਦਿੱਲੀ ਨਹੀਂ ਗਏ ਅਤੇ ਨਾ ਇਸ ਤੋਂ ਪਿਛੋਂ। ਜੇ ਇਹ ਬੱਚਾ ਪੰਜ ਸਾਲ ਦਾ ਸੀ, ਤਾਂ ਇਸ ਦਾ ਜਨਮ 1702 ਈਸਵੀ ਵਿਚ ਹੋਇਆ। ਡਾ. ਮਹਿੰਦਰ ਕੌਰ ਗਿੱਲ ਜੋ ਮਾਤਾ ਸੁੰਦਰੀ ਕਾਲਜ ਵਿਚ ਲੈਕਚਰਾਰ ਸੀ, ਤੇ ਉਥੋਂ ਹੀ ਪ੍ਰਿੰਸੀਪਲ ਦੇ ਅਹੁਦੇ ਤੋਂ ਰਿਟਾਇਰ ਹੋਏ, ਉਨ੍ਹਾਂ ਨੇ 'ਮਾਤਾ ਸੁੰਦਰੀ' ਪੁਸਤਕ ਲਿਖੀ। ਉਹ ਲਿਖਦੇ ਹਨ ਕਿ ਅਜੀਤ ਸਿੰਘ ਦੀ ਉਮਰ ਮੌਤ ਸਮੇਂ ਇੱਕੀ ਸਾਲ ਸੀ। ਅਜੀਤ ਸਿੰਘ ਦੀ ਮੌਤ 1780 ਬਿਕਰਮੀ (1773 ਈਸਵੀ) ਵਿਚ ਹੋਈ। ਇਸ ਦੀ ਗਿਣਤੀ-ਮਿਣਤੀ ਕਰਦਿਆਂ 1723 ਵਿਚੋਂ 21 ਘਟਾ ਕੇ 1702 ਈਸਵੀ ਬਣ ਗਈ। ਇਸ ਦਾ ਅਰਥ ਹੋਇਆ ਕਿ ਜਦੋਂ ਗੁਰੂ ਜੀ ਦਿੱਲੀ ਗਏ ਤਾਂ ਉਹ ਬੱਚਾ ਪੰਜ ਸਾਲ ਦਾ ਸੀ। 'ਗੁਰਪ੍ਰਤਾਪ ਸੂਰਜ ਪ੍ਰਕਾਸ਼' ਅਨੁਸਾਰ ਬੱਚਾ ਨਵ-ਜੰਮਿਆ ਸੀ, ਉਸ ਦਾ ਜਨਮ 1702 ਈਸਵੀ ਵਿਚ ਹੋਇਆ। ਪਾਠਕ ਆਪ ਹੀ ਨਿਰਣਾ ਕਰ ਲੈਣ ਕਿ ਸਹੀ 1707 ਈਸਵੀ ਹੈ ਜਾਂ 1702 ਈਸਵੀ?

'ਗੁਰਬਿਲਾਸ ਪਾਤਸ਼ਾਹੀ 10' ਭਾਈ ਕੁਇਰ ਸਿੰਘ ਅਤੇ 'ਗੁਰਬਿਲਾਸ ਪਾਤਸ਼ਾਹੀ 10' ਭਾਈ ਸੁੱਖਾ ਸਿੰਘ ਅਨੁਸਾਰ ਜਦੋਂ ਗੁਰ ਜੀ ਦਿੱਲੀ ਗਏ ਤਾਂ ਉਨ੍ਹਾਂ ਨੇ ਦਿੱਲੀ ਦੀ ਸੰਗਤ ਨੂੰ ਕਹਿ ਕੇ ਗੁਰੂ ਤੇਗ ਬਹਾਦਰ ਜੀ ਦੇ ਸਸਕਾਰ ਵਾਲੀ ਥਾਂ ਛੋਟਾ ਜਿਹਾ ਗੁਰਦੁਆਰਾ (ਰਕਾਬ ਗੰਜ ਸਾਹਿਬ) ਬਣਵਾਇਆ। ਇਨ੍ਹਾਂ ਦੋਵਾਂ ਪੁਸਤਕਾਂ ਵਿਚ ਮਾਤਾਵਾਂ ਦੇ ਦਿੱਲੀ ਵਿਚ ਹੋਣ ਅਤੇ ਗੁਰੂ ਜੀ ਨੂੰ ਮਿਲਣ ਦਾ ਕੋਈ ਜ਼ਿਕਰ ਨਹੀਂ। ਡਾ. ਗੰਡਾ ਸਿੰਘ ਪਰਿਵਾਰ ਵਿਛੋੜੇ ਸਮੇਂ ਮਾਤਾਵਾਂ ਦੇ ਬਾਰੇ ਗੱਲ ਨਹੀਂ ਕਰਦੇ। ਨਾ ਮਾਤਾਵਾਂ ਦੇ ਦਿੱਲੀ ਹੋਣ, ਨਾ ਗੁਰੂ ਜੀ ਦੇ ਦਿੱਲੀ ਜਾਣ ਅਤੇ ਨਾ ਹੀ ਗੁਰੂ ਜੀ ਦੇ ਬੁਰਹਾਨਪੁਰ ਜਾਣ ਦੀ ਕੋਈ ਗੱਲ ਲਿਖਦੇ ਹਨ। ਹੈਰਾਨੀ ਹੁੰਦੀ ਹੈ ਕਿ ਮੰਨੇ-ਦੰਨੇ ਇਤਿਹਾਸਕਾਰ ਇਸ ਬਾਰੇ ਚੁੱਪ ਕਿਉਂ ਹਨ? ਮੇਰੇ ਖਿਆਲ ਅਨੁਸਾਰ ਮਾਤਾ ਸਾਹਿਬ ਕੌਰ ਤਾਂ ਤਲਵੰਡੀ ਸਾਬੋ ਪਿਛੋਂ ਨਾਂਦੇੜ ਸਾਹਿਬ ਤੱਕ ਗੁਰੂ ਜੀ ਦੇ ਨਾਲ ਹੀ ਰਹੇ। ਮਾਤਾ ਸੁੰਦਰੀ ਬੁਰਹਾਨਪੁਰ 'ਚ ਪੋਤੇ ਨੂੰ ਪਾਲ ਰਹੇ ਸਨ।

ਇਸ ਗੱਲ ਦਾ ਕੁਝ ਨਿਤਾਰਾ ਸਿੰਘ ਸਾਹਿਬ ਭਾਈ ਕਿਰਪਾਲ ਸਿੰਘ ਆਪਣੀ ਪੁਸਤਕ 'ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ' (ਪ੍ਰਕਾਸ਼ਕ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ) ਵਿਚ ਕਰਦੇ ਹਨ। ਇਸ ਦੇ ਪੰਨਾ 137 'ਤੇ ਲਿਖਿਆ ਹੈ- ਸੰਮਤ 1762-63 (1705 ਈਸਵੀ) ਵਿਚ ਆਪ (ਭਾਈ ਮਨੀ ਸਿੰਘ) ਦਿੱਲੀ ਤੋਂ ਮਾਤਾ ਸਾਹਿਬ ਦੇਵਾਂ ਨਾਲ ਦਮਦਮੇ ਪੁੱਜੇ।" ਮੈਂ ਭਾਈ ਮਨੀ ਸਿੰਘ ਦੇ ਦਿੱਲੀ ਤੋਂ ਆਉਣ ਬਾਰੇ ਸਹਿਮਤ ਨਹੀਂ। ਮਾਤਾ ਸਾਹਿਬ ਦੇਵਾਂ ਜੀ ਤਾਂ ਭਾਈ ਸੀਹਾਂ ਸਿੰਘ ਤੇ ਸੰਗਤ ਦੇ ਨਾਲ ਆਏ ਸਨ। ਮਾਤਾ ਸੁੰਦਰੀ ਜੀ ਉਨ੍ਹਾਂ ਦੇ ਨਾਲ ਨਹੀਂ ਆਏ। ਇਸ ਗੱਲ ਦੀ ਪੁਸ਼ਟੀ ਲਈ ਕਿ ਮਨੀ ਸਿੰਘ ਦਿੱਲੀ ਤੋਂ ਨਹੀਂ ਆਏ, ਡਾ. ਸੁਖਦਿਆਲ ਸਿੰਘ ਲਿਖਦੇ ਹਨ:

ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਤੋਂ ਸਿੱਖਾਂ ਦੇ ਨਾਂ ਹੁਕਮਨਾਮਾ ਲਿਖਿਆ, "ਜਿਨ੍ਹਾਂ ਦਰਸ਼ਨ ਪਾਨ ਹੋਇ, ਉਹ ਲੱਖੀ ਜੰਗਲ ਸਾਬੋ ਕੀ ਤਲਵੰਡੀ ਆਏ ਜਾਏ, ਅਸੀਂ ਕੁਝ ਸਮਾਂ ਯਹਾਂ ਠਹਿਰਾਂਗੇ।"

ਇਹ ਹੁਕਮਨਾਮਾ ਡਾ. ਗੰਡਾ ਸਿੰਘ ਦੇ 'ਹੁਕਮਨਾਮਿਆਂ' ਵਿਚ ਦਰਜ ਹੈ। ਇਸ ਤੋਂ ਪਤਾ ਲਗਦਾ ਹੈ ਕਿ ਮਾਤਾ ਸਾਹਿਬ ਦੇਵਾਂ ਜੀ ਸੰਗਤ ਨਾਲ ਦਿੱਲੀ ਤੋਂ ਤਲਵੰਡੀ ਸਾਬੋ ਆਏ। ਮਾਤਾ ਸੁੰਦਰੀ ਜੀ ਨਾਲ ਨਹੀਂ ਆਏ। ਪ੍ਰਸ਼ਨ ਉਠਦਾ ਹੈ ਕਿ ਉਹ ਕਿਉਂ ਨਹੀਂ ਆਏ? ਕੀ ਉਹ ਦਿੱਲੀ ਵਿਚ ਨਹੀਂ ਸਨ? ਫਿਰ ਉਹ ਕਿਥੇ ਸਨ?

'ਗੁਰਪ੍ਰਤਾਪ ਸੂਰਜ ਪ੍ਰਕਾਸ਼' ਭਾਈ ਸੰਤੋਖ ਸਿੰਘ ਚੂੜਾਮਣੀ ਦੇ ਅਧਿਆਇ 29 ਵਿਚ ਇਕੋ ਸ਼ੇਅਰ ਵਿਚ ਅਜੀਤ ਸਿੰਘ ਪਾਲਕ ਪੁੱਤਰ ਦੇ ਵਿਆਹ ਅਤੇ ਉਸ ਦੇ ਪੁੱਤਰ ਹਠੀ ਸਿੰਘ ਦੇ ਪੈਦਾ ਹੋਣ ਦਾ ਜ਼ਿਕਰ ਹੈ:

ਮਾਤ ਪ੍ਰਥਮ ਤਿਹ ਬਯਾਹ ਕਰਾਯੋ।
ਹਠੀ ਸਿੰਘ ਤਿਹ ਸੁਤ ਉਪਜਾਯੋ।
ਸੰਗਤਿ ਆਵਹਿ ਜਾਹਿ ਘਨੇਰੀ।
ਅਰਪਹਿ ਭਲੋ ਆਕੋਰ ਬਡੇਰੀ।

ਇਸ ਸ਼ੇਅਰ ਵਿਚ ਨਾ ਤਾਂ ਅਜੀਤ ਸਿੰਘ ਦੀ ਪਤਨੀ, ਸਹੁਰੇ, ਸੱਸ ਆਦਿ ਦਾ ਵਰਣਨ ਮਿਲਦਾ ਹੈ, ਨਾ ਵਿਆਹ ਦੀ ਮਿਤੀ ਲਿਖੀ ਹੈ। ਹਠੀ ਸਿੰਘ ਦੇ ਜਨਮ ਦੀ ਗੱਲ ਤਾਂ ਕੀਤੀ ਹੈ, ਪਰ ਜਨਮ ਦੀ ਮਿਤੀ ਤੇ ਸਥਾਨ ਦਾ ਕੋਈ ਜ਼ਿਕਰ ਨਹੀਂ ਕੀਤਾ। ਭਾਈ ਕਾਹਨ ਸਿੰਘ ਨਾਭਾ ਵੀ ਇਨ੍ਹਾਂ ਗੱਲਾਂ ਦਾ ਜ਼ਿਕਰ ਨਹੀਂ ਕਰਦੇ।

ਪ੍ਰੋ. ਰਮਦੇਵ ਲਿਖਦੇ ਹਨ, "ਸਭ ਤੋਂ ਪਹਿਲਾਂ 30 ਅਕਤੂਬਰ 1708 ਈਸਵੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣੇ 'ਤੇ ਬਹਾਦਰ ਸ਼ਾਹ ਨੇ 'ਮਾਤਮੀ ਪੁਸ਼ਾਕ' ਗੁਰੂ ਜੀ ਦੇ ਪੁੱਤਰ ਅਜੀਤ ਸਿੰਘ ਨੂੰ ਦੇਣ ਦਾ ਹੁਕਮ ਦਿੱਤਾ। 'ਮਾਤਮੀ ਪੁਸ਼ਾਕ' ਤਾਂ ਛੋਟੀ ਤੋਂ ਛੋਟੀ ਉਮਰ 2-3 ਸਾਲ ਦੇ ਬੱਚੇ ਨੂੰ ਉਸ ਦੇ ਪਿਤਾ ਦੀ ਮ੍ਰਿਤੂ 'ਤੇ ਵੀ ਦਿੱਤੀ ਜਾ ਸਕਦੀ ਹੈ। ਇਸੇ ਰੀਤ ਅਨੁਸਾਰ ਮ੍ਰਿਤਕ ਦੇ ਪੁੱਤਰ ਨੂੰ ਪਗੜੀ ਤੇ ਪੁਸ਼ਾਕ ਅੱਜ ਕੱਲ੍ਹ ਵੀ ਦਿੱਤੀ ਜਾਂਦੀ ਹੈ। 28 ਅਕਤੂਬਰ 1708 ਈਸਵੀ ਨੂੰ ਬਾਦਸ਼ਾਹ ਨੇ ਜਮਸ਼ੈਦ ਖਾਂ ਅਫਗਾਨ ਜਿਸ ਨੂੰ ਗੁਰੂ ਜੀ ਨੇ ਛੁਰਾ ਮਾਰਨ ਦੇ ਸਮੇਂ ਹੀ ਤਲਵਾਰ ਦੇ ਵਾਰ ਨਾਲ ਮਾਰ ਦਿੱਤਾ ਸੀ ਅਤੇ ਅਤਾਉਲਾ ਖਾਂ ਨੂੰ ਸਿੱਖਾਂ ਨੇ ਮਾਰ ਦਿੱਤਾ ਸੀ, ਨੂੰ ਅਜੀਤ ਸਿੰਘ ਨਾਲੋਂ ਪਹਿਲਾਂ 'ਮਾਤਮੀ ਪੁਸ਼ਾਕ' ਭੇਜੀ। ਕੀ ਇਸ ਤਰ੍ਹਾਂ ਕਰ ਕੇ ਬਹਾਦਰ ਸ਼ਾਹ ਨੇ ਆਪਣੀ ਨਾਰਾਜ਼ਗੀ ਪ੍ਰਗਟ ਨਹੀਂ ਕੀਤੀ? ਕੀ ਗੁਰੂ ਜੀ ਦੀ ਪਦਵੀ ਨੂੰ ਨਹੀਂ ਘਟਾਇਆ?

ਪ੍ਰੋ. ਰਮਦੇਵ ਨੇ ਲਿਖਿਆ ਹੈ ਕਿ ਬਾਦਸ਼ਾਹ ਨੇ ਰਾਜਾ ਚਤੁਰਸਾਲ ਬੁੰਦੇਲਾ ਨੂੰ ਭੇਜ ਕੇ ਅਜੀਤ ਸਿੰਘ ਨੂੰ ਬੁਲਾਇਆ। ਉਹ 26 ਸਤੰਬਰ 1710 ਈਸਵੀ ਨੂੰ ਬਾਦਸ਼ਾਹ ਕੋਲ ਪਹੁੰਚ ਗਿਆ। ਬਾਦਸ਼ਾਹ ਨੇ ਉਸ ਨੂੰ ਕੀਮਤੀ ਖਿਲਅਤਾਂ ਦਿੱਤੀਆਂ। ਡਾ. ਸੁਖਦਿਆਲ ਸਿੰਘ 'ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦਰ' ਦੇ ਪੰਨਾ 65 'ਤੇ ਲਿਖਦੇ ਹਨ, "ਇਸ ਨੂੰ ਲੋੜ ਪੈਣ 'ਤੇ ਬਾਦਸ਼ਾਹ ਆਪਣੀ ਹਿਰਾਸਤ ਵਿਚ ਲੈ ਲੈਂਦਾ ਸੀ ਤੇ ਇਉਂ ਹਕੂਮਤ ਦੀ ਮਦਦ ਲਈ ਇਸ ਨੂੰ ਵਰਤਿਆ ਜਾਂਦਾ ਸੀ। ਹੋ ਸਕਦਾ ਹੈ ਕਿ ਇਸ ਗੱਲ ਦਾ ਮਾਤਾ ਸੁੰਦਰੀ ਜੀ ਨੂੰ ਪਤਾ ਨਾ ਹੋਵੇ ਜਾਂ ਫ਼ਿਰ ਇਹ ਵੀ ਹੋ ਸਕਦਾ ਹੈ ਕਿ ਮਾਤਾ ਜੀ ਵੀ ਘਰੇਲੂ ਨਜ਼ਰਬੰਦੀ ਵਿਚ ਰੱਖੇ ਹੋਏ ਹੋਣ। ਬਾਦਸ਼ਾਹ ਨੇ ਬੰਦਾ ਸਿੰਘ ਬਹਾਦਰ ਦੀ ਤਾਕਤ ਘਟਾਉਣ ਲਈ ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਭਾਈ ਮਨੀ ਸਿੰਘ ਜੀ ਤੋਂ ਖੋਹ ਕੇ ਇਸ ਮੁਤਬੰਨੇ ਪੁੱਤਰ ਅਜੀਤ ਸਿੰਘ ਨੂੰ ਦੇ ਦਿੱਤਾ ਸੀ। ਇਹ ਗੱਲ 26 ਸਤੰਬਰ 1710 ਈਸਵੀ ਦੀ ਹੈ।" ਬਹਾਦਰ ਸ਼ਾਹ ਨੇ 1711 ਈਸਵੀ ਵਿਚ ਜ਼ਬਤ ਕੀਤੀ ਗਈ ਜਾਗੀਰ ਵੀ ਵਾਪਸ ਕਰ ਦਿੱਤੀ ਸੀ।

ਫਰੁਖਸੀਅਰ ਨੇ ਸਿੱਖਾਂ ਵਿਚ ਫੁੱਟ ਪਾਉਣ ਲਈ ਮਾਤਾ ਸੁੰਦਰੀ ਜੀ ਤੋਂ ਚਿੱਠੀਆਂ ਲਿਖਵਾਈਆਂ ਅਤੇ ਇਸ ਵਿਚ ਸਫ਼ਲ ਵੀ ਹੋ ਗਿਆ। ਖਾਲਸਾ ਤੱਤ ਖਾਲਸਾ ਤੇ ਬੰਦਈ ਖਾਲਸਾ ਵਿਚ ਵੰਡਿਆ ਗਿਆ। ਬਾਬਾ ਬਿਨੋਦ ਸਿੰਘ, ਇਸ ਦਾ ਪੁੱਤਰ ਕਾਹਨ ਸਿੰਘ ਅਤੇ ਕਾਹਨ ਸਿੰਘ ਦਾ ਪੁੱਤਰ ਮੀਰੀ ਸਿੰਘ ਕੋਟ ਮਿਰਜ਼ਾ ਖਾਂ ਤੋਂ ਲਗਭੱਗ ਅੱਧੇ ਖਾਲਸੇ ਨੂੰ ਲੈ ਕੇ ਅੰਮ੍ਰਿਤਸਰ ਚਲੇ ਗਏ। ਦਰਬਾਰ ਸਾਹਿਬ ਦਾ ਪ੍ਰਬੰਧ ਸੰਭਾਲ ਲਿਆ। ਮੀਰੀ ਸਿੰਘ 500 ਸਿੱਖਾਂ ਦੇ ਨਾਲ ਮੁਗਲ ਸੈਨਾ ਵਿਚ ਭਰਤੀ ਹੋ ਗਿਆ। ਭਾਈ ਮਨੀ ਸਿੰਘ ਦੀ ਕੋਈ ਪੁੱਛ-ਪ੍ਰਤੀਤ ਨਹੀਂ ਸੀ। ਹਰਿਮੰਦਰ ਸਾਹਿਬ ਦੇ ਹਾਲਾਤ ਖਰਾਬ ਦੇਖ ਕੇ ਭਾਈ ਮਨੀ ਸਿੰਘ ਲਹਿੰਦੇ ਦੀਆਂ ਸੰਗਤਾਂ ਦੀ ਬੇਨਤੀ 'ਤੇ ਜ਼ਿਲ੍ਹਾ ਝੰਗ ਦੇ ਪਿੰਡ ਬਾਗਾਂ ਵਾਲਾ ਚਲੇ ਗਏ। ਆਪ ਇਥੇ 1714-15 ਈਸਵੀ ਵਿਚ ਰਹੇ। ਦਰਬਾਰ ਸਾਹਿਬ ਦਾ ਪ੍ਰਬੰਧ ਮੁਗਲਾਂ ਦੀ ਇੱਛਾ ਅਨੁਸਾਰ ਹੀ ਚੱਲ ਰਿਹਾ ਸੀ। ਅਜੀਤ ਸਿੰਘ ਬਹਾਦਰ ਸ਼ਾਹ ਦੀ ਮੌਤ 17-18 ਫਰਵਰੀ 1712 ਈਸਵੀ ਤੋਂ ਪਿੱਛੋਂ ਦਿੱਲੀ ਚਲਿਆ ਗਿਆ। ਮਾਤਾ ਸੁੰਦਰੀ ਜੀ ਦੇ ਪੱਤਰ ਅਨੁਸਾਰ ਮਨੀ ਸਿੰਘ ਜੀ ਨੇ ਜਨਵਰੀ 1721 ਈਸਵੀ ਨੂੰ ਗ੍ਰੰਥੀ ਦੀ ਪਦਵੀ ਦੁਬਾਰਾ ਸੰਭਾਲੀ। ਤੱਤ ਖਾਲਸੇ ਤੇ ਬੰਦਈ ਖਾਲਸੇ ਦੇ ਝਗੜਿਆਂ ਨੂੰ ਨਿਪਟਾਉਣ ਦਾ ਯਤਨ ਕੀਤਾ।

ਨਵੇਂ ਤੇ ਪੁਰਾਣੇ ਇਤਿਹਾਸਕਾਰਾਂ ਅਨੁਸਾਰ ਅਜੀਤ ਸਿੰਘ ਦੀ ਮ੍ਰਿਤੂ 1723 ਈਸਵੀ ਵਿਚ ਲਿਖੀ ਗਈ ਹੈ। ਇਸ ਕਥਾ ਅਨੁਸਾਰ ਜਦੋਂ ਗੁਰੂ ਜੀ ਦਿੱਲੀ ਆਏ ਤਾਂ ਪੰਜ ਸਾਲਾਂ ਸੀ, ਉਸ ਦਾ ਜਨਮ 1702 ਈਸਵੀ ਵਿਚ ਹੋਇਆ। ਭਾਈ ਕਾਹਨ ਸਿੰਘ ਨਾਭਾ ਅਨੁਸਾਰ, "ਬੇਨਵਾ ਫ਼ਕੀਰ ਦੇ ਮਾਰਨ ਦਾ ਅਪਰਾਧ ਇਸ ਦੇ ਸਿਰ ਲਾ ਕੇ ਬਾਦਸ਼ਾਹ ਫਰੁਖਸੀਅਰ ਨੇ ਅਜੀਤ ਸਿੰਘ ਨੂੰ ਸੰਮਤ 1775 (1718 ਈਸਵੀ) ਵਿਚ ਕਤਲ ਕਰਵਾ ਦਿੱਤਾ।" ਪਾਠਕ ਆਪ ਫੈਸਲਾ ਕਰਨ ਕਿ ਕਿਹੜੀ ਮਿਤੀ ਠੀਕ ਹੈ। ਜਦੋਂ ਜਨਮ ਦੀਆਂ ਅਸਲੀ ਮਿਤੀਆਂ ਦਾ ਪਤਾ ਨਹੀਂ, ਮਰਨ ਵਾਲੇ ਦੀ ਉਮਰ ਕਿੰਨੀ ਵੀ ਹੋ ਸਕਦੀ ਹੈ। ਮਰਨ ਵਾਲੇ ਦੀ ਉਮਰ ਮੌਤ ਤੋਂ ਨਹੀਂ, ਜਨਮ ਤੋਂ ਗਿਣੀ ਜਾਂਦੀ ਹੈ।

ਪ੍ਰੋ. ਰਮਦੇਵ ਜਿਨ੍ਹਾਂ ਮਿਤੀਆਂ ਦੇ ਹਵਾਲੇ ਦੇ ਰਹੇ ਹਨ, ਮੈਂ ਇਹ ਸਾਰੀਆਂ ਤਰੀਕਾਂ ਦੇ ਹਵਾਲੇ ਆਪਣੀ ਪੁਸਤਕ 'ਬੰਦਾ ਸਿੰਘ ਬਹਾਦਰ: ਜੀਵਨ, ਸੰਘਰਸ਼ ਤੇ ਪ੍ਰਾਪਤੀਆਂ' (2006) ਵਿਚ ਲਿਖੇ ਹੋਏ ਹਨ। ਉਹ ਆਪਣੇ ਲੇਖ ਦੇ ਅੰਤ ਵਿਚ ਲਿਖਦੇ ਹਨ, "1757 ਈਸਵੀ ਵਿਚ ਅਹਿਮਦ ਸ਼ਾਹ ਦੁਰਾਨੀ ਦੇ ਮਥਰਾ ਲੁੱਟਣ ਤੋਂ ਬਾਅਦ ਹਠੀ ਸਿੰਘ ਆਪਣੇ ਨਾਨਕੇ ਪਿੰਡ ਬੁਰਹਾਨਪੁਰ ਜ਼ਿਲ੍ਹਾ ਨਿਮਾਰ ਚਲਾ ਗਿਆ ਅਤੇ ਉਥੇ ਹੀ 1783 ਵਿਚ ਬੇ-ਔਲਾਦ ਮਰ ਗਿਆ।" ਕਾਹਨ ਸਿੰਘ ਨਾਭਾ ਨੇ ਤਾਂ ਮਹਾਨ ਕੋਸ਼ ਵਿਚ 'ਨਾਨਕਾ ਪਿੰਡ ਬੁਰਹਾਨਪੁਰ' ਨਹੀਂ ਲਿਖਿਆ, ਕੇਵਲ ਬੁਰਹਾਨਪੁਰ ਲਿਖਿਆ ਹੈ। ਹਠੀ ਸਿੰਘ ਦੇ ਨਾਨਕਾ ਪਿੰਡ ਦਾ ਪਤਾ ਨਹੀਂ ਕਿਥੋਂ ਪਤਾ ਕਰ ਲਿਆ? ਜਦੋਂ ਕਿ ਸਾਹਿਬਜ਼ਾਦਾ ਅਜੀਤ ਸਿੰਘ ਦੇ ਤਾਰਾ ਬਾਈ ਨਾਲ ਵਿਆਹ ਨੂੰ ਤਾਂ ਉਹ ਮੰਨਦੇ ਨਹੀਂ। ਤਾਰਾ ਬਾਈ ਬੁਰਹਾਨਪੁਰ ਦੀ ਅਤੇ ਹਠੀ ਸਿੰਘ ਦੀ ਮਾਂ ਸੀ।

ਮੇਰੇ ਉਸੇ ਲੇਖ ਦੇ ਪ੍ਰਸੰਗ ਵਿਚ 'ਗੁਰੂ ਇਤਿਹਸ ਨਾਲ ਛੇੜ-ਛਾੜ ਕਿਉਂ?' ਦੇ ਸਿਰਲੇਖ ਹੇਠ ਸ. ਮਹਿੰਦਰ ਸਿੰਘ ਘੱਗ ਨੇ ਲਿਖਿਆ ਹੈ ਕਿ ਮੈਂ ਆਪਣਾ ਲੇਖ 'ਗੁਰਬਿਲਾਸ ਪਾਤਸ਼ਾਹੀ 10' ਭਾਈ ਕੁਇਰ ਸਿੰਘ ਦੇ ਹਵਾਲੇ ਨਾਲ ਲਿਖਿਆ ਹੈ। ਮੈਂ ਭਾਈ ਕੁਇਰ ਸਿੰਘ ਨੂੰ ਭਾਈ ਮਨੀ ਸਿੰਘ ਦਾ ਸਮਕਾਲੀ ਲਿਖਿਆ ਸੀ। ਸ. ਘੱਗ ਲਿਖਦੇ ਹਨ, "ਅੰਮ੍ਰਿਤਸਰ ਸ਼ਹਿਰ ਦਾ ਰਹਿਣ ਵਾਲਾ ਬਿਸ਼ਨ ਦਾਸ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਪਾਨ ਕਰ ਕੇ ਸਿੰਘ ਸਜਿਆ। ਉਸ ਨੇ 'ਗੁਰਬਿਲਾਸ ਪਾਤਸ਼ਾਹੀ 10' ਲਿਖ ਕੇ ਗੁਰ ਇਤਿਹਾਸ ਨੂੰ ਗੰਧਲਾ ਕਰਨ ਦਾ ਯਤਨ ਕੀਤਾ ਹੈ।" ਸਭ ਤੋਂ ਪਹਿਲਾਂ ਤਾਂ ਮੈਂ ਸ. ਘੱਗ ਦਾ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਭਾਈ ਕੁਇਰ ਸਿੰਘ ਬਾਰੇ ਜਾਣਕਾਰੀ ਦਿੱਤੀ ਹੈ, ਕਿਉਂਕਿ ਮੈਂ ਬਹੁਤ ਸਾਰੀਆਂ ਇਤਿਹਾਸਕ ਪੁਸਤਕਾਂ ਦੇ ਨਾਲ ਮਹਾਨ ਕੋਸ਼ ਵਿਚ ਵੀ ਲੱਭਣ ਦਾ ਯਤਨ ਕੀਤਾ ਸੀ, ਪਰ ਮੇਰੇ ਪੱਲੇ ਕੁਝ ਨਹੀਂ ਸੀ ਪਿਆ। ਮੈਂ ਤਾਂ ਸਮਕਾਲੀ ਹੀ ਲਿਖਿਆ ਸੀ ਪਰ ਉਨ੍ਹਾਂ ਨੇ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਪਾਨ ਕਰਨ ਦੀ ਗੱਲ ਲਿਖ ਕੇ ਮੇਰੇ ਲਿਖਣ ਨਾਲੋਂ ਵੀ ਵੱਧ ਨੇੜਤਾ ਦਿਖਾਈ ਹੈ। ਜਦੋਂ ਬਿਸ਼ਨ ਦਾਸ ਨੇ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਪਾਨ ਕੀਤਾ ਤਾਂ ਉਹ ਜ਼ਰੂਰ ਭਾਈ ਮਨੀ ਸਿੰਘ ਦੇ ਵਿਚਾਰਾਂ ਤੋਂ ਪ੍ਰਭਾਵਤ ਹੋਵੇਗਾ। ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੇ ਉਹ ਜਿੰਨਾ ਨੇੜੇ ਰਹੇ ਸੀ, ਜਿੰਨੀ ਜਾਣਕਾਰੀ ਇਸ ਸਬੰਧੀ ਉਨ੍ਹਾਂ ਕੋਲ ਸੀ, ਉਸ ਬਾਰੇ ਜ਼ਰੂਰ ਭਾਈ ਕੁਇਰ ਸਿੰਘ ਨੂੰ ਦੱਸੀ ਹੋਵੇਗੀ। ਜੋ ਉਸ ਨੇ ਭਾਈ ਮਨੀ ਸਿੰਘ ਤੋਂ ਸੁਣਿਆ, 'ਗੁਰਬਿਲਾਸ ਪਾਤਸ਼ਾਹੀ 10' ਦੀ ਰਚਨਾ ਕਰ ਦਿਤੀ। ਇਸ ਤੋਂ ਪਹਿਲਾਂ ਦੀਆਂ ਦੋ ਰਚਨਾਵਾਂ 'ਬਚਿੱਤਰ ਨਾਟਕ' ਅਤੇ ਗੁਰੂ ਜੀ ਦੇ ਦਰਬਾਰੀ ਕਵੀ ਸੈਨਾਪਤੀ ਦੀ ਰਚਨਾ 'ਗੁਰੂ ਸੋਭਾ' ਹੈ। ਇਤਿਹਾਸਕਾਰ ਜੋ ਰਚਨਾ, ਜਿਸ ਦੇ ਸਮੇਂ ਦੇ ਨੇੜੇ ਦੀ ਹੋਵੇ, ਨੂੰ ਮਾਨਤਾ ਦਿੰਦੇ ਹਨ। ਇਹੋ ਕਾਰਨ ਹੈ ਕਿ ਅੱਜ ਕੱਲ੍ਹ ਇਤਿਹਾਸਕਾਰ ਜੋਧਪੁਰ (ਰਾਜਸਥਾਨ) ਦੀ ਲਾਇਬ੍ਰੇਰੀ ਵਿਚ ਪਏ ਰੋਜ਼ਨਾਮਚੇ ਅਤੇ ਅਖ਼ਬਾਰਾਂ ਤੋਂ ਖੋਜ ਕਰਨ ਵਿਚ ਲੱਗੇ ਹੋਏ ਹਨ। ਜਿਵੇਂ ਪ੍ਰੋ. ਰਮਦੇਵ ਨੇ ਅਹਿਕਾਮੇ-ਆਲਮਗੀਰੀ, ਇਬਾਰਤਨਾਮਾ, ਖਫ਼ੀ ਖਾਂ ਦੀ ਡਾਇਰੀ ਆਦਿ ਬਾਰੇ ਲਿਖਿਆ ਹੈ। 'ਗੁਰਬਿਲਾਸ ਪਾਤਸ਼ਾਹੀ 10' ਭਾਈ ਕੁਇਰ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਨੇੜੇ ਦੀ ਰਚਨਾ ਹੋਣ ਕਰ ਕੇ ਵਿਦਵਾਨ ਸ਼ਮਸ਼ੇਰ ਸਿੰਘ ਅਸ਼ੋਕ ਨੇ ਮਾਨਤਾ ਦਿੱਤੀ ਹੈ। ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੋਜ ਵਿਭਾਗ ਤੋਂ ਰਿਟਾਇਰਮੈਂਟ ਪਿਛੋਂ ਸ਼੍ਰੋਮਣੀ ਕਮੇਟੀ ਦੇ ਰਿਸਰਚ ਸਕਾਲਰ ਸਨ।

ਹੁਣ ਘੱਗ ਸਾਹਿਬ, ਦੱਸਣ ਕਿ ਜੇ ਉਨ੍ਹਾਂ ਨੂੰ ਕੋਈ ਬੰਦਾ ਮਿਲਦਾ ਹੈ ਜੋ ਹਮਲੇ ਸਮੇਂ ਹਰਿਮੰਦਰ ਸਾਹਿਬ ਦੇ ਅੰਦਰ ਸੀ। ਉਸ ਨੇ ਸਭ ਕੁਝ ਅੱਖੀਂ ਦੇਖਿਆ ਸੀ। ਫਿਰ ਕੋਈ ਹੋਰ ਮਿਲਦਾ ਹੈ ਜੋ ਸੁਣੀਆਂ-ਸੁਣਾਈਆਂ ਗੱਲਾਂ ਦੱਸਦਾ ਹੈ। ਉਹ ਦੋਹਾਂ ਵਿਚੋਂ ਕਿਸ ਨੂੰ ਸੱਚ ਮੰਨਣਗੇ। ਇਸੇ ਤਰ੍ਹਾਂ 'ਗੁਰਬਿਲਾਸ ਸੂਰਜ ਪ੍ਰਕਾਸ਼' 19ਵੀਂ ਸਦੀ ਦੇ ਅੰਤ ਵਿਚ ਲਿਖੀ ਗਈ ਅਤੇ 'ਗੁਰਬਿਲਾਸ ਪਾਤਸ਼ਾਹੀ 10' 1751 ਈਸਵੀ ਵਿਚ ਲਿਖੀ ਗਈ। ਫਿਰ ਇਨ੍ਹਾਂ ਵਿਚੋਂ ਕਿਸ ਨੂੰ ਸੱਚ ਮੰਨਣਗੇ?

ਸ. ਘੱਗ ਨੇ 'ਬੰਸਾਵਲੀਨਾਮੇ' ਦੀਆਂ ਲਾਈਨਾਂ ਦਾ ਉਲੇਖ ਕਰਦਿਆਂ ਲਿਖਿਆ ਹੈ ਕਿ ਮੈਂ ਵਿਆਹ ਨੂੰ ਪੱਕਿਆਂ ਕਰਨ ਦਾ ਯਤਨ ਕੀਤਾ ਹੈ। ਇਨ੍ਹਾਂ ਲਾਈਨਾਂ ਵਿਚ ਵਰਤਿਆਂ ਸ਼ਬਦ 'ਡੋਲਾ' ਵਿਆਹ ਨੂੰ ਕੀ ਪੱਕਿਆਂ ਨਹੀਂ ਕਰਦਾ? ਕੀ ਲੜਕੀ ਦੇ ਵਿਆਹ ਸਮੇਂ ਇਹ ਸ਼ਬਦ ਨਹੀਂ ਵਰਤਿਆ ਜਾਂਦਾ। ਅਸੀਂ ਇਹ ਆਮ ਪੜ੍ਹਦੇ ਹਾਂ ਕਿ ਰਾਜਪੂਤਾਂ ਨੇ ਅਕਬਰ ਨੂੰ ਆਪਣੀਆਂ ਕੁੜੀਆਂ ਦਾ ਡੋਲਾ ਦੇ ਦਿੱਤਾ।

ਹਠੀ ਸਿੰਘ ਦੇ ਜਨਮ ਦੀ ਮਿਤੀ ਬਾਰੇ ਜੋ ਨੁਕਤਾ ਘੱਗ ਸਾਹਿਬ ਨੇ ਉਠਾਇਆ ਹੈ, ਉਸ ਨੂੰ ਮੰਨਿਆ ਵੀ ਜਾ ਸਕਦਾ ਹੈ। ਇਹ ਮਿਤੀ ਅੱਗੜ-ਪਿੱਛੜ ਵੀ ਹੋ ਸਕਦੀ ਹੈ। ਹੋ ਸਕਦਾ ਹੈ ਕਿ ਭੱਟ ਵਹੀਆਂ ਦਾ ਭਟਾਖਰੀ ਤੋਂ ਉਤਾਰਾ ਕਰਨ ਲੱਗਿਆਂ ਮੇਖ ਦਾ 'ਮ' ਨੂੰ 'ਪ' ਪੜ੍ਹ ਲਿਆ ਜਾਵੇ। ਭਟਾਖਰੀ ਵਿਚ ਲਗਾਂ ਮਾਤਰਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ ਸੀ। ਕਈ ਵਾਰੀ ਲਿਖਣ ਵਾਲੇ ਦੀ ਗੱਲ ਨੂੰ ਪੜ੍ਹਨ ਸਮੇਂ ਗਲਤੀ ਹੋ ਜਾਂਦੀ ਹੈ। ਜਿਵੇਂ ਇਸ ਬਾਰੇ ਇਹ ਪ੍ਰਸਿੱਧ ਹੈ ਕਿ ਲਿਖਣ ਵਾਲੇ ਨੇ ਤਾਂ ਚਿੱਠੀ ਵਿਚ ਲਿਖਿਆ ਸੀ ਕਿ ਵੱਡੀ ਬਹੀ ਭੇਜ ਦਿਓ, ਤੇ ਪੜ੍ਹਨ ਵਾਲੇ ਨੇ ਪੜ੍ਹ ਲਿਆ ਕਿ ਵੱਡੀ ਬਹੂ ਭੇਜ ਦਿਓ। ਹੋ ਸਕਦਾ ਹੈ ਕਿ ਪੋਖ ਦੀ ਥਾਂ ਮੇਖ (ਬਿਸਾਖ) ਹੋਵੇ।

ਅਜੀਤ ਸਿੰਘ ਮੁਤਬੰਨਾ ਬਾਰੇ ਮੈਂ ਉਪਰ ਬਹੁਤ ਕੁਝ ਲਿਖ ਦਿੱਤਾ ਹੈ। ਸ. ਘੱਗ ਲਿਖਦੇ ਹਨ, "ਗੁਰੂ ਜੀ ਦੀ ਵਿਰਾਸਤ 'ਤੇ ਕਾਬਜ਼ ਹੋਣ ਦੀ ਭਾਵਨਾ ਨਾਲ ਤਾਰਾ ਬਾਈ ਦੇ ਮਾਪਿਆਂ ਜਾਂ ਅਜੀਤ ਸਿੰਘ ਖਾਲਸਾ ਦੇ ਮਾਪਿਆਂ ਦੀ ਮਿਲੀਭੁਗਤ ਨਾਲ ਉਸ ਦਾ ਵਿਆਹ ਭੱਟ ਵਹੀਆਂ ਵਿਚ 1704 ਈਸਵੀ ਸੰਮਤ 1761 ਦਾ ਲਿਖਵਾਇਆ ਗਿਆ।" ਉਹ ਕਹਿੰਦੇ ਹਨ ਕਿ ਸਾਹਿਬਜ਼ਾਦਾ ਅਜੀਤ ਸਿੰਘ ਦੇ ਅਕਾਲ ਚਲਾਣੇ ਪਿਛੋਂ ਅਜੀਤ ਸਿੰਘ (ਪਾਲਕ) ਨੂੰ ਮੁਤਬੰਨਾ ਬਣਾ ਲਿਆ ਸੀ। ਜੇ ਅਜੀਤ ਸਿੰਘ ਨੂੰ ਮੁਤਬੰਨਾ ਬਣਾ ਲਿਆ ਸੀ, ਤਾਂ ਕੀ ਤਾਰਾ ਬਾਈ ਨਾਲ ਵਿਆਹ ਕਰਵਾਏ ਤੋਂ ਬਿਨਾਂ ਗੁਰੂ ਜੀ ਦੀ ਜਾਇਦਾਦ ਉਸ ਨੂੰ ਨਾ ਮਿਲਦੀ? ਅਜੀਤ ਸਿੰਘ ਅਤੇ ਤਾਰਾ ਬਾਈ ਦੇ ਮਾਪਿਆਂ ਨੂੰ ਹੇਰਾਫੇਰੀ ਕਰਨ ਦੀ ਕੀ ਲੋੜ ਸੀ? ਭਾਰਤੀ ਕਾਨੂੰਨ ਅਨੁਸਾਰ ਜੇ ਕੋਈ ਬੇ-ਔਲਾਦ ਕਿਸੇ ਨੂੰ ਮੁਤਬੰਨਾ ਬਣਾਉਂਦਾ ਹੈ ਤਾਂ ਜਾਇਦਾਦ ਮੁਤਬੰਨੇ ਨੂੰ ਮਿਲਦੀ ਹੈ। ਉਨ੍ਹਾਂ ਨੂੰ ਭੱਟ ਵਹੀ ਵਿਚ ਵਿਆਹ ਦਰਜ ਕਰਵਾਉਣ ਦੀ ਕੀ ਲੋੜ ਸੀ? ਭੱਟ ਤਾਂ ਆਪ ਹੀ ਪਰਿਵਾਰਾਂ ਤੋਂ ਪੁੱਛ ਕੇ ਲਿਖਦੇ ਸਨ। ਤਾਰਾ ਬਾਈ ਦੇ ਮਾਪਿਆਂ ਨੂੰ ਮੁਗਲਾਂ ਨਾਲ ਗੁਰੂ ਜੀ ਦੇ ਵਿਰੋਧ ਦਾ ਪਤਾ ਸੀ, ਫ਼ਿਰ ਵੀ ਉਹ ਆਪਣੀ ਲੜਕੀ ਦੀ ਜ਼ਿੰਦਗੀ ਨੂੰ ਜੋਖਮਾਂ ਵਿਚ ਪਾਉਂਦੇ ਹਨ, ਕਿਉਂ? ਕੀ ਜਾਇਦਾਦ ਖਾਤਰ?

ਅਖੀਰ 'ਤੇ ਮੈਂ ਸ. ਘੱਗ ਅਤੇ ਪ੍ਰੋ. ਰਮਦੇਵ ਦੇ ਮੇਰੇ ਲੇਖ ਬਾਰੇ ਕੀਤੀ ਉਸਾਰੂ ਟਿੱਪਣੀ ਦਾ ਧੰਨਵਾਦ ਕਰਦਾ ਹਾਂ। ਤੱਥ ਤੇ ਖੋਜ ਇਸ ਵਿਸ਼ੇ 'ਤੇ ਪਾਠਕਾਂ ਦੇ ਰੂ-ਬ-ਰੂ ਹਾਜ਼ਰ ਹੈ।

# ਗੁਰਦੁਆਰੇ ਅਤੇ ਲੰਗਰ ਪ੍ਰਥਾ

## ਪਾਠਕਾਂ ਦੀ ਰਾਏ

ਪੰਜਾਬ ਟਾਈਮਜ਼ ਦੇ 17 ਜਨਵਰੀ ਦੇ ਅੰਕ ਵਿਚ ਬੀਬੀ ਹਰਪ੍ਰੀਤ ਕੌਰ ਦੇ ਵਿਚਾਰ ਪੜ੍ਹੇ। ਉਨ੍ਹਾਂ ਇਤਰਾਜ਼ ਕੀਤਾ ਸੀ ਕਿ ਗੁਰਦੁਆਰਿਆਂ ਵਿਚ ਭੋਜਨ ਸਾਦਾ ਨਹੀਂ ਬਣਾਇਆ ਜਾਂਦਾ ਤੇ ਉਹ ਬਜ਼ੁਰਗਾਂ ਵਾਸਤੇ ਠੀਕ ਨਹੀਂ। ਮੇਰੇ ਵਿਚਾਰ ਕੁਝ ਵੱਖਰੇ ਹਨ। ਪਤਾ ਨਹੀਂ ਠੀਕ ਹਨ ਜਾਂ ਨਹੀਂ, ਇਹ ਤਾਂ ਪਾਠਕ ਹੀ ਦੱਸ ਸਕਦੇ ਹਨ।

ਲੰਗਰ ਦੀ ਪ੍ਰਥਾ ਇਕ ਬਹੁਤ ਹੀ ਵਧੀਆ ਤੇ ਵੱਖਰੀ ਹੈ ਜੋ ਕਿਸੇ ਹੋਰ ਧਰਮ ਵਿਚ ਨਹੀਂ ਹੈ। ਇਸ ਦਾ ਸਭ ਤੋਂ ਵੱਡਾ ਗੁਣ ਹੈ ਕਿ ਇਥੇ ਹਰ ਵਰਗ ਦੇ ਲੋਕ ਇਕੱਠੇ ਬੈਠ ਕੇ ਲੰਗਰ ਛਕਦੇ ਹਨ ਪਰ ਕਈ ਲੋਕਾਂ ਦਾ ਮੱਤ ਹੈ ਕਿ ਲੰਗਰ ਥੱਲੇ ਬੈਠ ਕੇ ਹੀ ਖਾਣਾ ਚਾਹੀਦਾ ਹੈ। ਇਹ ਠੀਕ ਨਹੀਂ ਹੈ, ਕਿਉਂਕਿ ਅਗਰ ਮੇਜ-ਕੁਰਸੀ 'ਤੇ ਬੈਠ ਕੇ ਛਕਿਆ ਜਾਂਦਾ ਹੈ ਤਾਂ ਇਸ ਵਿਚ ਇਤਰਾਜ਼ ਹੀ ਕੀ ਹੈ? ਪੁਰਾਣੇ ਜ਼ਮਾਨੇ ਵਿਚ ਮੇਜ-ਕੁਰਸੀਆਂ ਨਹੀਂ ਹੁੰਦੀਆਂ ਸਨ, ਇਸ ਕਰਕੇ ਹਾਲਾਤ ਦੇ ਮੱਦੇਨਜ਼ਰ ਥੱਲੇ ਬੈਠ ਕੇ ਹੀ ਲੰਗਰ ਛਕਿਆ ਜਾਂਦਾ ਸੀ।

ਜਿਸ ਤਰ੍ਹਾਂ ਬੀਬੀ ਹਰਪ੍ਰੀਤ ਕੌਰ ਨੇ ਕਿਹਾ ਹੈ ਕਿ ਗੁਰਦੁਆਰੇ ਦੇਸੀ ਘਿਓ ਦੇ ਪਰਾਂਠੇ ਬਣਦੇ ਹਨ ਤੇ ਦਾਲ ਸਬਜ਼ੀ ਦੇਸੀ ਘਿਓ ਵਿਚ ਬਣਦੀ ਹੈ ਤਾਂ ਮੈਂ ਕਹਿ ਸਕਦਾ ਹਾਂ ਕਿ ਅਜੇ ਤਕ ਮੈਂ ਕਿਸੇ ਗੁਰਦੁਆਰੇ ਵਿਚ ਨਹੀਂ ਦੇਖਿਆ, ਪਰ ਹੋ ਸਕਦਾ ਹੈ ਕਿਸੇ ਥਾਂ ਬਣਦਾ ਹੋਵੇ ਤਾਂ ਇਹ ਗਲਤ ਹੈ। ਬਾਕੀ ਚਾਹ ਨਾਲ ਨਮਕੀਨ ਤੇ ਮਿੱਠਾ ਹੁੰਦਾ ਹੈ ਪਰ ਜਿਸ ਨੂੰ ਜਿਹੜੀ ਚੀਜ਼ ਦੀ ਲੋੜ ਹੈ, ਉਹ ਲੈ ਸਕਦਾ ਹੈ। ਕੋਈ ਜ਼ਰੂਰੀ ਨਹੀਂ ਕਿ ਸਾਰਿਆਂ ਲਈ ਖਾਣਾ ਜ਼ਰੂਰੀ ਹੈ। ਬਾਕੀ ਹਾਲਾਤ ਦੇ ਹਿਸਾਬ ਨਾਲ ਥੋੜ੍ਹਾ ਬਹੁਤ ਬਦਲਦਾ ਰਹਿੰਦਾ ਹੈ। ਉਸ ਵਕਤ ਰੋਟੀ, ਗੰਢਾ ਤੇ ਆਚਾਰ ਹੀ ਸਵਾਦੀ ਭੋਜਨ ਸਨ ਪਰ ਹੁਣ ਹੋਰ ਬਹੁਤ ਕੁਝ ਹੈ ਇਸ ਕਰਕੇ ਜ਼ਰੂਰੀ ਨਹੀਂ ਕਿ ਲੰਗਰ ਵਿਚ ਸਿਰਫ ਰੋਟੀ, ਗੰਢਾ ਤੇ ਆਚਾਰ ਹੀ ਹੋਵੇ। ਵਕਤ ਦੇ ਨਾਲ ਆਪਾਂ ਨੂੰ ਵੀ ਬਦਲਣਾ ਚਾਹੀਦਾ ਹੈ।

*-ਜਗਜੀਤ ਸਿੰਘ ਬਰਾੜ*
*ਬੇਕਰਜ਼ਫੀਲਡ, ਕੈਲੀਫੋਰਨੀਆ।*
*ਫੋਨ: 661-889-5617*

## ਭੁੱਲਿਆ ਵਿਸਰਿਆ ਦੇਸ਼-ਭਗਤ, ਪੱਤਰਕਾਰ ਤੇ ਕਵੀ

# ਜਰਨੈਲ ਸਿੰਘ ਅਰਸ਼ੀ





ਸੁਰਿੰਦਰ ਸੋਹਲ

ਮੈਂ ਗੁਰਚਰਨ ਰਾਮਪੁਰੀ ਨਾਲ ਜਰਨੈਲ ਸਿੰਘ ਅਰਸ਼ੀ ਬਾਰੇ ਗੱਲ ਛੇੜੀ ਤਾਂ ਉਸ ਨੇ ਪੈਂਦੀ ਸੱਟੇ ਹੀ ਮੈਨੂੰ ਇਹ ਘਟਨਾ ਸੁਣਾਈ,

ਅਰਸ਼ੀ ਦੀ ਅਖ਼ਬਾਰ 'ਲਲਕਾਰ' ਦਾ ਦਫ਼ਤਰ ਲੁਧਿਆਣੇ ਸੀ। ਦਫ਼ਤਰ ਦੇ ਨਾਲ ਹੀ ਨੌਲੱਖਾ ਸਿਨਮਾ ਸੀ। ਇਕ ਵਾਰ ਪੰਦਰਾਂ ਦੋਸਤ ਇਕੱਠੇ ਹੋ ਕੇ ਆ ਗਏ। ਇਕ ਨੇ ਕਿਹਾ, "ਅਰਸ਼ੀ, ਅਸੀਂ ਫਿਲਮ ਦੇਖਣੀ ਆਂ। ਦੇਖਣੀ ਤੇਰੇ ਸਿਰੋਂ ਆਂ। ਸਾਨੂੰ ਪੈਸੇ ਦੇ।" ਇਕ ਰੁਪਏ ਪੰਜ ਪੈਸੇ ਦੀ ਟਿਕਟ ਸੀ। ਅਰਸ਼ੀ ਨੇ ਵੀਹਾਂ ਦਾ ਨੋਟ ਕੱਢ ਕੇ ਫੜਾ ਦਿੱਤਾ। ਇਕ ਜਣਾ ਗਿਆ। ਸੋਲਾਂ ਟਿਕਟਾਂ ਲੈ ਆਇਆ। ਅਰਸ਼ੀ ਨੇ ਪੁੱਛਿਆ, "ਤੁਸੀਂ ਪੰਦਰਾਂ ਜਣੇ ਓਂ, ਸੋਲਾਂ ਟਿਕਟਾਂ ਕੀ ਕਰਨੀਆਂ ਸੀ?"

ਉਹ ਬੰਦਾ ਕਹਿਣ ਲੱਗਾ, "ਅਰਸ਼ੀ ਤੂੰ ਵੀ ਸਾਡੇ ਨਾਲ ਫਿਲਮ ਦੇਖੇਂਗਾ।"

ਅਰਸ਼ੀ ਆਪਣੀ ਸਦਾ-ਬਹਾਰ ਸੁਰ ਵਿਚ ਬੋਲਿਆ, "ਸਾਲਿਓ, ਮੈਨੂੰ ਫ਼ਿਲਮ ਸੁਝਣੀ ਆ, ਅੰਦਰ ਬੈਠੇ ਨੂੰ ਮੈਨੂੰ ਤਾਂ ਪਰਦੇ 'ਤੇ ਵੀਹਾਂ ਦਾ ਨੋਟ ਹੀ ਦਿਸੀ ਜਾਣੈਂ।"

ਗੁਰਚਰਨ ਰਾਮਪੁਰੀ ਨੇ ਮੈਨੂੰ ਦੱਸਿਆ, "ਮੈਂ ਉਹਦੇ ਬਾਰੇ ਇਕ ਲੇਖ ਲਿਖਿਆ ਸੀ। 1964 ਵਿਚ 'ਪ੍ਰੀਤਲੜੀ' ਵਿਚ ਛਪਿਆ ਸੀ। ਉਹ ਤਾਂ ਬੰਦਾ ਐਹੋ ਜਿਹਾ ਸੀ ਕਿ ਪੁੱਛੋ ਕੁਝ ਨਾ। ਉਸ ਬੰਦੇ ਵਿਚ ਐਨਾ ਹਾਸਰਸ, ਏਨੀ ਤਿੱਖੀ ਕਲਮ ਬਸ ਨਸ਼ਤਰ ਚਲਾਉਂਦਾ ਜਾਂਦਾ ਸੀ। ਕਲਕੱਤੇ ਉਹਦੀ ਬਹੁਤ ਚੜ੍ਹਤ ਸੀ। ਇਕ ਵਾਰ ਕਲਕੱਤੇ ਕਵੀ ਦਰਬਾਰ ਸੀ। ਪ੍ਰਤਾਪ ਸਿੰਘ ਕੈਰੋਂ ਉਥੇ ਮੁੱਖ ਮਹਿਮਾਨ ਬੁਲਾ ਲਿਆ ਉਨ੍ਹਾਂ। ਪਹਿਲਾਂ ਦਿਨੇ ਕਵੀ ਦਰਬਾਰ ਹੋਣਾ ਸੀ ਫਿਰ ਰਾਤ ਨੂੰ। ਪ੍ਰਤਾਪ ਸਿੰਘ ਕੈਰੋਂ ਬੈਠਾ। ਗੁਰਦੁਆਰਾ ਸੀ। ਉਥੇ ਅਰਸ਼ੀ ਨੇ ਕਵਿਤਾ ਪੜ੍ਹੀ,

ਏਥੇ ਨਾ ਤੂੰ ਆਈਂ ਬਾਬਾ
ਇਸ ਬੇੜੀ ਨੂੰ ਡੁੱਬ ਜਾਣ ਦੇ
ਬੰਨੇ ਨਾ ਤੂੰ ਲਾਈਂ ਬਾਬਾ।

ਜਦੋਂ ਕਹੇ 'ਬੱਜਰੀ ਚੱਬਣ ਐਸੇ ਨੇ ਸਰਕਾਰੀ ਬੰਦੇ' ਤਾਂ ਹੱਥ ਕੈਰੋਂ ਵੱਲ ਨੂੰ ਕਰੀ ਜਾਵੇ। ਕੈਰੋਂ ਉਠ ਕੇ ਚਲਾ ਗਿਆ। ਰਾਤ ਨੂੰ ਫਿਰ ਕਵੀ ਦਰਬਾਰ ਸੀ। ਅਰਸ਼ੀ ਦੀ ਵਾਰੀ ਆਈ ਤਾਂ ਬੋਲਿਆ, "ਮੈਂ ਕਵਿਤਾ ਜਿਹੜੀ ਪੜ੍ਹਨੀ ਸੀ, ਉਸ ਤੋਂ ਕੁਝ ਬੰਦਿਆਂ ਨੂੰ ਬੜਾ ਦੁੱਖ ਪਹੁੰਚਿਆ ਹੈ। ਹੁਣ ਮੈਂ ਫ਼ੈਸਲਾ ਕੀਤੈ ਬਈ ਮੈਂ ਕੋਈ ਹੋਰ ਨਜ਼ਮ ਪੜ੍ਹਾਂ।" ਉਥੇ ਜੈਕਾਰੇ ਛੁੱਟ ਗਏ। ਲੋਕ ਕਹਿਣ-ਅਸੀਂ ਤਾਂ ਓਹੀ ਨਜ਼ਮ ਸੁਣਨੀ ਐਂ। ਅਰਸ਼ੀ ਕਵਿਤਾ ਪੜ੍ਹਦਾ ਗਿਆ ਤੇ ਕੈਰੋਂ ਨੀਵੀਂ ਪਾਈ ਬੈਠਾ ਰਿਹਾ। ਏਦਾਂ ਦਾ ਬੰਦਾ ਸੀ ਉਹ।

ਅਰਸ਼ੀ ਦੇ ਭਰਾ ਪ੍ਰੀਤਮ ਸਿੰਘ ਨੇ ਦੱਸਿਆ, "ਇਕ ਵਾਰੀ ਮੈਨੂੰ ਸੁਰਜੀਤ ਰਾਮਪੁਰੀ ਨੇ ਗੱਲ ਸੁਣਾਈ। ਅਖੇ-ਇਕ ਵਾਰ ਜਰਨੈਲ ਸਿੰਘ ਅਰਸ਼ੀ, ਸੂਬਾ ਸਿੰਘ ਅਤੇ ਮੈਂ, ਲੁਧਿਆਣੇ ਚੌੜਾ ਬਾਜ਼ਾਰ ਵਿਚ ਤੁਰੇ ਆ ਰਹੇ ਸੀ। ਅੱਗਿਓਂ ਇਕ ਬੰਦਾ ਆਇਆ ਤੇ ਸਾਨੂੰ ਰੋਕ ਕੇ ਗੁੱਸੇ-ਗਿਲੇ ਨਾਲ ਬੋਲਿਆ, "ਗੱਲ ਸੁਣ ਉਏ ਅਰਸ਼ੀ, ਮੈਂ ਤੈਨੂੰ ਬੇਹੱਦ ਸਿਆਣਾ, ਸੁਘੜ ਤੇ ਅਕਲਮੰਦ ਬੰਦਾ ਸਮਝਦੈਂ, ਪਰ ਮੈਨੂੰ ਲੋਕਾਂ ਤੋਂ ਪਤਾ ਲੱਗੈ, ਤੂੰ ਮੈਨੂੰ ਬੇਵਕੂਫ ਸਮਝ ਰਿਹੈਂ।"

ਅਰਸ਼ੀ ਨੇ ਉਸ ਨੂੰ ਜੱਫ਼ੀ ਪਾ ਕੇ ਪਿੱਠ ਥਾਪੜਦੇ ਹੋਏ ਹੌਸਲਾ ਦੇ ਕੇ ਕਿਹਾ, "ਤੂੰ ਲੋਕਾਂ ਦੀ ਪਰਵਾਹ ਨਾ ਕਰ। ਆਪਾਂ ਤਾਂ ਇਕ ਦੂਜੇ ਨੂੰ ਬਿਲਕੁਲ ਸਹੀ ਸਮਝਦੇ ਆਂ ਨਾ।"

"ਫਿਰ ਠੀਕ ਐ।" ਕਹਿ ਕੇ ਗੁੱਸੇ ਵਿਚ ਆਇਆ ਬੰਦਾ ਠੰਢਾ ਹੋ ਕੇ ਚਲਾ ਗਿਆ।

ਇਹ ਘਟਨਾ ਵੀ ਮੈਨੂੰ ਪ੍ਰੀਤਮ ਸਿੰਘ ਨੇ ਹੀ ਸੁਣਾਈ ਸੀ, ਲੁਧਿਆਣੇ ਚੌੜਾ ਬਾਜ਼ਾਰ ਵਿਚ ਸੂਬਾ ਸਿੰਘ ਦੀ ਪ੍ਰੈਸ ਸੀ। ਉਥੇ ਹੀ ਅਰਸ਼ੀ ਦਾ ਦਫ਼ਤਰ ਸੀ, ਜਿਥੋਂ ਉਹ ਆਪਣਾ ਅਖ਼ਬਾਰ 'ਲਲਕਾਰ' ਕੱਢਦਾ ਸੀ। ਸੂਬਾ ਸਿੰਘ, ਅਰਸ਼ੀ ਅਤੇ ਹੋਰ ਯਾਰਾਂ ਦੋਸਤਾਂ ਦਾ ਖਾਣ ਪੀਣ ਸਾਂਝਾ ਸੀ। ਇਕ ਦਿਨ ਸਾਰਿਆਂ ਨੇ ਸਲਾਹ ਬਣਾਈ ਕਿ ਸੂਬਾ ਸਿੰਘ ਤੋਂ ਕੁਝ ਖਾਧਾ ਜਾਵੇ।

ਸੂਬਾ ਸਿੰਘ ਨੇ ਪੱਲਾ ਝਾੜਿਆ, "ਮੇਰੇ ਕੋਲ ਤਾਂ ਇਕ ਹੀ ਚਾਂਦੀ ਦਾ ਰੁਪਈਆ ਹੈ। ਇਹ ਜਿੱਥੇ ਵਰਤ ਹੁੰਦਾ ਵਰਤ ਲਵੋ।" ਅਰਸ਼ੀ ਨੇ ਕਿਹਾ, "ਚਲੋ ਇਸ ਦੀਆਂ ਰਿਓੜੀਆਂ ਲੈ ਲੈਂਦੇ ਹਾਂ।" ਸਾਹਮਣੇ ਰੇੜੀ ਲੱਗੀ ਹੋਈ ਸੀ। ਰੇੜੀ ਵਾਲੇ ਭਾਈ ਨੇ ਰਿਓੜੀਆਂ ਲਿਫ਼ਾਫ਼ੇ ਵਿਚ ਪਾ ਦਿੱਤੀਆਂ। ਸੂਬਾ ਸਿੰਘ ਨੇ ਚਾਂਦੀ ਦਾ ਰੁਪਈਆ ਭਾਈ ਨੂੰ ਫੜਾਇਆ।

ਕੋਲ ਖੜ੍ਹਾ ਅਰਸ਼ੀ ਬੋਲਿਆ, "ਲੈ ਬਈ ਆਖ਼ਿਰ ਇਹ ਰੁਪਈਆ ਚੱਲ ਹੀ ਗਿਆ।" ਅਰਸ਼ੀ ਨੇ ਤਾਂ ਆਪਣੇ ਸੁਭਾਅ ਮੁਤਾਬਕ ਸੂਬਾ ਸਿੰਘ ਦੀ ਫ਼ਿਤਰਤ 'ਤੇ ਹੀ ਟਕੋਰ ਕੀਤੀ ਸੀ, ਰੇੜ੍ਹੀ ਵਾਲੇ ਭਾਈ ਨੇ ਸਮਝਿਆ ਕਿ ਸ਼ਾਇਦ ਰੁਪਈਆ ਖੋਟਾ ਹੈ। ਉਸ ਨੇ ਰੁਪਈਆ ਚੁੱਕ ਕੇ ਮਾਰਿਆ ਤੇ ਰਿਓੜੀਆਂ ਵਾਲਾ ਲਿਫਾਫਾ ਵਾਪਸ ਲੈ ਲਿਆ।

ਉਸ ਵੇਲੇ ਪਿੰਡ ਰਛੀਨ ਵਿਚ ਬਿਜਲੀ ਵੀ ਨਹੀਂ ਸੀ ਪਹੁੰਚੀ। ਆਲੇ-ਦੁਆਲੇ ਟਿੱਬੇ ਸਨ, ਸਲਵਾੜ, ਬੂਝਿਆਂ ਦੇ ਝੱਲ ਮੱਲੇ ਹੋਏ। ਸ਼ਹਿਰ ਜਾਣ ਲਈ ਕੋਈ ਸੜਕ ਨਹੀਂ ਸੀ। ਸ਼ਹਿਰ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ। ਅਜਿਹੇ ਪਿੰਡ ਵਿਚੋਂ ਅਰਸ਼ੀ ਆਜ਼ਾਦੀ ਦਾ ਸੁਪਨਾ ਦਿਲ 'ਚ ਸਮੋ ਕੇ ਨਿਕਲਿਆ।

ਡਾ. ਜੀਤ ਸਿੰਘ ਸੀਤਲ ਨੇ 'ਪੰਜਾਬੀ ਸਾਹਿਤ ਦਾ ਇਤਿਹਾਸ' (ਛਾਪ ਤੀਜੀ) ਦੇ ਪੰਨਾ 785 'ਤੇ ਇੰਜ ਦਰਜ ਕੀਤਾ ਹੈ, "ਦੋ ਅਕਤੂਬਰ 1926 ਨੂੰ ਪਿੰਡ ਰਸੀਕੇ (ਲੁਧਿਆਣਾ) ਸ. ਹਰਨਾਮ ਸਿੰਘ ਦੇ ਘਰ (ਜਰਨੈਲ ਸਿੰਘ ਅਰਸ਼ੀ) ਜਨਮਿਆ। ਜਰਨੈਲ ਸਿੰਘ ਅਰਸ਼ੀ ਛੋਟੀ ਆਯੂ ਵਿਚ ਹੀ 'ਲਲਕਾਰ' ਦੇ ਕੇ ਤੁਰ ਗਿਆ। ਦੇਸ਼ ਭਗਤ ਅਰਸ਼ੀ ਦੀ ਕਿਤਾਬ 'ਲਲਕਾਰ' ਪੰਜਾਬੀ ਕ੍ਰਾਂਤੀਕਾਰੀ ਕਾਵਿ ਤੇ 'ਗਦਰ ਗੂੰਜਾਂ' ਦੇ ਵਿਚਕਾਰ ਇਕ ਪੁਲ ਮਿਥੀ ਜਾ ਸਕਦੀ ਹੈ। ਅਫ਼ਸੋਸ ਕਿ ਕਿਸੇ ਵੀ ਇਤਿਹਾਸਕਾਰ ਨੇ ਉਸ ਦੇ ਕਾਵਿ ਦਾ ਸਹੀ ਮੁਲਾਂਕਣ ਕਰਕੇ ਉਸ ਨੂੰ ਸਹੀ ਥਾਂ ਨਹੀਂ ਦਿੱਤੀ। 'ਲਲਕਾਰ' ਕਾਵਿ-ਸੰਗ੍ਰਹਿ ਦੀਆਂ ਅਨੇਕਾਂ ਕਵਿਤਾਵਾਂ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ ਕਿ ਜੇ ਅਰਸ਼ੀ ਜਲਦੀ ਵਿਛੋੜਾ ਨਾ ਦੇ ਜਾਂਦਾ ਤਾਂ ਪੰਜਾਬੀ 'ਚ ਉਹ ਸਿਰਮੌਰ ਕਵੀ ਹੁੰਦਾ। 'ਕਸਵੱਟੀ', 'ਲਲਕਾਰ', 'ਮਿੱਤਰ ਹਾਂ ਮੈਂ', 'ਇਹ ਮੇਰੇ ਦੇਸ਼ ਦੇ ਜਵਾਨ', 'ਇਹ ਮੇਰੇ ਦੇਸ਼ ਦੀਆਂ ਕੁੜੀਆਂ', 'ਦੇਸ਼ ਭਗਤ ਦਾ ਸੁਪਨਾ', 'ਜੰਗਬਾਜ਼ ਨੂੰ' ਆਦਿ ਉਸ ਦੀਆਂ ਮਹੱਤਵਪੂਰਨ ਕਵਿਤਾਵਾਂ ਹਨ, ਜਿਨ੍ਹਾਂ ਵਿਚ ਦੇਸ਼ ਪਿਆਰ, ਆਜ਼ਾਦੀ ਲਈ ਸੰਘਰਸ਼ ਦੀ ਵੰਗਾਰ ਅਤੇ ਸਭ ਤੋਂ ਵੱਧ ਕਾਵਿਕ ਗੁਣ ਉਦਮ ਤੇ ਲੈਅ ਸੰਗੀਤ ਸਭ ਕੁਝ ਹੈ।"

ਕਾਵਿ-ਸੰਗ੍ਰਹਿ 'ਲਲਕਾਰ' ਵਿਚ ਉਸ ਦੀ ਜਨਮ ਤਰੀਕ 4 ਅਕਤੂਬਰ 1925 ਲਿਖੀ ਮਿਲਦੀ ਹੈ। ਪਰ ਡਾ. ਪ੍ਰੀਤਮ ਸਿੰਘ ਬਿੰਦ ਇਨ੍ਹਾਂ ਦੋਹਾਂ ਤਰੀਕਾਂ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਮੁਤਾਬਕ ਅਰਸ਼ੀ ਦਾ ਜਨਮ 2 ਅਕਤੂਬਰ 1924 ਨੂੰ ਹੋਇਆ। ਕਾਵਿ-ਸੰਗ੍ਰਹਿ 'ਲਲਕਾਰ' ਵਿਚ ਸਵਾਸ ਛੱਡਣ ਦੀ ਤਰੀਕ 14 ਜਨਵਰੀ 1951 ਦਰਜ ਹੈ, ਜਦਕਿ ਡਾ. ਬਿੰਦ ਮੁਤਾਬਕ ਇਹ ਵੀ 15 ਜਨਵਰੀ ਦਾ ਦਿਨ ਸੀ।

ਮੇਰਾ ਪਹਿਲੀ ਵਾਰ ਜਰਨੈਲ ਸਿੰਘ ਅਰਸ਼ੀ ਦੇ ਨਾਮ ਵੱਲ ਧਿਆਨ ਉਦੋਂ ਗਿਆ, ਜਦੋਂ ਮੈਂ 'ਸ਼ੇਰ-ਏ-ਪੰਜਾਬ' (ਨਿਊ ਯਾਰਕ) ਅਖ਼ਬਾਰ ਵਿਚ ਕੰਮ ਕਰਦਾ ਸੀ। ਇਕ ਰਚਨਾ ਛਪਣ ਵਾਸਤੇ ਆਈ। ਰਚਨਾ ਭੇਜਣ ਵਾਲੇ ਬਜ਼ੁਰਗ ਪੂਰਨ ਸਿੰਘ ਨੇ ਰਚਨਾ ਦੇ ਨਾਲ ਸ਼ਾਇਰ ਬਾਰੇ ਵੀ ਚੰਦ ਸਤਰਾਂ ਲਿਖੀਆਂ ਸਨ, "ਮੈਂ ਆਪ ਜੀ ਦੀ ਸੇਵਾ ਵਿਚ ਇਕ ਕਵਿਤਾ (ਹਿੱਕ ਉਭਾਰ) ਭੇਜ ਰਿਹਾ ਹਾਂ, ਜੋ ਮੈਨੂੰ ਇਸ ਉਮਰ ਵਿਚ ਸ਼ੋਭਾ ਤਾਂ ਨਹੀਂ ਦਿੰਦੀ, ਪਰ ਇਸ ਨੂੰ ਇਸ਼ਕ ਮਿਜ਼ਾਜੀ ਦੇ ਤੌਰ ਪਰ ਨਹੀਂ, ਇਸ਼ਕ ਹਕੀਕੀ ਅਤੇ ਕਾਦਰ ਦੀ ਕੁਦਰਤ ਦੀ ਇਕ ਝਲਕ ਦੇ ਤੌਰ ਪਰ ਲਿਖ ਰਿਹਾ ਹਾਂ।

ਇਹ ਕਵਿਤਾ ਅਰਸ਼ੀ ਕਵੀ ਦੀ ਹੈ।...ਇਹ ਕਵੀ 24-25 ਸਾਲ ਦੀ ਉਮਰ ਵਿਚ ਪਰਮਾਤਮਾ ਨੂੰ ਪਿਆਰਾ ਹੋ ਗਿਆ ਸੀ। ਇਸ ਨੇ ਬੰਗਾਲ ਦੇ ਕਾਲ ਸਮੇਂ ਵੀ ਇਕ ਕਵਿਤਾ ਲਿਖੀ ਸੀ। ਇਕ ਕਿਤਾਬ ਵੀ (ਬੱਤੀ ਨੁਕਤੇ) ਦੀ ਰਚਨਾ ਸ਼ੁਰੂ ਕੀਤੀ ਹੋਈ ਸੀ, ਪਰ ਪਤਾ ਨਹੀਂ ਸਿਰੇ ਚੜ੍ਹੀ ਕਿ ਨਹੀਂ। ਕਵੀ ਆਪਣੀ ਰਚਨਾ ਵਿਚ ਅਲੰਕਾਰਾਂ ਦੀ ਵਰਤੋਂ ਕਰਦੇ ਹਨ ਜਿਵੇਂ ਕਿ ਭਗਵਾਨ ਸਿੰਘ ਆਪਣੀ ਰਚਨਾ ਵਿਚ ਜ਼ਿਕਰ ਕਰਦੇ ਨੇ 'ਚੜ੍ਹੇ ਪਿੰਗਲਾ ਪਹਾੜਾਂ 'ਤੇ, ਪਛਾਣੇ ਰਾਗ ਬੋਲਾ ਯਾਰ, ਅੰਨ੍ਹਾਂ ਕੱਢੇ ਜੂੰਆਂ, ਗੂੰਗਾ ਹਾਫ਼ਿਜ਼ ਕੁਰਾਨ ਐ।' ਪਰ ਇਸ ਕਵੀ ਨੇ ਇਹ ਕਵਿਤਾ ਰਚ ਕੇ ਧੁੰਮਾਂ ਪਾ ਛੱਡੀਆਂ ਸਨ। ਇਹ ਕਵਿਤਾ ਅਰਸ਼ੀ ਨੇ ਉਸ ਵੇਲੇ ਰਚੀ ਜਦੋਂ ਉਹ ਆਪਣੇ ਪਿਤਾ ਜੀ ਨਾਲ ਖੂਹ ਉਪਰ ਝਾਮ ਲਾ ਰਿਹਾ ਸੀ। ਨਾਲ ਦੇ ਰਸਤੇ 'ਚੋਂ ਇਕ ਮੁਟਿਆਰ ਗੁਜ਼ਰ ਰਹੀ ਸੀ।"

ਮੈਂ ਇਸ ਚਿੱਠੀ ਦਾ ਉਤਾਰਾ ਕਰ ਲਿਆ। ਮੈਨੂੰ ਜਰਨੈਲ ਸਿੰਘ ਅਰਸ਼ੀ ਨਾਮ ਸੁਣਿਆ ਸੁਣਿਆ ਜਾਪਿਆ। ਮੈਨੂੰ ਖ਼ਿਆਲ ਆਇਆ, ਇਕ ਵਾਰ ਪ੍ਰੀਤਮ ਸਿੰਘ ਹੋਰੀਂ ਗੱਲ ਕਰ ਰਹੇ ਸਨ ਕਿ ਉਨ੍ਹਾਂ ਨੇ ਜਰਨੈਲ ਸਿੰਘ ਅਰਸ਼ੀ ਦੀ ਕਵਿਤਾ ਪਾਕਿਸਤਾਨੀਆਂ ਦੀ ਮਹਿਫ਼ਲ ਵਿਚ ਪੜ੍ਹੀ ਸੀ। ਮੈਂ ਡਾ. ਪ੍ਰੀਤਮ ਸਿੰਘ ਹੋਰਾਂ ਪਾਸ ਅਰਸ਼ੀ ਦਾ ਜ਼ਿਕਰ ਕੀਤਾ ਤਾਂ ਉਹ ਬੋਲੇ, "ਉਹ ਬੰਦਾ ਤਾਂ ਬਿਜਲੀ ਸੀ ਬਿਜਲੀ। 26 ਸਾਲ ਜਿਊਂਦਾ ਰਿਹਾ, ਜਿਸ ਪਾਸੇ ਗਿਆ ਅੱਗਾਂ ਹੀ ਲਾਉਂਦਾ ਗਿਆ। ਦੇਸ਼-ਭਗਤੀ ਹੋਵੇ, ਪੱਤਰਕਾਰੀ ਹੋਵੇ, ਭਾਸ਼ਣਕਾਰੀ ਹੋਵੇ, ਕਵਿਤਾ ਹੋਵੇ, ਵਿਅੰਗ ਹੋਵੇ...।"

ਮੈਂ ਸ਼ੇਰ-ਏ-ਪੰਜਾਬ ਵਿਚ ਛਪਣ ਆਈ ਅਰਸ਼ੀ ਦੀ ਕਵਿਤਾ 'ਹਿੱਕ-ਉਭਾਰ' ਬਾਰੇ ਗੱਲ ਕੀਤੀ ਤਾਂ ਪ੍ਰੀਤਮ ਸਿੰਘ ਬਿੰਦ ਨੇ ਕਿਹਾ, "ਉਹ ਤਾਂ ਅਰਸ਼ੀ ਦੀ ਮਾਸਟਰ ਪੀਸ ਨਜ਼ਮ ਐ।"

ਡਾ. ਪ੍ਰੀਤਮ ਸਿੰਘ ਨੇ ਦੱਸਿਆ, "ਜਰਨੈਲ ਸਿੰਘ ਅਰਸ਼ੀ ਦੀਆਂ ਕੁਝ ਗੱਲਾਂ ਲੋਕਾਂ ਰਾਹੀਂ ਮੇਰੇ ਤੱਕ ਪਹੁੰਚੀਆਂ। ਕੁਝ ਮੈਂ ਅੱਖੀਂ ਦੇਖੀਆਂ। ਮੈਂ ਉਦੋਂ ਛੋਟਾ ਸੀ। ਉਸ ਦੀਆਂ ਸਰਗਰਮੀਆਂ ਨੂੰ ਦੇਖਦਾ ਸੀ ਪਰ ਸਮਝ ਵੱਡੇ ਹੋ ਕੇ ਆਈ।

ਉਨ੍ਹਾਂ ਦੇ ਪਿੰਡ ਪੰਜਵੀਂ ਤੱਕ ਸਕੂਲ ਸੀ। ਗਿਆਨੀ ਗਿਆਨ ਸਿੰਘ ਅਰਸ਼ੀ ਦੇ ਦੂਜੀ ਜਮਾਤ ਦੇ ਅਧਿਆਪਕ ਸਨ। ਗਿਆਨੀ ਜੀ ਬਹੁਤ ਵੱਡੇ ਵਿਦਵਾਨ ਸਨ। ਸੌ ਸਾਲ ਦੀ ਉਮਰ ਭੋਗੀ ਉਨ੍ਹਾਂ। ਗਿਆਨੀ ਜੀ ਦਸਦੇ ਸਨ ਕਿ ਉਨ੍ਹਾਂ ਨੇ ਤਾਂ ਜਰਨੈਲ ਦੀ ਸਿਰਜਣਾਤਮਕ ਪ੍ਰਤਿਭਾ ਨੂੰ ਦੂਜੀ ਜਮਾਤ ਵਿਚ ਹੀ ਪਛਾਣ ਲਿਆ ਸੀ। ਇਕ ਵਾਰ ਗਿਆਨੀ ਜੀ ਨੇ ਦੂਜੀ ਜਮਾਤ ਦੇ ਬੱਚਿਆਂ ਨੂੰ ਕਹਾਣੀ ਸੁਣਾਈ। ਕਹਾਣੀ ਸੁਣਾ ਕੇ ਆਖਿਆ-ਕੋਈ ਵਿਦਿਆਰਥੀ ਇਸ ਕਹਾਣੀ ਨੂੰ ਦੁਬਾਰਾ ਸੁਣਾ ਸਕਦੈ? ਜਰਨੈਲ ਖੜ੍ਹਾ ਹੋ ਗਿਆ। ਉਸ ਨੇ ਆਪਣੀ ਕਲਪਨਾ ਦੀ ਚਾਸ਼ਨੀ ਰਲਾ ਕੇ ਕਹਾਣੀ ਏਨੀ ਦਿਲਚਸਪ ਬਣਾ ਕੇ ਸੁਣਾਈ ਕਿ ਗਿਆਨੀ ਜੀ ਕਹਿੰਦੇ ਕਿ ਉਹ ਖ਼ੁਦ ਵੀ ਨਹੀਂ ਸਨ ਸੁਣਾ ਸਕੇ।



ਡਾ. ਪ੍ਰੀਤਮ ਸਿੰਘ ਬਿੰਦ

ਜਰਨੈਲ ਚੌਥੀ ਜਮਾਤ ਵਿਚ ਹੋ ਗਿਆ। ਸਕੂਲ ਦਾ ਹੈਡਮਾਸਟਰ ਹਰੀ ਸਿੰਘ ਖੰਡਾ ਸੀ। ਖੰਡਾ ਏਨਾ ਜੋਸ਼ੀਲਾ ਦੇਸ਼ ਭਗਤ ਸੀ, ਸੁਣਿਆ ਕਿ ਉਹ ਕਹਿੰਦਾ ਹੁੰਦਾ ਸੀ, "ਉਹ ਦਿਨ ਭਾਗਾਂ ਵਾਲਾ ਹੋਊ, ਜਦੋਂ ਮੇਰੇ ਗਲ ਵਿਚ ਫਾਂਸੀ ਦਾ ਫੰਦਾ ਹੋਊਗਾ।"

ਜਰਨੈਲ ਹਰੀ ਸਿੰਘ ਖੰਡਾ ਦੀ ਸੋਚ ਤੋਂ ਪ੍ਰਭਾਵਿਤ ਹੁੰਦਾ ਚਲਾ ਗਿਆ। ਹਰੀ ਸਿੰਘ ਖੰਡਾ ਇਕ ਖੂਹ 'ਤੇ ਦਰਖ਼ਤ ਹੇਠ ਬੈਠੇ ਸਨ। ਜਰਨੈਲ ਦੀਆਂ ਗੱਲਾਂ ਸੁਣ ਕੇ ਹਰੀ ਸਿੰਘ ਖੰਡਾ ਨੇ ਕਿਹਾ, "ਤੇਰੇ ਵਰਗੇ ਹੋਣਹਾਰ ਮੁੰਡੇ ਦੀਆਂ ਅਰਸ਼ੀ ਉਡਾਰੀਆਂ ਲਾਉਣ ਵਾਲੀਆਂ ਗੱਲਾਂ ਸੁਣ ਕੇ ਲਗਦੈ ਤੇਰਾ ਨਾਮ 'ਅਰਸ਼ੀ' ਹੋਣਾ ਚਾਹੀਦਾ ਹੈ।" ਉਦੋਂ ਤੋਂ 'ਅਰਸ਼ੀ' ਤਖ਼ਲਸ ਉਸ ਨਾਲ ਜੁੜ ਗਿਆ।

15 ਜੂਨ 1939 ਨੂੰ ਲਾਹੌਰ ਵਿਚ ਹੋਈ ਯੂਥ ਕਾਨਫਰੰਸ ਵਿਚ ਸੁਭਾਸ਼ ਚੰਦਰ ਬੋਸ ਦੇ ਇਹ ਬੋਲ ਅਰਸ਼ੀ ਦੇ ਖ਼ੂਨ ਵਿਚ ਰਚ ਗਏ, "ਅਸਮਾਨ ਉਤੇ ਜੰਗ ਦੇ ਬੱਦਲ ਛਾ ਰਹੇ ਹਨ, ਛੇਤੀ ਹੀ ਤੋਪਾਂ ਦੇ ਧੂੰਏਂ ਨਾਲ ਹੋਰ ਗਾੜ੍ਹੇ ਹੋ ਜਾਣਗੇ, ਆਓ ਇਸ ਹਨੇਰ-ਘੁੱਪ ਵਿਚ ਸੱਯਾਦ ਦੀਆਂ ਅੱਖਾਂ ਬਚਾ ਕੇ ਪਿੰਜਰੇ ਦੀਆਂ ਸੀਖਾਂ ਮਰੁੰਡ ਦੇਈਏ। ਇਸ ਕੰਮ ਲਈ ਮੈਂ ਫੜਕਦੇ ਡੌਲਿਆਂ ਵਾਲੇ ਜਵਾਨਾਂ ਨੂੰ ਸੱਦਾ ਦਿੰਦਾ ਹਾਂ।"

(ਕਾਵਿ-ਸੰਗ੍ਰਹਿ 'ਲਲਕਾਰ' (ਐਡੀਸ਼ਨ ਤੀਸਰਾ, 1995, ਪੰਨਾ 6)

ਅਰਸ਼ੀ ਦੇ ਆਪਣੇ ਸ਼ਬਦਾਂ ਵਿਚ, "ਹੋਰਾਂ 'ਤੇ ਇਸ ਦਾ ਕੀ ਅਸਰ ਹੋਇਆ, ਮੈਨੂੰ ਪਤਾ ਨਹੀਂ, ਪਰ ਮੇਰਾ ਲੂੰਅ ਲੂੰਅ 'ਲਲਕਾਰ' ਬਣ ਗਿਆ। ਮੈਂ ਆਪਣੇ ਆਪ ਨੂੰ ਫੜਕਦੇ ਡੌਲਿਆਂ ਵਾਲਿਆਂ ਦੀ ਕਤਾਰ ਵਿਚ ਖੜ੍ਹਾ ਅਨੁਭਵ ਕਰ ਰਿਹਾ ਸਾਂ। ਇਸੇ ਫੜਕਣ ਕਰਕੇ ਮੈਂ ਨਾ ਸਕੂਲ ਵਿਚ ਤੇ ਨਾ ਹੀ ਘਰ ਵਿਚ ਟਿਕ ਕੇ ਬਹਿ ਸਕਿਆ।" (ਕਾਵਿ-ਸੰਗ੍ਰਹਿ 'ਲਲਕਾਰ', ਐਡੀਸ਼ਨ ਤੀਸਰਾ, 1995, ਪੰਨਾ 6)

ਉਸ ਦੇ ਖ਼ਿਆਲਾਂ ਵਿਚ ਤਾਂ ਇਨਕਲਾਬੀ ਤਬਦੀਲੀ ਆਈ ਹੀ, ਉਸ ਦਾ ਲਿਬਾਸ ਵੀ ਬਦਲ ਗਿਆ। ਪਹਿਲਾਂ ਉਹ ਮੋਰੇਕਿਨ ਦਾ ਚਾਦਰਾ ਬੰਨ੍ਹਦਾ ਸੀ। ਹੁਣ ਉਹ ਖੱਦਰ ਪਹਿਨਣ ਲੱਗ ਪਿਆ। ਉਸ ਦੀ ਪੱਗ ਦਾ ਸਟਾਈਲ ਵੀ ਬਦਲ ਗਿਆ।

ਅਰਸ਼ੀ ਦੇ ਪਿਉ ਦੀ ਚੌਵੀ ਕਿੱਲੇ ਜ਼ਮੀਨ ਸੀ। ਸਰਦੇ ਪੁੱਜਦੇ ਜ਼ਿਮੀਂਦਾਰ ਸਨ। ਪਿਉ ਇਕੱਲਾ ਸੀ। ਅਰਸ਼ੀ ਨੂੰ ਮਗਰਲਾ ਕੋਈ ਫ਼ਿਕਰ ਨਹੀਂ ਸੀ। ਅਠਵੀਂ ਤੋਂ ਬਾਦ ਉਸ ਨੇ ਐਲਾਨ ਕਰ ਦਿੱਤਾ, "ਮੈਂ ਨੌਵੀਂ ਵਿਚ ਦਾਖ਼ਲ ਨਹੀਂ ਹੋਣਾ।"

ਪਿਉ ਨੇ ਬੜਾ ਸਮਝਾਇਆ, "ਘਟੋ-ਘੱਟ ਦਸ ਜਮਾਤਾਂ ਤਾਂ ਕਰ ਲੈ।"

ਅਰਸ਼ੀ ਬੋਲਿਆ, "ਨਹੀਂ, ਮੈਂ ਗੁਲਾਮਾਂ ਦੀ ਤਾਲੀਮ ਨਹੀਂ ਲੈਣੀ। ਗੁਲਾਮੀ ਦਾ ਜਿਊਣਾ ਕੁਝ ਨਈਂ। ਲੀਰਾਂ ਦਾ ਸਿਊਣਾ ਕੁਝ ਨਈਂ।"

ਅਰਸ਼ੀ ਅਨਦਾਤੀਆ ਹੀ ਸੀ। ਉਮਰ ਕੋਈ ਸੋਲਾਂ ਕੁ ਸਾਲ ਦੀ ਹੋਵੇਗੀ। ਉਸ ਨੇ ਕਲਕੱਤੇ ਜਾਣ ਦਾ ਪ੍ਰੋਗਰਾਮ ਬਣਾ ਲਿਆ। ਉਸ ਦਾ ਵਿਚਾਰ ਸੀ, ਬੰਗਾਲ ਦੇ ਲੋਕ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਮੇਰੇ ਵੱਧ ਸਹਾਇਕ ਹੋ ਸਕਦੇ ਨੇ।

ਇਹ ਗੱਲ ਦੱਸ ਡਾ. ਪ੍ਰੀਤਮ ਸਿੰਘ ਬਿੰਦ ਨੇ ਜ਼ਰਾ ਮੁਸਕਰਾ ਕੇ ਟਿੱਪਣੀ ਕੀਤੀ, "ਜਿਵੇਂ ਦੇਸ਼ ਆਜ਼ਾਦ ਕਰਾਉਣ ਦਾ ਠੇਕਾ ਆਪ ਹੀ ਲਿਆ ਹੁੰਦੈ।"

ਕਲਕੱਤੇ ਬਹੁਤ ਵੱਡਾ ਗੁਰਦੁਆਰਾ ਸੀ। ਗੁਰਦੁਆਰੇ ਦੀ ਸੰਗਤ ਦੇ ਨੌਜਵਾਨਾਂ ਨੇ ਹੀ 'ਪੰਜਾਬੀ ਨੌਜਵਾਨ ਸਭਾ' ਬਣਾਈ ਹੋਈ ਸੀ। ਅਰਸ਼ੀ ਵੀ ਉਨ੍ਹਾਂ ਅਗਾਂਹਵਧੂ ਤੱਤਾਂ ਵਿਚ ਸ਼ਾਮਿਲ ਹੋ ਗਿਆ। ਗੁਰਦੁਆਰੇ ਵਿਚ ਉਹ ਕਵਿਤਾਵਾਂ ਪੜ੍ਹਨ ਲੱਗ ਪਿਆ ਤੇ ਉਥੋਂ ਦੀ ਸੰਗਤ ਵਿਚ ਹਰਮਨਪਿਆਰਾ ਹੋ ਗਿਆ। ਬਾਗ਼ੀ ਤਬੀਅਤ ਸੀ। ਕਵਿਤਾਵਾਂ ਨਾਲ ਜਿਵੇਂ ਅੱਗ ਹੀ ਲਾ ਦਿੱਤੀ।

ਉਥੇ ਲੋਕਲ ਬੱਸਾਂ ਦਾ ਅੱਡਾ ਸੀ। ਕਿਸੇ ਕਵਿਤਾ ਦੇ ਪ੍ਰੇਮੀ ਨੇ ਉਸ ਨੂੰ ਉਥੇ 'ਟਾਈਮ-ਕੀਪਰ' ਦੀ ਨੌਕਰੀ ਦਿਵਾ ਦਿੱਤੀ।

ਨਿਰੰਜਨ ਸਿੰਘ ਤਾਲਿਬ ਉਥੇ 'ਦੇਸ਼ ਦਰਪਣ' ਅਖ਼ਬਾਰ ਕੱਢਦਾ ਸੀ। ਉਸ ਦੇ ਖ਼ੂਨ ਵਿਚ ਵੀ ਦੇਸ਼-ਭਗਤੀ ਘੁਲੀ ਹੋਈ ਸੀ। ਉਹ ਸੁਭਾਸ਼ ਚੰਦਰ ਬੋਸ ਦਾ ਵੀ ਸਾਥੀ ਰਿਹਾ। ਉਸ ਨੇ ਅਰਸ਼ੀ ਦੀ ਪ੍ਰਤਿਭਾ ਦੇਖ ਕੇ ਉਸ ਨੂੰ 'ਦੇਸ਼ ਦਰਪਣ' ਦਾ ਸਬ-ਐਡੀਟਰ ਲਾ ਲਿਆ।

ਅਰਸ਼ੀ ਗੁਰਦੁਆਰੇ ਦੀ ਸੰਗਤ ਵਿਚ ਕਵਿਤਾਵਾਂ ਤੇ ਭਾਸ਼ਣਾਂ ਰਾਹੀਂ ਅਤੇ ਆਮ ਲੋਕਾਂ ਵਿਚ 'ਬਾਗ਼ੀ ਕਾਲਮਨਵੀਸ' ਦੇ ਤੌਰ 'ਤੇ ਬੇਹੱਦ ਮਕਬੂਲ ਹੋ ਗਿਆ।

ਡਾ. ਪ੍ਰੀਤਮ ਸਿੰਘ ਨੇ ਦੱਸਿਆ, "ਉਸ ਦਾ ਨਾਮ ਕਵੀ, ਭਾਸ਼ਣਕਾਰ ਅਤੇ ਪੱਤਰਕਾਰ ਦੇ ਤੌਰ 'ਤੇ ਸੈਂਟਰ ਸਰਕਾਰ ਦਿੱਲੀ ਕੋਲ ਪਹੁੰਚ ਗਿਆ। ਉਸ ਬਾਰੇ ਜਾਣਕਾਰੀ ਇਕੱਠੀ ਕਰਕੇ ਰਿਪੋਰਟ ਬਣਾਈ ਗਈ ਕਿ ਇਕ ਜਰਨੈਲ ਸਿੰਘ ਅਰਸ਼ੀ ਨਾਂ ਦਾ ਮੁੰਡਾ ਪੰਜਾਬ ਤੋਂ ਆਇਆ ਹੈ। ਉਸ ਨੇ ਪੰਜਾਬੀਆਂ ਵਿਚ ਤਾਂ ਬਗਾਵਤ ਦੀ ਅੱਗ ਮਘਾ ਹੀ ਦਿੱਤੀ ਹੈ, ਬੰਗਾਲ ਦੇ ਲੋਕ ਵੀ ਉਸ ਤੋਂ ਪ੍ਰਭਾਵਿਤ ਹੋ ਰਹੇ ਹਨ। ਬੰਗਾਲ ਗੌਰਮਿੰਟ ਨੇ ਨਹੀਂ, ਸੈਂਟਰ ਗੌਰਮਿੰਟ ਨੇ ਆਰਡਰ ਜਾਰੀ ਕਰ ਦਿੱਤੇ ਕਿ ਜਰਨੈਲ ਸਿੰਘ ਨੂੰ ਅਠਤਾਲੀ ਘੰਟੇ ਦੇ ਅੰਦਰ ਅੰਦਰ ਗ੍ਰਿਫ਼ਤਾਰ ਕਰਕੇ, ਬੰਗਾਲ ਵਿਚੋਂ ਕੱਢ ਕੇ, ਦੋ ਸਾਲ ਵਾਸਤੇ ਉਸ ਦੇ ਪਿੰਡ ਵਿਚ 'ਜੂਹ ਬੰਦ' ਕਰ ਦਿਓ।"

'ਪੰਜਾਬ ਨੌਜਵਾਨ ਸਭਾ' ਅਤੇ 'ਅਕਾਲੀ ਦਲ ਬੰਗਾਲ' ਵਲੋਂ 1942 ਵਿਚ ਉਸ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਪਾਰਟੀ ਮੌਕੇ ਉਸ ਨੇ 'ਜਲਾਵਤਨ ਦੇ ਜਜ਼ਬਾਤ' ਨਜ਼ਮ ਪੜ੍ਹ ਕੇ ਸਭ ਨੂੰ ਭਾਵੁਕ ਕਰ ਦਿੱਤਾ। ਕੁਝ ਬੋਲ ਸਨ,

ਦੁਨੀਆਂ ਹੋਰ ਪਾਸੇ ਜੀਵਨ ਭਾਲਦੀ ਏ,

(ਬਾਕੀ ਅਗਲੇ ਸਫੇ 'ਤੇ)

ਹੋਇਆ ਮੌਤ ਦੇ ਵਿਚੋਂ ਵਿਕਾਸ ਸਾਡਾ।
ਪੰਨੇ ਪੰਨੇ 'ਤੇ ਖ਼ੂਨ ਦੇ ਚਿੰਨ੍ਹ ਲੱਗੇ,
ਜ਼ਰਾ ਫੋਲ ਕੇ ਦੇਖ ਇਤਿਹਾਸ ਸਾਡਾ।

ਸਾਡੇ ਨਾਲ ਭਲਿਆ ਕਾਹਨੂੰ ਕਰੇਂ ਸੌਦਾ,
ਘਾਟਾ ਖਾਏਂਗਾ ਏਸ ਵਪਾਰ ਵਿਚੋਂ।
ਉਹਨੂੰ ਤੇਗ਼ ਦੀ ਧਾਰ ਕੀ ਆਖਦੀ ਏ
ਜੀਹਦਾ ਜਨਮ ਹੀ ਤੇਗ਼ ਦੀ ਧਾਰ ਵਿਚੋਂ।

ਅਸੀਂ ਉਹੀ ਹਾਂ 'ਮੰਨੂੰ' ਤੋਂ ਅੱਜ ਤੀਕਰ
ਜ਼ੁਲਮ ਜ਼ੋਰ ਅੱਗੇ ਜਿਹੜੇ ਅੜੇ ਹੋਏ ਹਾਂ।
ਦੁਨੀਆਂ ਆਖਦੀ ਏ ਕਤਲਗਾਹ ਜਿਸ ਨੂੰ,
ਅਸੀਂ ਓਸ ਸਕੂਲ ਵਿਚ ਪੜ੍ਹੇ ਹੋਏ ਹਾਂ।

ਬੰਦ ਦਿਲ ਦੀਆਂ ਹਸਰਤਾਂ ਬੰਦ ਲੈ ਕੇ,
ਕਈ ਵਾਰ ਅੱਧ-ਖਿੜੇ ਹੀ ਝੜੇ ਹੋਏ ਹਾਂ।

ਖਾਦ ਹੱਡੀਆਂ ਦੀ ਪਾ ਕੇ ਲਹੂ ਪਾਣੀ,
ਬੂਟਾ ਪਿਆਰੀ ਆਜ਼ਾਦੀ ਦਾ ਲਾਉਣ ਵਾਲੇ।
ਅਸੀਂ ਉਹ ਫੁੱਲ ਹਾਂ ਭੱਠੀਆਂ ਵਿਚ ਪੈ ਕੇ,
ਸਾਰੇ ਜੱਗ 'ਤੇ ਮਹਿਕ ਖਿੰਡਾਉਣ ਵਾਲੇ।
ਹੇਠਾਂ ਗਰਜ ਕੇ ਧਰਤ ਕੰਬਾ ਦੇਈਏ,
ਉਤੇ ਬਿਜਲੀਆਂ ਤਾਈਂ ਤੜਫਾਉਣ ਵਾਲੇ।

ਇਹ ਮਚਲਦੀ ਰੀਝ ਨਹੀਂ ਬੰਦ ਹੋਣੀ,
ਭਾਵੇਂ ਦਿਲਾਂ ਦੀਆਂ ਧੜਕਣਾਂ ਬੰਦ ਹੋਵਣ।
'ਭਾਰਤ ਦੇਸ਼ ਸਾਡਾ' 'ਅਰਸ਼ੀ' ਕਹਾਂਗੇ ਇਹ,
ਭਾਵੇਂ ਫਾਂਸੀਆਂ ਦੇ ਗਲੀਂ ਤੰਦ ਹੋਵਣ।

ਬੰਗਾਲ ਤੋਂ ਪੁਲਿਸ ਦੀ ਜਕੜ ਵਿਚ ਅਰਸ਼ੀ ਪਿੰਡ ਰਛੀਨ ਆ ਗਿਆ। ਉਹ ਪਿੰਡ ਦੀ ਜੂਹ ਤੋਂ ਬਾਹਰ ਪੈਰ ਨਹੀਂ ਸੀ ਪਾ ਸਕਦਾ। ਹਰ ਐਤਵਾਰ ਉਸ ਨੂੰ ਡੇਹਲੋਂ ਥਾਣੇ ਜਾ ਕੇ ਹਾਜ਼ਰੀ ਲਵਾਉਣੀ ਪੈਂਦੀ ਸੀ। ਅੰਗਰੇਜ਼ਾਂ ਦੇ ਟਾਊਟਾਂ ਦੀ ਡਿਊਟੀ ਸੀ ਕਿ ਉਹ ਅਰਸ਼ੀ 'ਤੇ ਨਿਗਾਹ ਰੱਖਣ। ਜ਼ੈਲਦਾਰਾਂ ਦੇ ਨਿਆਣੇ ਉਸ ਦੀ ਸੂਹ ਰੱਖਦੇ ਕਿ ਕਦੋਂ ਉਹ ਜੂਹ ਤੋਂ ਬਾਹਰ ਜਾਵੇ ਤੇ ਉਹ ਡੇਹਲੋਂ ਥਾਣੇ ਜਾ ਕੇ ਰਿਪੋਰਟ ਕਰਨ। ਉਹ ਪਿੰਡ ਦੀ ਜੂਹ 'ਤੇ ਚਲਾ ਜਾਂਦਾ ਆਪਣੇ ਦੋਸਤਾਂ ਨਾਲ। ਇਕ ਪੈਰ ਉਹ ਰਛੀਨ ਦੀ ਜੂਹ ਵਿਚ ਰੱਖਦਾ ਦੂਸਰਾ ਪਿੰਡ ਬੜੂੰਦੀ ਦੀ ਜੂਹ ਵਿਚ। ਬੈਠਾ ਦੋਸਤਾਂ ਨਾਲ ਗੱਲਾਂ ਕਰਦਾ ਰਹਿੰਦਾ। ਜ਼ੈਲਦਾਰਾਂ ਦੇ ਨਿਆਣੇ ਉਸ ਦੇ ਮਗਰ ਮਗਰ ਫਿਰਦੇ, ਪਰ ਪੱਲੇ ਕੁਝ ਨਾ ਪੈਂਦਾ।

ਉਨ੍ਹਾਂ ਦੇ ਪਿੰਡ ਵਿਚ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦਾ ਗੁਰਪੁਰਬ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਸੀ। ਪਿੰਡ ਵਿਚ ਨਗਰ-ਕੀਰਤਨ ਨਿਕਲਦਾ। ਉਸ ਤੋਂ ਬਾਅਦ ਦੀਵਾਨ ਸਜਦੇ। ਬਾਹਰਲੇ ਪਿੰਡਾਂ ਦੇ ਲੋਕ ਵੀ ਹੁੰਮ-ਹੁਮਾ ਕੇ ਪਹੁੰਚਦੇ।

ਅਰਸ਼ੀ ਇਨ੍ਹਾਂ ਮੌਕਿਆਂ ਨੂੰ ਅਜਾਈਂ ਨਾ ਜਾਣ ਦਿੰਦਾ। ਉਹ ਕਵਿਤਾਵਾਂ ਗੁਰੂ ਗੋਬਿੰਦ ਸਿੰਘ ਬਾਰੇ ਪੜ੍ਹਦਾ। ਹਿੰਦੋਸਤਾਨ ਨੂੰ ਮੁਗ਼ਲਾਂ ਤੋਂ ਆਜ਼ਾਦ ਕਰਾਉਣ ਲਈ ਕੀਤੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਾ, ਪਰ ਇਸ ਦੇ ਅਰਥ ਹਿੰਦੋਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਦੇ ਨਿਕਲਦੇ। ਉਹ 'ਜੂਹ-ਬੰਦ' ਹੋਇਆ ਵੀ ਆਪਣੇ ਹਿੱਸੇ ਦਾ ਦੀਵਾ ਜਗਾ ਕੇ ਗ਼ੁਲਾਮੀ ਦੇ ਹਨ੍ਹੇਰ ਖ਼ਿਲਾਫ਼ ਜੰਗ ਕਰਦਾ ਤੁਰਿਆ ਜਾਂਦਾ।

'ਭਾਰਤ ਛੋੜੋ ਅੰਦੋਲਨ' ਸ਼ੁਰੂ ਹੋ ਗਿਆ। ਅਰਸ਼ੀ ਉਪਰ ਪਾਬੰਦੀ ਸੀ। ਇਨਕਲਾਬੀ ਸੋਚ ਵਾਲੇ ਮੁੰਡੇ ਅਰਸ਼ੀ ਨੂੰ ਤਾਹਨੇ ਮਾਰਦੇ, "ਤੂੰ ਕਾਹਦਾ ਇਨਕਲਾਬੀ ਐਂ ਬਈ। ਤੈਨੂੰ ਗੌਰਮਿੰਟ ਨੇ ਕਹਿ ਦਿੱਤਾ ਕਿ ਤੈਨੂੰ ਜੂਹ ਅੰਦਰ ਰਹਿਣਾ ਪੈਣਾ ਤੇ ਤੂੰ ਆਰਾਮ ਨਾਲ ਮੰਨ ਗਿਆ। ਇਹ ਕਾਹਦਾ ਬਾਗ਼ੀਪੁਣਾ? ਸਾਰਾ ਮੁਲਕ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਲਈ ਇਕੱਠਾ ਹੋ ਰਿਹੈ ਤੇ ਤੂੰ ਪਿੰਡ ਬੈਠਾਂ ਚੁੱਪ ਕਰਕੇ।"

ਦੋ ਸਾਲ ਅਜੇ ਪੂਰੇ ਨਹੀਂ ਸਨ ਹੋਏ। ਅਰਸ਼ੀ ਨੇ 'ਜੂਹ ਬੰਦੀ' ਪਟੜੀ ਤੋੜ ਦਿੱਤੀ। ਉਹ ਪਿੰਡ ਪਿੰਡ ਜਾ ਕੇ ਅੰਗਰੇਜ਼ਾਂ ਦੇ ਖ਼ਿਲਾਫ਼ ਲੈਕਚਰ ਕਰਨ ਲੱਗ ਪਿਆ। ਉਹ ਪਿੰਡ ਵਿਚ ਵੜਦਾ। ਜਾ ਕੇ ਘੰਟੀ ਖੜਕਾਉਂਦਾ। ਲੋਕਾਂ ਨੂੰ ਇਕੱਠੇ ਕਰਦਾ ਤੇ ਵਿਚਾਰਾਂ ਦੀ ਤੀਲੀ ਲਾ ਕੇ ਤੁਰਦਾ ਬਣਦਾ।

ਪੁਲਿਸ ਤੱਕ ਖ਼ਬਰ ਪਹੁੰਚ ਗਈ।

ਅਰਸ਼ੀ ਨੂੰ ਬਹੁਤ ਭੁੱਖ ਲੱਗੀ ਹੋਈ ਸੀ। ਦੋ ਦਿਨਾਂ ਤੋਂ ਉਸ ਨੇ ਰੋਟੀ ਨਹੀਂ ਸੀ ਖਾਧੀ। ਉਹ ਇਕ ਪਿੰਡ ਦੇ ਗੁਰਦੁਆਰੇ ਵਿਚ ਚਲਾ ਗਿਆ। ਡਾ. ਪ੍ਰੀਤਮ ਸਿੰਘ ਥਿੰਦ ਅਰਸ਼ੀ ਦੀ ਸਾਂਗ ਲਾ ਕੇ ਦਸਦੇ ਹਨ, "ਉਹ ਜਾ ਕੇ ਭਾਈ ਨੂੰ ਕਹਿੰਦਾ-ਭਾਈ ਜੇ ਰੋਟੀ ਹੈਗੀ ਆ ਤਾਂ ਦੇ ਦੇ। ਨਹੀਂ ਤਾਂ ਕਿਤਿਉਂ ਮੰਗ ਕੇ ਲਿਆ ਦੇ। ਮੈਂ ਦੋ ਦਿਨਾਂ ਦਾ ਭੁੱਖਾਂ।" ਭਾਈ ਗਵਾਂਢ ਦੇ ਲੰਬੜਾਂ ਦੇ ਘਰ ਗਿਆ। ਅਰਸ਼ੀ ਉਪਰ ਚੁਬਾਰੇ ਵਿਚ ਬੈਠਾ ਸੀ।

ਡਾ. ਪ੍ਰੀਤਮ ਸਿੰਘ ਥਿੰਦ ਨੇ ਦੱਸਿਆ, "ਅਰਸ਼ੀ ਇਹ ਗੱਲ ਕਈ ਵਾਰ ਦੱਸਦਾ ਹੁੰਦਾ ਸੀ ਬਈ ਮੈਂ ਅਜੇ ਬੁਰਕੀ ਤੋੜੀ ਹੀ ਸੀ, ਮੂੰਹ ਵਿਚ ਨਹੀਂ ਸੀ ਪਾਈ, ਪੁਲਿਸ ਨੇ ਰਫ਼ਲਾਂ ਤਾਣ ਲਈਆਂ। ਮੈਂ ਕਿਹਾ, ਬਹਿ ਜਾਓ ਹੁਣ। ਮੈਂ ਕਿਹੜਾ ਭੱਜ ਚੱਲਾਂ। ਰੋਟੀ ਤਾਂ ਖਾ ਲੈਣ ਦਿਉ। ਮੈਂ ਰੱਜ ਕੇ ਰੋਟੀ ਖਾਧੀ ਤੇ ਪੁਲਿਸ ਨਾਲ ਤੁਰ ਪਿਆ।"

ਪਟੜੀ ਤੋੜਨ ਤੇ ਅੰਗਰੇਜ਼ਾਂ ਖ਼ਿਲਾਫ਼ ਲੋਕਾਂ ਨੂੰ ਲਾਮਬੰਦ ਕਰਨ ਤੇ ਭੜਕਾਉਣ ਦੇ ਜੁਰਮ ਵਿਚ ਉਸ ਨੂੰ ਡੇਢ ਸਾਲ ਦੀ ਕੈਦ ਹੋ ਗਈ। ਉਸ ਨੂੰ ਮੁਲਤਾਨ ਜੇਲ੍ਹ ਵਿਚ ਭੇਜ ਦਿੱਤਾ ਗਿਆ।

ਜਰਨੈਲ ਸਿੰਘ ਅਰਸ਼ੀ ਦੀ ਮਾਤਾ ਦਾ ਦਿਹਾਂਤ ਹੋ ਗਿਆ। ਪੁਲਿਸ ਘਰ ਛਾਪੇ ਮਾਰਦੀ ਸੀ। ਇਹਦੀਆਂ ਹਰਕਤਾਂ ਦੇਖ ਕੇ ਅਤੇ ਘਰ ਨੂੰ ਲੀਹ 'ਤੇ ਤੋਰਨ ਲਈ ਔਰਤ ਦਾ ਘਰ ਹੋਣਾ ਜ਼ਰੂਰੀ ਸੀ। ਇਸ ਕਰਕੇ ਛੋਟੀ ਉਮਰ ਵਿਚ ਹੀ ਉਸ ਦਾ ਵਿਆਹ ਕਰ ਦਿੱਤਾ ਗਿਆ। ਉਨ੍ਹਾਂ ਸਮਿਆਂ ਵਿਚ ਮੁਕਲਾਵਾ ਤਿੰਨ ਕੁ ਸਾਲ ਬਾਦ ਆਉਂਦਾ ਸੀ। ਜਦੋਂ ਉਹ ਮੁਕਲਾਵਾ ਲੈਣ ਗਿਆ, ਉਹ ਪੂਰੀ ਤਰ੍ਹਾਂ ਬਦਲਿਆ ਹੋਇਆ ਸੀ। ਖੱਦਰ ਦੀ ਵਰਦੀ। ਲੀਡਰਾਂ ਵਰਗੀ ਅਚਕਨ ਪਾਈ ਹੋਈ। ਕੋਲ ਖੂੰਡੀ ਵੀ। ਪੱਚੀ ਬੰਦੇ ਨਾਲ। ਆਪਣੇ ਸਹੁਰੇ ਪਿੰਡ ਰਾਜਗੜ੍ਹ ਵਿਚ ਜਲਸਾ ਕਰਕੇ ਉਸ ਨੇ ਲੀਡਰਾਂ ਵਾਂਗ ਸਪੀਚ ਕੀਤੀ।

ਉਸ ਦੀ ਪਤਨੀ ਮਹਿੰਦਰ ਕੌਰ ਉਸ ਨਾਲੋਂ ਕੋਈ ਪੰਜ ਕੁ ਸਾਲ ਵੱਡੀ ਸੀ। ਬਾਕੀ ਪਰਿਵਾਰ ਨੂੰ ਮਹਿੰਦਰ ਕੌਰ ਨੇ ਆਪਣੇ ਬੱਚਿਆਂ ਵਾਂਗ ਹੀ ਪਾਲਿਆ। ਡਾ. ਥਿੰਦ ਅਨੁਸਾਰ, "ਭਾਬੀ ਜੀ, ਅਨਪੜ੍ਹ ਸਨ, ਪਰ ਬਹੁਤ ਜ਼ਹੀਨ, ਦੁਨੀਆਦਾਰੀ ਦੀ ਸਮਝ ਰੱਖਣ ਵਾਲੇ ਤੇ ਸਿਆਣੇ ਸਨ।"

ਉਸ ਦੇ ਘਰ ਦੋ ਲੜਕਿਆਂ ਨੇ ਜਨਮ ਲਿਆ। ਨਵਤੇਜ ਸਿੰਘ ਅਤੇ ਇਕਬਾਲ ਸਿੰਘ। (ਨਵਤੇਜ ਸਿੰਘ ਅੱਜ ਕੱਲ੍ਹ ਖੇਤੀਬਾੜੀ ਕਰਦਾ ਹੈ ਅਤੇ ਇਕਬਾਲ ਸਿੰਘ ਦੀ ਜਰਮਨੀ ਵਿਚ ਮੌਤ ਹੋ ਗਈ ਸੀ।) ਘਰ ਦਾ ਗੁਜ਼ਾਰਾ ਚੰਗਾ ਸੀ। ਉਸ ਦੇ ਪਿਤਾ ਜੀ ਆਖਦੇ, "ਤੂੰ ਹੁਣ ਵਿਆਹਿਆ ਗਿਐਂ। ਬੱਚੇ ਵੀ ਹੋ ਗਏ ਆ। ਕੋਈ ਘਰ ਦਾ ਕੰਮ ਕਰਿਆ ਕਰ।"

ਉਸ ਨਾਲ ਸਹੁਰੇ ਵੀ ਨਾਰਾਜ਼ ਸਨ। ਕਦੇ ਉਨ੍ਹਾਂ ਨੂੰ ਮਿਲਣ ਨਹੀਂ ਸੀ ਜਾਂਦਾ। ਉਸ ਦੀ ਪਤਨੀ ਮਹਿੰਦਰ ਕੌਰ ਨਿਆਣਿਆਂ ਦੀ ਦੇਖ-ਭਾਲ ਦੀ ਗੱਲ ਕਰਦੀ। ਇਕ ਦਿਨ ਉਸ ਨੇ ਆਪਣੀ ਪਤਨੀ ਨੂੰ ਕਿਹਾ, "ਠੀਕ ਐ, ਸਵੇਰੇ ਚੱਲ ਮੇਰੇ ਨਾਲ। ਜਿਥੋਂ ਮੈਂ ਰੋਟੀ ਖਾਊਂ, ਉਥੋਂ ਤੂੰ ਵੀ ਦੋ ਰੋਟੀਆਂ ਖਾ ਲਿਆ ਕਰੀਂ। ਮੈਂ ਤੇਰੀ ਜ਼ਿੰਮੇਵਾਰੀ ਚੁੱਕਦਾਂ। ਤੂੰ ਮੇਰੇ ਕੰਮ ਵਿਚ ਹੱਥ ਵਟਾ...।"

ਪੂਰੇ ਦੇਸ਼ ਵਿਚ ਉਠੀ ਆਜ਼ਾਦੀ ਦੀ ਲਹਿਰ ਰੰਗ ਲਿਆਈ ਤੇ ਦੇਸ਼ ਆਜ਼ਾਦ ਹੋ ਗਿਆ।

ਜਰਨੈਲ ਸਿੰਘ ਅਰਸ਼ੀ 1948 ਵਿਚ ਲੁਧਿਆਣੇ ਆ ਗਿਆ।

ਹੈਡਮਾਸਟਰ ਅਜਮੇਰ ਸਿੰਘ ਬੀ ਏ ਬੀ ਟੀ ਅਰਸ਼ੀ ਦਾ ਦੋਸਤ ਸੀ। ਦੋਹਾਂ ਨੇ ਰਲ਼ ਕੇ 'ਟੈਗੋਰ ਆਰਟਸ ਕਾਲਜ' ਖੋਲ੍ਹਿਆ। ਜਿਸ ਤਰ੍ਹਾਂ ਉਨ੍ਹਾਂ ਨੇ ਸੋਚਿਆ ਸੀ ਕਾਲਜ ਉਸ ਤਰ੍ਹਾਂ ਨਾ ਚੱਲਿਆ। ਅਰਸ਼ੀ ਨੇ ਵਕਤ ਬਰਬਾਦ ਕੀਤੇ ਬਗ਼ੈਰ ਕਾਲਜ ਵਿਚ ਦਫ਼ਤਰ ਬਣਾ ਕੇ ਹਫ਼ਤਾਵਾਰੀ ਅਖ਼ਬਾਰ 'ਲਲਕਾਰ' ਸ਼ੁਰੂ ਕਰ ਦਿੱਤਾ।

ਚੌੜਾ ਬਾਜ਼ਾਰ ਲੁਧਿਆਣਾ ਵਿਚ ਸੂਬਾ ਸਿੰਘ ਦੀ 'ਪੰਜਾਬੀ ਪਤਰਕਾ' ਸੀ। ਆਪਣੀਆਂ ਕਵਿਤਾਵਾਂ ਅਤੇ ਸਰਗਰਮੀਆਂ ਕਰਕੇ ਅਰਸ਼ੀ ਸਾਰੇ ਇਲਾਕੇ ਵਿਚ, ਸਾਹਿਤਕਾਰਾਂ ਵਿਚ, ਪ੍ਰੀਤਲੜੀ ਵਿਚ ਮਸ਼ਹੂਰ ਹੋ ਚੁੱਕਾ ਸੀ।

'ਲਲਕਾਰ' ਦਾ ਪਹਿਲਾ ਅੰਕ ਕੱਢਿਆ। ਪਹਿਲੇ ਸਫ਼ੇ 'ਤੇ ਲਿਖਿਆ,

ਲੂੰ ਲੂੰ ਦੇ ਵਿਚ ਮੈਂ
ਲਲਕਾਰ ਪੈਦਾ ਕਰਾਂਗਾ।
ਕਲਮ ਦੀ ਮੈਂ ਜੀਭ 'ਚੋਂ
ਤਲਵਾਰ ਪੈਦਾ ਕਰਾਂਗਾ।
ਜਿਨ੍ਹਾਂ ਸੇਜ਼ਾਂ ਦੇ ਲਈ
ਮਾਸੂਮ ਕਲੀਆਂ ਟੁੱਟਦੀਆਂ
ਉਨ੍ਹਾਂ ਸੇਜ਼ਾਂ ਹੇਠ ਮੈਂ
ਅੰਗਿਆਰ ਪੈਦਾ ਕਰਾਂਗਾ।

ਅਖ਼ਬਾਰ ਛਾਪ ਕੇ ਉਹ ਆਪ ਹਾਕਰਾਂ ਵਿਚ ਖੜ੍ਹਾ ਹੋ ਗਿਆ। ਜਿਹੜਾ ਬੰਦਾ ਅਖ਼ਬਾਰ ਖਰੀਦਦਾ, ਉਸ ਦਾ ਸਿਰਨਾਵਾਂ ਲਿਖ ਲੈਂਦਾ। ਅਗਲਾ ਅਖ਼ਬਾਰ ਬੰਦੇ ਦੇ ਘਰ ਪਹੁੰਚਣ ਲੱਗ ਜਾਂਦਾ।

ਅਰਸ਼ੀ ਦਾ ਬਹੁਤ ਗੂੜ੍ਹਾ ਦੋਸਤ ਸੀ ਚੈਂਚਲ ਸਿੰਘ। ਉਹ ਵੀ ਦੇਸ਼ ਭਗਤ ਸੀ ਅਤੇ ਉਸ ਨਾਲ ਦੋਸਤੀ ਜੇਲ੍ਹ ਵਿਚ ਪਈ ਸੀ। ਉਸ ਨਾਲ ਸਾਂਝਾ ਪ੍ਰੈਸ 'ਸਿਵਲ ਐਂਡ ਮਿਲਟਰੀ ਪ੍ਰੈਸ' ਲਾ ਲਿਆ। ਉਨ੍ਹਾਂ ਜ਼ਮਾਨਿਆਂ ਵਿਚ 62 ਹਜ਼ਾਰ ਰੁਪਏ ਦਾ ਪ੍ਰੈਸ ਲੱਗਾ ਸੀ। ਇਸੇ ਪ੍ਰੈਸ ਤੋਂ 'ਲਲਕਾਰ' ਛਪਣਾ ਸ਼ੁਰੂ ਹੋ ਗਿਆ। 'ਲਲਕਾਰ' ਅਖ਼ਬਾਰ ਕਲਕੱਤੇ ਬਹੁਤ ਹਰਮਨ ਪਿਆਰਾ ਹੋ ਰਿਹਾ ਸੀ। ਉਹ ਆਪ ਵੀ ਕਲਕੱਤੇ ਆਉਂਦਾ ਜਾਂਦਾ ਰਹਿੰਦਾ ਸੀ।

ਡਾ. ਥਿੰਦ ਨੇ ਦੱਸਿਆ, "ਜਦੋਂ ਲਲਕਾਰ ਛਪ ਰਿਹਾ ਸੀ ਉਹ ਸਾਰੀਆਂ ਪਾਰਟੀਆਂ ਦੀਆਂ ਧੱਜੀਆਂ ਉਡਾ ਰਿਹਾ ਸੀ। ਪਰ ਬਕਵਾਸ ਨਹੀਂ ਸੀ ਲਿਖਦਾ, ਪੱਤਰਕਾਰੀ ਦੇ ਦਾਇਰੇ ਅੰਦਰ ਰਹਿ ਕੇ ਲਿਖਦਾ ਸੀ। ਸਰਕਾਰ ਨੇ ਸੋਚਿਆ, ਇਹਦਾ ਪ੍ਰੈਸ ਜ਼ਬਤ ਕਰ ਲੈਨੇ ਆਂ। ਫਿਰ ਇਹ ਅਖ਼ਬਾਰ ਨਹੀਂ ਕੱਢ ਸਕੇਗਾ। ਹਰ ਮਹਿਕਮੇ ਵਿਚ ਉਸ ਦੇ ਦੋਸਤ ਸਨ। ਉਨ੍ਹਾਂ ਨੇ ਆ ਖ਼ਬਰ ਦਿੱਤੀ ਕਿ ਤੇਰਾ ਪ੍ਰੈਸ ਜ਼ਬਤ ਹੋਣ ਦੀ ਸਕੀਮ ਬਣ ਰਹੀ ਐ। ਇਹਨੇ ਸੋਚਿਆ ਬਈ ਚੈਂਚਲ ਸਿੰਘ ਨੇ ਪੈਸੇ ਲਾਏ ਐ, ਉਹ ਖ਼ਰਾਬ ਹੋਣਗੇ। ਪ੍ਰੈਸ ਵੇਚ ਦਿੱਤਾ। ਚੈਂਚਲ ਸਿੰਘ ਨੇ ਯੂ ਪੀ ਵਿਚ ਜਾ ਕੇ ਜ਼ਮੀਨ ਦੇ ਮੁਰੱਬੇ ਲੈ ਲਏ। ਅਰਸ਼ੀ ਦੇ ਮਰਨ ਤੋਂ ਬਾਅਦ ਉਹ ਉਥੋਂ ਐਮ ਐਲ ਏ ਵੀ ਬਣਿਆ ਸੀ।"

ਪ੍ਰੈਸ ਜ਼ਬਤ ਹੋਣੋ ਬਚ ਗਿਆ। 'ਲਲਕਾਰ' ਵਿਚ ਇਕ ਲੇਖ ਛਪਿਆ 'ਧੰਨ ਸਿੱਖੀ'। ਡਾ. ਥਿੰਦ ਬੜੇ ਅਫਸੋਸ ਨਾਲ ਸਿਰ ਮਾਰ ਕੇ ਬੋਲੇ, "ਉਹ ਤਾਂ ਅਖ਼ਬਾਰ ਬੰਦ ਕਰਨ ਦਾ ਬਹਾਨਾ ਲਭਦੇ ਸਨ। ਗਿਆਨੀ ਕਰਤਾਰ ਸਿੰਘ ਹੋਰਾਂ ਨੇ ਰੌਲਾ ਪੁਆ ਦਿੱਤਾ ਕਿ ਇਸ ਲੇਖ ਨਾਲ ਲੋਕਾਂ ਦੇ ਜਜ਼ਬੇ ਵਲੂੰਧਰੇ ਗਏ ਨੇ। ਤਿੰਨ ਮਹੀਨਿਆਂ ਵਾਸਤੇ ਅਖ਼ਬਾਰ ਬੰਦ ਕਰਨ ਦੇ ਆਰਡਰ ਆ ਗਏ।"

ਉਨ੍ਹਾਂ ਦਿਨਾਂ ਵਿਚ ਡਾ. ਥਿੰਦ ਵੀ ਅਰਸ਼ੀ ਕੋਲ ਲੁਧਿਆਣੇ ਰਹਿੰਦੇ ਸਨ। ਡਾ. ਥਿੰਦ ਹੋਰੀਂ ਮਾਲਵਾ ਖਾਲਸਾ ਹਾਈ ਸਕੂਲ ਵਿਚ ਨੌਵੀਂ ਵਿਚ ਪੜ੍ਹਦੇ ਸਨ। ਇਹ ਸਾਰਾ ਵਰਤਾਰਾ ਉਨ੍ਹਾਂ ਦੀਆਂ ਅੱਖਾਂ ਅੱਗੇ ਹੀ ਵਾਪਰ ਰਿਹਾ ਸੀ।

ਤਿੰਨ ਮਹੀਨੇ ਬਾਅਦ ਫਿਰ 'ਲਲਕਾਰ' ਆਇਆ। ਨਜ਼ਮ ਲਿਖੀ,

ਉਠੋ ਮਿੱਤਰੋ ਸਵਾਗਤ ਲਈ ਖੜ੍ਹੇ ਹੋਵੋ
ਲੈ ਕੇ ਆ ਗਿਆਂ ਫੇਰ ਲਲਕਾਰ ਓਹੀ।
ਇਹਦੀ ਕਲਮ ਤੇ ਇਦ੍ਹੀ ਜ਼ਬਾਨ ਓਹੀ,
ਏਦ੍ਹੀ ਮਨਸ਼ਾ ਤੇ ਇਦ੍ਹੇ ਵਿਚਾਰ ਓਹੀ।

ਇਸ ਅੰਕ ਵਿਚ ਲਿਖੇ ਐਡੀਟੋਰੀਅਲ ਵਿਚ ਲਿਖਿਆ, "ਜਿਹੜੀ ਗਰਦਨ ਨੂੰ ਅੰਗਰੇਜ਼ ਦਾ ਬਾਪ ਨਾ ਝੁਕਾ ਸਕਿਆ, ਇਹ ਕਾਲੇ ਪੀਲੇ ਕੀ ਝੁਕਾਉਣਗੇ।" ਨਾਲ ਉਸ ਨੇ ਇਹ ਵੀ ਐਲਾਨ ਕਰ ਦਿੱਤਾ ਕਿ ਇਨ੍ਹਾਂ ਤਿੰਨ ਮਹੀਨਿਆਂ ਵਿਚ ਮੈਂ ਏਨੀ ਸਟੱਡੀ ਕਰ ਲਈ ਐ, ਆਉਣ ਵਾਲੇ ਅੰਕਾਂ ਵਿਚ ਨਵੇਂ ਯੁੱਗ ਦੇ ਝਾਉਲੇ ਪੈਣਗੇ।

ਉਸ ਨੇ 'ਲਲਕਾਰ' ਕਾਵਿ-ਸੰਗ੍ਰਿਹ ਛਾਪਿਆ। ਇਸ ਦੀ ਭੂਮਿਕਾ ਪ੍ਰੋ. ਮੋਹਨ ਸਿੰਘ ਨੇ ਲਿਖੀ ਸੀ। ਇਕ ਕਿਤਾਬ 'ਹੱਡਬੀਤੀਆਂ' ਛਪੀ ਮਿਲਦੀ ਹੈ।

ਡਾ. ਥਿੰਦ ਅਨੁਸਾਰ "ਇਕ ਵਾਰ ਮੈਂ ਕਿਸੇ ਨੂੰ ਕਹਿੰਦਾ ਸੁਣਿਆ ਸੀ, ਮੈਂ ਕਿਤਾਬ ਲਿਖਣ ਪਹਾੜਾਂ ਨੂੰ ਜਾਣਾ। ਪਤਾ ਨਹੀਂ ਉਸ ਦਾ ਕੀ ਬਣਿਆ ਹੋਊ। ਅਖ਼ਬਾਰ ਵਿਚ ਆ ਰਹੀ ਕਿਤਾਬ 'ਮਿੱਟੀ ਦੇ ਭਾਂਡੇ' ਦਾ ਇਸ਼ਤਿਹਾਰ ਆਇਆ ਸੀ। ਉਸ ਦਾ ਥਹੁ ਨਹੀਂ ਲੱਗਿਆ। ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ 'ਲਲਕਾਰ' ਅਖ਼ਬਾਰ ਵਿਚ ਛਪੀਆਂ ਨੇ, ਉਨ੍ਹਾਂ ਦਾ ਇਕ ਸੰਗ੍ਰਿਹ ਬਣ ਸਕਦਾ ਹੈ।"

'ਲਲਕਾਰ' ਅਖ਼ਬਾਰ ਵਿਚ ਉਸ ਨੇ ਨਵੇਂ ਨਵੇਂ ਫੀਚਰ ਸ਼ੁਰੂ ਕੀਤੇ। ਇਕ ਸੀ 'ਐਵੇਂ ਇਲਤਾਂ' ਇਸ ਵਿਚ ਬਾਕੀ ਅਖ਼ਬਾਰਾਂ ਦੀਆਂ ਖ਼ਬਰਾਂ ਬਾਰੇ ਤਿੱਖੀਆਂ ਟਿੱਪਣੀਆਂ ਹੁੰਦੀਆਂ। 'ਝੋਕਾਂ ਹਾਣੀਆਂ ਦੀਆਂ' ਵਿਚ ਪਾਠਕਾਂ ਦੇ ਸਵਾਲਾਂ ਦੇ ਜਵਾਬ ਹੁੰਦੇ। 'ਤੂੰਬੇ ਨੂੰ ਬੁੜ੍ਹਕਣ ਦੇ' ਕਾਲਮ ਨੂੰ ਲੋਕ ਚਾਅ ਨਾਲ ਪੜ੍ਹਦੇ। ਹਰ ਵਾਰੀ 'ਤਰਹ ਮਿਸਰਾ' ਦੇ ਕੇ ਨਜ਼ਮਾਂ ਲਿਖਵਾਉਂਦਾ ਸੀ। ਉਸ ਦੇ 'ਤਰਹ ਮਿਸਰੇ' ਬੜੇ ਨਿਰਾਲੇ ਹੁੰਦੇ ਸਨ,

ਕਿਸੇ ਕੰਮ ਨਾ ਆਈ ਇਹ ਮੇਰੀ ਜਵਾਨੀ

---

ਠੋਕਰ ਵੀ ਬੜੀ ਜ਼ਰੂਰੀ ਏ

---

ਇਨ੍ਹਾਂ ਨੈਣਾਂ ਦਾ ਨਹੀਂ ਇਤਬਾਰ ਕੋਈ
ਤੈਨੂੰ ਚੰਨਾ ਹੋ ਗਈ ਗ਼ਲਤ ਫਹਿਮੀ
ਤੈਨੂੰ ਪਾ ਗਿਆ ਭੁਲੇਖੇ ਵਿਚਕਾਰ ਕੋਈ।
ਨਾ ਮੈਂ ਕਿਸੇ ਦੇ ਨੈਣਾਂ ਦੇ ਤੀਰ ਖਾਧੇ,
ਕੀਤਾ ਕਿਸੇ ਨੇ ਨਹੀਂ ਸ਼ਿਕਾਰ ਕੋਈ।
ਪਰ ਫਿਰ ਵੀ ਹਮੀਂ ਨਈਂ ਬੰਨਦਾ ਮੈਂ,
ਇਨ੍ਹਾਂ ਨੈਣਾਂ ਦਾ ਨਹੀਂ ਇਤਬਾਰ ਕੋਈ।

ਅਰਸ਼ੀ ਦੀ ਲਿਖਤ ਵਿਚ ਹਾਸ ਰਸ, ਸ਼ਿੰਗਾਰ ਰਸ, ਬੀਰ ਰਸ ਭਰਪੂਰ ਮਿਲਦਾ ਹੈ।

ਅਰਸ਼ੀ ਦੇ ਸੁਭਾਅ ਅਤੇ ਰਚਨਾਵਾਂ ਵਿਚ ਧਮੋੜੀ ਦੇ ਡੰਗ ਵਰਗੇ ਵਿਅੰਗ ਅਤੇ ਤਿੱਖੇ ਹਾਸ-ਰਸ ਰੰਗ ਕਾਰਨ ਸੁਰਜੀਤ ਰਾਮਪੁਰੀ ਨੇ ਉਸ ਨੂੰ ਵੀਹਵੀਂ ਸਦੀ ਦਾ ਸੁਥਰਾ ਸ਼ਾਹ ਕਿਹਾ। ਉਦਾਹਰਣ ਲਈ ਅਰਸ਼ੀ ਦੇ ਰਾਜਨੀਤਿਕ ਪਾਰਟੀਆਂ ਬਾਰੇ ਪੇਸ਼ ਨਿਵੇਕਲੀਆਂ ਟਿੱਪਣੀਆਂ ਦੇਖੀਆਂ ਜਾ ਸਕਦੀਆਂ ਹਨ। ਕਾਂਗਰਸ ਪਾਰਟੀ ਬਾਰੇ ਉਸ ਨੇ ਲਿਖਿਆ-ਕਾਂਗਰਸ ਉਹ ਫੰਡਰ ਮੈਂਹ ਹੈ, ਜਿਸ ਦੀਆਂ ਪਿਛਲੇ ਸੂਏ ਦੀਆਂ ਬੜੀਆਂ ਲੰਬੀਆਂ ਚੌੜੀਆਂ ਕਹਾਣੀਆਂ ਹਨ, ਪਰ ਹੁਣ ਪੈਰ ਵਢਾਉਣ ਤੋਂ ਬਿਨਾਂ ਕੋਈ ਲਾਭ ਨਹੀਂ।

ਜਰਨੈਲ ਮੋਹਨ ਸਿੰਘ ਵਾਲੀ ਫਾਰਵਰਡ ਬਲਾਕ ਪਾਰਟੀ ਬਾਰੇ ਉਸ ਨੇ ਕਿਹਾ-ਇਹ ਉਹ ਜੰਞ ਹੈ, ਜਿਸ ਦਾ ਲਾੜਾ ਗਵਾਚ ਗਿਆ ਹੈ। ਅੱਗੇ ਕੁਝ ਮਿਲਣ ਦੀ ਆਸ ਨਹੀਂ, ਪਿੱਛੇ ਮੁੜਨ ਵਿਚ ਹੱਤਕ ਸਮਝੀ ਜਾ ਰਹੀ ਹੈ।

ਮਾਸਟਰ ਤਾਰਾ ਸਿੰਘ ਬਾਰੇ ਉਸ ਨੇ ਇਕ ਐਡੀਟੋਰੀਅਲ ਲਿਖਿਆ, ਮਾਸਟਰ ਤਾਰਾ ਸਿੰਘ ਤੇ ਗ਼ਲਤ ਫ਼ਹਿਮੀ। ਸਿਆਣੇ ਬਜ਼ੁਰਗ ਨੇ। ਨੇਕ ਬੰਦੇ ਨੇ। ਇਮਾਨਦਾਰ ਨੇ ਇਹਦੇ ਵਿਚ ਕੋਈ ਸ਼ੱਕ ਨਹੀਂ, ਪਰ ਇਨ੍ਹਾਂ ਨੂੰ ਸਿਆਸਤ ਨਹੀਂ ਆਉਂਦੀ।

ਅਰਸ਼ੀ ਆਪਣੇ ਆਪ 'ਤੇ ਟਕੋਰ ਕਰਨੋਂ ਵੀ ਘੱਟ ਨਹੀਂ ਸੀ ਗੁਜ਼ਾਰਦਾ। ਕਿਸੇ ਨੇ ਉਸ ਨੂੰ ਸਵਾਲ ਪੁੱਛਿਆ, "ਤੁਹਾਡੇ ਨੈਣ ਨਕਸ਼ ਕਿਹੋ ਜਿਹੇ ਹਨ?"

ਅਰਸ਼ੀ ਨੇ ਜਵਾਬ ਦਿੱਤਾ, "ਮੇਰੇ ਨੈਣ-ਨਕਸ਼ ਦੀ ਜਗ੍ਹਾ ਨੈਣ-ਨੱਕ ਈ ਐ। ਜੇ ਵੱਡੀਆਂ ਅੱਖਾਂ ਵਿਚ ਪੀਲਕ ਨਾ ਹੁੰਦੀ ਤਾਂ ਖ਼ੂਬਸੂਰਤ ਕਹੀਆਂ ਜਾ ਸਕਦੀਆਂ ਸਨ। ਮੇਰੇ ਵਾਂਗੂ ਮਹਾਤਮਾ ਗਾਂਧੀ ਦਾ ਨੱਕ ਵੀ ਵੱਡਾ ਹੈ।"

ਅਰਸ਼ੀ ਦਾ ਕਦ 5 ਫੁੱਟ 8 ਇੰਚ ਸੀ। ਸਰੀਰ ਪਤਲਾ, ਗਠੀਲਾ। ਆਪਣੇ ਰੰਗ ਬਾਰੇ ਅਰਸ਼ੀ ਦਾ ਕਹਿਣਾ ਸੀ, "ਮੇਰਾ ਰੰਗ ਸਵੇਰ ਵੇਲੇ ਗੋਰਾ, ਦੁਪਹਿਰ ਵੇਲੇ ਕਣਕ-ਵੰਨਾ ਤੇ ਸ਼ਾਮ ਘੁਸਮੁਸਾ ਹੁੰਦਾ ਹੈ।"

ਅਖ਼ਬਾਰੀ ਰੁਝੇਵਿਆਂ ਅਤੇ ਦੌੜ-ਭੱਜ ਵਿਚ ਉਸ ਨੇ ਆਪਣੀ ਸਿਹਤ ਦਾ ਖ਼ਿਆਲ ਨਹੀਂ ਸੀ ਰੱਖਿਆ। ਉਹ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਕਲੱਕਤੇ ਕਵਿਤਾ ਪੜ੍ਹਨ ਗਿਆ ਸੀ। ਵਾਪਸ ਆਇਆ ਤਾਂ ਬਿਮਾਰ ਹੋ ਗਿਆ। ਉਸ ਨੂੰ ਟਾਈਫਾਈਡ ਹੋ ਗਿਆ। ਜਰਨੈਲ ਮੋਹਣ ਸਿੰਘ ਨੇ ਦੋ ਬੰਦੇ ਅਰਸ਼ੀ ਦੀ ਟਹਿਲ ਸੇਵਾ ਵਾਸਤੇ ਲਾ ਦਿੱਤੇ।

ਗੁਰਚਰਨ ਰਾਮਪੁਰੀ ਨੇ ਬੜੀ ਦਰਦ ਭਰੀ ਸੁਰ ਵਿਚ ਕਿਹਾ, "ਅਰਸ਼ੀ ਦੀ ਅਜੇ ਬਹੁਤ ਲੋੜ ਸੀ। ਪਰ ਉਸ ਨੂੰ ਉਸ ਦੀ ਪ੍ਰਤੀਬੱਧਤਾ, ਸਿੰਸੈਆਰਟੀ ਮਾਰ ਗਈ। ਕਲਕੱਤੇ ਤੋਂ ਆਇਆ ਤਾਂ ਬਿਮਾਰ ਹੋ ਗਿਆ। ਫਿਰ ਕੁਝ ਠੀਕ ਹੋਇਆ ਤਾਂ ਚਿੱਠੀਆਂ ਦੇ ਜਵਾਬ ਦੇਣ ਲੱਗ ਪਿਆ। ਕਮਜ਼ੋਰ ਬਹੁਤ ਸੀ। ਸਿਹਤ ਉਸ ਦੀਆਂ ਸਰਗਰਮੀਆਂ ਨੂੰ ਝੱਲ ਨਾ ਸਕੀ ਤੇ ਉਹ ਤੁਰ ਗਿਆ...।"

**(ਨਿਊ ਯਾਰਕ ਵਿਚ ਰਹਿੰਦੇ ਜਰਨੈਲ ਸਿੰਘ ਅਰਸ਼ੀ ਦੇ ਛੋਟੇ ਭਰਾ ਡਾ. ਪ੍ਰੀਤਮ ਸਿੰਘ ਥਿੰਦ ਨਾਲ ਹੁੰਦੀਆਂ ਰਹੀਆਂ ਮੁਲਾਕਾਤਾਂ ਦੇ ਆਧਾਰ 'ਤੇ)**

***ਪੋਸਟ-ਸਕ੍ਰਿਪਟ***

ਡਾ. ਪ੍ਰੀਤਮ ਸਿੰਘ ਥਿੰਦ ਹੋਰਾਂ ਦੇ ਦੱਸਣ ਮੁਤਾਬਕ ਅਰਸ਼ੀ ਦੇ ਅਖ਼ਬਾਰ 'ਲਲਕਾਰ' ਦੀਆਂ ਕਾਪੀਆਂ ਉਨ੍ਹਾਂ ਦੇ ਪਿੰਡ ਸੰਭਾਲੀਆਂ ਪਈਆਂ ਹਨ, ਜਿਨ੍ਹਾਂ ਵਿਚ ਅਰਸ਼ੀ ਦੀਆਂ ਅਣ-ਮੁੱਲੀਆਂ ਰਚਨਾਵਾਂ ਦਾ ਖ਼ਜ਼ਾਨਾ ਹੈ। ਇਨ੍ਹਾਂ ਰਚਨਾਵਾਂ ਵਿਚ ਉਸ ਦੇ ਫ਼ੀਚਰ, ਕਵਿਤਾਵਾਂ ਅਤੇ ਤਿੱਖੇ ਸਵਾਲ ਹਨ, ਜਿਨ੍ਹਾਂ ਤੋਂ ਅਰਸ਼ੀ ਦੀ ਤੀਖਣ ਬੁੱਧੀ ਦੀ ਕਨਸੋਅ ਮਿਲਦੀ ਹੈ। ਕੋਈ ਖੋਜੀ, ਵਿਦਿਆਰਥੀ ਉਨ੍ਹਾਂ ਰਚਨਾਵਾਂ ਨੂੰ ਪੰਜਾਬੀ ਪਾਠਕਾਂ ਦੇ ਸਨਮੁਖ ਕਰ ਦੇਵੇ ਤਾਂ ਇਹ ਜਰਨੈਲ ਸਿੰਘ ਅਰਸ਼ੀ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਹੋਵੇਗੀ।

*('ਹੁਣ'-ਜਨਵਰੀ-ਅਪ੍ਰੈਲ 2015 ਅੰਕ 29 ਵਿਚੋਂ ਧੰਨਵਾਦ ਸਹਿਤ)*

---

***ਬੇਵਸੀ***

ਮੈਂ ਉਹ ਸ਼ਾਇਰ ਹਾਂ
ਦੁਨੀਆਂ ਅਨ੍ਹੇਰ ਹੋ ਜਾਏ,
ਨਵੇਂ ਚਾੜ੍ਹਨੇ ਚੰਨ ਜੇ ਭੁੱਲ ਜਾਂ ਮੈਂ।
ਹਜ਼ਰਤ ਨੂਹ ਦਾ ਮਾਤ ਤੂਫ਼ਾਨ ਪੈ ਜਾਏ,
ਝੱਖੜ ਬਣ ਕੇ ਕਦੇ ਜੇ ਝੁੱਲ ਜਾਂ ਮੈਂ।
ਸਾੜ ਸੁੱਟਾਂ ਇਹ ਧਰਤੀ ਦਾ ਤੱਲ ਸਾਰਾ,
ਕਿਤੇ ਬਣ ਹੰਝੂ ਜੇਕਰ ਡੁੱਲ੍ਹ ਜਾਂ ਮੈਂ।
ਦੁਨੀਆਂ ਨਾਂ ਮਨਸੂਰ ਦਾ ਭੁੱਲ ਜਾਵੇ,
ਜੇਕਰ ਕਲਮ ਦੀ ਨੋਕ 'ਤੇ ਤੁੱਲ ਜਾਂ ਮੈਂ।
ਪਰ ਕੀ ਕਰਾਂ! ਗ਼ੁਲਾਮਾਂ ਦਾ ਸ਼ਾਇਰ ਹਾਂ ਮੈਂ,
ਗੱਲਾਂ ਦਿਲ ਦੀਆਂ ਨਹੀਂ ਹਾਂ ਕਹਿ ਸਕਦਾ।
ਫਿਰ ਵੀ ਆਦਤ ਤੋਂ ਜ਼ਰਾ ਮਜਬੂਰ ਹਾਂ ਮੈਂ,
ਦੜ ਵੱਟ ਕੇ ਚੁੱਪ ਨਹੀਂ ਰਹਿ ਸਕਦਾ।

---

***ਸੱਯਾਦ ਨੂੰ***

ਐ ਸੱਯਾਦ! ਮੈਂ ਵੀ ਤਾਂ ਹੈ ਜ਼ਮਾਨਾ ਦੇਖਿਆ।
ਪਲਾਂ ਵਿਚ ਸਭ ਹੋ ਰਿਹਾ
ਆਪਣਾ ਬੇਗਾਨਾ ਦੇਖਿਆ।

ਬਿਜਲੀਆਂ ਬੇਤਾਬ ਸਨ,
ਜਿਨ੍ਹਾਂ ਨੂੰ ਜਾਲਣ ਦੇ ਲਈ,
ਉਨ੍ਹਾਂ ਤਿਣਕਿਆਂ ਦਾ ਮੈਂ
ਬਣਾ ਕੇ ਆਸ਼ਿਆਨਾ ਦੇਖਿਆ।

ਸੁਣ ਕੇ ਜਿਸ ਨੂੰ 'ਮੁਸ਼ਕਲਾਂ'
ਮੇਰੇ ਤੇ ਆਸ਼ਕ ਹੋ ਗਈਆਂ,
ਇਹੋ ਜਿਹਾ ਕਈ ਵਾਰ
ਗਾ ਕੇ ਮੈਂ ਤਰਾਨਾ ਦੇਖਿਆ।

ਸੀਖਾਂ ਦੀਆਂ ਮਜ਼ਬੂਤੀਆਂ ਤੋ
ਤੂੰ ਡਰਾਉਨਾਂ ਏ ਪਿਆ,
ਜਿੱਥੇ ਇਹ ਬਣਿਆ ਪਿੰਜਰਾ,
ਮੈਂ ਕਾਰਖ਼ਾਨਾ ਦੇਖਿਆ।

ਤੂੰ ਤਾਂ ਇਸ ਗੁਲੇਲ ਦੇ
ਮੈਨੂੰ ਡਰਾਵੇ ਦੇ ਰਿਹੈਂ,
ਮੈਂ ਤੀਰ ਤੇ ਬੰਦੂਕ ਦਾ
ਹੋ ਕੇ ਨਿਸ਼ਾਨਾ ਦੇਖਿਆ।

ਇਸ ਜ਼ਿੰਦਗੀ ਦੇ ਹੁੰਦਿਆਂ,
ਦਸ ਕਿਸ ਤਰ੍ਹਾਂ ਮੈਂ ਝੁਕ ਸਕਾਂ,
ਕਈਆਂ ਦਾ ਮਰਨੋ ਬਾਦ ਵੀ
ਮੈਂ ਆਕੜ ਜਾਣਾ ਦੇਖਿਆ।

ਮੇਰੀ ਬਰਬਾਦੀ ਮੇਰੇ ਲਈ
ਕੋਈ ਅਨੋਖੀ ਸ਼ੈਅ ਨਹੀਂ,
ਹਰ ਸਾਲ ਹੁੰਦਾ ਆਪ ਮੈਂ
ਗੁਲਸ਼ਨ ਵੀਰਾਨਾ ਦੇਖਿਆ।

ਬੇਹੋਸ਼ੀ ਤੋਂ ਪਿੱਛੋਂ ਕੀ ਹੋਊ?
ਇਹਦੀ ਕੋਈ ਪਰਵਾਹ ਨਹੀਂ,
ਹੋਸ਼ ਦੇ ਹੁੰਦਿਆਂ ਵੀ
ਮੈਂ ਬਣ ਕੇ ਦੀਵਾਨਾ ਦੇਖਿਆ।

ਕੀ ਹੋਇਆ? ਜੇ ਪੀ ਕੇ
ਮੈਂ ਦੋ ਕੁ ਝੂਟੇ ਖਾ ਗਿਆ?
ਏਥੇ ਮੈਂ ਕਈ ਸੋਫ਼ੀਆਂ ਦਾ
ਲੜ-ਖੜਾਨਾ ਦੇਖਿਆ।

ਮਸਤੀ ਮੇਰੀ ਦੀ ਆਪ ਵੀ
ਮੈਨੂੰ ਕੋਈ ਵੀ ਥਾਹ ਨਹੀਂ,
ਜਿਧਰ ਵੀ ਨਜ਼ਰਾਂ ਭੌਂ ਗਈਆਂ
ਓਧਰ ਮੈਖ਼ਾਨਾ ਦੇਖਿਆ।

---

***ਲੰਬੀਆਂ ਨਜ਼ਮਾਂ ਵਿਚੋਂ ਚੋਣਵੇਂ ਬੰਦ***

ਫੁੱਲ ਆਪਣੀ ਹਿੱਕ ਚਿਰਵਾਉਣ ਪਹਿਲਾਂ,
ਪਿੱਛੋਂ ਕਿਸੇ ਦੀ ਹਿੱਕ ਦਾ ਹਾਰ ਬਣਦੈ।
ਸੁਰਮਾ ਆਪਣਾ ਆਪ ਪਿਸਵਾ ਲੈਂਦਾ,
ਫੇਰ ਕਿਸੇ ਦੇ ਨੈਣਾਂ ਦੀ ਧਾਰ ਬਣਦੈ।
ਏਥੇ ਜੜੀ-ਜਗੀਰਾਂ ਦੀ ਪੁੱਛ ਨਾਹੀਂ,
ਸਿਰ ਦੇਣ ਵਾਲਾ ਹੀ 'ਸਿਰਦਾਰ' ਬਣਦੈ।
(ਕਸਵੱਟੀ)

---

ਉਠ! ਇਹ ਸੰਦੇਸ਼ ਤੂੰ,
ਪਹੁੰਚਾ ਦੇ ਸਾਰੇ ਦੇਸ਼ ਵਿਚ,
'ਨੌਜਵਾਨ ਠੁੱਡੇ ਨਹੀਂ ਕਿਸੇ ਦੇ ਸਹਾਰਦੇ।
ਮੌਤ ਦਾ ਨਾ ਦਿਲ ਵਿਚ
ਰੱਖ ਸ਼ੇਰਾ ਡਰ ਕੋਈ,
ਪਲਦੇ ਨੇ ਮਰਦ ਸਦਾ ਹੇਠ ਤਲਵਾਰ ਦੇ।
(ਨੌਜਵਾਨ ਨੂੰ)

---

ਓਹੀ ਹੋਏ ਅੱਗੇ ਜੀਹਨੇ ਦੇਸ਼ ਖ਼ਾਤਿਰ,
ਖ਼ੂਨ ਆਪਣੇ ਜਿਗਰ ਦਾ ਪਾ ਦੇਣੈ।
ਰੌਸ਼ਨ ਕਰਨ ਲਈ ਦੇਸ਼ ਦੇ ਕੋਨਿਆਂ ਨੂੰ,
ਜੀਹਨੇ ਲਾਂਬੂ ਜੁਆਨੀ ਨੂੰ ਲਾ ਦੇਣੈ।
(ਨੇਤਾ ਜੀ ਦੀ ਅਪੀਲ)

---

ਪਤਾ ਨਹੀਂ ਕੀ ਦੱਬ ਕੇ ਭੁੱਲਿਆ ਏ,
ਪਟ ਪਟ ਮਿੱਟੀ ਨੂੰ ਭਰਮ ਗਵਾਈ ਜਾਂਦੈ।
ਲੋਕੀਂ ਬੈਠੇ ਨੇ ਹੇਠ ਫੁਹਾਰਿਆਂ ਦੇ,
ਇਹਨੂੰ ਮੁੜਕਾ ਇਸ਼ਨਾਨ ਕਰਾਈ ਜਾਂਦੈ।
(ਕਿਸਾਨ)

---

ਬੇੜੀ ਕਾਗਤਾਂ ਦੀ ਲਿਆ ਕਲਮ ਚੱਪੂ,
ਸੂਖਮ ਪਿਆਰ ਦੀ ਨਦੀ ਵਹਾ ਦਿਆਂ ਮੈਂ।
ਪੁੱਜਣਾ ਚਾਹੇਂ ਜੇ ਕਵਿਤਾ ਦੇ ਦੇਸ਼ ਅੰਦਰ,

***(ਬਾਕੀ ਸਫਾ 31 ਉਤੇ)***

ਗੋਲਡਾ ਮਾਇਰ ਅਤੇ ਇਕ ਦੇਸ਼ ਦਾ ਜਨਮ-2



# ਨੀਹਾਂ ਵਿਚ ਚਿਣੀ ਚੰਗਿਆੜੀ

***ਸਿੱਖ ਵਿਦਵਾਨ ਪ੍ਰੋ. ਹਰਪਾਲ ਸਿੰਘ ਪੰਨੂ ਵਲੋਂ ਇਜ਼ਰਾਈਲ ਦੀ ਪ੍ਰਧਾਨ ਮੰਤਰੀ ਗੋਲਡਾ ਮਾਇਰ (3 ਮਈ 1898-8 ਦਸੰਬਰ 1978) ਦੇ ਬਹਾਨੇ ਇਜ਼ਰਾਈਲ ਬਾਰੇ ਲੰਮਾ ਲੇਖ 'ਪੰਜਾਬ ਟਾਈਮਜ਼' ਲਈ ਭੇਜਿਆ ਗਿਆ ਹੈ। ਇਸ ਲੇਖ ਵਿਚ ਯਹੂਦੀਆਂ ਦੇ ਧਰਮ, ਇਤਿਹਾਸ, ਕਲਚਰ ਅਤੇ ਸਿਆਸੀ ਸਮੱਸਿਆਵਾਂ ਬਾਰੇ ਖੁਲਾਸਾ ਤਾਂ ਕੀਤਾ ਹੀ ਗਿਆ ਹੈ; ਅੰਧਕਾਰ ਵਿਚੋਂ ਕਿਵੇਂ ਬਚ-ਬਚ ਨਿਕਲਣਾ ਹੈ ਤੇ ਧੀਰਜ ਨਾਲ ਕਸ਼ਟ ਝੱਲਦਿਆਂ ਲੰਮਾ ਸਮਾਂ ਸੰਘਰਸ਼ ਕਿਵੇਂ ਕਰਨਾ ਹੈ, ਇਸ ਬਾਬਤ ਵੀ ਪੂਰਾ ਕਿੱਸਾ ਛੋਹਿਆ ਗਿਆ ਹੈ। ਗੋਲਡਾ ਦਾ ਜਨਮ ਯੂਕਰੇਨ ਦੇ ਸ਼ਹਿਰ ਕੀਵ ਵਿਚ ਹੋਇਆ ਸੀ ਜਿੱਥੋਂ ਦੇ ਅੱਜ ਕੱਲ੍ਹ ਦੇ ਹਾਲਾਤ ਫਲਸਤੀਨ ਅਤੇ ਇਜ਼ਰਾਈਲ ਨਾਲੋਂ ਕੋਈ ਬਹੁਤੇ ਵੱਖਰੇ ਨਹੀਂ। ਪਿਛਲੇ ਅੰਕ ਵਿਚ ਪਾਠਕਾਂ ਨੇ 20ਵੀਂ ਸਦੀ ਦੇ ਅਰੰਭ ਵਿਚ ਯਹੂਦੀਆਂ ਦੇ ਹਾਲ ਦਾ ਖੁਲਾਸਾ ਪੜ੍ਹਿਆ, ਐਤਕੀਂ ਇਜ਼ਰਾਈਲ ਦੀ ਕਾਇਮੀ ਲਈ ਜੂਝਦੇ ਜਿਊੜਿਆਂ ਦਾ ਜ਼ਿਕਰ ਕੀਤਾ ਗਿਆ ਹੈ। -ਸੰਪਾਦਕ***

ਯੋਰੋਸ਼ਲਮ ਵਿਚਲਾ ਸੁਲੇਮਾਨ ਦਾ ਮੰਦਰ ਮੁਸਲਮਾਨਾਂ ਨੇ ਢਾਹ ਦਿੱਤਾ ਸੀ, ਕੇਵਲ ਇਕ ਕੰਧ ਬਚੀ। ਵੱਡੇ ਛੋਟੇ ਯਹੂਦੀ ਮਰਦ, ਔਰਤਾਂ, ਬੱਚੇ ਆਪੋ-ਆਪਣੇ ਦੁਖਾਂ ਤੋਂ ਛੁਟਕਾਰੇ ਦੀਆਂ ਅਰਜ਼ੀਆਂ ਕੰਧ ਦੀਆਂ ਤਰੇੜਾਂ ਵਿਚ ਰੱਖ ਕੇ ਪ੍ਰਾਰਥਨਾ ਕਰਦੇ- ਕਿਸੇ ਦਿਨ ਪੂਰਾ ਮੰਦਰ ਬਣਾ ਦਿਆਂਗੇ। ਕਦੀ-ਕਦਾਈਂ ਇਸ ਕੰਧ ਉਤੇ ਵੀ ਮੁਸਲਮਾਨਾਂ ਦਾ ਕਬਜ਼ਾ ਹੋ ਜਾਂਦਾ, ਤਦ ਯਹੂਦੀਆਂ ਨੂੰ ਉਧਰ ਜਾਣ ਦੀ ਮਨਾਹੀ ਹੁੰਦੀ। 1948 ਤੋਂ 1967 ਤੱਕ ਮੁਸਲਮਾਨਾਂ ਦਾ ਕਬਜ਼ਾ ਰਿਹਾ। ਪਹਿਲੀ ਤੋਂ ਛੇ ਜੂਨ 1967 ਤੱਕ ਯਹੂਦੀਆਂ ਨੇ ਲਹੂ ਵੀਟਵੀਂ ਜੰਗ ਲੜ ਕੇ ਕੰਧ ਆਜ਼ਾਦ ਕਰਾ ਲਈ। ਸੱਤ ਜੂਨ ਨੂੰ ਖਬਰ ਫੈਲੀ ਕਿ ਦੀਵਾਰ ਆਜ਼ਾਦ ਹੈ,



**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਆਓ ਦੇਖੋ। ਗੋਲਡਾ ਮਾਇਰ ਗਈ, ਲਿਖਦੀ ਹੈ, "ਅਰਦਾਸ ਵਾਲੀ ਚਾਦਰ ਮੋਢਿਆਂ ਉਪਰ ਲਪੇਟੀ ਉਹ ਯਹੂਦੀ ਕਮਾਂਡੋ ਜਿਨ੍ਹਾਂ ਨੇ ਜੰਗ ਜਿੱਤੀ, ਕੰਧ ਨੂੰ ਜੱਫੀ ਪਾਈ ਚਿਪਕੇ, ਖਲੋਤੇ ਸਨ; ਜਿਵੇਂ ਕੰਧ ਵਿਚ ਜੜੇ ਪੱਥਰ ਹੋਣ। ਕੰਧ ਅਤੇ ਸਿਪਾਹੀ ਇਕ ਹੋ ਗਏ। ਅਜੇ ਕੱਲ੍ਹ ਤਕ ਇਨ੍ਹਾਂ ਦੇ ਸਾਥੀ ਇਕ ਇਕ ਕਰ ਕੇ ਗੋਲੀਆਂ ਸਦਕਾ ਡਿਗਦੇ ਰਹੇ ਸਨ, ਹੁਣ ਬਚੇ ਹੋਇਆਂ ਨੂੰ ਅਰਦਾਸ ਕਰਨ ਦਾ ਇਨਾਮ ਮਿਲਿਆ। ਮੈਂ ਵੀ ਕਾਗਜ਼ ਦੇ ਇਕ ਟੁਕੜੇ ਉਤੇ 'ਸਲਾਮ' ਲਿਖਿਆ, ਤੇ ਕੰਧ ਦੀ ਤਰੇੜ ਵਿਚ ਰੱਖ ਦਿੱਤਾ। ਇਕ ਸਿਪਾਹੀ ਮੇਰੇ ਮੋਢੇ 'ਤੇ ਸਿਰ ਰੱਖ ਕੇ ਰੋ ਪਿਆ। ਮੈਂ ਵੀ ਰੋਈ। ਮੈਂ ਉਹਨੂੰ, ਉਹ ਮੈਨੂੰ ਜਾਣਦਾ ਨਹੀਂ ਸੀ।"


ਸਖਤੀਆਂ ਤੋਂ ਤੰਗ ਆ ਕੇ ਲੈਫਟਿਸਟ ਯਹੂਦੀ, ਵਿਚਾਰਧਾਰਾ ਕਾਰਨ ਰੂਸ ਵੱਲ ਰੁਖ ਕਰਦੇ। ਉਧਰ ਵਿਚਾਰਧਾਰਕ ਕਾਰਨਾਂ ਕਰ ਕੇ ਸਟਾਲਿਨ ਉਨ੍ਹਾਂ ਨੂੰ ਕਤਲ ਕਰਦਾ, ਤਸੀਹਾਂ ਕੈਂਪਾਂ ਵਿਚ ਸਾਇਬੇਰੀਆ ਭੇਜਦਾ। ਦੰਗੇ ਵਧਦੇ ਗਏ, ਬਰਤਾਨੀਆ ਫਲਸਤੀਨ ਪੁੱਜਣ ਵਾਲੇ ਸ਼ਰਨਾਰਥੀਆਂ ਦਾ ਕੋਟਾ ਨਿਰੰਤਰ ਘਟਾ ਰਿਹਾ ਸੀ। 1930 ਵਿਚ ਤਾਂ ਪੂਰੀ ਪਾਬੰਦੀ ਲਾ ਦਿੱਤੀ। ਅਜਿਹਾ ਅਰਬਾਂ ਦੇ ਦਬਾਅ ਕਾਰਨ ਹੋ ਰਿਹਾ ਸੀ।


ਗੋਲਡਾ ਅਖੌਤੀ ਫੈਮਿਨਿਜ਼ਮ ਦੇ ਖਿਲਾਫ ਰਹੀ ਜੋ ਪੱਛਮ ਵਿਚ ਫੈਸ਼ਨ ਵਾਂਗ ਜਪਿਆ ਜਾ ਰਿਹਾ ਸੀ। ਉਹ ਔਰਤਾਂ ਦੇ ਹੱਕਾਂ ਲਈ ਲੜਦੀ ਸੀ ਪਰ ਫੈਮਿਨਿਜ਼ਮ ਦਾ ਢੌਂਗ ਨਹੀਂ ਰਚਿਆ। ਇਕ ਵਾਰ ਪ੍ਰਧਾਨ ਮੰਤਰੀ ਬਿਨ ਗੁਰੀਓਂ ਨੇ ਪ੍ਰਸ਼ੰਸਾ ਕਰਦਿਆਂ ਆਖ ਦਿੱਤਾ ਸੀ ਕਿ ਉਹਦੀ ਕੈਬਨਿਟ ਵਿਚ ਸਿਰਫ ਗੋਲਡਾ ਮਰਦ ਹੈ। ਉਹਨੇ ਹੱਸਦਿਆਂ ਕਿਹਾ, "ਜੇ ਮੈਂ ਕਦੀ ਤੁਹਾਨੂੰ ਸ਼ਾਬਾਸ਼ ਦਿੰਦਿਆਂ ਕਹਿ ਦਿਆਂ ਕਿ ਸਾਰੇ ਮਰਦਾਂ ਵਿਚ ਕੇਵਲ ਬਿਨ ਗੁਰੀਓਂ ਔਰਤ ਹੈ, ਤਾਂ ਤੁਸੀਂ ਖੁਸ਼ ਹੋਵੋਗੇ?" ਗੋਲਡਾ ਨੂੰ ਇਹ ਅਫਸੋਸ ਰਿਹਾ ਕਿ ਉਹ ਆਪਣੇ ਨਿੱਕੇ ਪੁੱਤ ਤੇ ਧੀ ਨੂੰ ਉਤਨਾ ਸਮਾਂ ਨਹੀਂ ਦੇ ਸਕੀ ਜਿੰਨੇ 'ਤੇ ਉਨ੍ਹਾਂ ਦਾ ਹੱਕ ਸੀ। ਪੜ੍ਹਨ ਵਿਚ, ਸੰਗੀਤ ਵਿਚ ਉਹ ਨਿਪੁੰਨ ਹੋਏ, ਸ਼ਾਨਦਾਰ ਇਨਸਾਨ ਤੇ ਪਿਆਰੇ ਮਾਪੇ ਬਣੇ; ਤਾਂ ਵੀ ਜਦੋਂ ਬੱਚੇ ਸਕੂਲੋਂ ਪੜ੍ਹ ਕੇ ਘਰ ਆਉਣ, ਉਨ੍ਹਾਂ ਨੂੰ ਘਰ ਵਿਚ ਮਾਂ ਮਿਲਣੀ ਚਾਹੀਦੀ ਹੈ।

ਬਹੁਤ ਤਿਖੇ ਦਿਮਾਗ ਦਾ ਨੇਤਾ ਸ਼ਜ਼ਰ ਹਰ ਇਕ ਦੀ ਲਿਖਤ ਵਿਚ ਗਲਤੀਆਂ ਕੱਢਦਾ ਰਹਿੰਦਾ। ਕਿਸੇ ਨੇ ਟਿੱਪਣੀ ਕੀਤੀ, "ਇਹ ਆਪ ਕੁਝ ਨਹੀਂ ਲਿਖਦਾ। ਅਧਿਆਪਕ ਹੋਣੈ।" ਉਹ ਕਦੀ ਅਧਿਆਪਕ ਨਹੀਂ ਰਿਹਾ। ਜਦੋਂ ਇਜ਼ਰਾਈਲ ਦੀ ਪਹਿਲੀ ਸਰਕਾਰ ਬਣੀ, ਉਹਨੂੰ ਸਿਖਿਆ ਮੰਤਰੀ ਲਿਆ ਗਿਆ। ਦਫਤਰ ਦਾ ਇਕ ਕਮਰਾ, ਇਕ ਸੈਕਟਰੀ, ਇਕ ਮੇਜ਼, ਚਾਰ ਕੁਰਸੀਆਂ। ਪਹਿਲੇ ਦਿਨ ਸਕੱਤਰ ਨੂੰ ਜਿਹੜੀ ਡਿਕਟੇਸ਼ਨ ਦਿੱਤੀ, ਉਹ ਸੀ, "ਚਾਰ ਸਾਲ ਤੋਂ ਲੈ ਕੇ ਅਠਾਰਾਂ ਸਾਲ ਤੱਕ ਦੇ ਬੱਚੇ ਆਲੀਸ਼ਾਨ ਸਕੂਲਾਂ ਵਿਚ ਮੁਫਤ ਪੜ੍ਹਨਗੇ।" ਟਾਈਪ ਰਾਈਟਰ ਨਹੀਂ ਸੀ, ਸਕੱਤਰ ਨੇ ਹੱਥ ਨਾਲ ਆਰਡਰ ਲਿਖਿਆ ਤੇ ਕਿਹਾ, "ਸਰ ਇਕ ਦਿਨ ਹੋਇਐ ਸਰਕਾਰ ਬਣਿਆਂ, ਪੈਸੇ ਤਾਂ ਹਨ ਨਹੀਂ, ਇਸ ਬਾਰੇ ਹੋਰ ਸੋਚਣਾ ਚਾਹੀਦੈ।" ਮੰਤਰੀ ਨੇ ਕਿਹਾ, "ਇਹ ਵਾਕ ਸ਼ਜ਼ਰ ਦਾ ਹੈ, ਕਿਵੇਂ ਪੂਰ ਚੜ੍ਹੇਗਾ, ਸ਼ਜ਼ਰ ਜ਼ਿੰਮੇਵਾਰ ਹੈ।" ਵਾਅਦਾ ਵਫਾ ਹੋਇਆ, ਨਵਾਂ ਐਜੂਕੇਸ਼ਨ ਐਕਟ ਬਣਿਆ। ਬਾਅਦ ਵਿਚ ਜਦੋਂ ਗੋਲਡਾ ਵਜ਼ੀਰ ਬਣੀ, ਉਦੋਂ ਉਹ ਰਾਸ਼ਟਰਪਤੀ ਲੱਗਾ। ਉਹਨੂੰ ਰਾਸ਼ਟਰਪਤੀ ਉਪਰ ਲੱਗੀਆਂ ਪਾਬੰਦੀਆਂ ਪਸੰਦ ਨਹੀਂ ਸਨ, ਅਕਸਰ ਕਿਹਾ ਕਰਦਾ, "ਇਸ ਨਾਲੋਂ ਤਾਂ ਮੈਂ ਆਪਣੇ ਘਰ ਠੀਕ ਸਾਂ।" ਗੋਲਡਾ ਨਾਲ ਉਹਦੀ ਡੂੰਘੀ ਦੋਸਤੀ ਸਾਰੀ ਉਮਰ ਨਿਭੀ।

ਦੂਜਾ ਬੰਦਾ ਸੀ ਸਾਦਾ, ਸਿੱਧੇ ਫੈਸਲੇ ਕਰਨ ਵਾਲਾ, ਅਕਾਊ ਸਿਧਾਂਤਾਂ ਤੋਂ ਪਰੇ...ਇਸਕੋਲ। ਬਿਨਾਂ ਵਿਚਾਰ-ਵਟਾਂਦਰੇ ਦੇ ਉਹਨੂੰ ਪਤਾ ਹੁੰਦਾ, ਕਿਥੇ ਕੀ ਕਰਨੈ। ਬਿਨ ਗੁਰੀਓਂ ਨੇ ਵਿਤ ਮੰਤਰੀ ਲਿਆ। ਗੋਲਡਾ ਮੁੜ ਵਸਾਊ ਤੇ ਲੇਬਰ ਮਹਿਕਮੇ ਦੀ ਵਜ਼ੀਰ ਸੀ। ਇਕ ਦਿਨ ਇਸਕੋਲ ਬਿਨਾਂ ਦੱਸੇ-ਪੁੱਛੇ ਗੋਲਡਾ ਦੇ ਦਫਤਰ ਆ ਧਮਕਿਆ, ਤੇ ਕਿਹਾ, "ਤੁਹਾਨੂੰ ਪਤੈ, ਸੱਤ ਲੱਖ ਰਫਿਊਜੀ ਤੰਬੂਆਂ ਵਿਚ ਇਕੋ ਥਾਂ ਬੈਠੇ ਨੇ? ਉਨ੍ਹਾਂ ਨੂੰ ਹੁਣੇ ਕੱਢ ਤੇ ਇਜ਼ਰਾਈਲ ਵਿਚ ਵੱਖ-ਵੱਖ ਥਾਂਵਾਂ 'ਤੇ ਵਸਾ।" ਉਹ ਬੋਲੀ, "ਕੋਈ ਕਰਾਮਾਤ ਐ ਮੇਰੇ ਕੋਲ?" ਇਸਕੋਲ ਨੇ ਕਿਹਾ, "ਆਹ ਨਕਸ਼ੇ 'ਤੇ ਚਾਰ ਸੌ ਨਿਸ਼ਾਨ ਨੇ, ਇਨ੍ਹਾਂ ਦੇ ਚਾਰ ਸੌ ਪਿੰਡ ਵਸਾ। ਪਿੰਡ ਤੰਬੂਆਂ ਦੇ ਹੋਣਗੇ, ਜਦੋਂ ਪੈਸੇ ਹੋਏ, ਘਰ ਉਸਾਰਲਾਂਗੇ।" ਗੋਲਡਾ ਚੀਕੀ, "ਬਿਨਾਂ ਘਰਾਂ ਦੇ ਉਜਾੜ ਦਿਆਂ?" ਇਸਕੋਲ ਨੇ ਕਿਹਾ, "ਘਰ ਦੁੱਧ ਦਿੰਦੈ? ਗਾਂ ਦੁੱਧ ਦਿੰਦੀ ਐ। ਮੈਂ ਸੱਤ ਲੱਖ ਗਾਂਵਾਂ ਦਾ ਬੰਦੋਬਸਤ ਕਰਾਂਗਾ। ਹੁਣ ਵੀ ਤਾਂ ਤੰਬੂਆਂ ਵਿਚ ਬੈਠੇ ਨੇ, ਹੁਣ ਇਹ ਵਿਹਲੇ ਖਾਂਦੇ ਨੇ। ਪਿੰਡਾਂ ਵਿਚ ਕੰਮ ਕਰ ਕੇ ਖਾਣਗੇ। ਜਿਹੜਾ ਖਾਣ-ਪੀਣ ਦਾ ਖਰਚਾ ਹੁਣ ਵਿਹਲੜਾਂ 'ਤੇ ਹੋ ਰਿਹੈ, ਇਸ ਨਾਲ ਘਰ ਬਣ ਜਾਣਗੇ।" ...ਤੇ ਕਰਾਮਾਤ ਹੋ ਗਈ।

ਜਿਸ ਨੇ ਗੋਲਡਾ ਉਪਰ ਅਸਰ ਪਾਇਆ, ਦੂਜਾ ਬੰਦਾ ਸੀ ਬਰਲ। ਛੋਟਾ ਕੱਦ, ਵੱਟੋ ਵੱਟ ਪੈਂਟ ਕਮੀਜ਼, ਉਲਝੇ ਵਾਲ, ਸਿੱਧਾ ਸਾਦਾ। ਦੋ ਕਮਰਿਆਂ ਦਾ ਤਲ-ਅਵੀਵ ਵਿਚ ਘਰ, ਮਾਣ-ਸਨਮਾਨ, ਪ੍ਰਸਿਧੀ, ਤਾਕਤ ਦੀ ਇੱਛਾ ਤੋਂ ਮੁਕਤ। ਉਹਨੇ ਕੋਈ ਰੁਤਬਾ ਨਹੀਂ ਲਿਆ। ਦੇਸ਼ ਦਾ ਕੋਈ ਵੱਡਾ ਫੈਸਲਾ ਉਹਨੂੰ ਪੁੱਛਣ ਤੋਂ ਬਗੈਰ ਸਿਰੇ ਨਹੀਂ ਲੱਗਿਆ। ਜਦੋਂ ਉਸ ਕੋਲੋਂ ਉਠ ਕੇ ਕੋਈ ਜਾਣ ਲਗਦਾ ਤਾਂ ਆਖ ਦਿੰਦਾ, 'ਹਾਲੇ ਬੈਠ।' ਹਿੰਮਤ ਨਹੀਂ ਸੀ ਕਿ ਹੁਕਮ ਨਾ ਮੰਨੋ। ਜਦੋਂ ਵਿਚਾਰ-ਵਟਾਂਦਰੇ ਪਿਛੋਂ ਸਭ ਕੁਝ ਤੈਅ ਹੋ ਜਾਂਦਾ, ਮੰਤਰੀ ਤੇ ਪ੍ਰਧਾਨ ਮੰਤਰੀ ਆਖਦੇ, 'ਭਾਈ ਬਰਲ ਨੂੰ ਤਾਂ ਪੁੱਛ ਲਉ।' ਉਹਦੇ ਹੋਠਾਂ ਦੀ ਮੁਸਕਾਨ ਅੱਖਾਂ ਵਿਚਲੀ ਉਦਾਸੀ ਦਿਸਣ ਨਾ ਦਿੰਦੀ। ਚੁਟਕੀ ਵਿਚ ਠੋਡੀ ਫੜੀ ਫੈਸਲਾ ਸੁਣਾ ਦਿੰਦਾ। 1944 ਵਿਚ ਮੌਤ ਹੋ ਗਈ, ਆਜ਼ਾਦ ਇਜ਼ਰਾਈਲ ਨਾ ਦੇਖ ਸਕਿਆ। ਆਜ਼ਾਦੀ ਤੱਕ ਜਿਉਂਦਾ ਰਹਿੰਦਾ, ਤਾਂ ਉਹਨੇ ਮੰਤਰੀ ਦਾ ਹਲਫ ਨਹੀਂ ਲੈਣਾ ਸੀ। ਦਿਖਾਵੇ ਦੀ ਸਾਦਗੀ ਨਹੀਂ, ਸਵਾਲ ਸੁਣ ਕੇ ਨੀਵੀਂ ਪਾ ਲੈਂਦਾ, ਜਿਵੇਂ ਧਰਤੀ ਖੋਦ ਕੇ ਸੱਚ ਲੱਭਣ ਲੱਗਾ ਹੋਵੇ। ਜਦੋਂ ਪਾਰਟੀ ਕਾਨਫਰੰਸ ਵਿਚ ਵੱਡੇ ਬੰਦੇ ਅਹਿਮ ਤਕਰੀਰਾਂ ਕਰਦੇ, ਉਹ ਵਰਾਂਡੇ ਵਿਚ ਮਾਮੂਲੀ ਬੰਦਿਆਂ ਨਾਲ ਖਾਸ ਗੱਲਾਂ ਕਰਦਾ ਹੁੰਦਾ। ਜਦੋਂ ਉਸ ਦਾ ਨਾਮ ਲਿਆ ਜਾਂਦਾ, ਸਟੇਜ 'ਤੇ ਆਉਂਦਾ। ਵਿਧੀਵਤ ਭਾਸ਼ਣ ਨਾ ਕਰਦਾ, ਕੁਝ ਗੱਲਾਂ ਕਰਦਾ, ਜਿਵੇਂ ਪਿਤਾ ਆਪਣੇ ਘਰ ਬੱਚਿਆਂ ਨਾਲ ਗੱਲਾਂ ਕਰੇ। ਲੋਕ ਇਕ ਦੂਜੇ ਦੇ ਕੰਨਾਂ ਵਿਚ ਆਖਦੇ, 'ਉਏ...ਬਰਲ ਦੀ ਵਾਰੀ ਆ ਗਈ।' ਵਾਹੋ ਦਾਹੀ ਭੀੜ ਬਾਹਰੋਂ ਅੰਦਰ ਵੱਲ ਸਰਕਦੀ। ਪੂਰੀ ਖਾਮੋਸ਼ੀ ਛਾ ਜਾਂਦੀ। ਪਿਆਸੇ ਲੋਕ ਇਕ ਇਕ ਲਫਜ਼ ਪੀਣ ਲਗਦੇ। ਕਦੀ ਕਦੀ ਤਾਂ ਦੋ ਤਿੰਨ ਘੰਟਿਆਂ ਤਕ ਗੱਲਾਂ ਕਰਦਾ। ਵਿਚ ਵਿਚ ਪਾਣੀ ਦੀ ਘੁੱਟ ਪੀਂਦਾ। ਉਲਝਣਾਂ ਨੂੰ ਆਰਾਮ ਨਾਲ ਇਉਂ ਕੱਟੀ ਜਾਂਦਾ ਜਿਵੇਂ ਆਰੀ ਹੀਰਾ ਕੱਟਦੀ ਹੋਵੇ। ਵਰਕਾ ਪਲਟਣ ਵੇਲੇ ਖੜਾਕ ਨਾ ਹੋਵੇ। ਕਿਹਾ ਕਰਦਾ, "ਕਲਾਸ ਸਟਰੱਗਲ ਉਥੇ ਹੁੰਦੀ ਹੈ ਜਿਥੇ ਕਲਾਸਾਂ ਹੋਣ। ਅਸੀਂ ਤਾਂ ਉਜੜੇ ਪੁਜੜੇ ਖਾਕਸਾਰ ਯਹੂਦੀ ਹਾਂ। ਰਫਿਊਜੀਆਂ ਦਾ ਕਿਹੜਾ ਵਰਗ, ਕਿਹੜਾ ਵਰਗ ਸੰਘਰਸ਼? ਸਾਨੂੰ ਤਾਰ ਉਪਰ ਲਟਕਦਾ ਧਰਤੀ ਦਾ ਨਕਸ਼ਾ ਮਿਲਿਐ, ਦੇਖਾਂਗੇ ਕਿਥੇ ਕਿਥੇ ਲਾਲੀ, ਕਿਥੇ ਕਿਥੇ ਹਰਿਆਲੀ ਹੋਏਗੀ। ਅਸੀਂ ਪੁਰਾਣੇ ਰਫਿਊਜੀ ਹਾਂ। ਨਵੇਂ ਰਫਿਊਜੀ ਸਾਡੀ ਅਗਵਾਈ ਕਰਨ।' ਇਹ ਉਹ ਬੰਦਾ ਸੀ ਜਿਸ ਨੇ ਫਲਸਤੀਨ ਦੇ ਬਾਸ਼ਿੰਦੇ





*ਇਜ਼ਰਾਈਲ ਦਾ ਪਹਿਲਾ ਪ੍ਰਧਾਨ ਮੰਤਰੀ ਬਿਨ ਗੁਰੀਓਂ (ਖੱਬੇ) ਅਤੇ ਨੋਟ ਉਤੇ ਛਪੀ ਪਹਿਲੇ ਸਿੱਖਿਆ ਮੰਤਰੀ ਸ਼ਜ਼ਰ ਦੀ ਤਸਵੀਰ।*

ਯਹੂਦੀਆਂ ਨੂੰ ਕਿਹਾ ਸੀ, 'ਉਡੀਕ ਕਿਸ ਗੱਲ ਦੀ? ਅੰਗਰੇਜ਼ਾਂ ਨਾਲ ਰਲ ਕੇ ਨਾਜ਼ੀਆਂ ਨੂੰ ਮਾਰੋ, ਨਹੀਂ ਤਾਂ ਬੀਜ ਨਾਸ ਹੋਵੇਗਾ।"

ਉਹ ਕਦੀ ਸਕੂਲ ਨਹੀਂ ਗਿਆ ਪਰ ਇੰਜੀਲ ਹਿਬਰੂ ਵਿਚ ਪੜ੍ਹਦਾ, ਪੁਸ਼ਕਿਨ ਤੇ ਗੋਰਕੀ ਰਸ਼ੀਅਨ ਵਿਚ, ਮੰਡੀਲ ਮੋਸ਼ਰ ਯਿਦਿਸ਼ ਵਿਚ, ਗੇਟੇ ਤੇ ਹੀਨ ਜਰਮਨ ਜ਼ਬਾਨ ਵਿਚ ਪੜ੍ਹਦਾ। ਤੇਰਾਂ ਸਾਲ ਦੀ ਉਮਰ ਸੀ ਜਦੋਂ ਪਿਤਾ ਦੀ ਮੌਤ ਹੋਈ। ਇਸ ਉਮਰੇ ਬੱਚਿਆਂ ਨੂੰ ਟਿਊਸ਼ਨ ਪੜ੍ਹਾ ਕੇ ਪਰਿਵਾਰ ਨੂੰ ਰੋਟੀ ਖੁਆਉਂਦਾ। ਜਮਾਂਦਰੂ ਅਧਿਆਪਕ ਕਿਹਾ ਕਰਦਾ, "ਗੁਰੀਓਂ ਮੈਥੋਂ ਸਿਆਣੈ। ਫਟਾਫਟ ਫੈਸਲਾ ਸੁਣਾ ਦਿੰਦੈ। ਮੈਂ ਬੜੀ ਦੇਰ ਕਰ ਦਿੰਨਾ।" ਜਦੋਂ ਦੇਸ਼ ਆਜ਼ਾਦ ਹੋਇਆ, ਗੁਰੀਓਂ ਨੇ ਸਟੇਟ ਦੀ ਰੂਪ ਰੇਖਾ ਪੜ੍ਹ ਕੇ ਸੁਣਾਈ ਜਿਹੜੀ ਬਰਲ ਲਿਖ ਗਿਆ ਸੀ। ਉਹੋ ਲਾਗੂ ਹੋਈ। ਪਹਿਲੇ ਪ੍ਰਧਾਨ ਮੰਤਰੀ ਬਿਨ ਗੁਰੀਓਂ ਦੀ ਮੇਜ਼ ਉਪਰ ਬਰਲ ਦੀ ਫੋਟੋ ਹੁੰਦੀ। ਇਹੀ ਫੋਟੋ ਗੋਲਡਾ ਦੇ ਲਿਵਿੰਗ ਰੂਮ ਵਿਚ ਟੰਗੀ ਰਹੀ।

ਗੋਲਡਾ ਦੱਸਦੀ ਹੈ, "ਉਹਦਾ ਕੋਈ ਟਾਈਮ ਟੇਬਲ ਨਹੀਂ ਸੀ। ਅੱਧੀ ਅੱਧੀ ਰਾਤ ਤਕ ਗੱਲਾਂ ਕਰਦੇ, ਘੜੀ ਨਾ ਦੇਖਦਾ। ਪੰਦਰਾਂ ਵੀਹ ਜੁਆਨ ਮਿਲਣ ਆ ਜਾਂਦੇ, ਗੋਲਡਾ ਦੀ ਧੀ ਸਾਰਾ ਵੀ ਹੁੰਦੀ। ਮੱਥੇ ਤੋਂ ਹੇਠਾਂ ਵਲ ਝੁਕੀ ਪੁਰਾਣੀ ਟੋਪੀ ਨੂੰ ਕਦੀ ਕਦਾਈਂ ਠੀਕ ਕਰ ਲੈਂਦਾ, ਸਭ ਦੀਆਂ ਗੱਲਾਂ ਸੁਣਦਾ। ਕਮਿਊਨਿਜ਼ਮ ਬਾਰੇ ਗੱਲਾਂ ਕਰਦਿਆਂ ਆਖਦਾ, 'ਆਪਾਂ ਸਾਰੇ ਕਮਿਊਨਿਸਟ ਹਾਂ, ਰੂਸੀ ਬੋਲਸ਼ਵਿਕ ਚੰਗੇ ਨਹੀਂ। ਵਧੀਆ ਯਹੂਦੀ ਕਮਿਊਨ ਬਣਾਉ, ਆਪਣਾ ਨਿਤਨੇਮ ਅਤੇ ਖਾਣਾ ਵਡੇਰਿਆਂ ਦੇ ਦੱਸੇ ਵਿਧਾਨ ਅਨੁਸਾਰ ਨਿਸ਼ਚਿਤ ਕਰੋ।"

ਕਿਸੇ ਮਸਲੇ 'ਤੇ ਉਹਨੇ ਕਿਹਾ, "ਬਿਨ ਗੁਰੀਓਂ ਸਹੀ ਨਹੀਂ। ਪਾਰਟੀ ਦੀ ਬਹੁ-ਗਿਣਤੀ ਨੇ ਗੁਰੀਓਂ ਖਿਲਾਫ ਵੋਟ ਪਾ ਦਿੱਤੀ। ਕਿਸੇ ਨੂੰ ਪਤਾ ਨਹੀਂ ਸੀ ਗੁਰੀਓਂ ਨੇ ਕੀ ਕਿਹਾ, ਬਰਲ ਦੀ ਕੀ ਦਲੀਲ ਹੈ। ਬਸ, ਬਰਲ ਨੇ ਕਹਿ ਦਿੱਤਾ, ਗੁਰੀਓਂ ਗਲਤ ਹੈ ਤਾਂ ਗੁਰੀਓਂ ਗਲਤ ਹੈ। ਗੁਰੀਓਂ ਨੇ ਜਦੋਂ ਖਬਰ ਸੁਣੀ ਕਿ ਬਰਲ ਨਹੀਂ ਰਿਹਾ, ਉਹ ਸਾਰੀ ਰਾਤ ਰੋਂਦਾ ਰਿਹਾ। ਕਿਸੇ ਦੀ ਹਿੰਮਤ ਨਹੀਂ ਸੀ ਗੁਰੀਓਂ ਨਾਲ ਗੱਲ ਕਰੇ। ਗੁਰੀਓਂ ਨੇ ਆਖਰ ਖੁਦ ਇਹ ਵਾਕ ਬੋਲਿਆ, ਮੇਰਾ ਭਲਾ ਲੋਚਣ ਵਾਲਾ ਇਹੋ ਇਕ ਸੀ ਜਹਾਨ ਵਿਚ।"

ਜਿਨ ਕੇ ਹੋਠੋਂ ਪੇ ਹੰਸੀ,
ਪਾਓਂ ਮੇਂ ਛਾਲੇ ਹੋਂਗੇ।
ਵਹੀ ਲੋਗ ਤੁਝੇ
ਢੂੰਡਨੇ ਵਾਲੇ ਹੋਂਗੇ। -ਮੋਮਿਨ

---

ਗੋਲਡਾ ਮਹੀਨਿਆਂ ਬੱਧੀ ਵਿਦੇਸ਼ੀ ਦੌਰਿਆਂ 'ਤੇ ਰਹਿੰਦੀ। ਪੁੱਤ-ਧੀ ਉਦਾਸ ਰਹਿੰਦੇ, ਵਿਛੋੜਾ ਦੁਖਦਾਈ ਹੁੰਦਾ। ਇਕ ਵਾਰ ਬਿਮਾਰ ਹੋ ਗਈ ਤੇ ਕਿਹਾ, 'ਬੱਚਿਓ ਹੁਣ ਕਈ ਦਿਨ ਘਰ ਰਹਿਣਾ ਪਵੇਗਾ।' ਬੱਚੇ ਨੱਚਣ ਲੱਗੇ, ਗਾਉਣ ਲੱਗੇ, 'ਸ਼ੁਕਰ ਰੱਬ ਸੱਚੇ ਦਾ, ਮੰਮੀ ਬਿਮਾਰ ਹੈ। ਸ਼ੁਕਰ ਪੈਗੰਬਰਾਂ ਦਾ ਮੰਮੀ ਬਿਮਾਰ ਹੈ।' ਗੋਲਡਾ ਦੀਆਂ ਅੱਖਾਂ ਭਰ ਆਈਆਂ। ਸਿਰ ਦਰਦ ਤਾਂ ਕੀ ਘਟਣਾ ਸੀ, ਦਿਲ ਦਾ ਦਰਦ ਡੂੰਘਾ ਹੋ ਗਿਆ।

ਯੂਰਪੀ ਲੋਕ ਉਹਨੂੰ ਆਖਦੇ, "ਦੇਖੋ ਇਨਕਲਾਬ ਤੋਂ ਬਾਅਦ ਰੂਸ ਨੇ ਕਿੰਨੀ ਤਰੱਕੀ ਕੀਤੀ ਹੈ। ਕੀ ਯਹੂਦੀ ਵੀ ਫਲਸਤੀਨ ਵਿਚ ਇਉਂ ਖੁਸ਼ਹਾਲ ਹੋ ਜਾਣਗੇ?" ਗੋਲਡਾ ਆਖਦੀ, "ਰੂਸ ਉਪਰ ਰੂਸੀਆਂ ਦਾ ਰਾਜ ਹੈ, ਪਹਿਲਾਂ ਸਾਡੇ ਉਪਰ ਤੁਰਕ ਰਾਜ ਕਰਦੇ ਸਨ, ਹੁਣ ਅੰਗਰੇਜ਼। ਗੁਲਾਮ ਯਹੂਦੀਆਂ ਨੇ ਮਾਰੂਥਲਾਂ ਵਿਚ ਬਹਾਰਾਂ ਲੈ ਆਂਦੀਆਂ ਹਨ। ਇਕ ਵਾਰ ਉਥੇ ਜਾ ਕੇ ਦੇਖੋ ਤਾਂ ਸਹੀ। ਤਕਰੀਰਾਂ ਨਾਲ ਤੁਹਾਨੂੰ ਪਤਾ ਨਹੀਂ ਲੱਗਣਾ, ਅਸੀਂ ਕੀ ਕੀ ਕਰ ਦਿੱਤਾ ਹੈ।"

ਚੰਦਾ ਇੱਕਠਾ ਕਰਨ ਵਿਨੀਪੈਗ ਗਈ। ਰੇਲ ਸਵਖਤੇ ਟਿਕਾਣੇ ਜਾ ਪੁੱਜੀ। ਅਜੇ ਹਨੇਰਾ ਸੀ, ਸੋਚਿਆ ਇੰਨੀ ਜਲਦੀ ਆਪਣੀ ਮੇਜ਼ਬਾਨ ਦੀ ਨੀਂਦ ਵਿਚ ਵਿਘਨ ਕਾਹਨੂੰ ਪਾਉਣਾ, ਤਿੰਨ ਚਾਰ ਘੰਟੇ ਨੇੜੇ ਹੋਟਲ ਵਿਚ ਆਰਾਮ ਕਰ ਲੈਂਦੀ ਹਾਂ। ਹੋਟਲ ਪੁੱਜ ਕੇ ਕਮਰੇ ਦਾ ਦਰਵਾਜ਼ਾ ਅਜੇ ਖੋਲ੍ਹਿਆ ਹੀ ਸੀ ਕਿ ਟੈਲੀਫੋਨ ਵੱਜਣ ਲੱਗਾ। 'ਕਿਥੇ ਹੋ ਗੋਲਡੀ, ਅਸੀਂ ਪੱਚੀ ਔਰਤਾਂ ਤੁਹਾਨੂੰ ਲੈਣ ਸਟੇਸ਼ਨ 'ਤੇ ਖੜ੍ਹੀਆਂ ਹਾਂ, ਹਰ ਇਕ ਸਭ ਤੋਂ ਪਹਿਲਾਂ ਹੱਥ ਮਿਲਾਉਣ ਲਈ ਉਤਸੁਕ ਹੈ।' ਪੰਦਰਾਂ ਮਿੰਟਾਂ ਵਿਚ ਸਾਰੀਆਂ ਇਕੱਠੀਆਂ ਹੋ ਗਈਆਂ।

ਇਕ ਥਾਂ ਕਾਫੀ ਚੰਦਾ ਮਿਲਿਆ, ਗੋਲਡਾ ਨੇ ਪੁੱਛਿਆ, "ਕਿਸ ਢੰਗ ਨਾਲ ਇਕੱਠੇ ਕੀਤੇ ਇੰਨੇ ਪੈਸੇ?" ਇਕ ਜਣੀ ਬੋਲੀ, "ਅਸੀਂ ਸ਼ਰਤਾਂ ਲਾ ਲਾ ਤਾਸ਼ ਖੇਡਿਆ, ਬੱਸ ਪੈਸੇ ਬਣ ਗਏ।" ਗੋਲਡਾ ਨੇ ਕਿਹਾ, "ਇਜ਼ਰਾਈਲ ਦੇ ਨਾਂ 'ਤੇ ਤਾਸ਼ ਦੀਆਂ ਸ਼ਰਤਾਂ? ਤੁਹਾਨੂੰ ਸ਼ਰਮ ਨਹੀਂ ਆਉਂਦੀ?" ਇਕ ਔਰਤ ਨੇ ਪੁੱਛਿਆ, "ਭੈਣ, ਤੁਸੀਂ ਉਥੇ ਬਿਲਕੁਲ ਤਾਸ਼ ਨਹੀਂ ਖੇਡਦੇ?" ਗੋਲਡਾ ਬੋਲੀ, "ਬਿਲਕੁਲ ਨਹੀਂ।" ਵਾਪਸ ਫਲਸਤੀਨ ਆਈ ਤਾਂ ਦੇਖਿਆ ਕੁਝ ਮੁੰਡੇ ਤਾਸ਼ ਖੇਡਣ ਵਿਚ ਮਗਨ! ਰੁਕ ਗਈ, ਪੁੱਛਿਆ, "ਸ਼ਰਤ ਲਾ ਕੇ ਖੇਡਦੇ ਹੋ?" ਸਾਰਿਆਂ ਨੇ ਕਿਹਾ, "ਨਾ।" "ਚਲੋ ਫਿਰ ਠੀਕ ਐ।" ਗੋਲਡਾ ਨੇ ਲਿਖਿਆ, ਮੈਂ ਉਸ ਔਰਤ ਤੋਂ ਖਿਮਾ ਮੰਗਣੀ ਚਾਹੀ ਪਰ ਉਹਦਾ ਟੈਲੀਫੋਨ ਨਹੀਂ ਸੀ, ਨਾਮ ਪਤਾ ਨਹੀਂ ਸੀ।

ਜ਼ੀਓਨਿਜ਼ਮ ਯਹੂਦੀਆਂ ਦੀ ਪੁਨਰ-ਜਾਗਰਨ ਖੱਬੇ ਪੱਖੀ ਲਹਿਰ ਸੀ। ਗੋਲਡਾ ਨੂੰ ਪੁੱਛਿਆ ਜਾਂਦਾ, "ਤੁਸੀਂ ਪ੍ਰਾਈਵੇਟ ਪੂੰਜੀ ਦਾ ਖਾਤਮਾ ਕਰ ਦਿਉਗੇ? ਪ੍ਰਾਈਵੇਟ ਕਾਰਖਾਨੇ ਨਹੀਂ ਹੋਣਗੇ?" ਗੋਲਡਾ ਦਾ ਉਤਰ ਹੁੰਦਾ, "ਜੇ ਪ੍ਰਾਈਵੇਟ ਫੈਕਟਰੀਆਂ ਰਫਿਊਜੀ ਯਹੂਦੀ ਕਾਮਿਆਂ ਨੂੰ ਨੌਕਰੀਆਂ ਦੇਣਗੀਆਂ, ਤਾਂ ਅਸੀਂ ਉਨ੍ਹਾਂ ਨੂੰ ਉਤਸ਼ਾਹਤ ਕਰਾਂਗੇ ਕਿਉਂਕਿ ਰੁਜ਼ਗਾਰ ਮਿਲੇਗਾ ਤਾਂ ਹੋਰ ਯਹੂਦੀ ਪਰਦੇਸਾਂ ਤੋਂ ਆਉਣਗੇ। ਜੇ ਪ੍ਰਾਈਵੇਟ ਕੰਪਨੀਆਂ ਮੁਸਲਮਾਨਾਂ ਨੂੰ ਨੌਕਰੀਆਂ ਦੇਣਗੀਆਂ, ਕਿਉਂਕਿ ਉਹ ਯਹੂਦੀਆਂ ਨਾਲੋਂ ਸਸਤੇ ਮਿਲ ਜਾਂਦੇ ਹਨ, ਫਿਰ ਅਸੀਂ ਇਨ੍ਹਾਂ ਦਾ ਕੀ ਕਰਨੈ?"

1933 ਵਿਚ ਹਿਟਲਰ ਦੀ ਪਾਰਟੀ ਤਾਕਤ ਫੜਨ ਲੱਗੀ। ਉਹਦੇ ਐਲਾਨ ਖਤਰਨਾਕ ਸਨ। ਆਰੀਆ ਨਸਲ ਬਚੇਗੀ, ਗੈਰ-ਆਰੀਆ ਖਤਮ। ਸਭ ਸਮਝਦੇ ਸਨ ਕਿ ਇਹ ਸਿਆਸੀ ਸਟੰਟ ਹਨ, ਹੋਰ ਕੁਝ ਨਹੀਂ। ਜਲਦੀ ਪਤਾ ਲੱਗ ਗਿਆ ਕਿ ਯਹੂਦੀਆਂ ਦੀ ਨਸਲਕੁਸ਼ੀ ਹੋਣ ਲੱਗੀ ਹੈ। ਜਰਮਨੀ ਅਤੇ ਆਸਟਰੀਆ ਵਿਚੋਂ ਜਾਨਾਂ ਬਚਾ ਕੇ ਸੱਠ ਹਜ਼ਾਰ ਯਹੂਦੀ ਫਲਸਤੀਨ ਪੁੱਜ ਗਏ। ਹਿਸਾਬ ਲਾਉ, ਚਾਰ ਲੱਖ ਦੀ ਆਬਾਦੀ ਸੱਠ ਹਜ਼ਾਰ ਦੇ ਰਹਿਣ-ਸਹਿਣ, ਖਾਣ-ਪੀਣ ਦਾ ਪ੍ਰਬੰਧ ਕਰੇ। ਬੈਠਿਆ ਨੂੰ ਰੋਟੀ ਨਹੀਂ, ਕੰਮ ਦੇਵੇ। ਪ੍ਰੋਫੈਸਰ, ਇੰਜੀਨੀਅਰ, ਸੰਗੀਤਕਾਰ, ਇਤਿਹਾਸਕਾਰ, ਰਿਸਰਚ ਸਕਾਲਰ, ਕੈਮਿਸਟ...ਕੰਮ ਮੰਗਣ ਲੱਗੇ। ਇਨ੍ਹਾਂ ਨੂੰ ਰਾਤੋ ਰਾਤ ਮੁਰਗੀਖਾਨੇ, ਖੇਤੀ, ਰਾਜ ਮਿਸਤਰੀ, ਚੌਕੀਦਾਰੀ ਦਾ ਕੰਮ ਸਿਖਾਉਣਾ ਅਤੇ ਕੰਮ 'ਤੇ ਲਾਉਣਾ ਹੁੰਦਾ। ਇਸ ਸੰਕਟ ਵਿਚ ਦੋ ਰਸਤੇ ਸਨ, ਜਾਂ ਤਾਂ ਹੱਥ ਖੜ੍ਹੇ ਕਰੋ, ਤੇ ਕਹੋ- ਬਸ! ਸਾਥੋਂ ਨਹੀਂ ਕਰ ਹੁੰਦਾ ਇਹ ਕੰਮ; ਜਾਂ ਫਿਰ ਲੱਗੇ ਰਹੋ, ਹੌਸਲਾ ਨਾ ਹਾਰੋ। ਗੋਲਡਾ ਦੀ ਟੀਮ ਨੇ ਦੂਜਾ ਰਾਹ ਚੁਣਿਆ।

ਮੁਸਲਮਾਨ ਅਮੀਰ ਸਨ, ਹਥਿਆਰਬੰਦ ਸਨ, ਹਿੰਸਕ ਸਨ, ਯਹੂਦੀਆਂ ਦੇ ਦੁਸ਼ਮਣ ਸਨ। ਬਰਤਾਨੀਆ ਸਰਕਾਰ ਤਮਾਸ਼ਬੀਨ ਸੀ, ਹਿਟਲਰ ਤਬਾਹੀ ਮਚਾ ਰਿਹਾ ਸੀ। ਗੋਲਡਾ ਕਿਹਾ ਕਰਦੀ, ਇਕ ਦੇਸ਼ ਦਾ ਜਨਮ ਹੋਏਗਾ, ਜੰਮਣ ਪੀੜਾਂ ਹੌਲਨਾਕ ਤਾਂ ਹੋਣਗੀਆਂ ਪਰ ਬਰਦਾਸ਼ਤ ਕਰਨੀਆਂ ਪੈਣਗੀਆਂ। ਦੋਹਾਂ ਬੱਚਿਆਂ ਦੀ ਪੜ੍ਹਾਈ ਦੀ ਨਿਗਰਾਨੀ ਕਰਨੀ ਵੀ ਜ਼ਰੂਰੀ। ਲਹੂ-ਪਸੀਨੇ ਦੀ ਮਿਹਨਤ ਨਾਲ ਲਾਏ ਫਲਦਾਰ ਲੱਖਾਂ ਬੂਟੇ ਅਰਬਾਂ ਨੇ ਪੁੱਟ ਦਿੱਤੇ, ਰੇਲ ਪਟੜੀਆਂ ਉਖਾੜ ਦਿੱਤੀਆਂ, ਬੰਬਾਂ ਨਾਲ ਸੜਕਾਂ ਵਿਚ ਖੂਹ ਪੁੱਟ ਦਿੱਤੇ। 1939 ਤੱਕ ਅਰਬਾਂ ਨੇ ਪੰਜ ਸੌ ਯਹੂਦੀ ਕਤਲ ਕਰ ਦਿੱਤੇ, ਪੱਕੀਆਂ ਫਸਲਾਂ ਸਾੜ ਦਿੱਤੀਆਂ। ਸਫਰ ਖਤਰਨਾਕ ਸੀ, ਪਰ ਗੋਲਡਾ ਨੂੰ ਸਫਰ ਕਰਨਾ ਪੈਂਦਾ। ਸਵੇਰ ਸਾਰ ਬੱਚਿਆਂ ਨੂੰ ਚੁੰਮ ਕੇ

*(ਬਾਕੀ ਅਗਲੇ ਸਫੇ 'ਤੇ)*

ਘਰੋਂ ਇਹ ਸੋਚ ਕੇ ਨਿਕਲਦੀ, ਕੀ ਪਤਾ ਵਾਪਸ ਆਵਾਂਗੀ ਕਿ ਨਾ, ਘਾਤ ਲਾ ਕੇ ਹਮਲਾ ਹੋ ਸਕਦਾ, ਬਸ ਵਿਚ ਬੰਬ ਫਟ ਸਕਦਾ, ਭੀੜ ਪਥਰਾਉ ਕਰ ਕੇ ਮਾਰ ਸਕਦੀ ਹੈ। ਯਹੂਦੀ ਹਿੰਸਾ ਦਾ ਜਵਾਬ ਹਿੰਸਾ ਨਾਲ ਦੇ ਸਕਦੇ ਸਨ ਪਰ ਫਿਰ ਬਰਤਾਨੀਆ ਸਰਕਾਰ ਨੇ ਹੋਰ ਪਾਬੰਦੀਆਂ ਲਾ ਦੇਣੀਆਂ ਸਨ। ਸਬਰ ਸ਼ੁਕਰ ਕਰ ਕੇ ਦਿਨ ਕਟੀ ਹੋ ਰਹੀ ਸੀ। ਇੱਟ ਦਾ ਜਵਾਬ ਪੱਥਰ ਨਾਲ ਦਿਓ, ਨਾਅਰੇ ਲਗਦੇ ਪਰ ਗੋਲਡਾ ਜਾਣਦੀ ਸੀ, ਇਹ ਰਸਤਾ ਖੁਦਕਸ਼ੀ ਦਾ ਹੈ। ਉਸ ਨੂੰ ਬੁਜ਼ਦਿਲ ਕਿਹਾ ਗਿਆ, ਪਰਵਾਹ ਨਹੀਂ! ਹਾਂ, ਹਥਿਆਰਬੰਦ ਅਰਬਾਂ ਦੀ ਟੋਲੀ ਸਾਹਮਣਿਓਂ ਹਮਲਾ ਕਰਨ ਆ ਰਹੀ ਹੈ, ਡਟ ਕੇ ਮੁਕਾਬਲਾ ਕਰੋ। ਬੰਬ ਰੱਖਦਾ ਕੋਈ ਅਰਬ ਫੜਿਆ ਗਿਆ, ਗੋਲੀ ਨਾਲ ਫੁੰਡ ਦਿਉ ਪਰ ਇਸ ਕਸੂਰ ਕਰ ਕੇ ਕੋਈ ਅਰਬ ਨਹੀਂ ਮਾਰਨਾ ਕਿ ਇਹ ਮੁਸਲਮਾਨ ਹੈ।

ਮੁਫਤੀ ਨੇ ਫਤਵਾ ਸੁਣਾਇਆ- ਫਲਸਤੀਨ ਵਿਚ ਮੁਸਲਮਾਨ ਮੁਕੰਮਲ ਹੜਤਾਲ ਕਰਨ, ਯਹੂਦੀ ਡਗਮਗਾ ਜਾਣਗੇ। ਬੰਦਰਗਾਹ, ਟਰੱਕ, ਬੱਸਾਂ, ਖੇਤੀ ਸਭ ਬੰਦ। ਗੋਲਡਾ ਨੇ ਐਲਾਨ ਕੀਤਾ, "ਜੱਦਾਹ ਦੀ ਬੰਦਰਗਾਹ ਬੰਦ ਹੋ ਗਈ ਹੈ, ਅਸੀਂ ਤਲ-ਅਵੀਵ ਨਵੀਂ ਬੰਦਰਗਾਹ ਬਣਾਵਾਂਗੇ। ਹਥਿਆਰਬੰਦ ਯਹੂਦੀ ਰੇਲਾਂ ਅਤੇ ਟਰੱਕ ਚਲਾਉਣਗੇ, ਅਸੀਂ ਖੇਤਾਂ ਵਿਚ ਦੁੱਗਣਾ ਸਮਾਂ ਲਾਵਾਂਗੇ, ਕੋਈ ਰੋਕ ਕੇ ਦਿਖਾਏ। ਅਰਬਾਂ ਦੇ ਸਾਰੇ ਕੰਮ ਅਸੀਂ ਸੰਭਾਲਾਂਗੇ।"

ਗੁਰੀਓਂ ਨੇ 1937 ਵਿਚ ਗੋਲਡਾ ਨੂੰ ਅਮਰੀਕਾ ਫੰਡ ਇੱਕਠੇ ਕਰਨ ਲਈ ਭੇਜਿਆ ਤਾਂ ਕਿ ਤਲ-ਅਵੀਵ ਬੰਦਰਗਾਹ ਕਾਇਮ ਕਰ ਕੇ ਯਹੂਦੀ ਆਪਣਾ ਵਪਾਰ ਸ਼ੁਰੂ ਕਰ ਸਕਣ। ਦੋ ਹਜ਼ਾਰ ਸਾਲ ਪਹਿਲਾਂ ਯਹੂਦੀ ਸ਼ਿਪਿੰਗ ਜਾਣਦੇ ਸਨ ਪਰ ਲੰਮਾ ਸਮਾਂ, ਉਜੜ ਕੇ ਮੈਦਾਨਾਂ ਵਿਚ ਵੱਸਣ ਕਾਰਨ ਭੁੱਲ ਗਏ ਸਨ। ਪਹਿਲਾ ਜਹਾਜ਼ ਖਰੀਦਣ ਲਈ ਪੈਸੇ ਚਾਹੀਦੇ ਸਨ। ਫੈਸਲਾ ਹੋਇਆ, ਇਸ ਦਾ ਨਾਮ ਨਕਸ਼ੋਂ ਰੱਖਾਂਗੇ। ਜਦੋਂ ਮਿਸਰ ਵਿਚੋਂ ਉਜੜਨ ਵੇਲੇ ਪੈਗੰਬਰ ਮੂਸਾ ਨੇ ਕਿਹਾ, ਲਾਲ ਸਾਗਰ ਵਿਚ ਕੁੱਦ ਪਵੋ, ਹੁਕਮ ਮੰਨਦਿਆਂ ਜਿਸ ਬੱਚੇ ਨੇ ਸਭ ਤੋਂ ਪਹਿਲਾਂ ਛਾਲ ਮਾਰੀ, ਉਸ ਦਾ ਨਾਮ ਨਕਸ਼ੋਂ ਸੀ। ਲੱਕੜ ਦੇ ਫੱਟਿਆਂ ਨਾਲ ਬੰਦਰਗਾਹ ਤਿਆਰ ਕੀਤੀ। ਜਦੋਂ ਪਹਿਲਾ ਜਹਾਜ਼ ਤਲ-ਅਵੀਵ ਪੁੱਜਾ, ਹਜ਼ਾਰਾਂ ਯਹੂਦੀ ਦੇਖਣ ਆਏ। ਉਨ੍ਹਾਂ ਦਾ ਸੁਫਨਾ ਸਾਕਾਰ ਹੋ ਗਿਆ। ਗੀਤ ਗਾਏ, ਨੱਚੇ, ਪੂਰਾ ਤਿਉਹਾਰ। ਇਕ ਦਿਨ ਉਨ੍ਹਾਂ ਦੀ ਨੇਵੀ ਫਲੀਟ ਵੀ ਬਣ ਜਾਏਗੀ। ਉਦੋਂ ਕਿਸੇ ਨੂੰ ਇਹ ਖਿਆਲ ਨਹੀਂ ਸੀ ਕਿ ਨਾਜ਼ੀ ਕੈਂਪਾਂ ਵਿਚ ਬੰਦੀ ਯੂਰਪੀ ਯਹੂਦੀ ਇਸੇ ਬੰਦਰਗਾਹ ਉਤੇ ਆ ਕੇ ਉਤਰਨਗੇ।

1936 ਵਿਚ ਬਰਤਾਨੀਆਂ ਦੇ ਪੀਲ ਕਮਿਸ਼ਨ ਨੇ ਫਲਸਤੀਨ ਦਾ ਦੌਰਾ ਕੀਤਾ ਤੇ ਲਿਖਿਆ ਕਿ ਫਲਸਤੀਨ ਦੇ ਦੋ ਟੁਕੜੇ ਕਰ ਦਿੱਤੇ ਜਾਣ। ਦੋ ਹਜ਼ਾਰ ਵਰਗ ਮੀਲ ਰਕਬਾ ਯਹੂਦੀਆਂ ਨੂੰ ਮਿਲੇ, ਬਾਕੀ ਦਾ ਅਰਬਾਂ ਨੂੰ। ਯੋਰੋਸ਼ਲਮ ਨੂੰ ਜਾਣ ਵਾਸਤੇ ਕੌਮਾਂਤਰੀ ਲਾਂਘਾ ਦਿੱਤਾ ਜਾਵੇ। ਗੋਲਡਾ ਨੇ ਇਸ ਪੇਸ਼ਕਸ਼ 'ਤੇ ਇਤਰਾਜ਼ ਉਠਾਉਂਦਿਆਂ ਕਿਹਾ, "ਇੰਨਾ ਘੱਟ ਰਕਬਾ? ਬਾਕੀ ਸਾਰਾ ਫਲਸਤੀਨੀ ਅਰਬਾਂ ਨੂੰ? ਵੱਡੇ ਹੋ ਕੇ ਮੇਰੇ ਬੱਚੇ ਮੈਨੂੰ ਪੁੱਛਣਗੇ- ਮਾਂ ਤੂੰ ਇੰਨਾ ਵੱਡਾ ਦੇਸ਼ ਛੱਡਣ ਦੇ ਫੈਸਲੇ 'ਤੇ ਦਸਤਖਤ ਕੀਤੇ?" ਬਹੁਤ ਸਾਰੇ ਹੋਰ ਨੇਤਾ ਵੀ ਇਹੀ ਕਹਿ ਰਹੇ ਸਨ ਪਰ ਬਿਨ ਗੁਰਿਓਂ ਨੇ ਸਹਿਮਤੀ ਦਿੰਦਿਆ ਕਿਹਾ- ਕੁਝ ਤਾਂ ਮਿਲੇਗਾ, ਹੁਣ ਤਾਂ ਕੁਝ ਵੀ ਨਹੀਂ। ਸਾਨੂੰ ਜ਼ੀਰੋ ਤੋਂ ਅੱਗੇ ਨਹੀਂ ਵਧਣਾ ਚਾਹੀਦਾ? ਉਸ ਦੀ ਗੱਲ ਵਿਚ ਦਮ ਸੀ। ਮੰਨ ਗਏ ਪਰ ਅਰਬ ਨਹੀਂ ਮੰਨੇ। ਅਰਬਾਂ ਨੇ ਕਦੀ ਆਪਣਾ ਫਾਇਦਾ ਨਹੀਂ ਸੋਚਿਆ। ਉਹ ਸੋਚਦੇ ਸਨ, ਯਹੂਦੀਆਂ ਦਾ ਨੁਕਸਾਨ ਕਿਵੇਂ ਹੋਵੇ। ਜੇ ਪੀਲ ਪਲੈਨ ਮੰਨੀ ਜਾਂਦੀ, ਲੱਖਾਂ ਯਹੂਦੀ ਦੂਜੀ ਜੰਗ ਵਿਚ ਮਰਨੋਂ ਬਚ ਕੇ ਇਥੇ ਆ ਪੁਜਦੇ। ਅੰਗਰੇਜ਼ਾਂ ਨੇ ਕੋਟਾ ਮਿਥਿਆ ਹੋਇਆ ਸੀ ਜਿਸ ਤੋਂ ਵਧੀਕ ਗਿਣਤੀ ਦੇ ਸ਼ਰਨਾਰਥੀ ਯਹੂਦੀਆਂ ਨੂੰ ਬੰਦਰਗਾਹ ਤੋਂ ਵਾਪਸ ਭੇਜ ਦਿੰਦੇ ਸਨ; ਯਾਨਿ ਜੇ ਯਹੂਦੀਆਂ ਦਾ ਜਿਉਣ ਨੂੰ ਜੀ ਕਰੇ, ਉਨ੍ਹਾਂ ਨੂੰ ਇਹ ਹੱਕ ਨਾ ਦਿੱਤਾ ਜਾਏ।

1938 ਵਿਚ ਅਮਰੀਕਾ ਵਿਚ 32 ਦੇਸ਼ਾਂ ਦੇ ਨੁਮਾਇੰਦੇ ਆਏ ਜਿਨ੍ਹਾਂ ਨੇ ਯਹੂਦੀਆਂ ਦੇ ਫਲਸਤੀਨ ਵਿਚ ਦਾਖਲੇ ਦਾ ਕੋਟਾ ਨਿਸ਼ਚਿਤ ਕਰਨਾ ਸੀ। ਗੋਲਡਾ ਗਈ, ਸੁਣਦੀ ਰਹੀ। ਸਭ ਫਲਸਫਾ ਝਾੜਦੇ ਰਹੇ। ਕੋਈ ਲਾਭਦਾਇਕ ਫੈਸਲਾ ਨਾ ਹੋਇਆ। ਪ੍ਰੈਸ ਨੇ ਪੁੱਛਿਆ, "ਮੈਡਮ ਤੁਸੀਂ ਕੀ ਕਹਿਣਾ ਚਾਹੋਗੇ?" ਗੋਲਡਾ ਬੋਲੀ, "ਮੇਰੀ ਯਹੂਦੀਆਂ ਅੱਗੇ ਅਪੀਲ ਹੈ, ਦੁਨੀਆਂ ਦੇ ਕਿਸੇ ਦੇਸ਼ ਤੋਂ ਹਮਦਰਦੀ ਦੀ ਆਸ ਨਾ ਰੱਖਣ, ਰੱਬ ਤੋਂ ਇਲਾਵਾ ਸਾਡਾ ਹਮਦਰਦ ਕੋਈ ਨਹੀਂ ਹੈ।"

ਬਰਤਾਨੀਆ ਨੇ ਕੋਟੇ ਬਾਰੇ ਜਿਹੜਾ ਵ੍ਹਾਈਟ ਪੇਪਰ ਜਾਰੀ ਕੀਤਾ, ਗੁਰਿਓਂ ਨੇ ਰੱਦ ਕਰ ਦਿੱਤਾ। ਸਤੰਬਰ 1939 ਨੂੰ ਦੂਜਾ ਵਿਸ਼ਵ ਯੁੱਧ ਛਿੜ ਗਿਆ। ਗੁਰਿਓਂ ਦਾ ਐਲਾਨ ਆਇਆ, "ਅਸੀਂ ਹਿਟਲਰ ਵਿਰੁਧ ਇਉਂ ਲੜਾਂਗੇ, ਜਿਵੇਂ ਵਾਈਟ ਪੇਪਰ ਹੈ ਈ ਨਹੀਂ; ਅਸੀਂ ਵ੍ਹਾਈਟ ਪੇਪਰ ਵਿਰੁਧ ਇਉਂ ਲੜਾਂਗੇ, ਜਿਵੇਂ ਹਿਟਲਰ ਹੈ ਹੀ ਨਹੀਂ।"

ਨਾਜ਼ੀਆਂ ਵਿਰੁਧ ਖੂਨੀ ਜੰਗ ਲੜਦੇ ਬਰਤਾਨੀਆ ਨੂੰ ਯਹੂਦੀਆਂ ਦੀ ਨਸਲਕੁਸ਼ੀ ਦਾ ਫਿਕਰ ਨਹੀਂ ਸੀ, ਹਾਲਾਂਕਿ ਬਰਤਾਨੀਆ ਵਲੋਂ ਲੜ ਰਹੇ ਸਨ। ਜਾਨ ਬਚਾ ਕੇ ਫਲਸਤੀਨ ਆਉਂਦੇ ਯਹੂਦੀਆਂ ਦੇ ਰਸਤੇ ਵਿਚ ਬਰਤਾਨੀਆ ਦੀਵਾਰ ਬਣ ਰਿਹਾ ਸੀ। 1935 ਦਾ ਵ੍ਹਾਈਟ ਪੇਪਰ ਮੌਤ ਦਾ ਵਾਰੰਟ ਸੀ ਜਿਹੜਾ ਅਜਨਬੀਆਂ ਨੇ ਤਿਆਰ ਕੀਤਾ। ਅਰਬ ਨਹੀਂ ਸਨ ਚਾਹੁੰਦੇ ਕਿ ਫਲਸਤੀਨ ਵਿਚ ਯਹੂਦੀਆਂ ਦੀ ਗਿਣਤੀ ਵਧੇ। ਅਰਬ, ਨਾਜ਼ੀਆਂ ਦੇ ਹਮਾਇਤੀ ਸਨ, ਤਾਂ ਵੀ ਬਰਤਾਨੀਆ ਅਰਬਾਂ ਦੀ ਗੱਲ ਮੰਨ ਰਿਹਾ ਸੀ। ਉਦੋਂ ਯਹੂਦੀ ਨਾ ਵੱਖਰਾ ਦੇਸ਼ ਮੰਗ ਰਹੇ ਸਨ, ਨਾ ਆਜ਼ਾਦੀ ਦਾ ਭਰੋਸਾ; ਨਾ ਅੰਨ, ਨਾ ਧਨ, ਨਾ ਹਥਿਆਰ। ਉਨ੍ਹਾਂ ਦੀ ਕੇਵਲ ਇਹੀ ਫਰਿਆਦ ਸੀ ਕਿ ਯਹੂਦੀਆਂ ਨੂੰ ਫਲਸਤੀਨ ਆਉਣ ਦਿਉ। ਫਲਸਤੀਨ ਦੇ ਗਰੀਬ ਯਹੂਦੀ, ਰਫਿਊਜੀਆਂ ਨਾਲ ਵੰਡ ਕੇ ਰੁੱਖੀ-ਮਿੱਸੀ ਖਾ ਲੈਣਗੇ। ਯਹੂਦੀਆਂ ਦੇ ਕਤਲੇਆਮ ਵਿਰੁਧ ਕਿਸੇ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ।

ਫਲਸਤੀਨ ਵਿਚੋਂ ਇਕ ਲੱਖ ਤੀਹ ਹਜ਼ਾਰ ਜੁਆਨ ਯਹੂਦੀ ਭਰਤੀ ਹੋ ਗਏ। ਬਰਤਾਨੀਆ ਚਾਹੁੰਦਾ ਨਹੀਂ ਸੀ, ਪਰ ਉਹਨੂੰ ਰਕਰੂਟਾਂ ਦੀ ਲੋੜ ਪੈ ਗਈ, ਤੇ ਯਹੂਦੀਆਂ ਵਰਗੇ ਭਰੋਸੇਯੋਗ ਸਿਪਾਹੀ ਹੋਰ ਮਿਲ ਨਹੀਂ ਸਕਦੇ ਸਨ। ਇਸ ਖਤਰਨਾਕ ਸਮੇਂ ਵਿਚ ਵੀ ਯਹੂਦੀਆਂ ਨੂੰ ਵਧੇਰੇ ਕਰ ਕੇ ਡਰਾਈਵਰ, ਕੁੱਕ, ਸਫਾਈ ਸੇਵਕ ਵਜੋਂ ਕੰਮ ਦਿੱਤੇ ਜਾਂਦੇ ਤਾਂ ਕਿ ਉਨ੍ਹਾਂ ਹੱਥ ਵਧੀਕ ਹਥਿਆਰ ਨਾ ਆ ਸਕਣ। ਉਨ੍ਹਾਂ ਨੂੰ 'ਦੇਸੀ' ਕਿਹਾ ਜਾਂਦਾ ਜਿਸ ਦਾ ਮਤਲਬ ਹੁੰਦਾ ਮਾਮੂਲੀ ਤਨਖਾਹ, ਘਟੀਆ ਖਾਣਾ।


ਹਿਟਲਰ

**ਬਰਤਾਨੀਆਂ ਨੇ ਕੋਟੇ ਬਾਰੇ ਜਿਹੜਾ ਵ੍ਹਾਈਟ ਪੇਪਰ ਜਾਰੀ ਕੀਤਾ, ਗੁਰਿਓਂ ਨੇ ਰੱਦ ਕਰ ਦਿੱਤਾ। ਸਤੰਬਰ 1939 ਨੂੰ ਦੂਜਾ ਵਿਸ਼ਵ ਯੁੱਧ ਛਿੜ ਗਿਆ। ਗੁਰਿਓਂ ਦਾ ਐਲਾਨ ਆਇਆ, "ਅਸੀਂ ਹਿਟਲਰ ਵਿਰੁਧ ਇਉਂ ਲੜਾਂਗੇ ਜਿਵੇਂ ਵ੍ਹਾਈਟ ਪੇਪਰ ਹੈ ਈ ਨਹੀਂ, ਅਸੀਂ ਵ੍ਹਾਈਟ ਪੇਪਰ ਵਿਰੁਧ ਇਉਂ ਲੜਾਂਗੇ ਜਿਵੇਂ ਹਿਟਲਰ ਹੈ ਹੀ ਨਹੀਂ।"... ਨਾਜ਼ੀਆਂ ਵਿਰੁਧ ਖੂਨੀ ਜੰਗ ਲੜਦੇ ਬਰਤਾਨੀਆ ਨੂੰ ਯਹੂਦੀਆਂ ਦੀ ਨਸਲਕੁਸ਼ੀ ਦਾ ਫਿਕਰ ਨਹੀਂ ਸੀ ਹਾਲਾਂਕਿ ਬਰਤਾਨੀਆ ਵਲੋਂ ਲੜ ਰਹੇ ਸਨ। ਜਾਨ ਬਚਾ ਕੇ ਫਲਸਤੀਨ ਆਉਂਦੇ ਯਹੂਦੀਆਂ ਦੇ ਰਸਤੇ ਵਿਚ ਲੋਹੇ ਦੀ ਦੀਵਾਰ ਬਰਤਾਨੀਆ ਬਣ ਰਿਹਾ ਸੀ। ਸਾਲ 1935 ਦਾ ਵ੍ਹਾਈਟ ਪੇਪਰ ਮੌਤ ਦਾ ਵਾਰੰਟ ਸੀ ਜਿਹੜਾ ਅਜਨਬੀਆਂ ਨੇ ਤਿਆਰ ਕੀਤਾ।**

ਇਜ਼ਰਾਈਲ ਆਜ਼ਾਦ ਹੋਇਆ ਤਾਂ ਜਰਮਨੀ ਨੇ ਰਾਲਫ ਪਾਲ ਨੂੰ ਰਾਜਦੂਤ ਨਿਯੁਕਤ ਕੀਤਾ। ਗੋਲਡਾ ਨਹੀਂ ਚਾਹੁੰਦੀ ਸੀ, ਅਜਿਹਾ ਬੰਦਾ ਰਾਜਦੂਤ ਵਜੋਂ ਆਏ ਜਿਸ ਨੇ ਯੁੱਧ ਵਿਚ ਹਿੱਸਾ ਲਿਆ ਹੋਵੇ। ਪਾਲ ਨਾ ਸਿਰਫ ਸੈਨਾ ਵਿਚ ਲੜਿਆ ਸੀ ਸਗੋਂ ਯੁੱਧ ਵਿਚ ਉਸ ਦੀ ਇਕ ਬਾਂਹ ਕੱਟੀ ਗਈ ਸੀ; ਪਰ ਜਰਮਨੀ ਬਜ਼ਿਦ ਸੀ ਕਿ ਉਹੀ ਰਾਜਦੂਤ ਹੋਵੇਗਾ। ਜਦੋਂ ਇਜ਼ਰਾਈਲ ਵਿਚ ਆ ਕੇ ਉਸ ਨੇ ਦਫਤਰ ਹਾਜ਼ਰੀ ਲਾਈ, ਯਹੂਦੀਆਂ ਨੇ ਉਸ ਵਿਰੁਧ ਭਾਰੀ ਦਿਖਾਵੇ ਕੀਤੇ, ਜਲੂਸ ਕੱਢੇ। ਰਾਜਦੂਤ ਗੋਲਡਾ ਨੂੰ ਮਿਲਣ ਵਾਸਤੇ ਆਇਆ, ਤਾਂ ਗੋਲਡਾ ਨੇ ਕਿਹਾ, "ਇਥੇ ਇਕ ਵੀ ਪਰਿਵਾਰ ਅਜਿਹਾ ਨਹੀਂ ਜਿਹੜਾ ਨਾਜ਼ੀਆਂ ਦੇ ਕਹਿਰ ਤੋਂ ਬਚਿਆ ਹੋਵੇ। ਬੱਚਿਆਂ ਨੂੰ ਕਿਵੇਂ ਕੋਹ-ਕੋਹ ਕੇ ਮਾਰਿਆ ਗਿਆ, ਕਿਵੇਂ ਥੋਕ ਵਿਚ ਮਨੁੱਖੀ ਜਿਸਮ ਸਾੜੇ ਗਏ, ਕਿਵੇਂ ਮਨੁੱਖਾਂ ਉਪਰ ਵਿਗਿਆਨਕ ਤਜਰਬੇ ਕੀਤੇ ਗਏ, ਇਹ ਲੋਕ ਸੁਫਨੇ ਵਿਚ ਚੀਕਾਂ ਮਾਰਦੇ ਹਨ। ਡਾਇਨਿੰਗ ਟੇਬਲ ਉਪਰ ਖਾਣਾ ਪਰੋਸਦੀ ਕਿਸੇ ਵੇਟਰ ਔਰਤ ਦੇ ਬਾਜੂ ਉਪਰ ਸੱਠ ਲੱਖ ਦੀ ਗਿਣਤੀ ਖੁਣੀ ਦੇਖ ਕੇ ਤੂੰ ਕੀ ਸੋਚੇਂਗਾ?"

ਪਾਲ ਨੇ ਕਿਹਾ, "ਇਥੇ ਜਿਹੜੀ ਸੱਠ ਲੱਖ ਸ਼ਹੀਦਾਂ ਦੀ ਯਾਦਗਾਰ ਦਾ ਸਮਾਰਕ ਹੈ, ਪਹਿਲਾਂ ਮੈਂ ਉਥੇ ਜ਼ਿਆਰਤ ਕਰ ਕੇ ਫਿਰ ਤੁਹਾਡੇ ਕੋਲ ਆਇਆਂ। ਜਿਹੜਾ ਜਰਮਨ ਇਜ਼ਰਾਈਲ ਆਇਆ ਕਰੇਗਾ, ਮੈਂ ਉਸ ਨੂੰ ਕਿਹਾ ਕਰਾਂਗਾ- ਪਹਿਲਾਂ ਸ਼ਹੀਦਾਂ ਦੀ ਯਾਦਗਾਰ ਦੇਖ ਕੇ ਆ।"

ਪਾਲ ਜਿੰਨਾ ਚਿਰ ਇਜ਼ਰਾਈਲ ਵਿਚ ਰਿਹਾ, ਵਾਅਦਾ ਨਿਭਾਇਆ। ਜਦੋਂ ਇਜ਼ਰਾਈਲ ਨੇ ਅਰਬਾਂ ਖਿਲਾਫ ਛੇ ਦਿਨਾਂ ਦੀ ਜੰਗ ਜਿੱਤ ਲਈ ਤਾਂ ਰੂਸ ਨੇ ਯੂਗੋਸਲਾਵੀਆ ਰਾਹੀਂ ਯੂ.ਐਨ.ਓ. ਵਿਚ ਮਤਾ ਪੇਸ਼ ਕੀਤਾ ਕਿ ਇਜ਼ਰਾਈਲ ਜਿੱਤੇ ਹੋਏ ਇਲਾਕੇ ਅਰਬਾਂ ਨੂੰ ਵਾਪਸ ਕਰੇ। ਫਰਾਂਸ ਇਸ ਮਤੇ ਦੇ ਹੱਕ ਵਿਚ ਸੀ ਅਤੇ ਫਰੈਂਚ ਬੋਲਦੇ ਅਫਰੀਕੀ ਦੇਸ਼ਾਂ ਉਪਰ ਦਬਾਅ ਪਾ ਰਿਹਾ ਸੀ ਕਿ ਮਤੇ ਦੀ ਹਮਾਇਤ ਕਰਨ।

ਇਜ਼ਰਾਈਲੀ ਖੁਫੀਆ ਗਾਰਦ ਨੇ 1960 ਵਿਚ ਅਰਜਨਟਾਈਨਾ ਵਿਚ ਛੁਪੇ ਆਇਖਮਾਨ ਨੂੰ ਫੜ੍ਹ ਕੇ ਇਜ਼ਰਾਈਲ ਪੁਚਾ ਦਿੱਤਾ। ਇਹ ਉਹੀ ਬੰਦਾ ਹੈ ਜਿਸ ਨੇ ਗੈਸ ਚੈਂਬਰਾਂ ਅਤੇ ਅਗਨ ਕੁੰਡਾਂ ਵਿਚ ਸੱਠ ਲੱਖ ਯਹੂਦੀ ਮਾਰੇ। ਅਰਜਨਟਾਈਨਾ ਨੇ ਇਜ਼ਰਾਈਲ ਸਟੇਟ ਦੀ ਇਸ ਗੁੰਡਾਗਰਦੀ ਖਿਲਾਫ ਯੂ.ਐਨ.ਓ. ਵਿਚ ਸ਼ਿਕਾਇਤ ਦਰਜ ਕਰਵਾਈ। ਗੋਲਡਾ ਇਸ ਕੇਸ ਦੀ ਪੈਰਵਾਈ ਕਰਨ ਗਈ। ਇਸ ਨਿਊਰਮਬਰਗ ਮੁਕੱਦਮੇ ਦੀ ਕਾਰਵਾਈ ਦੌਰਾਨ ਆਇਖਮਾਨ ਦੇ ਵਕੀਲ ਵਿਸਲਿਸਨੀ ਨੇ ਇਹ ਬਿਆਨ ਦਰਜ ਕਰਾਇਆ: 1940 ਵਿਚ ਜਰਮਨ ਸਰਕਾਰ ਨੇ ਫੈਸਲਾ ਕੀਤਾ ਕਿ ਕਬਜ਼ੇ ਵਿਚ ਆਏ ਯੂਰਪ ਦੇ ਸਾਰੇ ਦੇਸ਼ਾਂ ਦੇ ਯਹੂਦੀ ਇਕ ਥਾਂ ਇਕੱਠੇ ਕੀਤੇ ਜਾਣ। ਪੋਲੈਂਡ ਤਸੀਹਾ ਕੈਂਪਾਂ ਦਾ ਕੇਂਦਰ ਬਣਿਆ, ਜਿਥੇ 1942 ਤੱਕ ਬੇਸ਼ੁਮਾਰ ਯਹੂਦੀ ਕੰਡਿਆਲੀ ਤਾਰ ਦੀ ਵਲਗਣ ਵਿਚ ਘਿਰ ਗਏ। ਫਿਰ ਯਹੂਦੀ ਮਸਲੇ ਦਾ ਅੰਤਿਮ ਹੱਲ ਸ਼ੁਰੂ ਹੋਇਆ ਜਿਸ ਤਹਿਤ ਯਹੂਦੀਆਂ ਦਾ ਬੀਜਨਾਸ ਕਰਨਾ ਸੀ। ਅੰਤਮ ਹੱਲ ਦਾ ਦੌਰ 1944 ਤੱਕ ਚੱਲਿਆ ਤੇ ਅਕਤੂਬਰ ਵਿਚ ਖਤਮ ਹੋਇਆ। ਹਿਮਲਰ ਨੂੰ ਪੁੱਛਿਆ ਗਿਆ, "ਸੈਕਸ਼ਨ ਚਾਰ ਏ ਚਾਰ ਤਹਿਤ ਕੀ ਹੁਕਮ ਸੀ?" ਉਸ ਨੇ ਦੱਸਿਆ, "ਹਾਂ, ਅੰਤਿਮ ਹੱਲ ਦਾ ਮਤਲਬ ਯਹੂਦੀਆਂ ਦਾ ਮੁਕੰਮਲ ਸਫਾਇਆ ਸੀ।"

ਇਸ ਅੰਤਮ ਹੱਲ ਦੌਰਾਨ ਜਰਮਨੀ, ਫਰਾਂਸ, ਬੈਲਜੀਅਮ, ਹਾਲੈਂਡ, ਪੋਲੈਂਡ, ਲਕਸਮਬਰਗ, ਸੋਵੀਅਤ ਦੇਸ਼, ਹੰਗਰੀ, ਯੂਗੋਸਲਾਵੀਆ, ਯੂਨਾਨ, ਇਟਲੀ, ਚੈਕੋਸਲੋਵਾਕੀਆ, ਆਸਟਰੀਆ, ਰੁਮਾਨੀਆ ਅਤੇ ਬਲਗਾਰੀਆ ਦੇਸ਼ਾਂ ਦੇ ਸੱਠ ਲੱਖ ਯਹੂਦੀ ਕਤਲ ਕੀਤੇ। ਇਨ੍ਹਾਂ ਵਿਚ ਵੱਖ-ਵੱਖ ਰੰਗਾਂ ਸੁਗੰਧੀਆਂ ਦੀਆਂ ਤੀਹ ਹਜ਼ਾਰ ਕੌਮੀਅਤਾਂ ਖਤਮ ਹੋਈਆਂ ਜਿਨ੍ਹਾਂ ਨੇ ਆਰਟ, ਸਾਹਿਤ ਅਤੇ ਵਿਗਿਆਨ ਦੇ ਖੇਤਰ ਵਿਚ ਦੁਨੀਆਂ ਨੂੰ ਦੇਵ-ਕੱਦ ਸ਼ਖਸ ਦਿੱਤੇ ਸਨ। ਇਨ੍ਹਾਂ ਵਿਚ ਦਸ ਲੱਖ ਬੱਚੇ ਸਨ- ਦੁਨੀਆਂ ਦਾ ਭਵਿੱਖ, ਇਹ ਭਵਿੱਖ ਖਤਮ ਹੋਇਆ। ਪੰਦਰਾਂ ਸਾਲ ਜਾਅਲੀ ਪਾਸਪੋਰਟ 'ਤੇ ਆਇਖਮਾਨ ਗ਼ੈਰ-ਕਾਨੂੰਨੀ ਢੰਗ ਨਾਲ ਵੱਖ-ਵੱਖ ਦੇਸ਼ਾਂ ਵਿਚ ਰਹਿੰਦਾ ਰਿਹਾ, ਇਸ ਵਿਰੁਧ ਕੋਈ ਤੂਫਾਨ ਨਹੀਂ ਉਠਿਆ। ਅਰਜਨਟਾਈਨਾ ਨੂੰ ਇਤਰਾਜ਼ ਸੀ ਕਿ ਲੱਭ ਕੇ ਯਹੂਦੀਆਂ ਨੇ ਉਸ ਨੂੰ ਫੜਿਆ ਕਿਉਂ! ਉਹ ਉਸ ਦੇਸ਼ ਵਿਚ ਪੁੱਜ ਗਿਆ ਜਿਥੇ ਸੱਠ ਲੱਖ ਯਹੂਦੀ ਪੁੱਜਣਾ ਚਾਹੁੰਦੇ ਸਨ ਪਰ ਕਬਰਸਿਤਾਨ ਵਿਚ ਇਹ ਗੀਤ ਗਾਉਂਦੇ-ਗਾਉਂਦੇ ਪੁੱਜੇ- ਸਾਡਾ ਵਿਸ਼ਵਾਸ ਹੈ, ਮਸੀਹਾ ਆਏਗਾ। ਦੁਨੀਆਂ ਨੂੰ ਖਤਰਾ ਆਜ਼ਾਦ ਘੁੰਮਦੇ ਆਇਖਮਾਨ ਤੋਂ ਸੀ ਕਿ ਗ੍ਰਿਫਤਾਰ ਕੀਤੇ ਗਏ ਖੂੰਖਾਰ ਕਾਤਲ ਤੋਂ?

ਇਕ ਲੱਖ ਬਚ ਗਏ ਯਹੂਦੀ ਇਕ ਦਮ ਯੂਰਪ ਵਿਚੋਂ ਫਲਸਤੀਨ ਵਿਚ ਆਉਣਾ ਚਾਹੁੰਦੇ ਸਨ। ਜੰਗ ਖਤਮ ਹੋਣ ਪਿਛੋਂ ਬਰਤਾਨੀਆ ਵਿਚ ਐਟਲੀ ਦੀ ਲੇਬਰ ਸਰਕਾਰ ਤਾਕਤ ਵਿਚ ਆ ਗਈ। ਲਗਦਾ ਸੀ, ਇਹ ਦੁਖੀਆਂ ਦੀ ਬਾਂਹ ਫੜੇਗੀ ਪਰ ਵਿਅਰਥ। ਜਦੋਂ ਯਹੂਦੀਆਂ ਦਾ ਦਬਾਅ ਬਹੁਤ ਵਧ ਗਿਆ, ਐਟਲੀ ਨੇ ਅਮਰੀਕਾ ਦੀ ਸਲਾਹ ਮੰਗੀ। ਫਿਰ ਐਂਗਲੋ-ਅਮਰੀਕਨ ਕਮੇਟੀ ਬਣੀ। ਇਸ ਕਮੇਟੀ ਨੇ ਕੰਮ ਕਰਨਾ ਸ਼ੁਰੂ ਹੀ ਕੀਤਾ ਸੀ ਕਿ ਇਟਲੀ ਨੇ 1014 ਯਹੂਦੀਆਂ ਨੂੰ ਫਲਸਤੀਨ ਲਿਆਉਂਦਾ ਸਮੁੰਦਰੀ ਜਹਾਜ਼ ਘੇਰ ਲਿਆ ਕਿ ਇਹ ਨਾਜਾਇਜ਼ ਘੁਸਪੈਠ ਕਰ ਰਿਹਾ ਹੈ। ਯਾਤਰੀਆਂ ਨੇ ਭੁੱਖ ਹੜਤਾਲ ਕਰ ਦਿੱਤੀ। ਇੱਧਰ ਇਟਲੀ ਦੀ ਗੁੰਡਾਗਰਦੀ ਵਿਰੁਧ ਫਲਸਤੀਨੀ ਯਹੂਦੀਆਂ ਨੇ ਭੁੱਖ ਹੜਤਾਲ ਕਰ ਦਿੱਤੀ। ਗੋਲਡਾ ਬਰਤਾਨੀਆ ਦੇ ਫਲਸਤੀਨ ਵਿਚ ਤਾਇਨਾਤ ਚੀਫ ਸਕੱਤਰ ਨੂੰ ਮਿਲੀ ਤੇ ਕਿਹਾ, "ਸ੍ਰੀਮਾਨ, ਬਰਤਾਨੀਆ ਸਰਕਾਰ ਨੂੰ ਦੱਸੋ ਕਿ ਅਸੀਂ ਉਦੋਂ ਤੱਕ ਖਾਣਾ ਨਹੀਂ ਖਾਵਾਂਗੇ ਜਦੋਂ ਤੱਕ ਗ੍ਰਿਫਤਾਰ ਜਹਾਜ ਫਲਸਤੀਨ ਨਹੀਂ ਪੁੱਜਦਾ।" ਸਕੱਤਰ ਨੇ ਕਿਹਾ, "ਗੋਲਡਾ, ਤੁਹਾਨੂੰ ਲਗਦੈ ਕਿ ਤੁਹਾਡੇ ਵਰਤ ਸਦਕਾ ਹਿਜ਼ ਮੈਜੇਸਟੀ ਦੀ ਸਰਕਾਰ ਆਪਣੀ ਨੀਤੀ ਬਦਲ ਲਏਗੀ?" ਗੋਲਡਾ ਨੇ ਕਿਹਾ, "ਨਹੀਂ, ਮੈਨੂੰ ਕੋਈ ਗਲਤਫਹਿਮੀ ਨਹੀਂ, ਸੱਠ ਲੱਖ ਕਤਲਾਂ ਤੋਂ ਬਾਅਦ ਨੀਤੀ ਨਹੀਂ ਬਦਲੀ ਤਾਂ ਮੇਰੇ ਵਰਤ ਨਾਲ ਕਿਵੇਂ ਬਦਲ ਜਾਏਗੀ ਪਰ ਮੈਂ ਸਾਬਤ ਕਰਨਾ ਹੈ ਕਿ ਮੈਂ ਯਹੂਦੀਆਂ ਦੇ ਹੱਕ ਵਿਚ ਹਾਂ। ਸਾਨੂੰ ਮਾਰਨ ਲਈ ਫੌਜ ਭੇਜੋ।"

ਉਹੀ ਹੋਇਆ। ਇਕ ਲੱਖ ਅੰਗਰੇਜ਼ ਫੌਜੀ ਅਤੇ ਦੋ ਹਜ਼ਾਰ ਪੁਲਸੀਏ ਯਹੂਦੀਆਂ ਦੀ ਬਗਾਵਤ ਦਬਾਉਣ ਲਈ ਫਲਸਤੀਨ ਪੁੱਜ ਗਏ। ਤੰਬੂਆਂ ਵਿਚ ਦਿਨ ਕਟੀ ਕਰਦੇ ਰਫਿਊਜੀ ਘੇਰ ਲਏ। ਤਿੰਨ ਹਜ਼ਾਰ ਲੀਡਰ ਗ੍ਰਿਫਤਾਰ ਕਰ ਲਏ। ਇਸ ਸਖਤੀ ਦਾ ਮਤਲਬ ਸਦਾ ਲਈ ਯਹੂਦੀਆਂ ਨੂੰ ਫਲਸਤੀਨ ਆਉਣ ਤੋਂ ਰੋਕਣਾ ਸੀ। ਜਿਸ ਦਿਨ ਇਹ ਫੈਸਲਾ ਐਲਾਨਿਆ ਗਿਆ, ਉਸ ਨੂੰ ਕਾਲਾ ਸਨਿਚਰਵਾਰ ਕਿਹਾ ਜਾਂਦਾ ਹੈ। ਵਿਦੇਸ਼ ਵਿਚ ਹੋਣ ਕਰ ਕੇ ਕੇਵਲ ਗੁਰੀਓਂ ਬਚਿਆ, ਬਾਕੀ ਸਾਰੀ ਲੀਡਰਸ਼ਿਪ ਗ੍ਰਿਫਤਾਰ ਹੋ ਗਈ।

***(ਚਲਦਾ)***

# ਜਰਨੈਲ ਸਿੰਘ ਅਰਸ਼ੀ

***(ਸਫਾ 29 ਦੀ ਬਾਕੀ)***

ਇਸ 'ਤੇ ਚਾੜ੍ਹ ਕੇ ਤੈਨੂੰ ਪੁਚਾ ਦਿਆਂ ਮੈਂ।
(ਤੀਆਂ ਵਾਲੇ ਬਰੋਟੇ ਨੂੰ)

---

ਬੀਜ ਦਿਲ ਨੇ ਬੀਜਿਆ
ਨੈਣਾਂ ਨੇ ਪਾਣੀ ਪਾ ਦਿੱਤਾ।
ਇਨ੍ਹਾਂ ਦੋਹਾਂ ਦੀ ਮਿੰਨ੍ਹਤ ਨੇ
ਇਹ ਫਲ ਸਰੂ ਨੂੰ ਲਾ ਦਿੱਤਾ।
ਰੱਖੀਂ ਲੁਕਾ ਕੇ ਕੇਸ ਤੋਂ
ਮੈਲੀ ਹੈ ਅੱਖ ਸੰਸਾਰ ਦੀ।
ਇਹ ਅਮਾਨਤ ਭੋਲੀਏ ਹੈ
ਕਿਸੇ ਨਿੱਘੇ ਪਿਆਰ ਦੀ।
'ਕਾਰੂੰ' ਨੇ ਵੀ ਨਹੀਂ ਦੇਖੀਆਂ
ਇਹ ਦੌਲਤਾਂ ਅਣ-ਡਿੱਠੀਆਂ।
ਐਵੇਂ ਨਾ ਕੋਈ ਠੱਗ ਲਵੇ
ਕਰਕੇ ਤੇ ਗੱਲਾਂ ਮਿੱਠੀਆਂ।
ਨੇਕੀ ਜੇ ਰੱਖੇਂ ਸਾਂਭ ਕੇ,
ਤਾਂ ਭਾਗ ਇਹ ਬਣ ਜਾਣਗੇ।
ਪਰ ਜੇ ਲਾਂਬੂ ਲਾ ਲਿਆ
ਤਾਂ ਦਾਗ਼ ਇਹ ਬਣ ਜਾਣਗੇ।
ਇਹ ਮੁੱਢ ਅਗਲੇ ਯੁੱਗ ਦਾ
ਤੇ ਜ਼ਿੰਦਗੀ ਦਾ ਨੂਰ ਨੇ।
'ਅਰਸ਼ੀ' ਸਿਤਾਰੇ ਇਨ੍ਹਾਂ ਨੂੰ
ਚੁੰਮਣ ਦੇ ਲਈ ਮਜਬੂਰ ਨੇ।
(ਹਿੱਕ ਉਭਾਰ)

---

'ਅਰਸ਼ੀ' ਦੁਨੀਆਂ ਤੋਂ ਵੱਧ ਸੁਆਦ ਆਉਂਦਾ,
ਕੱਚੇ ਘੜੇ 'ਤੇ ਕਿਸੇ ਲਈ ਤਰਨ ਦੇ ਵਿਚ।
ਆਪਣੇ ਆਪ ਦੇ ਲਈ ਜਿਊਣ ਨਾਲੋਂ,
ਬਹੁਤਾ ਸੁਆਦ ਹੈ ਕਿਸੇ ਲਈ ਮਰਨ ਦੇ ਵਿਚ।
(ਪ੍ਰੀਤ-ਰੀਤ)

---

ਤੇਰੀ ਸਹੁੰ ਜੇਕਰ ਮੇਰੇ ਵਸ ਹੋਵੇ
ਚੰਨਾ! ਚੜ੍ਹਨੋਂ ਹੀ ਤੈਨੂੰ ਹਟਾ ਦੇਵਾਂ।
ਧੁਖਦੇ ਦਿਲ 'ਚੋਂ ਆਹ ਦਾ ਧੂੰ ਕੱਢ ਕੇ,
ਤੈਨੂੰ ਸਾਰੇ ਨੂੰ ਕਾਲਾ ਕਰਵਾ ਦੇਵਾਂ।
(ਵਿਯੋਗਣ ਚੰਨ ਨੂੰ)

ਇਹ ਕਿਸੇ ਦੀ ਯਾਦ 'ਚ ਔਂਸੀਆਂ ਨੇ,
ਜੋ ਪੈ ਪੈ ਕੇ ਤੇ ਮਿਟਦੀਆਂ ਨੇ।
ਯਾ ਨਵੇਂ ਮੇਲ ਵਿਚ ਹੋ ਪਾਗਲ,
ਇਹ ਖੁਸ਼ੀਆਂ ਕਿਧਰੇ ਲਿਟਦੀਆਂ ਨੇ।
ਚੜ੍ਹਦੀ ਉਮਰ ਜੁਆਨੀ ਦੀਆਂ,
ਇਹ ਤਾਂਘਾਂ ਭਰੀਆਂ ਆਸਾਂ ਨੇ।
ਯਾ 'ਆਉਣ ਵਾਲੇ' ਦੇ ਸੁਪਨੇ ਨੇ,
ਯਾ 'ਬੀਤ ਗਏ' ਦੀਆਂ ਲਾਸ਼ਾਂ ਨੇ।
ਹਟ ਜੋ ਵੇ ਕੰਢਿਓ ਬੇ-ਦਰਦੋ!
ਕਿਉਂ ਘੁੱਟਦੇ ਹੋ ਅਰਮਾਨਾਂ ਨੂੰ।
ਜਿੱਧਰ ਇਹ ਜਾਣਾ ਚਾਹੁੰਦੀਆਂ ਨੇ,
ਜਾਣ ਦਿਉ ਇਨ੍ਹਾਂ ਰਕਾਨਾਂ ਨੂੰ।
(ਲੇਕ ਦੀਆਂ ਲਹਿਰਾਂ)

---

ਤੇਰੇ ਸਬਕ ਨੂੰ ਛਿੱਕੇ 'ਤੇ ਟੰਗ ਕੇ ਤੇ,
'ਸੱਜਣ' ਫੇਰ ਅੱਜ ਠਗੀ ਕਮਾਈ ਜਾਂਦੈ।
ਨੱਕ-ਜਿੰਦ 'ਮਰਦਾਨੇ' ਦੇ ਆਈ ਹੋਈ ਏ,
'ਕੌਡਾ' ਫੇਰ ਕੜਾਹੇ ਤਪਾਈ ਜਾਂਦੈ।

ਆਪੇ ਚੱਲਣ ਦੀ ਜਿਨ੍ਹਾਂ ਨੂੰ ਜਾਚ ਦੱਸੀ,
ਅਜੇ ਤੀਕ ਉਹ ਚੱਕੀਆਂ ਚੱਲਦੀਆਂ ਨੇ।
ਸਿਰਫ਼ ਫ਼ਰਕ ਏਨੈਂ ਆਟਾ ਪੀਹਣ ਦੀ ਥਾਂ,
ਅੱਜ ਉਹ ਹੱਡ ਮਜ਼ਦੂਰਾਂ ਦੇ ਦਲਦੀਆਂ ਨੇ।

ਜਿਹੜਾ ਰੱਤ ਗ਼ਰੀਬਾਂ ਦੀ ਚੂਸਦਾ ਏ,
ਤੂੰ ਨਹੀਂ ਓਸ ਦਾ, ਸਾਫ਼ ਬਿਆਨ ਹੋਵੇ।
ਠੁਰ ਠੁਰ ਕਰੇ ਨਾ ਕੋਈ ਮਜ਼ਦੂਰ ਬੱਚਾ,
ਢਿੱਡੋਂ ਭੁੱਖਾ ਨਾ ਕੋਈ ਕਿਸਾਨ ਹੋਵੇ।
(ਸ਼ਿਕਵਾ)

---

ਦੁਨੀਆਂ 'ਤੇ ਠੰਢ ਵਰਤਾਣ ਲਈ,
ਤਵੀਆਂ 'ਤੇ ਆਸਣ ਲਾਏ ਨੇ।
ਛਾਲੇ ਨਹੀਂ, ਸ਼ਾਂਤ ਸਰੋਵਰ 'ਤੇ
ਇਹ ਪਏ ਬੁਲਬੁਲੇ ਆਏ ਨੇ।
(ਸ਼ਹੀਦਾਂ ਦੇ ਸਿਰਤਾਜ ਨੂੰ)

---

ਭਰਤੀ ਜ਼ਿੰਦਗੀ ਮੁਰਦਿਆਂ ਦਿਲਾਂ ਅੰਦਰ,
ਤੇਰੇ ਪ੍ਰੇਮ ਦੇ ਮਿੱਠੇ ਤਰਾਨਿਆਂ ਨੇ।
ਆਸ਼ਕ ਸਿਖ ਦੇ ਸਬਕ ਪਰਵਾਨਿਆਂ ਤੋਂ
ਤੈਥੋਂ ਸਿੱਖਿਆ ਸਬਕ ਪਰਵਾਨਿਆਂ ਨੇ।
(ਤੈਥੋਂ ਸਿੱਖਿਆ ਸਬਕ ਪਰਵਾਨਿਆਂ ਨੇ)

---

ਪਟਣੇ ਸ਼ਹਿਰ ਦੀਏ ਧਰਤੀਏ! ਵੰਡ ਮੋਤੀ,
ਨੀਂ! ਅੱਜ ਮੋਤੀਆਂ ਵਾਲੀ ਸਰਕਾਰ ਆਈ।
ਫੁੱਲ ਫੁੱਲ ਤੂੰ ਫੁੱਲ ਦੇ ਵਾਂਙ ਅੜੀਏ!
ਤੇਰੇ ਫੁੱਲਾਂ 'ਤੇ ਅੱਜ ਬਹਾਰ ਆਈ।
ਪੁੱਤਰ 'ਤੇਗ' ਦਾ ਹੱਥ ਵਿਚ ਤੇਗ ਲੈ ਕੇ,
ਕੱਲੀ ਜਾਨ ਨਾਲ ਜੰਗ ਮਚਾ ਦਏਗਾ।
'ਜਾਨ' ਜਾਨ ਬਚਾਇ ਕੇ ਨੱਸ ਜਾਸੀ,
ਮੱਥਾ ਮੌਤ ਨਾਲ ਜਦੋਂ ਇਹ ਲਾ ਦਏਗਾ।
ਸੱਸੀ ਵਾਂਙ ਜ਼ਾਲਮ ਜਾਬਰ ਭੁੱਜ ਜਾਣੇ,
ਇਹਦੇ ਤੀਰਾਂ ਦੀ ਸੰਘਣੀ ਛਾਂ ਅੰਦਰ।
ਘੜੇ ਕੀ ਪਹਾੜ ਵੀ ਰੁੜ੍ਹ ਜਾਣੇ,
ਇਹਦੀ 'ਤੇਗ' 'ਚੋਂ ਫੁੱਟੀ ਝਨਾਂ ਅੰਦਰ।
(ਪਟਨੇ ਸ਼ਹਿਰ ਦੀ ਧਰਤੀ ਨੂੰ)

---

ਤੇਰੀ ਬੇੜੀ ਦੇ ਬਣੇ ਮਲਾਹ 'ਤਾਰੂ',
ਖੱਲਾਂ ਰੰਬੀਆਂ ਨਾਲ ਲੁਹਾਣ ਵਾਲੇ।
ਜਥੇਦਾਰ ਉਹ ਤੇਰੇ ਕਹਾਂਵਦੇ ਸੀ,
ਹੇਠਾਂ ਇੰਜਣਾਂ ਦੇ ਦਰੜੇ ਜਾਣ ਵਾਲੇ।
ਐਪਰ ਅੱਜ ਦੇ ਬਹੁਤੇ ਜਥੇਦਾਰ ਤੇਰੇ,
ਚੌਧਰ ਲਈ ਨੇ ਫੁੱਟ ਵਧਾਈ ਫਿਰਦੇ।
ਪਤਾ ਨਹੀਂ ਪ੍ਰਧਾਨ 'ਪਰ-ਧਾਨ' ਹੁੰਦੈ,
ਐਵੇਂ ਹੀ ਲੇਬਲ ਪ੍ਰਧਾਨ ਦਾ ਲਾਈ ਫਿਰਦੇ।
(ਪ੍ਰੇਮ-ਨੇਮ)

***('ਹੁਣ' ਵਿਚੋਂ ਧੰਨਵਾਦ ਸਹਿਤ)***

**Punjab Times**
*Ph: 847-359-0746*
*Visit us on the web:*
***punjabtimesusa.com***

ਕਹਾਣੀ

# ਬਲੀਦਾਨ

***ਕੈਨੇਡਾ ਵੱਸਦੇ ਲੇਖਕ-ਚਿੰਤਕ ਸਾਧੂ ਸਿੰਘ ਦੀ ਕਹਾਣੀ 'ਬਲੀਦਾਨ' ਇਕੋ ਸ਼ਬਦ ਦੇ ਬਹੁ-ਅਰਥਾਂ ਉਤੇ ਝਾਤੀ ਮਾਰਦੀ ਹੈ। ਇਸ ਝਾਤੀ ਵਿਚੋਂ ਦਰਦ ਤਾਂ ਝਾਤੀਆਂ ਮਾਰਦਾ ਹੀ ਹੈ, ਨਾਲ ਹੀ ਇਸ ਦਰਦ ਦੇ ਦੂਰ ਅਤੇ ਨੇੜੇ ਦੇ ਰਿਸ਼ਤਿਆਂ ਦੀ ਪੈੜਚਾਲ ਵੀ ਲਗਾਤਾਰ ਸੁਣਦੀ ਮਹਿਸੂਸ ਹੁੰਦੀ ਹੈ। ਇਨ੍ਹਾਂ ਰਿਸ਼ਤਿਆਂ ਕਾਰਨ ਹੀ ਮਨੁੱਖੀ ਮਨ ਦੀਆਂ ਅਵਸਥਾਵਾਂ ਕਿਸ ਤਰ੍ਹਾਂ ਬਦਲਦੀਆਂ ਹਨ, ਜਾਂ ਉਸ ਉਤੇ ਉਦਾਸੀ ਕਿਸ ਕਦਰ ਅਸਰ ਕਰਦੀ ਹੈ, ਇਹ ਇਸ ਕਹਾਣੀ ਦਾ ਹਾਸਲ ਹੈ। -ਸੰਪਾਦਕ***

**ਸਾਧੂ ਸਿੰਘ**

ਗੱਡੀ ਤੁਰੀ ਜਾ ਰਹੀ ਹੈ। ਅਸੀਂ ਪੰਜ ਜਣੇ ਗੁੰਮ-ਸੁੰਮ ਹੋਏ ਬੈਠੇ ਹਾਂ। ਸਭਨਾਂ ਦੇ ਮਨਾਂ ਅੰਦਰ ਇਕੋ ਜਿਹੀਆਂ ਸੋਚਾਂ ਦਾ ਕੁਹਰਾਮ ਮੱਚਿਆ ਹੋਇਆ ਹੈ, ਪਰ ਜ਼ਬਾਨਾਂ ਜਿਵੇਂ ਸਾਰਿਆਂ ਦੀਆਂ ਹੀ ਠਾਕੀਆਂ ਗਈਆਂ ਹੋਣ। ਚੁੱਪ ਦਾ ਪ੍ਰੇਤ ਮੰਡਲਾ ਰਿਹਾ ਹੈ। ਕਿਸੇ ਦੇ ਹਿੱਲਣ ਤੀਕ ਦੀ ਆਵਾਜ਼ ਨਹੀਂ ਆਉਂਦੀ। ਇਸ ਰਾਹ ਵਿਚੀਂ ਅੱਗੇ ਵੀ ਕਈ ਵਾਰ ਲੰਘੇ ਹਾਂ, ਪਰ ਇੰਜ ਕਦੇ ਨਹੀਂ ਸੀ ਹੋਇਆ।

ਸਾਰੇ ਹੀ ਪੈਂਤੀ ਚਾਲੀਆਂ ਵਰ੍ਹਿਆਂ ਦੀ ਉਮਰ ਦੇ ਵਿਚਕਾਰ ਹਾਂ- ਦੋ-ਦੋ ਤਿੰਨ-ਤਿੰਨ ਬੱਚਿਆਂ ਦੇ ਬਾਪ, ਪਰ ਬੰਦ ਕਮਰੇ ਵਿਚ ਇਕੱਠੇ ਬੈਠਿਆਂ ਦੀਆਂ ਸਾਡੀਆਂ ਕੋਈ ਗੱਲਾਂ ਸੁਣੇ-ਸਾਡੀ ਉਮਰ ਤੇ ਕਬੀਲਦਾਰੀ ਦੀ ਕਿਸੇ ਜ਼ਿੰਮੇਵਾਰੀ ਦੇ ਬੋਝ ਦੀ ਸੋਅ ਤੱਕ ਨਾ ਲੈ ਸਕੇ। ਨਿੱਕੀਆਂ-ਨਿੱਕੀਆਂ ਬੇਮਕਸਦ ਗੱਲਾਂ ਤੇ ਹਾਸੇ। ਠਹਾਕੇ। ਸ਼ਾਇਦ ਸਾਡੀ ਖੁਸ਼ੀ ਦਾ ਰਾਜ਼ ਹੀ ਇਸ ਗੱਲ ਵਿਚ ਹੋਵੇ ਕਿ ਸਾਡੀਆਂ ਮਜਲਸਾਂ ਮੰਤਵ-ਰਹਿਤ ਹੋ ਕੇ ਲਗਦੀਆਂ ਹਨ। ਗੱਲਾਂ ਵਿਚੋਂ ਗੱਲਾਂ ਦਾ ਤਾਂਤਾ ਤੁਰਿਆ ਰਹਿੰਦਾ ਹੈ। ਨਾ ਆਦਿ ਦਾ ਚੇਤਾ ਹੁੰਦਾ ਹੈ, ਨਾ ਅੰਤ ਦੀ ਚਿੰਤਾ।

ਪਿਛਲੀ ਵਾਰ, ਛੇ ਕੁ ਮਹੀਨੇ ਪਹਿਲਾਂ ਇਸ ਕਾਰ ਵਿਚ ਅਸੀਂ ਬਾਈ ਦੇ ਪਿੰਡ ਗਏ ਸਾਂ। ਸਟੇਅਰਿੰਗ 'ਤੇ ਬੈਠੇ ਰਮਨ ਦੇ ਮੂੰਹੋ ਸੁੱਤੇ-ਸਿੱਧ ਹੀ ਫ਼ਜ਼ੂਲ ਜਿਹੇ ਗੀਤ ਦੀ ਭੌਂਡੀ ਜਿਹੀ ਤੁਕ ਨਿਕਲ ਗਈ-"ਗੰਗਾ ਰਾਮ ਕੀ ਸਮਝ ਮੇਂ ਨ ਆਏ।" ਫ਼ਿਰ ਕੀ ਸੀ, ਸਾਰਿਆਂ ਦੇ ਕੰਨ ਖੜ੍ਹੇ ਹੋ ਗਏ। ਜੀਭਾਂ ਲੁਤਰ-ਲੁਤਰ ਕਰਨ ਲੱਗੀਆਂ। ਇਸ ਤੁਕ ਦਾ ਅਨੇਕਾਂ ਸੁਰਾਂ ਵਿਚ ਸਮੂਹ ਗਾਇਨ ਕੀਤਾ ਗਿਆ। ਅੰਤਰੇ ਦੇ ਬੋਲ ਕਿਸੇ ਨੂੰ ਆਉਂਦੇ ਨਹੀਂ ਸਨ। ਨਾਲ ਬੈਠੇ ਚਰਨ ਨੇ ਬੈਠੇ-ਬੈਠੇ ਹੀ ਕਈ ਉਲ-ਜਲੂਲ ਤੁਕਾਂ ਘੜ ਲਈਆਂ ਜਿਨ੍ਹਾਂ ਵਿਚ ਆਪਣੀ ਹੀ ਮੂਰਖਤਾ ਦਾ ਮਖੌਲ ਉਡਾਇਆ ਗਿਆ ਸੀ। ਘੜੁੱਚ ਕਵੀ ਦਰਬਾਰ ਇੰਨਾ ਮਘਿਆ ਸੀ ਕਿ ਸੌ ਮੀਲ ਦਾ ਪੈਂਡਾ ਸੱਚ ਮੁੱਚ ਹੀ ਅੱਖ ਦੇ ਫੋਰ ਵਿਚ ਮੁੱਕ ਗਿਆ ਸੀ।

...ਪਰ ਅੱਜ ਜਿਵੇਂ ਸਾਡੀਆਂ ਜੀਭਾਂ ਨਾਲ ਪੱਥਰ ਤੇ ਗੱਡੀ ਦੇ ਪਹੀਆਂ ਨਾਲ ਪਰਬਤ ਬੱਝੇ ਹੋਏ ਹੋਣ। ਸਫ਼ਰ ਹੈ ਕਿ ਮੁੱਕਣ ਵਿਚ ਹੀ ਨਹੀਂ ਆ ਰਿਹਾ...। ਰੱਬ ਰੱਬ ਕਰ ਕੇ, ਦਿਨ ਢਲੇ ਬਾਈ ਦੇ ਪਿੰਡ ਪੁੱਜੇ ਹਾਂ। ਗੱਡੀ ਘਰ ਦੇ ਪਿਛਵਾੜੇ ਖੜ੍ਹੀ ਕੀਤੀ ਹੈ। ਪੈਰ ਧਰੀਕਦੇ ਵਿਹੜੇ ਵਿਚ ਦਾਖ਼ਲ ਹੋਏ ਹਾਂ। ਵਿਹੜਾ ਬੰਦਿਆਂ ਨਾਲ ਭਰਿਆ ਪਿਆ ਹੈ। ਤਿਲ ਸੁੱਟਣ ਲਈ ਥਾਂ ਨਹੀਂ। ਇੰਨੇ ਸੋਗਵਾਰ ਚਿਹਰੇ! ਇਕ ਅੱਧਰਾਣੇ ਜਿਹੇ ਖੇਸ ਦੀ ਬੁੱਕਲ ਮਾਰੀ ਬਾਈ ਕੰਧ ਨਾਲ ਢੋਅ ਲਾਈ ਬੈਠਾ ਹੈ। ਸਿੱਥਲ ਤੇ ਨਿਢਾਲ। ਪਲ ਦੀ ਪਲ ਲਈ ਉਸ ਦੀਆਂ ਲਾਲ ਬਿੰਬ ਹੋਈਆਂ ਅੱਖਾਂ ਸਾਡੇ ਵੱਲ ਉਠਦੀਆਂ ਹਨ ਤੇ ਪਰਨਾਲਿਆਂ ਵਾਂਗ ਵਹਿ ਤੁਰਦੀਆਂ ਹਨ। ਅਸੀਂ ਚੁੱਪ-ਚਾਪ ਉਹਦੇ ਕੋਲ ਬੈਠ ਜਾਂਦੇ ਹਾਂ। ਕਿਰਪਾਲ ਨੇ ਬਾਈ ਦੇ ਮੋਢਿਆਂ ਪੁਰ ਹੱਥ ਰੱਖਿਆ ਹੈ। ਉਹ ਉਹਦੀ ਗੋਦ ਵਿਚ ਢੇਰੀ ਹੋ ਜਾਂਦਾ ਹੈ। ਡਸਕੋਰੇ ਭੁੱਬਾਂ ਵਿਚ ਬਦਲ ਜਾਂਦੇ ਹਨ। ਸਭਨਾਂ ਦੀਆਂ ਧਾਹਾਂ ਨਿਕਲ ਗਈਆਂ ਹਨ। ਸਾਨੂੰ ਸ਼ਾਇਦ ਕੋਈ ਢਾਰਸ ਬੰਨ੍ਹਾਉਣ ਵਾਲੀ ਗੱਲ ਕਰਨੀ ਚਾਹੀਦੀ ਹੈ, ਪਰ ਅੰਦਰੋਂ ਸੱਤਿਆ ਮੁੱਕ ਹੀ ਤਾਂ ਗਈ ਜਾਪਦੀ ਹੈ। ਇੰਨੀ ਆਂਗਸ ਕਿੱਥੋਂ ਲਿਆਈਏ?

ਅੰਦਰੋਂ ਰੋਣ-ਧੋਣ ਦੀਆਂ ਆਵਾਜ਼ਾਂ ਆ ਰਹੀਆਂ ਹਨ। ਹਿਰਦਾ ਵਿੰਨ੍ਹਿਆ ਜਾ ਰਿਹਾ ਹੈ। ਕੋਈ-ਕੋਈ ਬੰਦਾ ਉਠ ਰਿਹਾ ਹੈ। ਕਈ ਆ ਰਹੇ ਹਨ।

ਸ਼ਾਮ ਪੈ ਗਈ ਹੈ। ਕਿਰਪਾਲ ਨੂੰ ਕੋਈ ਗੱਲ ਸੁੱਝੀ ਹੈ। ਉਸ ਨੇ ਉਠ ਕੇ ਦਰੀ ਦਾ ਲੜ ਇਕ ਸਿਰਿਓਂ ਮੋੜ ਦਿੱਤਾ ਹੈ। ਪਿੰਡ ਦੇ ਸਿਆਣੇ ਲੋਕ ਸਮਝ ਗਏ ਹਨ-ਸੂਰਜ ਡੁੱਬਣ ਮਗਰੋਂ ਮਸੋਸ ਕਰਨ ਦਾ ਵਕਤ ਮੁੱਕ ਜਾਂਦਾ ਹੈ। ਸਭ ਬੰਦੇ ਹੌਲੀ-ਹੌਲੀ ਕਿਰਨੇ ਸ਼ੁਰੂ ਹੋ ਗਏ ਹਨ। ਵਿਹੜੇ ਵਿਚ ਅਸੀਂ ਬਾਈ ਜੀ ਤੇ ਕੁਝ ਕੁ ਹੋਰ ਬਹੁਤ ਹੀ ਕਰੀਬੀ ਬੰਦੇ ਰਹਿ ਗਏ ਹਨ।

ਜ਼ਰਾ ਹਨ੍ਹੇਰਾ ਪੈਣ ਮਗਰੋਂ ਮੈਂ ਤੇ ਰਮਨ ਘਰ ਦੇ ਪਿਛਵਾੜੇ ਜਾਂਦੇ ਹਾਂ। ਕਾਰ ਦੀ ਡਿੱਗੀ ਵਿਚੋਂ ਤਿੰਨ ਟਿਫਨ ਕੱਢ ਲਿਆਉਂਦੇ ਹਾਂ। ਦੋ ਟਿਫ਼ਨ ਔਰਤਾਂ ਵਾਲੇ ਦਲਾਨ ਵਿਚ ਰੱਖ ਆਉਂਦੇ ਹਾਂ, ਤੇ ਇਕ ਆਪਣੇ ਕਮਰੇ ਵਿਚ ਆ ਕੇ ਖੋਲ੍ਹਦੇ ਹਾਂ। ਕੋਈ ਵੀ ਰੋਟੀ ਵੱਲ ਮੂੰਹ ਨਹੀਂ ਕਰ ਰਿਹਾ। ਤਰਲੇ ਕਰ ਕੇ ਬਾਈ ਨੂੰ ਕੁਝ ਬੁਰਕੀਆਂ ਖਾਣ ਲਈ ਮਜਬੂਰ ਕਰਦੇ ਹਾਂ, ਪਰ ਰੋਟੀ ਉਹਦੇ ਸੰਘ ਹੇਠੋਂ ਉਤਰਦੀ ਨਹੀਂ ਜਾਪਦੀ।

"ਬਾਈ ਜੀ, ਇਹ ਭਾਣਾ ਵਰਤਿਆ ਕਿਵੇਂ?"

ਬਾਈ ਨੂੰ ਆਪ ਵੀ ਵੇਰਵੇ ਨਾਲ ਕੁਝ ਨਹੀਂ ਪਤਾ। ਉਹ ਜੇਬ ਵਿਚੋਂ ਤਹਿ ਕੀਤੀ ਤਾਰ ਕੱਢਦਾ ਹੈ। ਤਾਰ ਉਪਰ ਸਿਰਫ਼ ਇਹ ਹੀ ਸ਼ਬਦ ਉਕਰੇ ਹੋਏ ਹਨ-"ਫਲਾਈਟ ਲੈਫ਼ਟੀਨੈਂਟ ਨਿਰਮਲ ਜੰਮੂ ਕਸ਼ਮੀਰ ਕਸ਼ੇਤਰ ਮੇਂ ਦੁਸ਼ਮਨੋਂ ਕੇ ਵਿਰੁੱਧ ਲੜਤੇ ਹੂਏ ਵੀਰਗਤੀ ਪ੍ਰਾਪਤ ਕਰ ਗਏ ਹੈਂ।" ਤਾਰ ਕਿਰਪਾਲ ਦੇ ਹੱਥ ਵਿਚ ਹੀ ਫੜੀ ਰਹਿ ਜਾਂਦੀ ਹੈ।

ਮੈਂ ਉਸ ਤੋਂ ਤਾਰ ਲੈ ਕੇ ਪੜ੍ਹਦਾ ਹਾਂ। ਅੱਖਾਂ ਪੁਰ ਯਕੀਨ ਨਹੀਂ ਆਉਂਦਾ। ਨਿਰਮਲ ਦਾ ਬਾਂਕਾ ਚਿਹਰਾ ਮੇਰੀਆਂ ਅੱਖਾਂ ਸਾਹਮਣੇ ਉਭਰ ਆਉਂਦਾ ਹੈ। ਲੰਮਾ-ਝੰਮਾ, ਛੈਲ-ਛਬੀਲਾ ਗੱਭਰੂ। ਵਿੰਹਦਿਆਂ ਭੁੱਖ ਉਤਰਦੀ ਸੀ। ਸਾਲ ਕੁ ਪਹਿਲਾਂ ਮੈਂ ਤੇ ਬਾਈ ਉਹਨੂੰ ਜੀਤਾਂ ਲਈ ਵੇਖਣ ਗਏ ਸਾਂ, ਤੇ ਉਹਨੂੰ ਵੇਖਦਿਆਂ ਸਾਰ ਹੀ ਮੋਹੇ ਗਏ ਸਾਂ। ਕੱਦ-ਕਾਠ ਤੇ ਰੂਪ-ਰੰਗ ਵੱਲੋਂ ਬਿਲਕੁਲ ਜੀਤਾਂ ਦਾ ਹਾਣ ਪਰਵਾਨ। ਵਾਪਸ ਆਉਂਦੇ ਅਸੀਂ ਹਲਕੇ ਫੁੱਲ ਸਾਂ। ਬਾਈ ਦੇ ਸਿਰੋਂ ਜਿਵੇਂ ਮਣਾਂ-ਮੂੰਹੀਂ ਭਾਰ ਲੱਥ ਗਿਆ ਸੀ।

ਜੀਤਾਂ ਟੱਬਰ ਵਿਚ ਸਭ ਤੋਂ ਨਿੱਕੀ ਸੀ, ਸਭ ਦੀ ਛਿੰਦੀ। ਬਾਈ ਤੋਂ ਪੂਰੇ ਪੰਦਰਾਂ ਵਰ੍ਹੇ ਛੋਟੀ। ਰਿਸ਼ਤੇ ਵਿਚ ਉਹ ਭਾਵੇਂ ਬਾਈ ਦੀ ਭੈਣ ਸੀ, ਪਰ ਉਸ ਨੇ ਉਹਨੂੰ ਧੀਆਂ ਵਾਂਗ ਪਾਲਿਆ-ਪੋਸਿਆ ਤੇ ਪੜ੍ਹਾਇਆ ਸੀ।

ਉਦੋਂ ਬਾਈ ਜੀ ਨੂੰ ਆਪਣੇ ਜੱਦੀ ਪਿੰਡ ਇਸ ਦੂਰ-ਦੁਰਾਡੇ ਥਾਂ ਆਇਆਂ ਹਾਲੇ ਸਿਰਫ਼ ਤਿੰਨ ਕੁ ਵਰ੍ਹੇ ਹੀ ਹੋਏ ਸਨ। ਉਸ ਨੇ ਆਪਣੀ ਜੱਦੀ ਜ਼ਮੀਨ ਮਹਿੰਗੇ ਭਾਅ ਵੇਚ ਕੇ ਇੱਥੇ ਕਾਫ਼ੀ ਵੱਡਾ ਸਾਰਾ ਫਾਰਮ ਖਰੀਦ ਲਿਆ ਸੀ। ਇਹ ਤਿੰਨੋ ਵਰ੍ਹੇ ਉਹ ਸੱਚ-ਮੁੱਚ ਹੀ ਮਿੱਟੀ ਨਾਲ ਮਿੱਟੀ ਹੋਇਆ ਸੀ। ਦਿਨ ਦਾ ਬਹੁਤਾ ਹਿੱਸਾ ਉਸ ਦਾ ਟਰੈਕਟਰ ਉਪਰ ਬੈਠੇ ਦਾ ਹੀ ਬੀਤਦਾ ਸੀ। ਉਸ ਨੇ ਸਾਰੇ ਹੀ ਖੇਤ ਕਰਾਹ ਕੇ ਪੱਧਰੇ ਕੀਤੇ, ਦੋ ਟਿਊਬਵੈਲ ਲੁਆਏ। ਪਿਛਲੇ ਸਾਲ ਉਹਦੇ ਲਹਿੰਬਰਦੇ ਖੇਤਾਂ ਵੱਲ ਵੇਖ ਕੇ ਇਸ ਇਲਾਕੇ ਦੇ ਕਿਸਾਨਾਂ ਦੀਆਂ ਉਂਗਲਾਂ ਮੂੰਹ ਵਿਚ ਹੀ ਤਾਂ ਪੈ ਗਈਆਂ ਸਨ। ਫਸਲ ਵੀ ਬਹੁਤ ਚੰਗੀ ਹੋਈ ਤੇ ਭਾਅ ਵੀ ਵਾਹਵਾ ਰਹੇ ਸਨ।

ਇਹ ਤਿੰਨੋ ਵਰ੍ਹੇ ਬਾਈ ਜੀ ਨੇ ਆਪਣੇ ਬਾਲ ਬੱਚਿਆਂ ਸਮੇਤ ਕੱਚੇ ਕੋਠਿਆਂ ਵਿਚ ਸੰਨਿਆਸੀਆਂ ਵਾਂਗ ਕੱਟੇ ਸਨ। ਐਤਕੀਂ ਉਸ ਦਾ ਹੱਥ ਜ਼ਰਾ ਸੌਖਾ ਹੋਇਆ ਸੀ। ਇਸ ਸਾਲ ਉਹਦੀ ਸੁਹਣਾ ਜਿਹਾ ਮਕਾਨ ਬਣਵਾਉਣ ਦੀ ਮਣਸ਼ਾ ਸੀ। ਇਸ ਬਾਰੇ ਸਲਾਹ-ਮਸ਼ਵਰੇ ਲਈ ਹੀ ਉਸ ਨੇ ਮੈਨੂੰ ਸੱਦਿਆ ਸੀ, ਤੇ ਅਚਾਨਕ ਹੀ ਕਿਸੇ ਦੋਸਤ ਨੇ ਨਿਰਮਲ ਦੀ ਦੱਸ ਪਾ ਦਿੱਤੀ। ਮੁੰਡਾ ਵੇਖ ਕੇ ਬਾਈ ਨੇ ਮਕਾਨ ਬਣਵਾਉਣ ਦੀਆਂ ਸੱਭੇ ਸਬੀਲਾਂ ਪਿਛੇ ਪਾ ਦਿਤੀਆਂ ਸਨ। ਚੰਗੇ ਮੁੰਡੇ ਐਵੇਂ ਧਰੇ ਨਹੀਂ ਹੁੰਦੇ। ਇਸ ਲਈ ਉਸ ਫੈਸਲਾ ਕੀਤਾ ਕਿ ਪਹਿਲਾਂ ਉਹ ਜੀਤਾਂ ਦਾ ਵਿਆਹ ਕਰੇਗਾ। ਮਕਾਨ ਦਾ ਕੀ ਸੀ, ਆਪੇ ਬਣਦਾ ਰਹੇਗਾ। ਜਿਥੇ ਤਿੰਨ ਸਾਲ ਬੀਤੇ ਸਨ, ਉਥੇ ਇਕ ਦੋ ਹੋਰ ਸਹੀ।

ਨਿਰਮਲ ਸਾਧਾਰਨ ਜਿਹੇ ਕਿਸਾਨ ਪਰਿਵਾਰ ਦਾ ਜੰਮਪਲ ਸੀ। ਉਹ ਆਪਣੀ ਮਿਹਨਤ ਤੇ ਲਿਆਕਤ ਦੇ ਬਲਬੂਤੇ ਹੀ ਆਪਣੀ ਮੌਜੂਦਾ ਪਦਵੀ 'ਤੇ ਪੁੱਜਾ ਸੀ। ਬਾਈ ਦਾ ਖਿਆਲ ਸੀ ਕਿ ਇਕ ਵਾਰ ਜੀਤਾਂ ਦਾ ਸਭ ਜ਼ਰੂਰੀ ਚੀਜ਼ਾਂ ਖਰੀਦ ਕੇ ਘਰ ਬੰਨ੍ਹ ਦਿੱਤਾ ਜਾਵੇ। ਆਰਾਮ ਨਾਲ ਦਿਨ ਕੱਟਣ ਜੋਗੀ ਤਨਖਾਹ ਨਿਰਮਲ ਨੂੰ ਮਿਲ ਹੀ ਜਾਂਦੀ ਸੀ।

ਵਿਆਹ ਤੋਂ ਪੂਰੇ ਤਿੰਨ ਦਿਨ ਪਹਿਲਾਂ ਅਸੀਂ ਸਾਰੇ ਬਾਈ ਦੇ ਪਿੰਡ ਪੁੱਜ ਗਏ ਸਾਂ। ਸ਼ਹਿਰ ਤੋਂ ਦਸ ਮੀਲ ਦੂਰ ਦੇ ਇਸ ਪਿੰਡ ਦੇ ਮਾਹੌਲ ਨੂੰ ਵੇਖ ਕੇ ਸੱਚ-ਮੁੱਚ ਹੀ ਜੰਗਲ ਵਿਚ ਮੰਗਲ ਲੱਗਾ ਹੋਇਆ ਭਾਸਦਾ ਸੀ। ਖੁੱਲ੍ਹੇ ਡੁੱਲ੍ਹੇ ਵਿਹੜੇ ਵਿਚ ਸ਼ਾਮਿਆਨੇ, ਛੌਲਦਰੀਆਂ ਤੇ ਰੰਗ-ਬਰੰਗੀਆਂ ਦਰੀਆਂ ਕਨਾਤਾਂ ਦੀ ਸੱਜ ਧੱਜ। ਪਹਿਲੇ ਤੋੜ ਦੀ ਦਾਰੂ ਦੀ ਛਿੱਟ-ਛਿੱਟ ਲਾ ਕੇ ਅਸੀਂ ਹੱਥੋ-ਹੱਥੀ ਕੰਮ ਵੀ ਮੁਕਾਈ ਜਾਂਦੇ ਸਾਂ, ਤੇ ਇਕ-ਦੂਜੇ ਨਾਲ ਖਰਮਸਤੀਆਂ ਵੀ ਕਰੀ ਜਾਂਦੇ ਸਾਂ।

ਘਰ ਵਿਆਹ ਦੇ ਸਾਮਾਨ ਨਾਲ ਬੂਥਿਆ ਪਿਆ ਸੀ। ਇਕ ਛਤੜੇ ਦੁਆਲੇ ਕਨਾਤਾਂ ਲਾ ਕੇ ਭੱਠੀਆਂ ਪੁੱਟੀਆਂ ਗਈਆਂ। ਛਤੜਾ ਤਿੱਤਰ-ਬਟੇਰਿਆ, ਮੀਟ-ਮੁਰਗਿਆਂ ਤੇ ਖਾਣ-ਪੀਣ ਦੀਆਂ ਹੋਰ ਚੀਜ਼ਾਂ ਨਾਲ ਤੂਸਿਆ ਪਿਆ ਸੀ। ਨਿਰਮਲ ਦੀ ਜੰਝ ਵਿਚ ਉਹਦੇ ਅਫ਼ਸਰ ਦੋਸਤਾਂ ਨੇ ਢੁੱਕਣਾ ਸੀ, ਤੇ ਅਸੀਂ ਉਨ੍ਹਾਂ ਦੀ ਖ਼ਾਤਰ ਤਵੱਜੋ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡਣੀ ਚਾਹੁੰਦੇ। ਵੰਨ-ਸੁਵੰਨੇ ਪਕਵਾਨਾਂ ਦੀ ਵਾਸ਼ਨਾਂ ਨਾਸਾਂ ਵਿਚ ਜਲੂਰੀਆ ਛੇੜ ਰਹੀ ਸੀ। ਰਸਦ-ਪਾਣੀ ਸਾਂਭਣ ਲਈ ਬੰਦ ਕਮਰਾ ਕੋਈ ਹੈ ਨਹੀਂ ਸੀ, ਤੇ ਬਾਹਰ ਲੰਡਰ ਕੁੱਤਿਆਂ ਦੀਆਂ ਹੇੜ੍ਹਾਂ ਹਰਲ-ਹਰਲ ਕਰਦੀਆਂ ਫਿਰਦੀਆਂ ਸਨ। ਸਾਡੇ ਸੌਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਦਾਰੂ ਦਾ ਆਲਮ ਸੀ। ਨਸ਼ਾ ਖਿੜਿਆ ਹੋਇਆ ਸੀ। ਮੈਂ ਮੁੱਖ ਨਾਲ ਲੱਗਾ ਸੰਮਾਂ ਵਾਲਾ ਖੂੰਡਾ ਮੋਢੇ ਧਰਿਆ, ਤੇ ਬਾਹਰ ਆ ਕੇ ਲਲਕਾਰਾ ਮਾਰਿਆ। ਸਭ ਕੁੱਤੇ ਦੁੰਮ ਦਬਾ ਕੇ ਦੌੜ ਗਏ ਸਨ।

ਸਾਹਮਣੀ ਕਿਲੀ ਪੁਰ ਟੰਗੀ ਢੋਲਕੀ ਵੇਖ ਕੇ ਮੇਰੇ ਪੈਰ ਵੱਸੋਂ ਬਾਹਰ ਹੁੰਦੇ ਜਾਪੇ। ਹਿੱਕ ਵਿਚ ਮਚਲਦੇ ਬੋਲ ਮੈਥੋਂ ਸੰਭਾਲੇ ਨਹੀਂ ਸਨ ਜਾ ਰਹੇ। ਢੋਲਕੀ ਗਲ ਵਿਚ ਪਾ ਕੇ ਸੱਜੇ ਹੱਥ ਨਾਲ ਘਸਰਾ ਲਾਇਆ ਤੇ ਅੰਦਰ ਸੁੱਤੇ ਨਾਨਕੇ ਮੇਲ ਨੂੰ ਉਚੀ ਦੇਣੀ ਬੋਲੀ ਮਾਰੀ। ਮੇਲਣਾਂ ਜਿਵੇਂ ਪਹਿਲਾਂ ਹੀ ਅਣਮੰਨੇ ਜਿਹੇ ਮਨ ਨਾਲ ਸੁੱਤੀਆਂ ਹੋਈਆਂ ਹੋਣ। ਪਲਾਂ ਵਿਚ ਹੀ ਪਿੜ ਬੱਝ ਗਿਆ। ਲੋਹੜੇ ਦਾ ਗਿੱਧਾ ਪਿਆ। ਸ਼ਹਿਰੋਂ ਆਈਆਂ ਜੀਤਾਂ ਦੀਆਂ ਸਹੇਲੀਆਂ ਨੇ ਨੱਚ-ਨੱਚ ਕੇ ਪੈਰੀਂ ਛਾਲੇ ਪਾ ਲਏ। ਅੱਧੀਆਂ ਕੁ ਦੇ ਸੰਘ ਬੈਠ ਗਏ, ਪਰ ਪਿੜ ਛੱਡਣ ਦਾ ਕੋਈ ਨਾਂ ਨਹੀਂ ਸੀ ਲੈਂਦੀ। ਮੁੰਡਿਆਂ ਤੇ ਕੁੜੀਆਂ ਦੀ ਢਾਣੀ ਵਿਚਕਾਰ ਮੁਕਾਬਲਾ ਸੀ। ਵਧ ਚੜ੍ਹ ਕੇ



ਬੋਲੀਆਂ ਪਾਈਆਂ ਗਈਆਂ। ਚੜ੍ਹਦੀ ਜੁਆਨੀ ਵੇਲੇ ਡੰਗਰ ਚਾਰਦਿਆਂ ਤੇ ਲੁਕ-ਛਿਪ ਕੇ ਲਿੱਦੜਾਂ ਦੇ ਵਿਹੜੇ ਵਿਚ ਪੈਂਦੇ ਗਿੱਧੇ ਵਿਚੋਂ ਸੁਣੀਆਂ ਬੋਲੀਆਂ ਮੇਰੇ ਖੂਬ ਕੰਮ ਆਈਆਂ। ਮੇਲਣਾਂ ਹੈਰਾਨ ਸਨ ਕਿ ਇਸ ਘੋਨ-ਮੋਨ ਜਿਹੇ ਬਾਬੂ ਦਾ ਤਾਂ ਕੜ ਹੀ ਪਾਟਾ ਹੋਇਆ ਸੀ।

ਸਵੇਰੇ ਅੱਠ ਕੁ ਵਜੇ ਜਨੇਤ ਢੁੱਕੀ। ਆਪਣੇ ਮਿੱਤਰਾਂ ਦੀ ਢਾਣੀ ਨਾਲ ਝੂਲਦਾ ਹੋਇਆ ਨਿਰਮਲ ਕਾਰ ਵਿਚੋਂ ਉਤਰਿਆ। ਉਹਦੀ ਡੀਲ-ਡੌਲ ਵੇਖ ਕੇ ਕੁੜੀਆਂ ਦੇ ਮੂੰਹ ਟੱਡੇ ਰਹਿ ਗਏ...ਤੇ ਅੱਜ ਉਹੀ ਨਿਰਮਲ ਭਰ ਜੋਬਨ ਵਿਚ ਹੀ ਸਭ ਕੁਝ ਨਾਲੋਂ ਤੋੜ ਵਿਛੋੜੇ ਕਰ ਕੇ ਸਾਨੂੰ ਸਭਨਾਂ ਨੂੰ ਅਲਵਿਦਾ ਆਖ ਕੇ ਪਤਾ ਨਹੀ ਕਿਹੜੇ ਦੇਸੀਂ ਛਪਨ ਛੋਤ ਹੋ ਗਿਆ ਹੈ...।

ਪਿਛਲੇ ਦਸਾਂ-ਪੰਦਰਾਂ ਦਿਨਾਂ ਦੌਰਾਨ ਛੰਭ ਜੌੜੀਆਂ ਸੈਕਟਰ ਤੇ ਹੋਰ ਕਈ ਥਾਵਾਂ ਤੋਂ ਅਣਗਿਣਤ ਬੰਦਿਆਂ ਦੇ ਮਰਨ ਦੀਆਂ ਖਬਰਾਂ ਆ ਰਹੀਆਂ ਸਨ। ਮਾਡਲ ਟਾਊਨ ਰੋਜ਼ ਕਿਸੇ ਨਾ ਕਿਸੇ ਦੇ ਘਰ ਸੋਗੀ ਤਾਰ ਆ ਜਾਂਦੀ ਸੀ, ਪਰ ਸਾਡੇ 'ਤੇ ਉਨ੍ਹਾਂ ਮੋਏ ਬੰਦਿਆਂ ਵਿਚਕਾਰ ਅਜਨਬੀਪੁਣੇ ਦੀ ਵਿੱਥ ਸੀ। ਨਿਰਮਲ ਦੀ ਮੌਤ ਨੇ ਇਕ ਹੱਲੇ ਹੀ ਇਸ ਵਿੱਥ ਨੂੰ ਮੇਟ ਕੇ ਸਾਨੂੰ ਮੌਤ ਦੇ ਐਨ ਸਾਹਮਣੇ ਆ ਖਲ੍ਹਿਆਰਿਆ ਸੀ। ਮੈਨੂੰ ਅੱਜ ਇਸ ਗੱਲ ਦਾ ਪਹਿਲੀ ਵਾਰ ਅਹਿਸਾਸ ਹੋਇਆ ਕਿ ਮੌਤ ਦੇ ਨਿਰਵਿਸ਼ੇਸ਼ ਤੇ ਵਿਸ਼ੇਸ਼ ਰੂਪ ਵਿਚਕਾਰ ਕਿੰਨਾ ਭਿਆਨਕ ਫਰਕ ਹੁੰਦਾ ਹੈ।

ਕਮਰੇ ਵਿਚ ਅਸੀਂ ਕੇਵਲ ਅੱਠ ਬੰਦੇ ਹੀ ਰਹਿ ਗਏ ਹਾਂ। ਬਾਈ ਹੋਰਾਂ ਕੁਝ ਸੁਰਤ ਸੰਭਾਲੀ ਹੈ। ਉਹ ਕੁਝ ਗੱਲੀਂ-ਬਾਤੀਂ ਪਏ ਹਨ...। ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਨਿਰਮਲ ਇਥੇ ਛੁੱਟੀ ਕੱਟਣ ਆਇਆ ਸੀ। ਉਹਨੂੰ ਅਚਾਨਕ ਹੀ ਡਿਊਟੀ ਉਤੇ ਹਾਜ਼ਰ ਹੋਣ ਦੀ ਤਾਰ ਆ ਗਈ। ਅਸੀਂ ਸਾਰੇ ਅੰਦਰੋਂ ਦਹਿਲ ਗਏ ਸਾਂ। ਸਭਨਾਂ ਦੇ ਚਿਹਰੇ ਅਣਕਹੇ ਡਰ ਨਾਲ ਧੁਆਂਖੇ ਗਏ ਸਨ, ਪਰ ਨਿਰਮਲ ਸੱਚ-ਮੁੱਚ ਹੀ ਚੜ੍ਹਦੀ ਕਲਾ ਵਿਚ ਸੀ। ਜੂਝਣ ਦਾ ਚਾਅ ਉਸ ਦੇ ਅੰਦਰੋਂ ਉਮ੍ਹਲ-ਉਮ੍ਹਲ ਕੇ ਠਾਠਾਂ ਮਾਰ ਰਿਹਾ ਸੀ। ਆਖੇ, ਜੰਗ ਵਿਚ ਹੀ ਤਾਂ ਜੌਹਰ ਵਿਖਾਉਣ ਦਾ ਅਸਲੀ ਮੌਕਾ ਮਿਲਦਾ ਹੈ। ਇਹੀ ਤਾਂ ਵੇਲਾ ਹੁੰਦਾ ਹੈ, ਆਪਣੇ-ਆਪ ਨੂੰ ਦੁੱਧ ਪੀਣੇ ਮਜਨੂੰਆਂ ਨਾਲੋਂ ਵਖਰਿਆ ਕੇ ਪੇਸ਼ ਕਰ ਸਕਣ ਦਾ।

"ਜਿਸ ਦਿਨ ਉਹ ਗਿਆ ਸੀ, ਮੇਰਾ ਤਾਂ ਉਦਣ ਦਾ ਹੀ ਕਿਸੇ ਕੰਮ ਵਿਚ ਚਿੱਤ ਨਹੀਂ ਸੀ ਲੱਗ ਰਿਹਾ। ਜੀਤਾਂ ਮੂੰਹੋਂ ਤਾਂ ਕੁਝ ਨਹੀਂ ਸੀ ਕਹਿੰਦੀ, ਪਰ ਉਹਦਾ ਉਦਾਸ ਚਿਹਰਾ ਮੈਥੋਂ ਵੇਖਿਆ ਨਹੀਂ ਸੀ ਜਾਂਦਾ। ਚੌਥੇ ਇਕ ਬੰਬਾਰ ਦਹਾੜਦਾ ਹੋਇਆ ਬਹੁਤ ਨੇੜੇ ਦੀ ਗੁਜ਼ਰਿਆ, ਤਾਂ ਉਹ ਵਿਹੜੇ ਵਿਚ ਹੀ ਗਸ਼ ਖਾ ਕੇ ਡਿੱਗ ਪਈ। ਸਾਰੇ ਟੱਬਰ ਨੂੰ ਹੱਥਾਂ-ਪੈਰਾਂ ਦੀ ਪੈ ਗਈ, ਤੇ ਪਰਸੋਂ ਹੀ ਤਾਰ ਆ ਗਈ। ਬਿੰਦ ਭਰ ਲਈ ਅੱਖਾਂ ਖੋਲ੍ਹ ਕੇ ਬਿਤਰ-ਬਿਤਰ ਇਧਰ-ਉਧਰ ਵੇਖਦੀ ਹੈ ਤੇ ਫੇਰ ਬੇਹੋਸ਼ ਹੋ ਜਾਂਦੀ ਹੈ...।" ਇਹ ਆਖਦਿਆਂ ਬਾਈ ਦਾ ਗੱਚ ਭਰ ਆਉਂਦਾ ਹੈ। ਕੁਝ ਚਿਰ ਮਗਰੋਂ ਸੰਭਲ ਕੇ ਉਹ ਆਪਣੀ ਗੱਲ ਜਾਰੀ ਰੱਖਦਾ ਹੈ-

"ਇਸ ਗੱਲ ਦਾ ਮੈਨੂੰ ਪੂਰਾ ਪੱਕ ਹੈ ਕਿ ਉਹ ਸਾਧਾਰਨ ਮੌਤੇ ਨਹੀਂ ਮਰਿਆ ਹੋਣਾ। ਜ਼ਰੂਰ ਆਪੇ ਸਹੇੜੀ ਮੌਤ ਦੇ ਮੂੰਹ ਆਇਆ ਹੋਣਾ ਹੈ। ਉਹਨੂੰ ਲੋਹੜੇ ਦਾ ਭਰੋਸਾ ਸੀ ਆਪਣੇ ਆਪ ਉਤੇ। ਇਕ ਦਿਨ ਮੇਥਿਆਂ ਵਾਲੀ ਰੋਟੀ ਖਾ ਰਹੇ ਸਾਂ। ਅਖੇ, ਬਾਈ ਸ਼ਹਿਰ ਕਈ ਵਾਰ ਮੇਥਿਆਂ ਦੀ ਰੋਟੀ ਖਾਣ ਨੂੰ ਬੜੀ ਰੂਹ ਕਰਦੀ ਹੈ। ਮੈਂ ਕਿਹਾ- ਫੇਰ? ਆਖੇ-ਤੂੰ ਬਸੀਮੇ ਵਾਲੇ ਖੱਤੇ ਵਿਚ ਉਚੇ ਜਿਹੇ ਢਾਂਗੇ ਨਾਲ ਰੋਟੀ ਲਟਕਾ ਦੇਈਂ, ਮੈਂ ਜਹਾਜ਼ ਵਿਚ ਆ ਕੇ ਚੁੱਕ ਲਿਜਾਵਾਂਗਾ... ਜਿਸ ਦਿਨ ਉਹ ਇਥੋਂ ਗਿਆ, ਮੈਂ ਕਿਹਾ, ਜ਼ਰਾ ਸੰਭਲ ਕੇ ਰਹੀਂ। ਉਸ ਨੇ ਮੇਰੀਆਂ ਅੱਖਾਂ ਵਿਚ ਪੂਰੇ ਭਰੋਸੇ ਨਾਲ ਵੇਖਦਿਆਂ ਕਿਹਾ- ਬਾਈ ਜੀ ਤੁਸੀਂ ਕੋਈ ਫ਼ਿਰਕ ਨਾ ਕਰੋ। ਮੈਂ ਦਸਾਂ-ਪੰਦਰਾਂ ਦਿਨਾਂ ਵਿਚ ਕੰਮ ਮੁਕਾ ਕੇ ਆਇਆ ਸਮਝੋ। ਮੇਰੇ ਮੋਢੇ 'ਤੇ ਨਵਾਂ ਨਿਕੋਰ ਤਗਮਾ ਹੋਵੇਗਾ। ਉਹ ਤਗਮਾ ਮੈਂ ਤੁਹਾਨੂੰ ਭੇਟ ਕਰਾਂਗਾ। ਪਲਾਂ-ਛਿਣਾਂ ਵਿਚ ਹੀ ਉਹ ਰਾਇਲ-ਇਨ-ਫ਼ੀਲਡ 'ਤੇ ਉਡਦਾ ਅੱਖਾਂ ਤੋਂ ਉਹਲੇ ਹੋ ਗਿਆ।"

ਗੱਲਾਂ ਕਰਦਿਆਂ ਦੀ, ਕਾਫ਼ੀ ਡੂੰਘੀ ਰਾਤ ਗਿਆਂ ਸਾਡੀ ਅੱਖ ਲੱਗ ਗਈ।

ਸਵੇਰ ਹੋਈ। ਸਾਡੇ ਵਿਚੋਂ ਦੋਂਹ ਨੇ ਡਿਊਟੀਆਂ 'ਤੇ ਪਰਤਣਾ ਸੀ। ਰਮਨ ਤੋਂ ਬਗੈਰ ਗੱਡੀ ਹੋਰ ਕਿਸੇ ਨੂੰ ਚਲਾਉਣੀ ਨਹੀਂ ਸੀ ਆਉਂਦੀ। ਇਸ ਲਈ ਉਹ ਤਿੰਨੋ ਜਣੇ ਵਾਪਸ ਮੁੜ ਆਏ। ਮੈਂ ਈਵਨਿੰਗ ਕਾਲਜ ਵਿਚ ਪੜ੍ਹਾਉਂਦਾ ਸੀ। ਬਲੈਕ ਆਊਟ ਕਾਰਨ ਕਾਲਜ ਬੰਦ ਸੀ। ਕਿਰਪਾਲ ਦਾ ਘਰ ਦਾ ਹੀ ਕੰਮ ਸੀ। ਇਸ ਲਈ ਅਸੀਂ ਦੋਹਾਂ ਨੇ ਬਾਈ ਹੁਰਾਂ ਕੋਲ ਅਟਕਣਾ ਹੀ ਵਾਜਬ ਸਮਝਿਆ।

ਮਗਰਲੇ ਕੁਝ ਕੁ ਦਿਨਾਂ ਵਿਚ ਮੈਨੂੰ ਇਸ ਗੱਲ ਦਾ ਡੂੰਘਾ ਅਹਿਸਾਸ ਹੋ ਗਿਆ ਸੀ ਕਿ ਇਹੋ ਜਿਹੇ ਦਿਨੀਂ ਸੋਗ ਸੱਲ੍ਹੇ ਆਦਮੀ ਲਈ ਕਿਸੇ ਜਿਗਰੀ ਦੋਸਤ ਦੀ ਸੰਗਤ ਦੀ ਕਿੰਨੀ ਮਹੱਤਤਾ ਹੁੰਦੀ ਹੈ।

ਜੀਤਾਂ ਦੀ ਹਾਲਤ ਦਿਨੋ-ਦਿਨ ਨਿੱਘਰਦੀ ਜਾ ਰਹੀ ਹੈ। ਅੱਖਾਂ ਸੁੱਜੀਆਂ ਹੋਈਆਂ ਹਨ। ਦਿਨ ਵਿਚ ਕਈ ਵਾਰ ਦੰਦਲਾਂ ਪੈਂਦੀਆਂ। ਸਾਡੀਆਂ ਸਭਨਾਂ ਹੀ ਵਰਾਉਣੀਆਂ ਦਾ ਉਸ ਉਪਰ ਕੋਈ ਅਸਰ ਨਹੀਂ ਸੀ ਹੋ ਰਿਹਾ। ਬਾਈ ਬੜਾ ਧੀਰਜ ਬੰਨ੍ਹ ਕੇ ਉਸ ਨੂੰ ਹੌਸਲਾ ਦੇਣ ਜਾਂਦਾ ਹੈ, ਤੇ ਉਸ ਦੀ ਹਾਲਤ ਦੇਖ ਕੇ ਹਰ ਵਾਰੀ ਉਸ ਦਾ ਆਪਣਾ ਰੋਣ ਨਿਕਲ ਜਾਂਦਾ ਹੈ।

ਇਹੋ ਜਿਹੀ ਹਾਲਤ ਵਿਚ ਡਾਕਟਰਾਂ ਦੇ ਦਾਰੂ ਦਰਮਲ ਦਾ ਕੀ ਅਸਰ ਹੋਣਾ ਹੋਇਆ, ਪਰ ਮੱਧਮ ਜਿਹੀ ਆਸ ਲੈ ਕੇ ਮੈਂ ਡਾਕਟਰ ਦੀ ਸਲਾਹ ਲੈਣ ਲਈ ਸ਼ਹਿਰ ਜਾਂਦਾ ਹਾਂ।

ਅਖਬਾਰ ਪੜ੍ਹਿਆਂ ਕਈ ਦਿਨ ਹੋ ਗਏ ਸਨ। ਮੈਂ ਅਖਬਾਰ ਖਰੀਦਦਾ ਹਾਂ। ਪਹਿਲੇ ਸਫ਼ੇ 'ਤੇ ਤਰਦੀ ਜਿਹੀ ਨਜ਼ਰ ਸੁੱਟਦਾ ਹਾਂ ਤੇ ਇਕ ਥਾਂ ਮੇਰੀਆਂ ਅੱਖਾਂ ਗੱਡੀਆਂ ਹੀ ਰਹਿ ਜਾਂਦੀਆਂ ਹਨ। ਹਸੂੰ-ਹਸੂੰ ਕਰਦੇ ਨਿਰਮਲ ਦੀ ਬਾਵਰਦੀ ਤਸਵੀਰ। ਸੁਰਖੀ ਪੜ੍ਹਦਾ ਹਾਂ-"ਫਲਾਈਟ ਲੈਫ਼ਟੀਨੈਂਟ ਨਿਰਮਲਜੀਤ ਸਿੰਘ ਮ੍ਰਿਤੂ-ਉਪਰੰਤ ਪਰਮਵੀਰ ਚੱਕਰ ਨਾਲ ਸਨਮਾਨਤ-ਬੇਮਿਸਾਲ ਬੀਰਤਾ ਕਾਰਨ ਇਕ ਭਾਰਤੀ ਹਵਾਬਾਜ਼ ਨੂੰ ਪਹਿਲੀ ਵਾਰੀ ਵੀਰਤਾ ਲਈ ਸਰਵੋਤਮ ਪੁਰਸਕਾਰ ਭੇਟ। ਅਗਾਂਹ ਉਹਦੀ ਬਹਾਦਰੀ ਦੀ ਲੰਮੀ-ਚੌੜੀ ਦਾਸਤਾਨ ਦਰਜ ਸੀ। ਸ੍ਰੀਨਗਰ ਦੇ ਹਵਾਈ ਅੱਡੇ ਜਿਥੇ ਸਾਡੇ ਅਗਾਊਂ ਚਿਤਾਵਨੀ ਸੂਚਨਾ ਦੇਣ ਵਾਲੇ ਜੰਤਰ ਚੰਗੀ ਤਰ੍ਹਾਂ ਕੰਮ ਨਹੀਂ ਸਨ ਕਰ ਰਹੇ, ਉਪਰ ਪਾਕਿਸਤਾਨੀਆਂ ਦੇ ਅਚਾਨਕ ਹਮਲੇ ਦੀ ਸੂਚਨਾ ਮਿਲੀ, ਤੇ ਛੇ ਪਾਕਿਸਤਾਨੀ ਸੈਬਰ-ਜੈਟ ਬਹੁਤ ਨੀਵੇਂ ਆ ਕੇ ਹਵਾਈ ਅੱਡੇ ਉਪਰ ਧੜਾਧੜ ਬੰਬ ਵਰਖਾ ਕਰ ਰਹੇ ਹਨ। ਹਵਾਈ ਅੱਡਾ ਧੂੰਆਂਧਾਰ ਧੂੜ ਵਿਚ ਗਲੇਫ਼ਿਆਂ ਗਿਆ ਸੀ। ਅਜਿਹੇ ਸਮੇਂ ਉਡਾਣ ਲੈਣ ਦਾ ਹੌਸਲਾ ਕਿਸੇ ਜਾਂਨਿਸਾਰ ਹਵਾਬਾਜ਼ ਦਾ ਹੀ ਕੰਮ ਹੋ ਸਕਦਾ ਸੀ। ਖਤਰੇ ਭਰੇ ਇਸ ਸਮੇਂ ਨਿਰਮਲਜੀਤ ਤੇ ਭਾਰਤੀ ਵਾਯੂ ਸੈਨਾ ਦੇ ਇਕ ਹੋਰ ਨੈਟ-ਚਾਲਕ ਆਪਣੇ ਜਹਾਜ਼ ਲੈ ਕੇ ਆਕਾਸ਼ ਵਿਚ ਠਿੱਲ੍ਹ ਪਏ। ਨਿਰਮਲਜੀਤ ਨੇ ਉਪਰੋਥਲੀ ਦੋ ਸੈਬਰ-ਜੈਟਾਂ ਨੂੰ ਕਮਾਲ ਦੀ ਨਿਸ਼ਾਨੇਬਾਜ਼ੀ ਨਾਲ ਫੁੰਡ ਕੇ ਧਰਤੀ 'ਤੇ ਪਟਕਾ ਮਾਰਿਆ। ਮਗਰੋਂ ਹੋਰ ਕਈ ਪਾਕਿਸਤਾਨੀ ਜਹਾਜ਼ ਇੱਲ੍ਹਾਂ ਵਾਂਗ ਆਕਾਸ਼ ਵਿਚ ਮੰਡਲਾਉਣ ਲੱਗੇ। ਗਰਾਊਂਡ ਕੰਟਰੋਲ ਨੇ ਭਿਆਨਕ ਖਤਰੇ ਦੇ ਮੱਦੇਨਜ਼ਰ ਆਪਣੇ ਸੈਨਿਕਾਂ ਨੂੰ ਮੁਕਾਬਲਾ ਛੱਡ ਕੇ ਤੁਰੰਤ ਛਪਨ ਛੋਤ ਹੋਣ ਦਾ ਆਦੇਸ਼ ਦਿੱਤਾ। ਨਾਲ ਵਾਲੇ ਨੈਟ-ਚਾਲਕ ਨੇ ਪੂਰੀ ਫ਼ੁਰਤੀ ਨਾਲ ਆਪਣਾ ਜਹਾਜ਼ ਪਠਾਨਕੋਟ ਹਵਾਈ ਅੱਡੇ 'ਤੇ ਲਿਆ ਉਤਾਰਿਆ, ਪਰ ਨਿਰਮਲਜੀਤ ਪੂਰੇ ਤਾਣ ਨਾਲ ਭੇੜ ਵਿਚ ਜੁਟਿਆ ਰਿਹਾ। ਗਰਾਊਂਡ ਕੰਟਰੋਲ ਨੂੰ ਉਹਦਾ ਆਖਰੀ ਸੁਨੇਹਾ ਇਹ ਸੀ-"ਡੋਂਟ ਵਰੀ। ਦਾ ਬਾਸਟਰਡਜ਼ ਆਰ ਟੂ ਮੈਨੀ, ਬਟ ਬਾਈ ਐਮ ਟ੍ਰਾਈਇੰਗ ਟੂ ਹਿੱਟ ਦੈਮ ਹਾਰਡ।" ਇਸੇ ਮੁੱਠ-ਭੇੜ ਵਿਚ ਉਸ ਨੇ ਇਕ ਹੋਰ ਜਹਾਜ਼ ਜਖ਼ਮੀ ਕਰ ਦਿੱਤਾ, ਪਰ ਬਹੁਤਿਆਂ ਦੇ ਸਾਹਮਣੇ ਉਹਦੇ 'ਕੱਲੇ ਦੀ ਪੇਸ਼ ਨਾ ਗਈ। ਇਕ ਗੋਲੀ ਅਚਾਨਕ ਉਹਦੇ ਸਿਰ ਵਿਚ ਆ ਵੱਜੀ ਤੇ ਉਹਦਾ ਜਹਾਜ਼ ਸ੍ਰੀਨਗਰ ਦੀਆਂ ਪਹਾੜੀਆਂ ਵਿਚ ਫੀਤਾ-ਫੀਤਾ ਹੋ ਗਿਆ।

*(ਬਾਕੀ ਅਗਲੇ ਸਫੇ 'ਤੇ)*

# ਵਿਹੜੇ ਸਾਡੇ ਗੇੜਾ ਇਕ ਲਾਈਂ ਵੀਰਿਆ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਸੁੱਤਾ ਪਿਆ ਸਾਰਾ ਪਿੰਡ ਜਿਵੇਂ ਗੱਲਾਂ ਕਰ ਰਿਹਾ ਹੋਵੇ ਤੇ ਹਨੇਰੀ ਰਾਤ ਹੁੰਗਾਰਾ ਭਰ ਰਹੀ ਹੋਵੇ। ਜਿਵੇਂ ਵਗਦਾ ਪਾਣੀ ਸ਼ਾਂਤ ਹੋ ਕੇ ਗੱਲਾਂ ਸੁਣ ਰਿਹਾ ਹੋਵੇ। ਕਦੇ-ਕਦੇ ਹਵਾ ਦਾ ਬੁੱਲਾ, ਰੁਖ ਬਦਲ ਦਿੰਦਾ ਹੈ ਪਰ ਚੀਸ ਬਰਕਰਾਰ ਰਹਿੰਦੀ ਹੈ। ਦਿੱਲੀ ਉਹੀ ਹੈ ਜਿਥੇ ਧੀਆਂ ਦੀ ਪੱਤ ਰੋਲੀ ਗਈ, ਸਿੱਖਾਂ ਦੇ ਗਲਾਂ ਵਿਚ ਟਾਇਰ ਪਾ ਕੇ ਜਿਉਂਦਿਆਂ ਸਾੜਿਆ ਗਿਆ, ਸੋਚੀ ਸਮਝੀ ਸਕੀਮ ਮੁਤਾਬਕ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਤੇ ਸਿੱਖਾਂ ਦੀ ਝੋਲੀ ਵਿਚ ਅੱਜ ਤੱਕ ਇਨਸਾਫ ਨਹੀਂ ਪਿਆ। ਸਿੱਖਾਂ ਲਈ 'ਦਿੱਲੀ' ਸ਼ਬਦ ਘਾਤਕ ਬਣ ਗਿਆ, ਪਰ ਅੱਜ ਉਹੀ ਦਿੱਲੀ ਸਿੱਖਾਂ ਲਈ ਮਲ੍ਹਮ ਲਾਉਣ ਦੀ ਗੱਲ ਕਹਿ ਰਹੀ ਹੈ। ਦਿੱਲੀ ਵਿਚ ਆਮ ਆਦਮੀ ਪਾਰਟੀ (ਆਪ) ਦੀ ਜਿੱਤ ਇਕੱਲੇ ਦਿੱਲੀ ਦੇ ਸਿੱਖਾਂ ਦੇ ਜਸ਼ਨ ਦਾ ਸਾਧਨ ਨਹੀਂ ਬਣੀ, ਸਗੋਂ ਜਿਥੇ ਵੀ ਕੋਈ ਪੰਜਾਬੀ ਵੱਸਦਾ ਹੈ, ਉਸ ਨੂੰ 'ਆਪ' ਦੀ ਜਿੱਤ ਵਿਚੋਂ ਰੰਗਲੇ ਪੰਜਾਬ ਦੇ ਦੁਬਾਰਾ ਮੁੜ ਆਉਣ ਦਾ ਖੁਆਬ ਦਿਖਾਈ ਦੇਣ ਲੱਗਾ ਹੈ। ਪੰਜਾਬ ਨੂੰ ਨਸ਼ਿਆਂ, ਬਲਾਤਕਾਰਾਂ, ਡਕੈਤੀਆਂ, ਗੈਂਗਸਟਰਾਂ ਤੋਂ ਮੁਕਤੀ ਦਿਵਾਉਣ ਲਈ ਹਰ ਪੰਜਾਬੀ ਦੀ ਅੱਖ 'ਆਪ' ਵੱਲ ਘੁੰਮ ਰਹੀ ਹੈ।


ਅੱਜ ਹਾਲ ਇਹ ਹੈ ਕਿ ਥਾਣੇਦਾਰ ਦੇ ਲੱਕ 'ਤੇ ਲਟਕਦਾ ਪਿਸਤੌਲ, ਉਸ ਦੇ ਸਾਹਮਣੇ ਹੋ ਰਹੇ ਅੱਤਿਆਚਾਰ ਵੱਲ ਉਸ ਵਕਤ ਤੱਕ ਨਹੀਂ ਚੱਲੇਗਾ, ਜਦੋਂ ਤੱਕ ਫੋਨ ਦੀ ਘੰਟੀ 'ਤੇ ਲੀਡਰ ਦੀ ਆਵਾਜ਼ ਨਹੀਂ ਆਵੇਗੀ। ਪੁਲਿਸ ਮਾੜੀ ਨਹੀਂ, ਅਸੀਂ ਖੁਦ ਮਾੜੇ ਹਾਂ ਜੋ ਲੀਡਰ ਚੁਣਨ ਵੇਲੇ ਸਹੀ ਗਲਤ ਦੀ ਪਛਾਣ ਨਹੀਂ ਕਰ ਸਕਦੇ। ਚੰਦ ਅਹਿਸਾਨਾਂ ਪਿਛੇ ਅਸੀਂ ਆਪਣੀ ਜ਼ਮੀਰ ਵੇਚ ਕੇ ਵੋਟ ਗਲਤ ਉਮੀਦਵਾਰਾਂ ਨੂੰ ਪਾ ਦਿੰਦੇ ਹਾਂ। ਹੁਣ ਦਿੱਲੀ ਦੇ ਲੋਕਾਂ ਨੇ ਆਪਣੀ ਜਿਉਂਦੀ ਜ਼ਮੀਰ ਦਾ ਸਬੂਤ ਦਿੰਦਿਆਂ 'ਆਪ' ਦੇ ਹੱਕ ਵਿਚ ਫਤਵਾ ਦਿੱਤਾ ਹੈ, ਸਲਾਹਣਯੋਗ ਹੈ। ਆਮ ਆਦਮੀ ਪਾਰਟੀ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਦੀ ਹੈ ਜਾਂ ਨਹੀਂ, ਇਹ ਤਾਂ ਕੱਲ੍ਹ ਨੇ ਦੱਸਣਾ ਹੈ, ਪਰ ਪੰਜਾਬ ਦੇ ਵਸਨੀਕਾਂ ਦੇ ਮੂੰਹ ਦੀਆਂ ਗੱਲਾਂ ਕੁਝ ਇੰਜ ਬਿਆਨ ਕਰਦੀਆਂ ਹਨ:

"ਕਿਵੇਂ ਆ ਅਕਾਲੀਆ। ਮੁੜ ਆਏ ਦਿੱਲੀ ਤੋਂ ਆਮ ਆਦਮੀ ਪਾਰਟੀ ਨੂੰ ਜਿਤਾ ਕੇ।" ਮੱਲ ਬਾਬੇ ਨੇ ਅਕਾਲੀ ਰਾਮ ਸਿਉਂ ਨੂੰ ਟਕੋਰ ਕੀਤੀ।

"ਮੱਲ ਸਿਆਂ! ਕਿਉਂ ਭੂਕਨਾ ਗਿੱਟਿਆਂ ਵਿਚ ਮਾਰਦੈਂ, ਮੈਂ ਚਾਰ ਦਿਨਾਂ ਤੋਂ ਦੀਨੇ ਕਾਂਗੜ ਵਾਲੀ ਧੀ ਕੋਲ ਗਿਆ ਹੋਇਆ ਸੀ। ਜਵਾਈ ਕਈ ਦਿਨਾਂ ਤੋਂ ਢਿੱਲਾ-ਮੱਠਾ ਸੀ। ਹੁਣ ਤੁਸੀਂ ਮੇਰੇ ਨਾਂ ਨਾਲੋਂ ਅਕਾਲੀ ਲਾਹ ਦੇਵੋ, ਹੁਣ ਅਸੀਂ ਅਕਾਲੀ ਨਹੀਂ ਰਹੇ। ਅਕਾਲੀ ਸ਼ਬਦ ਘੋਨਿਆ-ਮੋਨਿਆ ਨੇ ਲੈ ਲਿਆ ਹੈ। ਨਾਲੇ ਕੋਈ ਜਿੱਤੇ ਚਾਹੇ ਹਾਰੇ, ਆਪਾਂ ਕੀ ਲੈਣਾ। ਆਪਾਂ ਨੂੰ ਪਾਈਆ ਖੰਡ ਹੀ ਮਿਲਣੀ ਐ ਸਹਿਕਾਰੀ ਸੁਸਾਇਟੀ ਵਿਚੋਂ।" ਰਾਮ ਸਿਉਂ ਨੇ ਬੈਠਦਿਆਂ ਕਿਹਾ।

"ਅਕਾਲੀਆ...ਸੱਚ ਦੱਸੀਂ, ਤੁਹਾਡੇ ਆਪਣੇ ਰਾਜ ਵਿਚ ਤੂੰ ਖੁਸ਼ ਹੈਂ ਜਾਂ ਨਹੀਂ?" ਮੱਲ ਬਾਬੇ ਨੇ ਫਿਰ ਪੁੱਛਿਆ।

"ਮੱਲ ਸਿਆਂ, ਜੋ ਕੁਝ ਹੁਣ ਹੋ ਰਿਹਾ, ਇਸ ਬਾਰੇ ਤਾਂ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ। ਮੇਰੀ ਇਕ ਘੱਟ ਅੱਸੀਆਂ ਦੀ ਉਮਰ ਹੋ ਗਈ, ਮੈਂ ਅੱਜ ਤੱਕ ਪੰਜਾਬ ਦਾ ਆਹ ਮੰਦਾ ਹਾਲ ਨਹੀਂ ਦੇਖਿਆ। ਪਹਿਲੀ ਗੱਲ ਤਾਂ ਇਉਂ ਐ...ਗੁਰਦੁਆਰੇ ਘੱਟ ਤੇ ਕੱਚੇ ਸਨ, ਪਰ ਸਿੱਖ



ਅਰਵਿੰਦ ਕੇਜਰੀਵਾਲ

ਵੱਧ ਤੇ ਪੱਕੇ ਸਨ। ਜਿਉਂ-ਜਿਉਂ ਗੁਰਦੁਆਰੇ ਸੰਗਮਰਮਰ ਦੇ ਬਣਨ ਲੱਗ ਪਏ, ਤਿਉਂ-ਤਿਉਂ ਸਿੱਖ ਘੋਨ-ਮੋਨ ਹੋਣ ਲੱਗ ਪਏ। ਜਦੋਂ ਆਪਣਾ ਗੁਰਦੁਆਰਾ ਮਹਾਂਪੁਰਸ਼ਾਂ ਨੇ ਬਣਾਇਆ ਸੀ, ਉਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਬੀੜਾਂ ਸਨ। ਇਕ ਦਾ ਗੁਰਦੁਆਰੇ ਪ੍ਰਕਾਸ਼ ਹੁੰਦਾ ਸੀ, ਤੇ ਇਕ ਪਿੰਡ ਦੇ ਧਾਰਮਿਕ ਕਾਰਜਾਂ ਵਾਸਤੇ ਹੁੰਦੀ ਸੀ। ਪਿੰਡ ਵਿਚ ਸਾਰੇ ਸਾਲ 'ਚ ਦਸ-ਬਾਰਾਂ ਮੌਤਾਂ ਹੁੰਦੀਆਂ, ਇੰਨੇ ਕੁ ਕੁੜੀਆਂ ਦੇ ਵਿਆਹ, ਮਸਾਂ ਪੰਜ-ਸੱਤ ਸਹਿਜ ਪਾਠ। ਲੋਕ ਬਾਣੀ ਸੁਣਨ ਲਈ ਤਰਸ ਜਾਂਦੇ, ਪਰ ਬਾਣੀ ਦੇ ਕੁਝ ਸ਼ਬਦਾਂ ਨਾਲ ਹੀ ਬੰਦਾ ਸੱਚ ਖੰਡ ਦੇ ਦਰਸ਼ਨ ਕਰ ਆਉਂਦਾ ਸੀ ਉਦੋਂ। ਅਖੰਡ ਪਾਠ ਤਾਂ ਮਸਾਂ ਸਾਲ ਵਿਚ ਇਕ ਜਾਂ ਦੋ ਹੁੰਦੇ ਸਨ। ਬਚਨ ਸਿੰਘ ਦੇਸੀ ਨੇ ਜਦੋਂ ਸਪੀਕਰ ਵਿਚ ਪਾਠ ਕਰਨਾ, ਲੋਕਾਂ ਨੇ ਕੰਮ ਉਥੇ ਹੀ ਛੱਡ ਦੇਣੇ। ਸਪੀਕਰ ਰਾਹੀਂ ਸੁਣੀ ਬਾਣੀ ਨਾਲ ਉਨ੍ਹਾਂ ਦੇ ਚਿਹਰਿਆਂ ਉਤੇ ਖੁਸ਼ੀ ਦੇ ਗੇੜੇ ਵੱਜਣ ਲੱਗ ਪੈਂਦੇ, ਪਰ ਹੁਣ ਦੇਖ ਲੈ...ਵੱਡਾ ਗੁਰਦੁਆਰਾ, ਵੱਡਾ ਦੀਵਾਨ ਹਾਲ ਬਣ ਗਿਆ; ਅਰ ਕਿੰਨੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਹਨ...ਰੋਜ਼ ਗੁਰਦੁਆਰੇ ਤਿੰਨ ਅਖੰਡ ਪਾਠਾਂ ਦੇ ਭੋਗ ਪੈਂਦੇ ਆ। ਪਿੰਡ ਵਿਚ ਚਲਦੇ ਪਾਠ ਦੇ ਸਪੀਕਰਾਂ ਦੀ ਆਵਾਜ਼ ਇਕ-ਦੂਜੀ ਨਾਲ ਟਕਰਾਈ ਜਾਂਦੀ ਹੈ; ਤੇ ਪਿੰਡ ਦੇ ਕਿਸੇ ਟਾਵੇਂ-ਟੱਲੇ ਦੇ ਸਿਰ 'ਤੇ ਪੱਗ ਰਹਿ ਗਈ ਹੈ। ਦੂਜੀ ਗੱਲ, ਵਿਆਹਾਂ ਵਿਚ ਲੋਕੀਂ ਵੱਧ ਖਰਚਾ ਕਰਨਾ ਤੇ ਮੈਰਿਜ ਪੈਲੇਸਾਂ ਨੂੰ ਪੰਜ ਸੌ ਤੋਂ ਹਜ਼ਾਰ ਰੁਪਏ ਤੱਕ ਇਕ ਪਲੇਟ ਦੇ ਖਾਣੇ ਦਾ ਦੇਣਾ, ਇਹ ਸਭ ਸਾਡੀ ਤਰੱਕੀ ਨਹੀਂ, ਸਗੋਂ ਡੁੱਬਦੀ ਬੇੜੀ ਦੀ ਨਿਸ਼ਾਨੀ ਐ। ਕਾਂਗਰਸ ਨੇ ਜਵਾਨੀ ਦਾ ਅੰਤ ਗੋਲੀ ਨਾਲ ਕੀਤਾ ਸੀ, ਅਸੀਂ ਪੁੜੀ ਨਾਲ ਕਰ ਰਹੇ ਹਾਂ। ਅੱਜ ਪੁੱਤ ਕਿਸੇ ਦਾ ਨਹੀਂ ਮਰ ਰਿਹਾ, ਸਾਡਾ ਹਰ ਇਕ ਦਾ ਪੁੱਤ ਮਰ ਰਿਹਾ ਹੈ। ਬੇਟ ਵਾਲੇ ਹਾਕਾਂ ਮਾਰਦੇ ਹੁੰਦੇ ਸੀ ਕਿ 'ਸਾਡੇ ਖੇਤਾਂ ਵਿਚੋਂ ਰੇਤਾ ਲੈ ਜਾਵੋ', ਤੇ ਹੁਣ ਖੰਡ ਦੇ ਭਾਅ ਰੇਤਾ ਅਸੀਂ ਕੀਤਾ ਹੈ। ਬਜਰੀ ਮੁਫ਼ਤ ਦੇ ਭਾਅ ਮਿਲਦੀ ਸੀ, ਤੇ ਅੱਜ ਸੋਨੇ ਵਾਂਗੂ ਖਰੀਦ ਤੋਂ ਬਾਹਰ ਹੋ ਰਹੀ ਐ। ਮੈਂ ਤਾਂ ਭਾਈ ਆਪਣੇ ਰਾਜ ਵਿਚ ਪੂਰਾ ਦੁਖੀ ਹਾਂ।" ਅਕਾਲੀ ਰਾਮ ਸਿਉਂ ਨੇ ਅੱਖਾਂ ਪਰਨੇ ਨਾਲ ਪੂੰਝ ਲਈਆਂ।

"ਬਾਬਾ ਜੀ, ਜੇ ਕੇਜਰੀਵਾਲ ਨੇ ਦਿੱਲੀ ਵਾਲਿਆਂ ਨਾਲ ਕੀਤੇ ਵਾਅਦੇ ਪੂਰੇ ਕਰ ਦਿੱਤੇ, ਫਿਰ ਪੰਜਾਬ ਦੇ ਲੋਕ ਸਿਆਣੇ ਹੋ ਜਾਣਗੇ ਕਿ ਨਹੀਂ?" ਬੰਤ ਮਧਰੇ ਨੇ ਪੁੱਛਿਆ।

"ਬੰਤਿਆ! ਜੇ ਲੋਕ ਸਿਆਣੇ ਨਾ ਹੋਏ, ਸਾਡੀਆਂ ਧੀਆਂ ਸਾਡੇ ਆਪਣੇ ਘਰਾਂ ਵਿਚ ਸੁਰੱਖਿਅਤ ਨਹੀਂ ਰਹਿਣਗੀਆਂ। ਨਸ਼ੇ ਵਿਚ ਅੰਨ੍ਹਾ ਹੋਇਆ ਬੰਦਾ ਧੀ-ਭੈਣ ਦੇ ਰਿਸ਼ਤੇ ਵੀ ਭੁੱਲ ਜਾਂਦਾ। ਪੰਜਾਬ ਵਿਚ ਸ਼ਰਾਬ ਦੀਆਂ ਫੈਕਟਰੀਆਂ ਤੇ ਸਾਧਾਂ ਦੇ ਡੇਰੇ ਇਕੋ ਲਾਈਨ ਵਿਚ ਗਿਣਤੀ ਕਰੋ, ਇਹ ਦੋਵੇਂ ਹੀ ਘਰ-ਪੱਟ ਤੇ ਜਵਾਨੀ ਦਾ ਨਾਸ਼ ਕਰਨ ਵਾਲੇ ਹਨ। ਪ੍ਰਧਾਨਾਂ ਦੀ ਚੌਧਰ ਨਵੇਂ ਦਿਨ ਨਵੀਂ ਜਥੇਬੰਦੀ ਨੂੰ ਜਨਮ ਦਿੰਦੀ ਹੈ। ਜਿੰਨਾ ਅਸੀਂ ਦੂਜੇ ਧਰਮਾਂ ਨੂੰ ਨੀਵਾਂ ਦਿਖਾਉਣ ਵਿਚ ਸਮਾਂ ਬਰਬਾਦ ਕਰਦੇ ਹਾਂ, ਉਹੀ ਸਮਾਂ ਆਪਣੇ ਧਰਮ ਵਿਚ ਪਰਪੱਕਤਾ ਲਈ ਲਾਈਏ।"

"ਦਿੱਲੀ ਦੀ ਜਨਤਾ ਨੇ ਭਾਜਪਾ ਦੇ ਭੜਕਾਊ ਭਾਸ਼ਣਾਂ ਨੂੰ ਨੱਥ ਪਾਉਣ ਦੀ ਦਲੇਰੀ ਕੀਤੀ ਐ। ਜੇ ਸਾਡੇ ਪੰਜਾਬੀਆਂ ਦੀ ਅਜੇ ਵੀ ਮਾੜੀ-ਮੋਟੀ ਜ਼ਮੀਰ ਜਾਗਦੀ ਐ, ਤਾਂ ਨੌਜਵਾਨਾਂ ਦੇ ਮੱਚਦੇ ਸਿਵਿਆਂ ਨੂੰ ਏਕੇ ਦੀ ਫੂਕ ਨਾਲ ਬੁਝਾ ਸਕਦੀ ਹੈ। ਹਰ ਬੰਦਾ ਰੱਜ ਕੇ ਸੌਣਾ ਤੇ ਆਰਾਮ ਨਾਲ ਰਹਿਣਾ ਚਾਹੁੰਦੈ, ਪਰ ਵੋਟਾਂ ਦੀ ਸਿਆਸਤ ਇਨ੍ਹਾਂ ਨੂੰ ਧਰਮਾਂ ਦਾ ਲਾਂਬੂ ਲਾ ਦਿੰਦੀ ਐ। ਕੇਜਰੀਵਾਲ ਤਾਂ ਕਹਿੰਦੈ, ਅਸੀਂ ਤਾਂ ਨਿਰਪੱਖ ਸੋਚ ਰੱਖ ਕੇ ਰਾਜਨੀਤੀ ਕਰਨੀ ਨਹੀਂ, ਸਗੋਂ ਬਦਲਣੀ ਹੈ। ਹੁਣ ਜੇ ਲੋਕਾਂ ਨੇ ਨੁਕਤਾਚੀਨੀ ਹੀ ਕਰਨੀ ਹੋਵੇ, ਤਾਂ ਗੁਰੂ ਨਾਨਕ ਨੂੰ ਵੀ ਨਹੀਂ ਸੀ ਬਖਸ਼ਿਆ, ਫਿਰ ਕੇਜਰੀਵਾਲ ਤਾਂ ਕੌਣ ਹੈ, ਪਰ ਜੇ ਉਸ ਦੇ ਵਿਚਾਰ ਪੰਜਾਬ ਦੇ ਲੋਕ ਸਿਆਣੇ ਬਣ ਕੇ ਸਮਝ ਲੈਣ ਤਾਂ ਪੰਜਾਬ ਰੰਗਲਾ ਬਣ ਸਕਦਾ ਹੈ। ਇਹ ਤਾਕਤ ਲੋਕਾਂ ਦੇ ਹੱਥ ਵੱਸ ਹੈ।" ਮੱਲ ਬਾਬੇ ਕਿਹਾ।

"ਤਾਇਆ ਕਿਵੇਂ ਮਕਾਣ ਆਏ ਬੰਦਿਆਂ ਵਾਂਗੂੰ ਸੁੰਗੜੇ ਜਿਹੇ ਬੈਠੇ ਹੋ।" ਜਾਗਰ ਅਮਲੀ ਨੇ ਦੁੱਧ ਵਾਲੀ ਕੈਨੀ ਰੱਖਦਿਆਂ ਪੁੱਛਿਆ।

"ਜਾਗਰਾ! ਕੇਜਰੀਵਾਲ ਕਹਿੰਦਾ, ਜੇ ਪੰਜਾਬ ਵਿਚ ਉਨ੍ਹਾਂ ਦੀ ਸਰਕਾਰ ਬਣ ਗਈ ਤਾਂ ਹਰ ਛੜੇ ਦਾ ਵਿਆਹ ਕਰ ਦੇਣੈ। ਭਾਜਪਾ ਵਾਲੇ ਤਾਂ ਕਹਿੰਦੇ ਸੀ ਕਿ ਦਸ ਬੱਚੇ ਜੰਮੋ, ਪਰ ਕੇਜਰੀਵਾਲ ਨੇ ਇਹ ਕਾਰਜ ਤੁਹਾਡੇ ਸਹਿਯੋਗ ਨਾਲ ਪੂਰਾ ਕਰਨੈ।" ਬੰਤੇ ਮਧਰੇ ਨੇ ਕੱਦ ਨਾਲੋਂ ਉਚੀ ਗੱਲ ਕੀਤੀ।

"ਬੰਤਾ ਸਿਆਂ! ਭਲਾ ਇਹ ਵੋਟਾਂ ਕਦੋਂ ਆਉਣੀਆਂ?" ਜਾਗਰ ਅਮਲੀ ਨੇ ਪੁੱਛਿਆ।

"ਕਿਹੜੀਆਂ ਵੋਟਾਂ?" ਬੰਤ ਮਧਰਾ ਬੋਲਿਆ।

"ਜਿਹੜੀਆਂ ਵੋਟਾਂ ਨਾਲ ਕੇਜਰੀਵਾਲ ਨੇ ਸਰਕਾਰ ਬਣਾਉਣੀ ਐ, ਤੇ ਛੜਿਆਂ ਨੂੰ ਨਾਰ ਲਿਆਉਣੀ ਐ?" ਜਾਗਰ ਅਮਲੀ ਨੇ ਪੁੱਛਿਆ।

"ਜਾਗਰਾ! ਕੇਜਰੀਵਾਲ ਨੇ ਤਾਂ ਦਿੱਲੀ ਵਿਚ ਸਰਕਾਰ ਬਣਾ ਲਈ। ਦੋਹ ਸਾਲਾਂ ਨੂੰ 2017 ਵਿਚ, ਪੰਜਾਬ 'ਚ ਫਿਰ ਵਿਧਾਨ ਸਭਾ ਚੋਣਾਂ ਹੋਣਗੀਆਂ। ਭਗਵੰਤ ਮਾਨ ਮੁੱਖ ਮੰਤਰੀ ਬਣੂੰਗਾ, ਫਿਰ ਤੇਰੀ ਸੁਣੀ ਜਾਊ।" ਬੰਤ ਮਧਰੇ ਨੇ ਕਿਹਾ।

"ਬੰਤਾ ਸਿਆਂ! ਜੇ ਇਹ ਗੱਲ ਐ ਤਾਂ ਦੁਬਾਰਾ ਮੋਦੀ ਆਉਣ ਤੋਂ ਪਹਿਲਾਂ ਮੈਂ ਚਾਰ ਨਿਆਣੇ ਤਾਂ ਘੜ ਦੇਊਂ। ਜਿਉਂਦਾ ਰਹੁ ਬਈ ਕੇਜਰੀਵਾਲ ਜਿਹਨੇ ਸਾਡੀ ਸੁਣ ਲਈ! ਸਾਡੀ ਕੈਟਾਗਰੀ ਵਿਚ ਅਟਲ ਬਿਹਾਰੀ ਵਾਜਪਈ, ਰਾਹੁਲ ਗਾਂਧੀ ਤੇ ਬਾਬਾ ਰਾਮ ਦੇਵ ਵੀ ਆਉਂਦੇ ਨੇ ਭਲਾ।" ਜਾਗਰ ਅਮਲੀ ਨੇ ਪੁੱਛਿਆ।

"ਜਾਗਰਾ! ਯਾਰ ਤੂੰ ਤਾਂ ਉਹ ਗੱਲ ਕੀਤੀ...ਇਕ ਵਾਰੀ ਭਾਈ ਜੀ ਪ੍ਰਸ਼ਾਦ ਵੰਡ ਰਿਹਾ ਸੀ। ਇਕ ਬੰਦੇ ਨੇ ਹੱਥ ਅੱਡ ਦਿੱਤੇ ਪ੍ਰਸ਼ਾਦ ਵਾਸਤੇ। ਭਾਈ ਜੀ ਨੇ ਬੁੱਕ ਵਿਚ ਪ੍ਰਸ਼ਾਦ ਦਿੰਦਿਆਂ ਆਖਿਆ, 'ਬੋਲੋ ਵਾਹਿਗੁਰੂ' ਤੇ ਅੱਗਿਉਂ ਬੰਦੇ ਨੇ ਹੱਥ ਹੋਰ ਖੁੱਲ੍ਹੇ ਅੱਡਦਿਆਂ ਕਿਹਾ, 'ਬਾਪੂ ਦਾ ਪ੍ਰਸ਼ਾਦ ਵੀ ਦੇ ਦਿਓ।' ਭਾਈ ਜੀ ਬੋਲਿਆ, ਪਹਿਲਾਂ ਆਪਣਾ ਸਾਂਭ ਜਿਹੜਾ ਖੁੱਲ੍ਹੇ ਬੁੱਕ ਕਰ ਕੇ ਥੱਲੇ ਡਿੱਗ ਪਿਆ... ਸੋ ਭਾਈ, ਤੂੰ ਪਹਿਲਾਂ ਆਪਣੀ ਨਾਰ ਦਾ ਡੋਲਾ ਸਾਂਭ, ਬਾਪੂ ਹੋਰਾਂ ਦਾ ਫਿਰ ਫਿਕਰ ਕਰੀਂ।" ਬੰਤ ਮਧਰਾ ਨੇ ਸੁਣਾਇਆ।

"ਜਾਗਰਾ! ਪਿਛਲੀਆਂ ਵੋਟਾਂ ਵਿਚ ਤੂੰ ਕਿਹਨੂੰ ਵੋਟ ਪਾਈ ਸੀ?" ਰਾਮ ਸਿਉਂ ਅਕਾਲੀ ਨੇ ਪੁੱਛਿਆ।

"ਬਾਬਾ ਜੀ! ਸੱਚ ਦੱਸਾਂ...ਮੈਨੂੰ ਰਾਜਸਥਾਨ ਵਾਲੀ ਦੀਪੋ ਦੀ ਸਹੁੰ, ਮੈਂ ਵੋਟ ਤੱਕੜੀ ਨੂੰ ਪਾਈ ਸੀ। ਮੈਨੂੰ ਕਹਿੰਦੇ ਸੀ, ਪੰਜ ਬੱਕਰੀਆਂ ਹੋਰ ਲੈ ਕੇ ਦੇਵਾਂਗੇ। ਇਕ ਵੋਟ ਦੀ ਇਕ ਬੱਕਰੀ। ਇਕ ਮੇਰੀ ਵੋਟ ਸੀ, ਚਾਰ ਮੇਰੇ ਭਰਾਵਾਂ ਦੀਆਂ, ਪਰ ਮੇਰੇ ਨਾਲ ਹੋ ਗਿਆ ਧੋਖਾ।" ਜਾਗਰ ਨੇ ਮਨ ਭਰ ਲਿਆ।

"ਉਹ ਕਿਵੇਂ ਬਈ?" ਮੱਲ ਬਾਬਾ ਬੋਲਿਆ।

"ਜਦੋਂ ਤੱਕੜੀ ਜਿੱਤ ਗਈ, ਉਹ ਬੰਦੇ ਫਿਰ ਆ ਗਏ। ਮੈਂ ਸੋਚਿਆ, ਪੰਜ ਬੱਕਰੀਆਂ ਵਾਸਤੇ ਰੁਪਏ ਦੇਣ ਆਏ ਆ। ਆਉਂਦਿਆਂ ਹੀ ਕਹਿੰਦੇ, 'ਜਾਗਰਾ, ਵੋਟ ਕਿੱਥੇ ਪਾਈ ਸੀ?' ਮੈਂ ਕਿਹਾ, 'ਤੱਕੜੀ ਨੂੰ', ਉਹ ਕਹਿੰਦੇ, 'ਫਿਰ ਮਨਾ ਜਿੱਤ ਦੀ ਖੁਸ਼ੀ।' ਮੈਂ ਕਿਹਾ, 'ਜੀ ਉਹ ਕਿਵੇਂ'?...ਬੱਸ, ਵੱਡੇ ਢਿੱਡ ਤੇ ਲੰਮੀ ਦਾੜ੍ਹੀ ਵਾਲੇ ਬੰਦੇ ਨੇ ਵੱਡੇ ਬੋਕ ਨੂੰ ਹੱਥ ਪਾ ਲਿਆ ਤੇ ਦੂਜਿਆਂ ਨੇ ਤਿੰਨ ਛੋਟੇ ਬੱਕਰੇ ਚੁੱਕ ਕੇ ਕੁੱਛੜ ਦੇ ਲਏ, ਨਾਲੇ ਕਹਿੰਦੇ, 'ਇਸ ਤਰ੍ਹਾਂ ਕਰ ਕੇ'...ਮੈਂ ਕਿਹਾ, 'ਗਰੀਬ ਮਾਰ ਨਾ ਕਰੋ, ਤੁਸੀਂ ਇਕ ਬੱਕਰਾ ਲੈ ਜਾਓ ਤੇ ਬੋਕ ਤੁਹਾਡੇ ਕੋਲੋਂ ਗਲ੍ਹਣਾ ਨਹੀਂ'।"

"ਓ...ਸਾਡੇ ਜਥੇਦਾਰਾਂ ਨੇ ਤਾਂ ਸਿੱਖਾਂ ਦੀ ਸਾਰੀ ਜਵਾਨੀ ਗਾਲ੍ਹ ਦਿੱਤੀ, ਤੇਰਾ ਬੋਕ ਕਿਹੜੇ ਬਾਗ ਦੀ ਮੂਲੀ ਐ।"

"ਮੈਂ ਫਿਰ ਕਿਹਾ, ਆਹ ਦੋ ਬੱਕਰੇ ਮੇਰੀ ਰਾਜਸਥਾਨ ਵਾਲੀ ਦੀਪੋ ਦੀ ਆਖਰੀ ਨਿਸ਼ਾਨੀ ਆ, ਇਨ੍ਹਾਂ ਨੂੰ ਨਾ ਲਿਜਾਓ...ਮੈਂ ਤਰਲੇ ਪਾਏ।...ਇਕ ਜ਼ੋਰ ਦੀ ਹੱਸਿਆ ਤੇ ਬੋਲਿਆ, 'ਜਾਗਰਾ! ਆਖਰੀ ਨਿਸ਼ਾਨੀਆਂ ਖਤਮ ਕਰਨਾ ਤਾਂ ਸਾਡੀ ਪਾਰਟੀ ਦਾ ਪਹਿਲਾ ਕੰਮ ਐ।' ਮੈਂ ਭਾਈ ਦੇਖਦਾ ਹੀ ਰਹਿ ਗਿਆ, ਤੇ ਉਹ ਜਾਂਦੇ ਹੋਏ ਬੋਲੇ, ਜਾਗਰਾ, ਤੱਕੜੀ ਦੀ ਡੰਡੀ ਥੱਲੇ ਡਿੱਗੀ ਪਈ ਐ, ਚੁੱਕ ਕੇ ਦੁਬਾਰਾ ਗੱਡ ਦੇ।" ਜਾਗਰ ਨੇ ਹੱਡ-ਬੀਤੀ ਸੁਣਾਈ।

"ਜਾਗਰਾ! ਬੜੀ ਮਾੜੀ ਕੀਤੀ ਤੇਰੇ ਨਾਲ। ਵੋਟਾਂ ਦਾ ਸੋਹਣਾ ਮੁੱਲ ਮੋੜ ਗਏ।" ਰਾਮ ਸਿਉਂ ਅਕਾਲੀ ਨੇ ਕਿਹਾ।

"ਸਾਡੇ ਲੋਕ ਬਹੁਤ ਭੋਲੇ ਆ। ਪੰਥਕ ਸਰਕਾਰ ਬੇਸ਼ੱਕ ਸਾਨੂੰ ਲੁੱਟੀ ਤੇ ਕੁੱਟੀ ਜਾਂਦੀ ਆ, ਪਰ ਆਹ ਤਿੰਨ ਕੰਮ ਨਾ ਕਰਦੀ- ਇਕ ਚਿੱਟੇ ਦਾ ਨਸ਼ਾ, ਰੇਤੇ-ਬਜਰੀ ਦੀ ਬਲੈਕ ਅਤੇ ਪੰਜਾਬ ਵਿਚ ਸ਼ਰਾਬ ਦੇ ਠੇਕੇ, ਜਿਹੜੇ ਥਾਂ-ਥਾਂ ਖੋਲ੍ਹੇ ਹੋਏ ਆ। ਚਿੱਟੇ ਦਾ ਨਸ਼ਾ ਸਭ ਤੋਂ ਭੈੜਾ। ਇਸ ਦਾ ਆਦੀ ਹੋਇਆ ਨੌਜਵਾਨ ਤੋਟ ਆਈ ਤੋਂ ਚੋਰੀ ਕਰਦਾ। ਬੰਦਾ ਮਾਰਨ ਤੋਂ ਵੀ ਨਹੀਂ ਡਰਦਾ। ਜੇ ਮਾਪੇ ਉਹਦਾ ਵਿਆਹ ਕਰ ਦਿੰਦੇ ਆ, ਤਾਂ ਬੇਗਾਨੀ ਧੀ ਦੋ ਮਹੀਨੇ ਰਹਿ ਕੇ ਤੁਰ ਜਾਂਦੀ ਐ। ਆਪਣੀ ਕਮਜ਼ੋਰੀ ਲਕਾਉਂਦਾ ਗੱਭਰੂ ਘਰਵਾਲੀ ਨੂੰ ਬਦਚਲਣ ਕਹਿਣ ਲੱਗ ਪੈਂਦਾ। ਇਨ੍ਹਾਂ ਸਭ ਚੀਜ਼ਾਂ ਦੇ ਜਨਮ ਦਾਤੇ ਅਸੀਂ ਆਪ ਹਾਂ।" ਰਾਮ ਸਿਉਂ ਅਕਾਲੀ ਪਰਨਾ ਝਾੜਦਾ ਤੁਰ ਗਿਆ।

"ਆਪਣੀ ਸਰਕਾਰ ਤੋਂ ਵਾਹਵਾ ਦੁਖੀ ਐ ਰਾਮ ਸਿਉਂ ਅਕਾਲੀ ਵਿਚਾਰਾ।" ਮੱਲ ਬਾਬੇ ਨੇ ਕਿਹਾ।

"ਕੋਈ ਸਮਾਂ ਸੀ ਜਦੋਂ ਰਾਮ ਸਿਉਂ ਅਕਾਲੀ ਕਹਿੰਦਾ ਹੁੰਦਾ ਸੀ, ਸਾਡੀ ਸਰਕਾਰ ਆ ਲੈਣ ਦੇ, ਫਿਰ ਅਸੀਂ ਹਿੱਕ ਤਾਣ ਕੇ ਤੁਰਿਆ ਕਰਾਂਗੇ। ਅੱਜ ਉਹੀ ਰਾਮ ਸਿਉਂ ਅਕਾਲੀ ਕਹਿੰਦਾ, ਆਮ ਆਦਮੀ ਪਾਰਟੀ ਦੀ ਸਰਕਾਰ ਆ ਲੈਣ ਦੇ, ਫਿਰ ਹਿੱਕ ਤਾਣ ਕੇ ਤੁਰਾਂਗੇ। ਸਾਰੀ ਉਮਰ ਮੋਰਚਿਆਂ ਤੇ ਧਰਨਿਆਂ ਵਿਚ ਜੈਕਾਰੇ ਲਾਉਣ ਵਾਲਾ ਰਾਮ ਸਿੰਘ ਅਕਾਲੀ ਵੀ ਹੁਣ ਤਬਦੀਲੀ ਭਾਲ ਰਿਹਾ ਹੈ। ਫਿਰ ਅਸੀਂ ਕਿਉਂ ਨਹੀਂ? ਲੋੜ ਹੈ ਸਮਝਣ ਦੀ, ਤੇ ਹੋਰਾਂ ਨੂੰ ਸਮਝਾਉਣ ਦੀ। ਮੜ੍ਹੀਆਂ ਵਿਚ ਕਦੇ ਮਹਿਲ ਨਹੀਂ ਬਣੇ, ਪਰ ਮਹਿਲ ਜ਼ਰੂਰ ਮੜ੍ਹੀਆਂ ਬਣ ਜਾਂਦੇ ਹਨ। ਪਹਿਲਿਆਂ ਸਮਿਆਂ ਵਾਂਗ ਸਾਨੂੰ ਇਕ-ਦੂਜੇ ਦਾ ਦਰਦ ਸਮਝਣਾ ਚਾਹੀਦਾ ਹੈ। ਕਿਸੇ ਦੇ ਪੈਰ ਵਿਚ ਵੱਜਿਆ ਕੰਡਾ ਇੰਜ ਲੱਗੇ ਜਿਵੇਂ ਸਾਡੇ ਪੋਟੇ ਵਿਚ ਸੂਈ ਚੁੱਭ ਗਈ ਹੋਵੇ।" ਮਾਸਟਰ ਨੇ ਆਉਂਦਿਆਂ ਹਾਜ਼ਰੀ ਲਵਾਈ।

"ਫਿਰ ਮਾਸਟਰ ਜੀ ਸਾਨੂੰ ਕੀ ਕਰਨਾ ਚਾਹੀਦਾ?" ਬੰਤਾ ਮਧਰਾ ਬੋਲਿਆ।

"ਹੁਣ ਆਪਣਾ ਜਾਗਰ ਐ...ਇਹ ਭੋਰਾ ਡੋਡੇ ਪੀਂਦਾ, ਇਕ ਕਿੱਲਾ ਜ਼ਮੀਨ ਵੀ ਹੈਗੀ। ਮਿਹਨਤ ਕਰ ਕੇ ਬੱਕਰੀਆਂ ਚਾਰਦਾ। ਇਹਨੂੰ ਗਰੀਬ ਘਰ ਦੀ ਕੁੜੀ ਦਾ ਰਿਸ਼ਤਾ ਕਰਵਾ ਦੇਵੋ। ਬੱਕਰੀਆਂ ਵੇਚ ਕੇ ਚਾਰ ਮੱਝਾਂ ਲੈ ਦੇਵੋ, ਕਿਉਂਕਿ ਜ਼ਮੀਨਾਂ ਦੀ ਘਾਟ ਕਰ ਕੇ ਚਰਾਂਦਾਂ ਵੀ ਘਟ ਗਈਆਂ ਹੁਣ। ਇਹਦਾ ਭਲਾ ਕਰੋ। ਇਕ ਨਾਲ ਇਕ ਜੁੜਦਾ ਜਾਊ। ਫਿਰ ਆਪੇ ਕਾਫਲਾ ਬਣ ਜਾਊ।...ਆਹ ਦੂਜੇ ਬਾਹਰਲੇ ਵੀਰੇ ਆਉਂਦੇ ਨੇ, ਪ੍ਰਾਇਮਰੀ ਸਕੂਲੇ ਕੋਟੀਆਂ ਤੇ ਬੂਟ ਵੰਡੀ ਜਾਂਦੇ ਨੇ। ਪੰਜ ਕਲਾਸਾਂ ਵਿਚ ਪੰਜਾਹ ਬੱਚੇ ਆ। ਫੋਟੋ ਖਿੱਚ ਕੇ ਫੇਸਬੁੱਕ 'ਤੇ ਚਾੜ੍ਹ ਦਿੰਦੇ ਆ ਆਪਣੀ ਵਡਿਆਈ ਲਈ। ਬੱਚੇ ਨੂੰ ਪੰਜ ਜੋੜੇ ਬੂਟਾਂ ਦੇ ਨਹੀਂ ਚਾਹੀਦੇ, ਉਹਨੂੰ ਸਕੂਲ ਦੀ ਫੀਸ, ਸੋਹਣੇ ਕੱਪੜੇ ਤੇ ਦਵਾਈ ਵਾਸਤੇ ਪੈਸੇ ਚਾਹੀਦੇ ਹਨ। ਆਪਣੇ ਪ੍ਰਾਇਮਰੀ ਸਕੂਲ ਵਿਚ ਦਸ ਐਨ.ਆਰ.ਆਈ. ਕੋਟੀਆਂ-ਬੂਟ ਵੰਡੇ ਗਏ, ਕਿਸੇ ਨੇ ਨਹੀਂ ਪੁੱਛਿਆ ਕਿ ਕਰਮੂ ਦਾ ਇਕੱਲਾ ਪੁੱਤ ਕਿਉਂ ਮਰਿਆ। ਹੋ ਗਿਆ ਕਾਲਾ ਪੀਲੀਆ, ਤੇ ਇਲਾਜ ਖੁਣੋਂ ਮਰ ਗਿਆ ਵਿਚਾਰਾ। ਬਾਹਰਲੇ ਵੀਰਾਂ ਨੂੰ ਬੇਨਤੀ ਐ, ਦਿਖਾਵੇ ਦੇ ਦਾਨ ਨਾਲੋਂ ਗੁਪਤ ਦਾਨ ਕਰੋ, ਤੇ ਲੋੜ ਵਾਲੀ ਥਾਂ 'ਤੇ ਦਾਨ ਕਰੋ। ਅਖੰਡ ਪਾਠਾਂ 'ਤੇ ਪਨੀਰ ਵਾਲੇ ਪਕੌੜਿਆਂ ਤੇ ਬਰਫੀ ਦੇ ਲੰਗਰ ਨਾ ਲਾਓ। ਆਪਣੇ ਪਿੰਡ ਦੀ ਡਿਸਪੈਂਸਰੀ ਤੇ ਹਸਪਤਾਲਾਂ ਵਿਚ ਦਵਾਈਆਂ ਦਾਨ ਕਰੋ। ਲੀਕਰ ਸਟੋਰਾਂ ਦੀ ਕਮਾਈ ਨਾਲ ਸ਼ਾਇਦ ਹਜ਼ੂਰ ਸਾਹਿਬ ਦੀ ਯਾਤਰਾ ਵੀ ਸਫ਼ਲ ਨਾ ਹੋਵੇ, ਪਰ ਕਿਸੇ ਦੀ ਜਾਨ ਬਚਾਉਣ ਨਾਲ ਤੁਹਾਡੀ ਕਮਾਈ ਸਫ਼ਲੀ ਹੋ ਸਕਦੀ ਐ।" ਮਾਸਟਰ ਸੱਚੀਆਂ ਸੁਣਾ ਗਿਆ।

ਜਾਗਰ ਨੂੰ ਮਾਸਟਰ ਦੀਆਂ ਗੱਲਾਂ ਚੰਗੀਆਂ ਲੱਗੀਆਂ। ਉਹ ਵੀ ਕੇਜਰੀਵਾਲ ਨੂੰ ਉਡੀਕਦਾ ਆਪਣੇ ਭਵਿੱਖ ਬਾਰੇ ਸੋਚਣ ਲੱਗਿਆ!

# ਬਲੀਦਾਨ

*(ਪਿਛਲੇ ਸਫੇ ਦੀ ਬਾਕੀ)*

ਇਸ ਤੋਂ ਬਾਅਦ ਮੈਂ ਇਸ ਖਬਰ ਦਾ ਬਾਕੀ ਹਿੱਸਾ ਨਾ ਪੜ੍ਹ ਸਕਿਆ। ਡਾਕਟਰ ਨੂੰ ਮਿਲਣ ਦੀ ਮੈਨੂੰ ਸੁਧ ਨਾ ਰਹੀ। ਅਖਬਾਰ ਤਹਿ ਕੀਤਾ ਤੇ ਸ਼ਾਮ ਢਲੇ ਪਿੰਡ ਪੁੱਜਾ।

ਬਾਈ ਤੇ ਕਿਰਪਾਲ ਦੋਵੇਂ ਕਮਰੇ ਵਿਚ ਬੈਠੇ ਸਨ। ਅਖਬਾਰ ਖੋਲ੍ਹ ਕੇ ਮੈਂ ਕਿਰਪਾਲ ਨੂੰ ਫੜਾਇਆ ਤੇ ਆਪ ਚੁੱਪ-ਚਾਪ ਮੰਜੇ ਦੀ ਬਾਹੀ 'ਤੇ ਬੈਠ ਗਿਆ। ਉਹਨੇ ਪੂਰੀ ਖਬਰ ਪੜ੍ਹ ਕੇ ਸੁਣਾਈ। ਅਸਾਂ ਸਭਨਾਂ ਦੀਆਂ ਅੱਖਾਂ ਵਿਚ ਹਿਸੀ ਜਿਹੀ ਚਮਕ ਸੀ।

"ਮੈਨੂੰ ਤਾਂ ਪਹਿਲਾਂ ਹੀ ਪਤਾ ਸੀ ਕਿ ਇਹ ਸਰੀਰ ਸਾਧਾਰਨ ਮੌਤੇ ਮਰਨ ਵਾਲੇ ਦਿਨ ਪੈਦਾ ਹੀ ਨਹੀਂ ਹੋਇਆ ਦਿਸਦਾ ਸੀ, ਅੱਛਾ ਭਰਾਵਾ, ਤੂੰ ਤਾਂ ਆਪਣਾ ਵਚਨ ਪੂਰਾ ਕਰ ਗਿਆ, ਪਰ ਸਾਡੇ ਪੱਲੇ ਉਮਰਾਂ ਦਾ ਰੋਣਾਂ ਪਾ ਗਿਆ।" ਬਾਈ ਨੇ ਲੰਮਾ ਸਾਰਾ ਹਉਕਾ ਲਿਆ।

"ਜੇ ਕਿਤੇ ਉਹ ਇਹ ਖਬਰ ਸੁਣ ਸਕਣ ਲਈ ਜਿਉਂਦਾ ਹੁੰਦਾ, ਪਰ ਖੈਰ।" ਗੱਲ ਲੰਮੀ ਕਰ ਕੇ ਕਿਰਪਾਲ ਬਾਈ ਦਾ ਮਨ ਹੋਰ ਖਰਾਬ ਨਹੀਂ ਸੀ ਕਰਨਾ ਚਾਹੁੰਦਾ।

ਇਸ ਖਬਰ ਦੇ ਛਪਣ ਦੀ ਹੀ ਦੇਰ ਸੀ ਕਿ ਅਗਲੇ ਹੀ ਭਲਕ ਤੋਂ ਉਚ ਸਰਕਾਰੀ ਅਧਿਕਾਰੀਆਂ ਤੇ ਸੈਨਿਕ ਅਫਸਰਾਂ ਦੀ ਆਮਦ ਦਾ ਅਟੁੱਟ ਸਿਲਸਿਲਾ ਸ਼ੁਰੂ ਹੋ ਗਿਆ। ਕਦੇ ਡੀ.ਸੀ. ਸਾਹਿਬ ਦਸ ਹਜ਼ਾਰ ਰੁਪਏ ਦਾ ਚੈਕ ਭੇਟਾ ਕਰਨ ਆ ਰਹੇ ਹਨ, ਕਦੇ ਕੋਈ ਪ੍ਰੈਸ ਪਾਰਟੀ 'ਸਟੋਰੀ' ਤਿਆਰ ਕਰਨ ਲਈ ਪੁੱਜੀ ਹੋਈ ਸੀ, ਕਦੇ ਵਾਯੂ ਸੈਨਾ ਦੇ ਉਚ ਅਧਿਕਾਰੀ ਤੇ ਕਦੀ ਕੋਈ ਰਾਜਸੀ ਨੇਤਾ।

ਅੱਜ ਸਵੇਰੇ ਸੱਤ ਕੁ ਵਜੇ ਹਾਲੇ ਦਾਤਣ-ਕੁਰਲੇ ਤੋਂ ਵਿਹਲੇ ਹੋ ਕੇ ਹਟੇ ਹਾਂ। ਇਕ ਵੱਡੀ ਸਾਰੀ ਸਰਕਾਰੀ ਵੈਨ ਵਿਹੜੇ ਵਿਚ ਆ ਕੇ ਰੁਕੀ ਹੈ। ਵੈਨ ਵਿਚੋਂ ਵੱਡਾ ਸਾਰਾ ਕੈਮਰਾ ਤੇ ਹੋਰ ਸਾਜ਼ੋ-ਸਾਮਾਨ ਉਤਾਰਿਆ ਜਾ ਰਿਹਾ ਹੈ। ਫਿਲਮਸਾਜ਼ਾਂ ਦੀ ਟੋਲੀ ਹੈ। ਇਹ ਲੋਕ ਦੇਸ਼ ਭਰ ਵਿਚ ਵਿਖਾਉਣ ਲਈ ਨਿਰਮਲਜੀਤ ਦੀ ਜ਼ਿੰਦਗੀ 'ਤੇ ਆਧਾਰਤ ਦਸਤਾਵੇਜ਼ੀ ਫਿਲਮ ਤਿਆਰ ਕਰ ਰਹੇ ਹਨ। ਕਾਫੀ ਸਾਰੀ ਸਮੱਗਰੀ ਉਹਦੀ ਯੂਨਿਟ ਵਿਚੋਂ ਮਿਲ ਚੁੱਕੀ ਹੈ, ਪਰ ਜੀਤਾਂ ਦੀ ਸ਼ਮੂਲੀਅਤ ਤੋਂ ਬਗੈਰ ਉਨ੍ਹਾਂ ਨੂੰ ਆਪਣੀ ਫਿਲਮ ਅਧੂਰੀ ਜਾਪਦੀ ਹੈ।

ਬਾਈ ਜੀਤਾਂ ਨਾਲ ਗੱਲ ਕਰਨ ਅੰਦਰ ਗਿਆ, ਪਰ ਉਹ ਨਿੰਮੋਝੂਣੀ ਬੈਠੀ ਹੈ। ਉਹਨੂੰ ਕਿਸੇ ਵੀ ਕੰਮ ਵਿਚ ਕੋਈ ਦਿਲਚਸਪੀ ਲੈਣੀ ਗਵਾਰਾ ਨਹੀਂ। ਬਾਈ ਬਾਹਰ ਆ ਕੇ ਕੈਮਰੇ ਵਾਲੇ ਭਾਈ ਨੂੰ ਇਹੀ ਖਬਰ ਦਿੰਦਾ ਹੈ। ਉਹਦਾ ਚਿਹਰਾ ਨਿਰਾਸਿਆ ਜਾਂਦਾ ਹੈ-ਆਖਰ ਬਾਈ ਨੂੰ ਇਕ ਸਬੀਲ ਸੁੱਝਦੀ ਹੈ। ਉਹ ਜੀਤਾਂ ਦੇ ਵਿਆਹ ਵੇਲੇ ਦੀ ਐਲਬਮ ਲਿਆ ਕੇ ਫਿਲਮਸਾਜ਼ਾਂ ਨੂੰ ਦੇ ਦਿੰਦਾ ਹੈ। ਉਸ ਵਿਚ ਨਿਰਮਲਜੀਤ ਦੀਆਂ ਕਈ ਹੋਰ ਮਹੱਤਵਪੂਰਨ ਤਸਵੀਰਾਂ ਵੀ ਹਨ।

ਐਲਬਮ ਵੇਖ ਕੇ ਡਾਇਰੈਕਟਰ ਦੀਆਂ ਅੱਖਾਂ ਵਿਚ ਚਮਕ ਆਈ ਹੈ। ਕਈਆਂ ਤਸਵੀਰਾਂ ਦੇ ਉਤਾਰੇ, ਉਹਦੇ ਕਾਫੀ ਕੰਮ ਆ ਸਕਦੇ ਹਨ। ਉਹ ਇਕ-ਦੋ ਘੰਟਿਆਂ ਵਿਚ ਆਪਣਾ ਕਾਫ਼ੀ ਸਾਰਾ ਕੰਮ ਮੁਕਾ ਲੈਂਦਾ ਹੈ।

"ਅੱਛਾ ਸਰਦਾਰ ਜੀ, ਬੀਬੀ ਹੋਰਾਂ ਤੋਂ ਇਕ ਕੰਮ ਜ਼ਰੂਰ ਕਰਵਾ ਦਿਓ, ਉਹ ਇਹ ਹਾਰ ਸਰਦਾਰ ਜੀ ਦੀ ਫੋਟੋ ਦੁਆਲੇ ਜ਼ਰੂਰ ਪੁਆ ਦੇਣ।"

ਜੀਤਾਂ ਇਸ ਕੰਮ ਲਈ ਮੰਨ ਜਾਂਦੀ ਹੈ।

ਕੈਮਰਾਮੈਨ ਬਿਜਲੀ ਦੀ ਫੁਰਤੀ ਨਾਲ ਸੁਚੇਤ ਹੋ ਜਾਂਦੇ ਹਨ। ਜੀਤਾਂ ਲੜਖੜਾਂਦੇ ਪੈਰੀਂ ਪੌੜੀ ਉਪਰ ਪਈ ਨਿਰਮਲਜੀਤ ਦੀ ਤਸਵੀਰ ਵੱਲ ਵਧਦੀ ਹੈ, ਤੇ ਹਾਰ ਪਾ ਦਿੰਦੀ ਹੈ। ਬੱਤੀਆਂ ਜਗਦੀਆਂ ਹਨ। ਕੈਮਰੇ ਕਲਿਕ ਹੁੰਦੇ ਹਨ, ਪਰ ਡਾਇਰੈਕਟਰ ਦੀ ਹਾਲੇ ਤਸੱਲੀ ਨਹੀਂ ਹੋਈ ਜਾਪਦੀ। "ਬੀਬੀ ਜੀ, ਬੱਸ ਦੋ ਕੁ ਬੋਲ ਜ਼ਰੂਰ ਬੋਲ ਦਿਓ।" ਉਹ ਤਰਲਾ ਕਰਦਾ ਹੈ।

ਸਾਰੇ ਝੰਜਟ ਤੋਂ ਪਿੱਛਾ ਛੁਡਾਉਣ ਲਈ ਜੀਤਾਂ ਅੱਧ-ਮੰਨੀ ਜਿਹੀ ਤਿਆਰ ਹੋ ਜਾਂਦੀ ਹੈ।

ਡਾਇਰੈਕਟਰ ਦੇ ਚਿਹਰੇ 'ਤੇ ਰੌਣਕ ਆ ਜਾਂਦੀ ਹੈ। ਉਹ ਜੀਤਾਂ ਨੂੰ ਮੁਖਾਤਬ ਹੁੰਦਾ ਹੈ-"ਬੱਸ ਤੁਸੀਂ ਇੰਨੀ ਗੱਲ ਹੀ ਆਖੋ ਕਿ 'ਮੇਰਾ ਪਤੀ ਦੁਸ਼ਮਣ ਵਿਰੁੱਧ ਬੜੀ ਬਹਾਦਰੀ ਨਾਲ ਜੂਝਦਾ ਹੋਇਆ ਕੌਮ ਲਈ ਕੁਰਬਾਨ ਹੋਇਆ ਹੈ। ਮੋਇਆ ਨਹੀਂ, ਸਗੋਂ ਅਮਰ ਹੋਇਆ ਹੈ। ਮੈਂ ਵਿਧਵਾ ਨਹੀਂ, ਸੁਹਾਗਣ ਹਾਂ'।" ਕਿਸੇ ਆਸ ਜਿਹੀ ਵਿਚ ਟੇਪ ਰਿਕਾਰਡਰ ਦਾ ਬਟਣ ਨੱਪਿਆ ਹੈ। ਜੀਤਾਂ ਦਾ ਚਿਹਰਾ ਧੁਆਂਖਿਆ ਜਾਂਦਾ ਹੈ। ਬੇਜੀ ਉਸ ਨੂੰ ਸਹਾਰਾ ਦੇਈ ਖੜ੍ਹੇ ਹਨ। ਜੀਤਾਂ ਮੂਰਛਿਤ ਹੋ ਕੇ ਬੇਜੀ ਦੇ ਪੈਰਾਂ ਵਿਚ ਢੇਰੀ ਹੋ ਜਾਂਦੀ ਹੈ। ਉਨ੍ਹਾਂ ਨੂੰ ਹੱਥਾਂ-ਪੈਰਾਂ ਦੀ ਪੈ ਜਾਂਦੀ ਹੈ। ਮੈਂ ਚੁੱਪ-ਚਾਪ ਕੈਮਰਾਮੈਨ ਕੋਲੋਂ ਕੈਮਰਾ ਫੜਦਾ ਹਾਂ, ਤੇ ਸਰਕਾਰੀ ਵੈਨ ਵਿਚ ਧਰ ਆਉਂਦਾ ਹਾਂ।

# ਸ਼ਗੁਫਤਾ ਰਫ਼ੀਕ

## ਹੋ ਗਈ ਥੀ ਪੀੜ ਪਰਬਤ...

***ਸ਼ਗੁਫਤਾ ਰਫ਼ੀਕ ਨਾਂ ਦੀ ਇਸ ਕੁੜੀ ਨੇ ਵੇਸਵਾ ਤੋਂ ਪਟਕਥਾ ਲੇਖਕਾ ਤੱਕ ਬਿਖੜਾ ਪੈਂਡਾ ਤੈਅ ਕੀਤਾ ਹੈ। ਇਸ ਬਾਰੇ ਪੜ੍ਹੋ ਕੀਰਤ ਕਾਸ਼ਣੀ ਦਾ ਇਹ ਲੇਖ...***



*ਸ਼ਗੁਫ਼ਤਾ ਰਫੀਕ*

ਅੱਜ ਦੀ ਸਫ਼ਲ ਪਟਕਥਾ ਲੇਖਕਾ ਅਤੇ ਆਪਣੀ ਪਲੇਠੀ ਫਿਲਮ 'ਰੋਜ਼' ਲੈ ਕੇ ਆ ਰਹੀ ਸ਼ਗੁਫਤਾ ਰਫ਼ੀਕ ਦੀ ਕਹਾਣੀ ਬਹੁਤ ਮਾਰਮਿਕ ਹੈ। ਇਸ ਉਚਾਈ ਤੱਕ ਪਹੁੰਚਣ ਤੋਂ ਪਹਿਲਾਂ ਉਹ ਜਿਨ੍ਹਾਂ ਕਸ਼ਟਾਂ ਅਤੇ ਦੁਸਵਾਰੀਆਂ ਤੋਂ ਗੁਜ਼ਰੀ, ਉਸ ਦਾ ਦਰਦ ਉਹ ਸਿਰਫ ਖੁਦ ਹੀ ਜਾਣਦੀ ਹੈ। ਆਪਣੇ ਇਸ ਦਰਦ ਨੂੰ ਯਾਦ ਕਰ ਕੇ ਉਹ ਅਕਸਰ ਪੀੜ-ਪੀੜ ਕਰਾਹੁੰਦੀ ਹੈ ਅਤੇ ਇਸ ਵਿਚੋਂ ਉਭਰਨ ਲਈ ਉਹ ਹਰ ਵਾਰ ਆਪਣੇ ਅੱਜ ਨਾਲ ਮੱਥਾ ਲਾਉਂਦੀ ਹੈ। ਇਸੇ ਉਥਲ-ਪੁਥਲ ਵਿਚੋਂ ਉਸ ਦੇ ਮਨ ਵਿਚ ਇਹ ਖਿਆਲ ਕਈ ਸਾਲਾਂ ਤੋਂ ਪਲ ਰਿਹਾ ਹੈ ਕਿ ਉਹ ਆਪਣੀ ਇਸ ਮਾਰਮਿਕ ਕਹਾਣੀ ਨੂੰ ਆਧਾਰ ਬਣਾ ਕੇ ਫਿਲਮ ਜ਼ਰੂਰ ਬਣਾਏਗੀ।

ਸ਼ਗੁਫਤਾ ਉਦੋਂ ਸਿਰਫ 17 ਸਾਲ ਦੀ ਸੀ ਜਦੋਂ ਉਹ ਵੇਸਵਾਗਮਨੀ ਦੀ ਦਲਦਲ ਵਿਚ ਜਾ ਫਸੀ। ਇਸ ਤੋਂ ਬਾਅਦ ਉਸ ਨੇ 10 ਸਾਲ ਡਾਂਸ ਬਾਰਾਂ ਵਿਚ ਕੰਮ ਕੀਤਾ ਅਤੇ ਇਨ੍ਹਾਂ ਸਾਲਾਂ ਦੌਰਾਨ ਉਸ ਨੇ ਮੁੰਬਈ, ਦੁਬਈ ਅਤੇ ਹੋਰ ਖਾੜੀ ਦੇਸ਼ਾਂ ਦੇ ਸਾਹ ਘੁੱਟਵੇਂ ਮਾਹੌਲ ਵਿਚ ਗੁਜ਼ਾਰੇ। ਫਿਰ ਉਸ ਨੂੰ 2006 ਵਿਚ 'ਵੋਹ ਲਮਹੇ' ਫਿਲਮ ਦੀ ਪਟਕਥਾ ਲਿਖਣ ਦਾ ਮੌਕਾ ਮਿਲਿਆ। ਇਹ ਫਿਲਮ ਫਿਲਮਸਾਜ਼ ਮਹੇਸ਼ ਭੱਟ ਦੀ ਨਿਗਰਾਨੀ ਹੇਠ ਬਣੀ ਸੀ ਅਤੇ ਇਸ ਦੀ ਕਹਾਣੀ ਮਹੇਸ਼ ਭੱਟ ਤੇ ਅਦਾਕਾਰਾ ਪ੍ਰਵੀਨ ਬਾਬੀ ਦੀ ਅਸਲ ਪ੍ਰੇਮ ਕਹਾਣੀ ਉਤੇ ਆਧਾਰਤ ਸੀ। ਇਸ ਤੋਂ ਬਾਅਦ ਤਾਂ ਚੱਲ ਸੋ ਚੱਲ। ਉਹਨੇ ਮਰਡਰ-2, ਰਾਜ਼-3, ਜ਼ੰਨਤ-2 ਤੇ ਆਸ਼ਕੀ-2 ਆਦਿ ਸਫਲ ਫਿਲਮਾਂ ਲਈ ਪਟਕਥਾਵਾਂ ਲਿਖੀਆਂ। ਸ਼ਗੁਫ਼ਤਾ ਦੱਸਦੀ ਹੈ ਕਿ ਗੁਲਸ਼ਨ ਗਰੋਵਰ ਅਤੇ ਮਹੇਸ਼ ਭੱਟ ਉਸ ਨੂੰ ਲਗਾਤਾਰ ਹੱਲਾਸ਼ੇਰੀ ਦਿੰਦੇ ਰਹਿੰਦੇ ਹਨ ਕਿ ਉਹ ਆਪਣੀ ਜ਼ਿੰਦਗੀ 'ਤੇ ਆਧਾਰਤ ਫਿਲਮ ਲਈ ਪਟਕਥਾ ਲਿਖੇ। ਅਸਲ ਵਿਚ ਉਸ ਨੂੰ ਇਹ ਵੀ ਪਤਾ ਨਹੀਂ ਕਿ ਉਸ ਦੀ ਮਾਂ ਕੌਣ ਹੈ! ਉਸ ਦਾ ਬਚਪਨ ਵੀ ਬਹੁਤ ਪੀੜਾਂ ਭਰਿਆ ਹੈ। ਪੁਰਾਣੇ ਵੇਲਿਆਂ ਦੀ ਅਦਾਕਾਰ ਅਨਵਰੀ ਬੇਗਮ ਨੇ ਉਸ ਨੂੰ ਗੋਦ ਲਿਆ ਸੀ ਅਤੇ ਉਸੇ ਨੂੰ ਉਹ ਆਪਣੀ ਮਾਂ ਮੰਨਦੀ ਹੈ। ਉਹ ਆਪਣੇ ਪਿਛੋਕੜ ਬਾਰੇ ਦੱਸਦੀ ਹੈ ਕਿ ਇਸ ਬਾਰੇ ਹੁਣ ਤੱਕ ਉਸ ਕੋਲ ਤਿੰਨ ਕਹਾਣੀਆਂ ਹਨ। ਪਹਿਲੀ ਇਹ ਕਿ ਉਹ ਪੁਰਾਣੇ ਵੇਲਿਆਂ ਦੀ ਅਦਾਕਾਰਾ ਸ਼ਾਇਦਾ ਖਾਨ ਤੇ ਫਿਲਮ ਡਾਇਰੈਕਟਰ ਬ੍ਰਿਜ ਸਦਨਾ ਦੀ ਧੀ ਹੈ। ਸ਼ਾਇਦਾ ਖਾਨ, ਬ੍ਰਿਜ ਨਾਲ ਵਿਆਹ ਤੋਂ ਪਹਿਲਾਂ ਇਸੇ ਹੋਰ ਨਾਲ ਪਿਆਰ ਕਰਦੀ ਸੀ ਅਤੇ ਉਹੀ ਉਸ ਦੀ ਅਸਲ ਮਾਂ ਹੈ। ਦੂਜੀ ਕਹਾਣੀ ਇਹ ਹੈ ਕਿ ਉਹਦੀ ਮਾਂ ਕੋਈ ਯਤੀਮ ਸੀ ਜਿਸ ਦਾ ਸਬੰਧ ਇਕ ਅਮੀਰ ਬੈਰਿਸਟਰ ਨਾਲ ਬਣ ਗਿਆ ਤੇ ਉਹ ਉਸੇ ਦੀ ਔਲਾਦ ਹੈ। ਤੀਜੀ ਕਹਾਣੀ ਇਹ ਹੈ ਕਿ ਉਹਦੇ ਮਾਪੇ ਝੌਂਪੜਪੱਟੀ ਵਿਚ ਰਹਿੰਦੇ ਸਨ ਅਤੇ ਉਹਦੇ ਜਨਮ ਤੋਂ ਤੁਰੰਤ ਬਾਅਦ ਉਹ ਉਹਨੂੰ ਕਿਤੇ ਉਜਾੜ ਵਿਚ ਸੁੱਟ ਗਏ ਅਤੇ ਕਿਸੇ ਨੇ ਉਹਨੂੰ ਚੁੱਕ ਲਿਆ; ਪਰ ਸਭ ਤੋਂ ਵੱਡੀ ਅਫ਼ਵਾਹ ਇਹ ਵੀ ਹੈ ਕਿ ਉਹ ਆਪਣੀ ਭੈਣ ਦੇ ਪਿਆਰ ਵਿਚੋਂ ਪੈਦਾ ਹੋਈ ਬੱਚੀ ਹੈ।

ਸ਼ਗੁਫਤਾ ਯਾਦ ਕਰਦੀ ਹੈ ਕਿ ਬਚਪਨ ਵਿਚ ਉਸ ਨੂੰ ਸਦਾ ਹਰਾਮੀ ਕੁੜੀ ਕਹਿ ਕੇ ਬੁਲਾਇਆ ਜਾਂਦਾ ਸੀ। ਕੋਈ ਨਹੀਂ ਸੀ ਸੋਚਦਾ ਕਿ ਉਹ ਵੀ ਤਾਂ ਇਕ ਇਨਸਾਨ ਹੈ। ਇਸ ਮਾਹੌਲ ਵਿਚ ਹੀ ਉਹ ਖੁਦ ਬਹੁਤ ਬੇਰਹਿਮ ਹੋ ਗਈ। ਉਹਨੇ ਸਕੂਲ ਜਾਣਾ ਵੀ ਛੱਡ ਦਿੱਤਾ ਅਤੇ ਹਰ ਵੇਲੇ ਕਿਸੇ ਨਾ ਕਿਸੇ ਨਾਲ ਲੜਦੀ ਰਹਿੰਦੀ ਸੀ। ਅਨਵਰੀ ਬੇਗਮ ਦੇ ਦੂਜੇ ਖਾਵੰਦ ਦਾ ਨਾਂ ਮੁਹੰਮਦ ਰਫੀਕ ਸੈ ਅਤੇ ਉਹ ਕਿਉਂਕਿ ਅਨਵਰੀ ਦੇ ਨਾਲ ਹੀ ਰਹਿੰਦੀ ਸੀ, ਇਸ ਲਈ ਇਸ ਇਤਫਾਕ ਵਿਚੋਂ ਹੀ ਉਹਦੇ ਨਾਂ ਨਾਲ ਰਫ਼ੀਕ ਜੁੜ ਗਿਆ। ਉਹ ਦੱਸਦੀ ਹੈ ਕਿ ਉਹ ਸਾਢੇ 17 ਵਰ੍ਹਿਆਂ ਦੀ ਸੀ ਜਦੋਂ ਉਸ ਨੂੰ ਵੇਸਵਾ ਬਣਨਾ ਪਿਆ। ਇਹ ਕਹਾਣੀ 10 ਸਾਲ ਚੱਲੀ। ਇਸ ਬਾਰੇ ਉਹਦੀ ਮਾਂ ਨੂੰ ਵੀ ਪਤਾ ਸੀ, ਪਰ ਘਰੇ ਪੈਸੇ ਆਉਂਦੇ ਸਨ। ਉਹਨੂੰ ਖੁਦ ਨੂੰ ਵੀ ਇਹ ਤਸੱਲੀ ਜਿਹੀ ਹੁੰਦੀ ਸੀ ਕਿ ਹੁਣ ਉਹਦੀ ਮਾਂ ਕੁਝ ਸੌਖੀ ਹੈ, ਉਹ ਉਹਨੂੰ ਬੱਸ ਦੀ ਥਾਂ ਕਾਰ ਵਿਚ ਸਫ਼ਰ ਕਰਵਾ ਸਕਦੀ ਹੈ। ਉਦੋਂ ਤਾਂ ਉਹ ਹੁਣ ਚਿਕਨ-ਕੜੀ ਖਾਣ ਦਾ ਲੁਤਫ ਵੀ ਲੈ ਸਕਦੀਆਂ ਸਨ। ਉਹਨੇ ਇਨ੍ਹੀਂ ਦਿਨੀਂ ਹੀ ਆਪਣੀ ਮਾਂ ਨੂੰ ਸੋਨੇ ਦੀਆਂ ਵੰਗਾਂ ਖਰੀਦ ਕੇ ਦਿੱਤੀਆਂ ਸਨ।

ਉਹ 27 ਸਾਲ ਦੀ ਹੋਈ ਤਾਂ ਦੁਬਈ ਚਲੇ ਗਈ ਅਤੇ ਉਥੇ ਬਾਰ ਡਾਂਸਰ ਵਜੋਂ ਉਹਦੀ ਕਮਾਈ ਇਕਦਮ 10 ਗੁਣਾਂ ਵਧ ਗਈ। 36 ਵਰ੍ਹਿਆਂ ਦੀ ਹੋਈ ਤਾਂ 2002 ਵਿਚ ਮਹੇਸ਼ ਭੱਟ ਨਾਲ ਮੇਲ ਹੋਇਆ, ਦੱਸਿਆ ਕਿ ਕੁਝ ਲਿਖਣਾ ਚਾਹੁੰਦੀ ਹੈ। 2006 ਤੱਕ ਤਾਂ ਕੋਈ ਗੱਲ ਨਾ ਬਣੀ, ਪਰ ਮੋਹਿਤ ਸੂਰੀ ਦੀ ਫਿਲਮ 'ਕਲਯੁਗ' ਲਈ ਲਿਖੇ ਦੋ ਸੀਨਾਂ ਤੋਂ ਬਾਅਦ ਉਹਨੂੰ 'ਵੋਹ ਲਮਹੇਂ ਦਾ ਪ੍ਰਾਜੈਕਟ ਮਿਲ ਗਿਆ ਅਤੇ ਅੱਜ ਉਹ ਸਫਲ ਪਟਕਥਾ ਲੇਖਕਾ ਹੈ।

***-ਕੀਰਤ ਕਾਸ਼ਣੀ***



*ਲੇਖਕਾ ਸ਼ਗੁਫ਼ਤਾ ਰਫੀਕ ਫਿਲਮਸਾਜ਼ ਮਹੇਸ਼ ਭੱਟ ਨਾਲ।*




*ਸੁਪਨਮਈ ਅੱਖਾਂ ਵਾਲੀ ਸ਼ਗੁਫ਼ਤਾ ਰਫੀਕ।*

# ਨਿਮਰਤ ਕੌਰ ਦਾ ਹਾਲੀਵੁੱਡ ਹੱਲਾ

ਬਠਿੰਡਾ ਅਤੇ ਪਟਿਆਲਾ ਵਿਚ ਰਹਿੰਦੀ ਰਹੀ ਅਦਾਕਾਰਾ ਨਿਮਰਤ ਕੌਰ ਅੱਜ ਕੱਲ੍ਹ ਫਿਲਮੀ ਦੁਨੀਆਂ ਵਿਚ ਉਚੀਆਂ ਉਡਣਾਂ ਭਰ ਰਹੀ ਹੈ। ਹੁਣੇ-ਹੁਣੇ ਉਸ ਨੂੰ ਅਮਰੀਕੀ ਟੀ.ਵੀ. ਸੀਰੀਅਲ 'ਹੋਮਲੈਂਡ' ਵਿਚ ਜਾਨਦਾਰ ਅਦਾਕਾਰੀ ਬਦਲੇ ਹਾਲੀਵੁੱਡ ਦਾ ਸਕਰੀਨ ਐਕਟਰ ਗਿਲਡ ਸਰਟੀਫਿਕੇਟ ਮਿਲਿਆ। ਨਿਮਰਤ ਇਸ ਸੀਰੀਅਲ ਦੇ ਚੌਥੇ ਸੀਜ਼ਨ ਵਿਚ ਸ਼ਾਮਲ ਹੋਈ ਸੀ ਅਤੇ ਇਸ ਸਿਆਸੀ ਡਰਾਮੇ ਵਿਚ ਉਸ ਨੇ ਪਾਕਿਸਤਾਨੀ ਖੁਫ਼ੀਆ ਏਜੰਸੀ ਆਈ.ਐਸ.ਆਈ. ਦੀ ਏਜੰਟ ਦਾ ਕਿਰਦਾਰ ਨਿਭਾਇਆ ਹੈ। ਇਸ ਤੋਂ ਇਲਾਵਾ ਨਿਮਰਤ ਕੌਰ 66ਵੇਂ ਬਾਫ਼ਟਾ (ਬ੍ਰਿਟਿਸ਼ ਅਕੈਡਮੀ ਆਫ਼ ਫਿਲਮ ਐਂਡ ਟੈਲੀਵਿਜ਼ਨ ਆਰਟਸ) ਐਵਾਰਡ ਪ੍ਰੋਗਰਾਮ ਵਿਚ ਵੀ ਛਾ ਗਈ। ਉਸ ਦੀ ਫਿਲਮ 'ਲੰਚ ਬੌਕਸ' ਗੈਰ-ਅੰਗਰੇਜ਼ੀ ਫਿਲਮ ਵਾਲੀ ਸ਼੍ਰੇਣੀ ਵਿਚ ਇਨਾਮ ਲਈ ਨਾਮਜ਼ਦ ਹੋਈ ਸੀ। ਇਹ ਫਿਲਮ ਇਹ ਇਨਾਮ ਹਾਸਲ ਕਰਨ ਤੋਂ ਤਾਂ ਭਾਵੇਂ ਖੁੰਝ ਗਈ ਪਰ ਇਸ ਸਮਾਗਮ ਵਿਚ ਨਿਮਰਤ ਕੌਰ ਦੀ ਖੂਬ ਚਰਚਾ ਰਹੀ। ਦਰਅਸਲ ਨਿਮਰਤ ਕੌਰ ਫਿਲਮ 'ਲੰਚ ਬੌਕਸ' ਕਰ ਕੇ ਹਿੰਦੀ ਫਿਲਮ ਜਗਤ ਵਿਚ ਹੀ ਨਹੀਂ, ਸਗੋਂ ਕੌਮਾਂਤਰੀ ਫਿਲਮ ਸਨਅਤ ਵਿਚ ਆਪਣੇ ਪੈਰ ਜਮਾਉਣ ਵਿਚ ਕਾਮਯਾਬ ਹੋਈ। ਇਸ ਫਿਲਮ ਵਿਚ ਉਸ ਦੀ ਅਦਾਕਾਰੀ ਦੀ ਇੰਨੀ ਚਰਚਾ ਹੋਈ ਕਿ ਉਸ ਨੂੰ 'ਹੋਮਲੈਂਡ' ਵਰਗੇ ਟੀ.ਵੀ. ਸੀਰੀਅਲ ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਹੁਣ ਉਹ ਸੌਰਵ ਸ਼ੁਕਲਾ ਦੀ ਆਉਣ ਵਾਲੀ ਫਿਲਮ ਵਿਚ ਕੰਮ ਕਰ ਰਹੀ ਹੈ ਅਤੇ ਇਸ ਫਿਲਮ ਵਿਚ ਉਸ ਦਾ ਨਾਇਕ ਚਰਚਿਤ ਕਲਾਕਾਰ ਰਾਜ ਕੁਮਾਰ ਰਾਓ ਹੈ। ਇਸ ਫਿਲਮ ਦਾ ਨਾਂ ਅਜੇ ਰੱਖਿਆ ਨਹੀਂ ਗਿਆ।

ਨਿਮਰਤ ਕੌਰ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਮਾਡਲਿੰਗ ਤੋਂ ਕੀਤੀ ਸੀ। ਉਸ ਨੇ ਮੁੰਬਈ ਵਿਚ ਸਟੇਜ ਅਦਾਕਾਰਾ ਵਜੋਂ ਵੀ ਆਪਣਾ ਨਾਂ ਬਣਾ ਲਿਆ ਸੀ। ਮਗਰੋਂ ਕੁਮਾਰ ਸ਼ਾਨੂ ਅਤੇ ਸ਼੍ਰੇਆ ਘੋਸ਼ਾਲ ਦੇ ਗੀਤਾਂ ਦੇ ਵੀਡੀਓ ਵਿਚ ਕੰਮ ਕਰਨ ਤੋਂ ਬਾਅਦ ਉਹ ਲਗਾਤਾਰ ਪੱਕੇ ਪੈਰੀਂ ਹੁੰਦੀ ਗਈ। ਫਿਰ ਉਸ ਨੂੰ ਕੁਝ ਕੁ ਟੀ.ਵੀ. ਇਸ਼ਤਿਹਾਰ ਮਿਲੇ ਅਤੇ ਫਿਰ ਹਿੰਦੀ ਫਿਲਮ 'ਯਹਾਂ' ਅਤੇ ਇਕ ਅੰਗਰੇਜ਼ੀ ਫਿਲਮ 'ਵੰਨ ਨਾਈਟ ਵਿਦ ਦਿ ਕਿੰਗ' ਵਿਚ ਛੋਟੇ-ਛੋਟੇ ਰੋਲ ਮਿਲੇ। ਉਹ ਧੁਨ ਦੀ ਪੱਕੀ ਨਿਕਲੀ ਅਤੇ ਆਖਰਕਾਰ 2012 ਵਿਚ ਫਿਲਮ 'ਪੈਡਲਰ' ਵਿਚ ਉਸ ਨੂੰ ਬਤੌਰ ਹੀਰੋਇਨ ਕੰਮ ਕਰਨ ਦਾ ਮੌਕਾ ਮਿਲਿਆ। ਇਸ ਤੋਂ ਬਾਅਦ 2013 ਵਿਚ ਰਿਲੀਜ਼ ਹੋਈ ਫਿਲਮ 'ਲੰਚ ਬੌਕਸ' ਦੀ ਸਫ਼ਲਤਾ ਨੇ ਸਾਰੇ ਧੋਣੇ ਧੋ ਦਿੱਤੇ ਅਤੇ ਉਹ ਪਹਿਲੀ ਕਤਾਰ ਦੀਆਂ ਅਦਾਕਾਰਾਵਾਂ ਵਿਚ ਸ਼ਾਮਲ ਹੋ ਗਈ। ਨਿਮਰਤ ਕੌਰ ਪਟਿਆਲਾ ਦੇ ਯਾਦਵਿੰਦਰਾ ਪਬਲਿਕ ਸਕੂਲ ਤੋਂ ਪੜ੍ਹੀ ਹੈ ਅਤੇ 1994 ਵਿਚ ਉਸ ਦੇ ਫੌਜੀ ਪਿਤਾ ਦੀ ਕਸ਼ਮੀਰ ਵਿਚ ਮੌਤ ਤੋਂ ਬਾਅਦ ਉਹਦਾ ਪਰਿਵਾਰ ਨੋਇਡਾ ਜਾ ਵਸਿਆ। ਉਥੋਂ ਉਸ ਨੇ ਸ੍ਰੀਰਾਮ ਕਾਲਜ ਆਫ ਕਾਮਰਸ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਨਾਲ ਹੀ ਨਾਲ ਥੀਏਟਰ ਨਾਲ ਵੀ ਜੁੜੀ ਰਹੀ।





*ਫਿਲਮ 'ਲੰਚ ਬੌਕਸ' ਅਤੇ ਸੀਰੀਅਲ 'ਦਿ ਹੋਮਲੈਂਡ' (ਸੱਜੇ) ਵਿਚ ਅਦਾਕਾਰਾ ਨਿਮਰਤ ਕੌਰ ਦੇ ਦੋ ਵੱਖ-ਵੱਖ ਅੰਦਾਜ਼*



*ਨਿਮਰਤ ਕੌਰ*

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



**Anu Peshawaria**
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

### US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW
*Divorce *Annulment
*International Custody

### INCORPORATIONS
*International Contracts, Mergers
*Attorney Supreme Court of India

*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



# GLOBAL FREIGHT EXPERTS



## 1950 E Miner Ave. Stockton, CA

ਡਰਾਈਵਰਾਂ ਅਤੇ Owner Operators ਦੀ ਲੋੜ ਹੈ। ਡਰਾਈਵਰਾਂ ਨੂੰ Dry VAN ਲਈ ਘੱਟੋ ਘੱਟ ਤਨਖ਼ਾਹ 38cents/mile

- ਹੁੱਕ ਡਰਾਪ ਅਤੇ ਲਾਈਵ ਲੋਡ
- ਸਮੇਂ ਸਿਰ ਅਦਾਇਗੀ
- Fuel Advance
- ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ
- CA ਤੋਂ AB, BC, OR ਅਤੇ WA ਅਤੇ ਵਾਪਸ CA
- ਸੌਖਾ ਕੰਮ ਤੇ ਚੰਗੇ ਪੈਸੇ

ਸੰਪਰਕ ਕਰੋ
ਰਾਜ
(209) 547-9210
ਲਖਵੀਰ
(209) 922-9696

GLOBAL FREIGHT EXPERTS INC
Email : raj@gfbontime.com, Web : www.gfbontime.com



# ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

## Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114





*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour
**All major and minor repairs.**

ਤਸੱਲੀਬਖਸ਼ ਕੰਮ ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

ਨਿਰਵਿਘਨ ਪ੍ਰਕਾਸ਼ਨ ਦੇ 16ਵੇਂ ਸਾਲ 'ਚ

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

# ਪੰਜਾਬ ਟਾਈਮਜ਼


## 15ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

## 'ਪੰਜਾਬ ਟਾਈਮਜ਼ ਨਾਈਟ'


**ਸਨਿਚਰਵਾਰ, 28 ਮਾਰਚ 2015, ਸਮਾਂ: ਸ਼ਾਮੀ 6:30 ਵਜੇ**

**The Cotillion:** 360 South Creek Side, Palatine, IL 60074 (Route 14 & 1/2 Block West of 53)

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ


ਪ੍ਰੋ ਜੋਗਿੰਦਰ ਸਿੰਘ ਰਮਦੇਵ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਸਰਵਣ ਸਿੰਘ ਟਿਵਾਣਾ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੈਦੇਵ ਸਿੰਘ ਭੱਠਲ


ਜੱਸੀ ਗਿੱਲ


ਦਰਸ਼ਨ ਸਿੰਘ ਗਰੇਵਾਲ



ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਮਨਦੀਪ ਸਿੰਘ ਭੁਰਾ


ਜਗਦੀਸ਼ਰ ਸਿੰਘ ਕਲੇਰ


ਗੁਰਿੰਦਰ ਸਿੰਘ ਗਿੱਲ


ਸਰਬਜੀਤ ਥਿਆੜਾ


ਅਯੁਧਿਆ ਸਲਵਾਨ

### ਵਿਸ਼ੇਸ਼ ਸਹਿਯੋਗੀ


ਡਾ. ਹਰਜਿੰਦਰ ਸਿੰਘ ਖਹਿਰਾ


ਜੈਰਾਮ ਸਿੰਘ (ਨੀਟੂ) ਕਾਹਲੋਂ


ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ ਭਾਟੀਆ

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ


ਗੁਰਬਚਨ ਭੁੱਲਰ


ਤਰਲੋਚਨ ਸਿੰਘ


ਐਸ. ਅਸ਼ੋਕ ਭੌਰਾ


ਡਾ. ਗੁਰਨਾਮ ਕੌਰ


ਬੀਬੀ ਸੁਰਜੀਤ ਕੌਰ


ਬਲਜੀਤ ਬਾਸੀ


ਜਤਿੰਦਰ ਪਨੂੰ


ਦਲਜੀਤ ਅਮੀ


ਜਤਿੰਦਰ ਮੌਹਰ


ਮੇਜਰ ਕੁਲਾਰ


ਇਕਬਾਲ ਜੱਬੋਵਾਲ

**ਹੋਰ ਜਾਣਕਾਰੀ ਲਈ 847-359-0746** *e-mail: punjabtimes1@sbcglobal.net, website: www.punjabtimesusa.com*